**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763



ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ
Your Destination For
AFFORDABLE
QUALITY HEALTH CARE
Including Medi-Cal
COVERED CALIFORNIA
510-797-7989
Certified Insurance Agent
Gurcharan Singh Mann
License# 0C70672
2450 Peralta Blvd., Suite # 203,
Fremont, CA 94536



ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
Manjit Gill
Certified Insurance Agent
CA. Lic#0B23990
Ph:510-888-1180
209-524-4008
Gill Financial & Insurance Services
27165 Mission Blvd, Hayward CA 94544
www.gillfinancial.com



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 11, March 15, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਬਾਦਲਾਂ ਨੇ ਕਾਂਗਰਸੀਆਂ ਦੇ ਪੈਰਾਂ ਹੇਠੋਂ ਜ਼ਮੀਨ ਕੱਢੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਪੰਜਾਬ ਕਾਂਗਰਸ ਦੀ ਹਾਲਤ ਹੋਰ ਨਾਜ਼ੁਕ ਬਣ ਗਈ ਹੈ। ਇਕ ਪਾਸੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅੰਦਰੂਨੀ ਖਿੱਚੋਤਾਣ ਘਟਾਉਣ ਵਿਚ ਕਾਮਯਾਬ ਨਹੀਂ ਹੋ ਸਕੇ; ਦੂਜੇ ਬਾਦਲਾਂ ਦੀ ਚੁਸਤ ਸਿਆਸਤ ਨੇ ਕਾਂਗਰਸ ਦੇ ਪੈਰਾਂ ਹੇਠੋਂ ਜ਼ਮੀਨ ਖਿੱਚ ਲਈ ਹੈ। ਪੰਜਾਬ ਕਾਂਗਰਸ ਦੀ ਹਾਲਤ ਹੁਣ ਇਹ ਬਣ ਗਈ ਹੈ ਕਿ ਕਈ ਵਿਧਾਇਕ ਅਤੇ ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ ਦੀ ਤੱਕੜੀ ਵਿਚ ਤੁਲਣ ਲਈ ਕਾਹਲੇ ਹਨ। ਪਿਛਲੇ ਦਿਨੀਂ ਤਲਵੰਡੀ ਸਾਬੋ ਤੋਂ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਤੇ ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਇਸ ਤੋਂ ਪਹਿਲਾਂ ਜੋਗਿੰਦਰਪਾਲ ਜੈਨ, ਅਜੀਤ ਸਿੰਘ ਸ਼ਾਂਤ ਤੇ ਕਈ ਹੋਰ ਆਗੂ ਅਕਾਲੀ ਦਲ ਦਾ ਪੱਲਾ ਫੜ ਚੁੱਕੇ ਹਨ।

ਹੁਣ ਚਰਚਾ ਹੈ ਕਿ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਤਿੰਨ ਕਾਂਗਰਸ ਵਿਧਾਇਕ ਅਕਾਲੀ ਦਲ ਵਿਚ ਸ਼ਾਮਲ ਹੋਣ ਲਈ ਮੌਕੇ ਦੀ ਭਾਲ ਵਿਚ ਹਨ। ਇਨ੍ਹਾਂ ਵਿਚੋਂ ਦੋ ਵਿਧਾਇਕਾਂ ਵੱਲੋਂ ਕਿਸੇ ਵੀ ਸਮੇਂ ਐਲਾਨ ਕੀਤਾ ਜਾ ਸਕਦਾ ਹੈ ਜਦਕਿ ਤੀਜਾ ਵਿਧਾਇਕ ਅਜੇ ਆਪਣੇ ਖਿਲਾਫ਼ ਅਕਾਲੀ ਦਲ ਵੱਲੋਂ ਕੀਤੀ ਪਟੀਸ਼ਨ ਵਾਪਸ ਲੈਣ ਦੀ ਸ਼ਰਤ ਰੱਖ ਰਿਹਾ ਹੈ। ਸੂਤਰਾਂ ਮੁਤਾਬਿਕ ਕਿਸੇ ਸਮੇਂ ਕੈਪਟਨ ਅਮਰਿੰਦਰ ਸਿੰਘ ਦੇ ਖਾਸ-ਉਲ-ਖਾਸ ਰਹੇ ਤੇ ਹੁਣ ਧੂਰੀ ਤੋਂ ਵਿਧਾਇਕ ਅਰਵਿੰਦ ਖੰਨਾ ਤੇ ਸ਼ੇਰਪੁਰ ਦੀ ਵਿਧਾਇਕ ਹਰਚੰਦ ਕੌਰ ਨੇ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕਰ ਲਿਆ ਹੈ, ਤੇ ਉਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਲਗਾਤਾਰ ਸੰਪਰਕ ਵਿਚ ਹਨ। ਸੂਤਰਾਂ ਮੁਤਾਬਕ ਦੋਵੇਂ ਕਾਂਗਰਸੀ ਵਿਧਾਇਕ ਅਤੇ ਅਕਾਲੀ ਲੀਡਰਸ਼ਿਪ ਦੋਵਾਂ ਵਿਧਾਨ ਸਭਾ ਹਲਕਿਆਂ ਦੀ ਉਪ ਚੋਣ ਲੋਕ ਸਭਾ ਦੇ ਨਾਲ ਨਹੀਂ ਕਰਵਾਉਣਾ ਚਾਹੁੰਦੇ। ਇਸੇ ਕਰ ਕੇ ਉਹ ਹਾਲ ਦੀ ਘੜੀ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਰਸਮੀ ਐਲਾਨ ਨਹੀਂ ਕਰ ਰਹੇ।

ਸੂਤਰਾਂ ਦਾ ਕਹਿਣਾ ਹੈ ਕਿ ਕਾਂਗਰਸ ਵਿਧਾਇਕਾਂ ਨੂੰ ਅਕਾਲੀ ਦਲ ਵਿਚ ਸ਼ਾਮਲ ਕਰਨ ਲਈ ਪਾਰਟੀ ਦੇ ਸੀਨੀਅਰ ਆਗੂ ਤੇ ਸੰਗਰੂਰ ਤੋਂ ਲੋਕ ਸਭਾ ਲਈ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ ਵੀ ਭਰੋਸੇ ਵਿਚ ਲੈ ਲਿਆ ਗਿਆ ਹੈ। ਅਰਵਿੰਦ ਖੰਨਾ ਤੇ ਸ੍ਰੀਮਤੀ ਹਰਚੰਦ ਕੌਰ ਵੱਲੋਂ ਮਾਰਚ ਦੇ ਅਖੀਰਲੇ ਹਫ਼ਤੇ ਕਿਸੇ ਸਮੇਂ ਵੀ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਜਾ ਸਕਦਾ ਹੈ। ਦੋਵੇਂ ਕਾਂਗਰਸ ਵਿਧਾਇਕ ਅਸਤੀਫ਼ਾ ਦੇਣ ਬਾਅਦ ਜ਼ਿਮਨੀ ਚੋਣ ਵਿਚ ਅਕਾਲੀ ਦਲ ਦੇ ਉਮੀਦਵਾਰ ਹੋਣਗੇ। ਭਦੌੜ ਹਲਕੇ ਤੋਂ ਕਾਂਗਰਸ ਵਿਧਾਇਕ ਤੇ ਉੱਘੇ ਗਾਇਕ ਮੁਹੰਮਦ ਸਦੀਕ ਵੀ ਅਕਾਲੀ ਦਲ ਵਿਚ ਸ਼ਾਮਲ ਹੋਣ ਲਈ ਤਿਆਰ ਬੈਠੇ ਦੱਸੇ ਜਾਂਦੇ ਹਨ ਪਰ ਉਨ੍ਹਾਂ ਦੀ ਸ਼ਰਤ ਹੈ ਕਿ ਪਿਛਲੀ ਚੋਣ ਸਮੇਂ ਅਕਾਲੀ ਉਮੀਦਵਾਰ ਦਰਬਾਰਾ ਸਿੰਘ ਗੁਰੂ ਵੱਲੋਂ ਉਨ੍ਹਾਂ ਵਿਰੁਧ ਅਦਾਲਤ ਵਿਚ ਦਾਇਰ ਕੀਤੀ ਪਟੀਸ਼ਨ ਵਾਪਸ ਲਈ ਜਾਵੇ। ਅਕਾਲੀ ਲੀਡਰਸ਼ਿਪ ਦਰਬਾਰਾ ਸਿੰਘ ਗੁਰੂ 'ਤੇ ਪਟੀਸ਼ਨ ਵਾਪਸ ਲੈਣ ਲਈ ਦਬਾਅ ਪਾਉਣ ਵਾਸਤੇ ਤਿਆਰ ਨਹੀਂ ਜਾਪਦੀ ਜਿਸ ਕਾਰਨ ਉਨ੍ਹਾਂ ਬਾਰੇ ਜਕੋਤੱਕੀ ਵਾਲੀ ਹਾਲਤ ਬਣੀ

*(ਬਾਕੀ ਸਫਾ 6 'ਤੇ)*

## ਕੈਪਟਨ ਦਾ ਵਾਰ?



ਸਿਆਸੀ ਹਲਕਿਆਂ ਵਿਚ ਇਹ ਚਰਚਾ ਵੀ ਹੈ ਕਿ ਕਾਂਗਰਸੀ ਆਗੂਆਂ ਇਹ ਦਲਬਦਲੀ ਕੈਪਟਨ ਅਮਰਿੰਦਰ ਸਿੰਘ ਦੀ ਸਹਿਮਤੀ ਨਾਲ ਹੋ ਰਹੀ ਹੈ। ਦਲਬਦਲੀ ਕਰਨ ਵਾਲੇ ਕਾਂਗਰਸੀ ਆਗੂਆਂ ਵਿਚੋਂ ਬਹੁਤੇ ਕੈਪਟਨ ਦੇ ਨੇੜਲੇ ਹਨ। ਕਿਹਾ ਜਾ ਰਿਹਾ ਹੈ ਕਿ ਉਹ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਸੀਨੀਅਰ ਆਗੂਆਂ ਨੂੰ ਪਿਛਾਹ ਧੱਕਣ ਦੀ ਨੀਤੀ ਤੋਂ ਬਹੁਤ ਔਖੇ ਹਨ। ਹੁਣ ਉਨ੍ਹਾਂ ਤਹੱਈਆ ਕੀਤਾ ਹੋਇਆ ਹੈ ਕਿ ਰਾਹੁਲ ਗਾਂਧੀ ਨੂੰ ਇਕ ਵਾਰ ਤਾਂ ਆਪਣਾ ਜਲਵਾ ਦਿਖਾ ਹੀ ਦਿੱਤਾ ਜਾਵੇ।

# ਨਿਜ਼ਾਮ ਬਦਲਣ ਤੁਰਿਆ ਮਨਪ੍ਰੀਤ ਬਠਿੰਡੇ ਪੁੱਜਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਤੋਂ ਪਹਿਲਾਂ ਦਲ ਬਦਲਣ ਅਤੇ ਗੱਠਜੋੜ ਕਰਨ ਦੀ ਕਵਾਇਦ ਸਿਖਰਾਂ 'ਤੇ ਹੈ। ਇਸੇ ਸਿਲਸਿਲੇ ਵਿਚ ਪੰਜਾਬ



'ਚ ਕਾਂਗਰਸ ਅਤੇ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.) ਨੇ ਗੱਠਜੋੜ ਕੀਤਾ ਹੈ। ਉਂਜ ਸਾਂਝੇ ਮੋਰਚੇ ਜਿਸ ਵਿਚ ਪੀ.ਪੀ.ਪੀ. ਸ਼ਾਮਲ ਹੈ, ਦੀਆਂ ਬਾਕੀ ਧਿਰਾਂ ਸੀ.ਪੀ.ਆਈ., ਸੀ.ਪੀ.ਐਮ. ਅਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਇਸ ਗਠਜੋੜ ਨੂੰ ਹੁੰਗਾਰਾ ਭਰਨ ਤੋਂ ਨਾਂਹ ਕਰ ਦਿੱਤੀ ਹੈ।

ਯਾਦ ਰਹੇ ਕਿ ਪੀ.ਪੀ.ਪੀ., ਸੀ.ਪੀ.ਆਈ., ਸੀ.ਪੀ.ਐਮ. ਅਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੂੰ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ 6 ਫੀਸਦੀ ਤੋਂ ਵੱਧ ਵੋਟ ਮਿਲੀ ਸੀ ਜਿਸ ਨੇ ਚੋਣ ਨਤੀਜਿਆਂ ਵਿਚ ਫੈਸਲਾਕੁਨ ਭੂਮਿਕਾ ਨਿਭਾਈ। ਇਹ ਵੱਖਰੀ ਗੱਲ ਹੈ ਕਿ ਉਸ ਵੇਲੇ ਪੀ.ਪੀ.ਪੀ. ਪੂਰੇ ਜੋਬਨ 'ਤੇ ਸੀ ਅਤੇ ਸੱਤਾ-ਵਿਰੋਧੀ ਹਵਾ ਵੀ ਸ. ਮਨਪ੍ਰੀਤ ਸਿੰਘ ਬਾਦਲ ਦੇ ਹੱਕ ਵਿਚ ਭੁਗਤੀ। ਇਸ ਵੇਲੇ ਮਨਪ੍ਰੀਤ ਬਾਦਲ ਨੂੰ ਛੱਡ ਕੇ ਕੋਈ ਹੋਰ ਵੱਡਾ ਆਗੂ ਜਾਂ ਹੋਰ ਸ਼ਖ਼ਸੀਅਤ ਪੀ.ਪੀ.ਪੀ. ਵਿਚ ਨਹੀਂ ਹੈ। ਇਕ-ਇਕ ਕਰ ਕੇ ਸਾਰੇ ਆਗੂ ਪਾਰਟੀ ਛੱਡ ਗਏ ਹਨ।

ਦੂਜੇ ਪਾਸੇ ਕਾਂਗਰਸ ਵੀ ਖਾਨਾਜੰਗੀ ਕਾਰਨ ਬੇਵੱਸ ਨਜ਼ਰ 'ਆ ਰਹੀ ਹੈ। ਕਾਂਗਰਸ ਦੇ ਕਈ ਵਿਧਾਇਕ ਅਤੇ ਸੀਨੀਅਰ ਆਗੂ ਸੱਤਾ ਧਿਰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਰਹੇ ਹਨ। ਕਾਂਗਰਸ ਦੇ ਪੀ.ਪੀ.ਪੀ. ਨਾਲ

*(ਬਾਕੀ ਸਫਾ 6 'ਤੇ)*


REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ!
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL Century 21
Broker / Associate
209.918.6464
ahundal@c21mm.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com



Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਚੋਣਾਂ ਵਿਚ ਸਿੱਖ ਪੰਚਾਇਤ ਦੀ ਸਲੇਟ ਰਹੀ ਜੇਤੂ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਲੰਘੀ 9 ਮਾਰਚ ਨੂੰ ਹੋਈਆਂ ਚੋਣਾਂ ਵਿਚ ਸਿੱਖ ਪੰਚਾਇਤ ਦੀ ਸਲੇਟ ਇਸ ਵਾਰ ਫਿਰ ਵੱਡੇ ਫਰਕ ਨਾਲ ਜੇਤੂ ਰਹੀ ਹੈ। ਇਸ ਦੇ ਉਮੀਦਵਾਰਾਂ ਤਰਸੇਮ ਸਿੰਘ ਨੂੰ 2160, ਗੁਰਿੰਦਰ ਸਿੰਘ ਨੂੰ 2138, ਜਸਦੇਵ ਸਿੰਘ ਨੂੰ 2125, ਹਰਜੀਤ ਸਿੰਘ ਨੂੰ 2107 ਅਤੇ ਲਖਵੀਰ ਸਿੰਘ ਨੂੰ 2137 ਵੋਟਾਂ ਮਿਲੀਆਂ। ਇਸ ਦੇ ਮੁਕਾਬਲੇ ਨਿਕਟ ਵਿਰੋਧੀ ਬੇਏਰੀਆ ਸਿੱਖ ਆਲਇੰਸ ਐਸੋਸੀਏਸ਼ਨ ਦੇ ਉਮੀਦਵਾਰਾਂ ਅਵਤਾਰ ਸਿੰਘ ਧਾਮੀ, ਗੁਰਚਰਨ ਸਿੰਘ ਮਾਨ, ਰਣਬੀਰ ਕੌਰ, ਜਸਵੰਤ ਸਿੰਘ ਅਤੇ ਹਰਚਰਨ ਸਿੰਘ ਨੂੰ ਕ੍ਰਮਵਾਰ 1649, 1620, 1572, 1532 ਅਤੇ 1536 ਵੋਟਾਂ ਮਿਲੀਆਂ ਹਨ।

ਜ਼ਿਕਰਯੋਗ ਹੈ ਕਿ ਸਿੱਖ ਪੰਚਾਇਤ ਕਰੀਬ ਤਿੰਨ ਸਾਲ ਪਹਿਲਾਂ ਗੁਰਦੁਆਰਾ ਫਰੀਮਾਂਟ ਦੇ ਦੋ ਮੁੱਖ ਵਿਰੋਧੀ ਧੜਿਆਂ-ਗੁਰਮੀਤ ਸਿੰਘ ਖਾਲਸਾ ਅਤੇ ਸਿੱਖ ਯੂਥ ਆਫ ਅਮੈਰਿਕਾ ਦੇ ਇਕ ਹੋਣ ਪਿਛੋਂ ਬਣੀ ਸੀ ਅਤੇ 'ਗੁਰਮਤੇ ਦੀ ਵਿਧੀ' ਅਨੁਸਾਰ ਚੁਣੇ ਗਏ ਇਸ ਦੇ ਉਮੀਦਵਾਰ 2012 ਦੀਆਂ ਚੋਣਾਂ ਵਿਚ ਵੀ ਬੇਏਰੀਆ ਸਿੱਖ ਅਲਾਇੰਸ ਤੋਂ ਵੱਡੇ ਫਰਕ ਨਾਲ ਜੇਤੂ ਰਹੇ ਸਨ। ਗੁਰਦੁਆਰਾ ਪ੍ਰਬੰਧ ਸੁਪਰੀਮ ਕੌਂਸਲ ਦੀ ਨਿਗਰਾਨੀ ਹੇਠ ਹੁੰਦਾ ਹੈ ਜੋ ਕਿ ਅੱਗੋਂ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਨਿਯੁਕਤੀ ਕਰਦੀ ਹੈ। ਚੋਣਾਂ ਹਰ ਦੋ ਸਾਲ ਬਾਅਦ ਹੁੰਦੀਆਂ ਹਨ।

ਇਸ ਵਾਰ ਚੋਣਾਂ ਬੁਨਿਆਦੀ ਤੌਰ 'ਤੇ ਦੋ ਮੁੱਦਿਆਂ-ਸੁਪਰੀਮ ਕੌਂਸਲ ਦੀ ਚੋਣ ਗੁਰਮਤੇ ਦੀ ਵਿਧੀ ਰਾਹੀਂ ਕਰਨ ਅਤੇ ਗੁਰੂ ਘਰ ਲਈ ਉਲੀਕੇ ਗਏ ਨਵੇਂ ਉਸਾਰੀ ਪ੍ਰਾਜੈਕਟਾਂ ਉਪਰ ਲੜੀਆਂ ਗਈਆਂ ਸਨ। ਸਿੱਖ ਪੰਚਾਇਤ ਦਾ ਕਹਿਣਾ ਹੈ ਕਿ ਗੁਰਮਤੇ ਰਾਹੀਂ ਸੁਪਰੀਮ ਕੌਂਸਲ ਦੀ ਨਿਯੁਕਤੀ ਕਰਨ ਨਾਲ ਧੜੇਬੰਦੀ ਘਟਦੀ ਹੈ ਅਤੇ ਸੰਗਤ ਵਿਚ ਸੁਖਾਵਾਂ ਮਾਹੌਲ ਪੈਦਾ ਹੁੰਦਾ



ਹੈ। ਸਿੱਖ ਪੰਚਾਇਤ ਦੀ ਨੁਮਾਇੰਦਗੀ ਵਾਲੀ ਮੌਜੂਦਾ ਸੁਪਰੀਮ ਕੌਂਸਲ ਨੇ ਉਸਾਰੀ ਦੇ ਕੁਝ ਨਵੇਂ ਪ੍ਰਾਜੈਕਟ ਉਲੀਕੇ ਹਨ ਜੋ ਇਸ ਦੇ ਵਿਚਾਰ ਅਨੁਸਾਰ ਸੰਗਤ ਦੀਆਂ ਭਵਿੱਖ ਦੀਆਂ ਲੋੜਾਂ ਅਨੁਸਾਰ ਜ਼ਰੂਰੀ ਹਨ। ਦੂਜੇ ਪਾਸੇ ਇਨ੍ਹਾਂ ਪ੍ਰਾਜੈਕਟਾਂ ਬਾਰੇ ਬੇਏਰੀਆ ਸਿੱਖ ਅਲਾਇੰਸ ਦਾ ਕਹਿਣਾ ਹੈ ਕਿ ਇਹ ਪ੍ਰਾਜੈਕਟ ਸੰਗਤਾਂ ਦੀਆਂ ਲੋੜਾਂ ਵੱਲ ਧਿਆਨ ਦਿੱਤੇ ਬਿਨਾ ਉਲੀਕੇ ਗਏ ਹਨ ਜੋ ਕਿ ਭਵਿੱਖ ਵਿਚ ਸੰਗਤ ਉਪਰ ਵਾਧੂ ਆਰਥਿਕ ਬੋਝ ਸਾਬਤ ਹੋਣਗੇ। ਇਸ ਦਾ ਇਹ ਵੀ ਵਿਚਾਰ ਹੈ ਕਿ ਚੋਣਾਂ ਹੀ ਆਪਣੇ ਨੁਮਾਇੰਦੇ ਚੁਣਨ ਦਾ ਸਹੀ ਅਤੇ ਲੋਕਰਾਜੀ ਤਰੀਕਾ ਹੈ।

ਸਿੱਖ ਪੰਚਾਇਤ ਵਲੋਂ ਇਥੇ ਜਾਰੀ ਇਕ ਬਿਆਨ ਰਾਹੀਂ ਫਰੀਮਾਂਟ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਹੈ ਜਿਸ ਨੇ ਸਿੱਖ ਪੰਚਾਇਤ ਦੀ ਗੁਰਮਤੇ ਦੀ ਵਿਧੀ ਰਾਹੀਂ 2012 ਵਿਚ ਚੁਣੀ ਗਈ ਸੁਪਰੀਮ ਕੌਂਸਲ ਦੇ ਕੰਮਾਂ ਨੂੰ ਪ੍ਰਵਾਨਗੀ ਦਿੰਦਿਆਂ ਇਕ ਵਾਰ ਮੁੜ ਸਿੱਖ ਪੰਚਾਇਤ ਦੀ ਸਲੇਟ ਨੂੰ ਹੋਰ ਦੋ ਸਾਲਾਂ ਲਈ ਗੁਰੂ ਘਰ ਦੀ ਸੇਵਾ ਕਰਨ ਦਾ ਮੌਕਾ ਬਖਸ਼ਿਆ ਹੈ।

ਬਿਆਨ ਅਨੁਸਾਰ ਸੰਗਤਾਂ ਨੇ ਵਿਰੋਧੀ ਬੇਏਰੀਆ ਸਿੱਖ ਅਲਾਇੰਸ ਦੇ 'ਕੂੜ ਪ੍ਰਚਾਰ' ਨੂੰ ਰੱਦ ਕਰਦਿਆਂ ਸਿੱਖ ਪੰਚਾਇਤ ਵਲੋਂ ਭਵਿੱਖ ਲਈ ਉਲੀਕੀਆਂ ਗਈਆਂ ਯੋਜਨਾਵਾਂ ਉਪਰ ਆਪਣੀ ਪ੍ਰਵਾਨਗੀ ਦੀ ਮੋਹਰ ਲਾਈ ਹੈ। ਇਨ੍ਹਾਂ ਯੋਜਨਾਵਾਂ ਵਿਚ ਖਾਲਸਾ ਸਕੂਲ ਦੇ ਕਮਰਿਆਂ ਦੀ ਉਸਾਰੀ, ਗ੍ਰੰਥੀ ਸਿੰਘਾਂ ਤੇ ਆਉਣ ਵਾਲੇ ਕਥਾਕਾਰਾਂ-ਪ੍ਰਚਾਰਕਾਂ-ਢਾਡੀ ਜਥਿਆਂ-ਕਵੀਸ਼ਰਾਂ ਲਈ ਰਿਹਾਇਸ਼ੀ ਕਮਰਿਆਂ ਅਤੇ ਲੰਗਰ ਹਾਲ ਦਾ ਪ੍ਰਾਜੈਕਟ ਸ਼ਾਮਲ ਹੈ। ਸਿੱਖ ਪੰਚਾਇਤ ਨੇ ਬਿਆਨ ਵਿਚ ਕਿਹਾ ਹੈ ਕਿ ਉਹ ਸੰਗਤਾਂ ਵਲੋਂ ਪ੍ਰਗਟ ਗਏ ਭਰੋਸੇ ਉਤੇ ਪੂਰਾ ਉਤਰਨ ਲਈ ਆਪਣੀ ਪੂਰੀ ਵਾਹ ਲਾਉਣਗੇ।

## ਬੇਏਰੀਆ ਸਿੱਖ ਅਲਾਇੰਸ ਵਲੋਂ ਸੰਗਤਾਂ ਦਾ ਧੰਨਵਾਦ

**ਫਰੀਮਾਂਟ (ਬਿਊਰੋ):** ਬੇਏਰੀਆ ਸਿੱਖ ਅਲਾਇੰਸ ਨੇ ਐਤਵਾਰ ਨੂੰ ਹੋਈਆਂ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ ਵਿਚ ਮਿਲੇ ਸਹਿਯੋਗ ਲਈ ਆਪਣੇ ਵੋਟਰਾਂ ਅਤੇ ਸੁਪੋਰਟਰਾਂ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਤਨ, ਮਨ ਅਤੇ ਧਨ ਨਾਲ ਉਨ੍ਹਾਂ ਦੀ ਮਦਦ ਕੀਤੀ। ਜ਼ਿਕਰਯੋਗ ਹੈ ਕਿ ਪੰਜ ਮੈਂਬਰੀ ਸੁਪਰੀਮ ਕੌਂਸਲ ਲਈ ਹੋਈਆਂ ਗਹਿਗੱਚ ਚੋਣਾਂ ਵਿਚ ਬੇਏਰੀਆ ਸਿੱਖ ਅਲਾਇੰਸ ਦੀ ਅਵਤਾਰ ਸਿੰਘ ਧਾਮੀ ਸਲੇਟ ਜੇਤੂ ਸਿੱਖ ਪੰਚਾਇਤ ਦੀ ਸਲੇਟ ਤੋਂ ਦੂਜੇ ਥਾਂ ਰਹੀ। ਇਸ ਦੇ ਉਮੀਦਵਾਰਾਂ ਵਿਚ ਅਵਤਾਰ ਸਿੰਘ ਧਾਮੀ, ਗੁਰਚਰਨ ਸਿੰਘ ਮਾਨ, ਬੀਬੀ ਰਣਬੀਰ ਕੌਰ, ਜਸਵੰਤ ਸਿੰਘ ਅਤੇ ਹਰਚਰਨ ਸਿੰਘ ਸ਼ਾਮਲ ਸਨ।

ਆਲਇੰਸ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਚੋਣਾਂ ਵਿਚ ਗੱਲ ਜਿੱਤ-ਹਾਰ ਦੀ ਨਹੀਂ ਸੀ ਸਗੋਂ ਗੁਰੂ ਘਰ ਦੇ ਪ੍ਰਬੰਧ ਵਿਚ ਲੋਕਰਾਜੀ ਪ੍ਰਣਾਲੀ ਨੂੰ ਚਾਲੂ ਰੱਖਣ ਅਤੇ ਸੰਗਤਾਂ ਦੀ ਆਵਾਜ਼ ਨੂੰ ਬੁਲੰਦ ਰੱਖਣ ਦੀ ਸੀ। ਆਸ ਪ੍ਰਗਟਾਈ ਗਈ ਹੈ ਕਿ ਸੰਗਤਾਂ ਦਾ ਸਹਿਯੋਗ ਇਸੇ ਤਰ੍ਹਾਂ ਅੱਗੋਂ ਵੀ ਮਿਲਦਾ ਰਹੇਗਾ ਅਤੇ ਅਲਾਇੰਸ ਸੰਗਤਾਂ ਦੀ ਆਵਾਜ਼ ਗੁਰੂ ਘਰ ਦੇ ਭਲੇ ਵਿਚ ਹਮੇਸ਼ਾ ਡਟ ਕੇ ਉਠਾਉਂਦਾ ਰਹੇਗਾ। ਅਲਾਇੰਸ ਨੇ ਇਨ੍ਹਾਂ ਚੋਣਾਂ ਦੌਰਾਨ ਹੋਈ ਕਿਸੇ ਵੀ ਭੁੱਲ ਲਈ ਸੰਗਤਾਂ ਅਤੇ ਗੁਰੂ ਤੋਂ ਮੁਆਫੀ ਦੀ ਯਾਚਨਾ ਕੀਤੀ ਹੈ। ਬਿਆਨ ਅਨੁਸਾਰ ਇਨ੍ਹਾਂ ਚੋਣਾਂ ਦੀ ਸਮੀਖਿਆ ਕਰਨ ਅਤੇ ਸੰਗਤਾਂ ਦੇ ਵਿਚਾਰ ਜਾਣਨ ਲਈ ਇਕ ਇਕੱਤਰਤਾ ਆਉਂਦੀ 15 ਮਾਰਚ, ਸਨਿਚਰਵਾਰ ਨੂੰ ਰਾਜਾ ਸਵੀਟਸ ਯੂਨੀਅਨ ਸਿਟੀ ਵਿਚ ਰੱਖੀ ਗਈ ਹੈ। ਅਲਾਇੰਸ ਨੇ ਆਪਣੇ ਵੋਟਰਾਂ ਅਤੇ ਸੁਪੋਰਟਰਾਂ ਨੂੰ ਇਸ ਮੀਟਿੰਗ ਵਿਚ ਹੁਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।



ਸਿੱਖ ਪੰਚਾਇਤ ਦੀ ਜੇਤੂ ਸਲੇਟ ਦੇ ਮੈਂਬਰ ਆਪਣੇ ਹਮਾਇਤੀਆਂ ਤੇ ਹੋਰ ਸੰਗਤਾਂ ਨਾਲ

ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE
WITH PURCHASE OF 8 TIRES
PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop
269.99 Installed

LP22.5
CASH PRICE STEER OR DRIVE
FET, SALES TAX, MOUNTING INCLUDED
INSTALLED OUT THE DOOR PRICE
661-203-0433

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
# ਪੰਜਾਬ ਟਾਈਮਜ਼ ਦੀ 14ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

## 'ਪੰਜਾਬ ਟਾਈਮਜ਼ ਨਾਈਟ' ਸਨਿਚਰਵਾਰ 5 ਅਪਰੈਲ 2014

ਇੰਡੀਆ ਹਾਊਸ, ਸ਼ਾਮਬਰਗ 1521 W. Schaumburg Rd., Schaumburg, IL 60194

ਪਹੁੰਚ ਰਹੇ ਕਲਾਕਾਰ


ਗਾਇਕ ਮੰਗਜੀਤ ਸਿੰਘ ਮੰਗਾ


ਗਾਇਕ ਹਰਪ੍ਰੀਤ ਧਾਮੀ


ਗਾਇਕ ਤਰਸੇਮ ਅਟਵਾਲ

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ ਜੋਗਿੰਦਰ ਸਿੰਘ ਰਮਦੇਵ


ਅਮੋਲਕ ਸਿੰਘ ਗਾਖਲ


ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਮਨਦੀਪ ਸਿੰਘ ਭੂਰਾ


ਜਗਦੀਸ਼ਰ ਸਿੰਘ ਕਲੇਰ


ਗੁਰਿੰਦਰ ਸਿੰਘ ਗਿੱਲ


ਸਰਬਜੀਤ ਬਿਆੜਾ


ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ

### ਸਾਡੇ ਕਾਲਮਨਵੀਸ


ਗੁਰਬਚਨ ਭੁੱਲਰ


ਤਰਲੋਚਨ ਸਿੰਘ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਬਲਜੀਤ ਬਾਸੀ


ਜਤਿੰਦਰ ਪਨੂੰ


ਦਲਜੀਤ ਅਮੀ


ਜਤਿੰਦਰ ਮੌਹਰ


ਮੇਜਰ ਕੁਲਾਰ


ਇਕਬਾਲ ਜੱਬੋਵਾਲ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website:*

# ਅਕਾਲੀ ਉਮੀਦਵਾਰਾਂ ਲਈ ਮੁਸੀਬਤ ਬਣਿਆ ਅੰਦਰੂਨੀ ਵਿਰੋਧ





**ਚੰਡੀਗੜ੍ਹ:** ਹੁਕਮਰਾਨ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਇਸ ਵਾਰ ਅੰਦਰੂਨੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫ਼ਰੀਦਕੋਟ ਤੋਂ ਪਰਮਜੀਤ ਕੌਰ ਗੁਲਸ਼ਨ, ਲੁਧਿਆਣਾ ਤੋਂ ਮਨਪ੍ਰੀਤ ਸਿੰਘ ਇਯਾਲੀ, ਫਤਿਹਗੜ੍ਹ ਸਾਹਿਬ (ਰਾਖਵੇਂ) ਤੋਂ ਕੁਲਵੰਤ ਸਿੰਘ, ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਆਪਣਿਆਂ ਦਾ ਹੀ ਵਿਰੋਧ ਸ਼ਾਂਤ ਕਰਨ ਦੇ ਦਾਅ-ਪੇਚ ਖੇਡਣੇ ਪੈ ਰਹੇ ਹਨ।

ਕਾਂਗਰਸ ਛੱਡ ਦੇ ਅਕਾਲੀ ਦਲ ਵਿਚ ਸ਼ਾਮਲ ਹੋਏ ਅਜੀਤ ਸਿੰਘ ਸ਼ਾਂਤ ਨੇ ਪਰਮਜੀਤ ਕੌਰ ਗੁਲਸ਼ਨ ਲਈ ਸਿਰਦਰਦੀ ਪੈਦਾ ਕੀਤੀ ਹੋਈ ਹੈ। ਸ. ਸ਼ਾਂਤ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਤੋਂ ਵਿਧਾਇਕ ਰਹਿ ਚੁੱਕੇ ਹਨ। ਪਾਰਟੀ ਨੇ ਉਨ੍ਹਾਂ ਨੂੰ ਟਿਕਟ ਦੇਣ ਦਾ ਭਰੋਸਾ ਦਿੱਤਾ ਸੀ। ਪਾਰਟੀ ਸੂਤਰਾਂ ਮੁਤਾਬਕ ਸੁਖਬੀਰ ਸਿੰਘ ਬਾਦਲ ਸ. ਸ਼ਾਂਤ ਨੂੰ ਟਿਕਟ ਦੇਣ ਦਾ ਮਨ ਬਣਾਈ ਬੈਠੇ ਸਨ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਰੀ ਘੜੀ ਸ੍ਰੀਮਤੀ ਗੁਲਸ਼ਨ ਨੂੰ ਟਿਕਟ ਦੇਣ 'ਤੇ ਹੁਕਮ ਦੇ ਦਿੱਤੇ ਤੇ ਇਸ ਤਰ੍ਹਾਂ ਉਥੇ ਸਥਿਤੀ ਬਦਲ ਲਈ। ਹਾਕਮ ਪਾਰਟੀ ਵੱਲੋਂ ਹੁਣ ਅਜੀਤ ਸਿੰਘ ਸ਼ਾਂਤ ਨੂੰ ਚੇਅਰਮੈਨ ਬਣਾਉਣ ਦਾ ਵਾਅਦਾ ਕਰਕੇ ਸ਼ਾਂਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਪਰ ਸ੍ਰੀਮਤੀ ਗੁਲਸ਼ਨ ਵਿਰੁੱਧ ਕਈ ਹੋਰ ਧੜੇ ਵੀ ਸਰਗਰਮ ਹਨ।

ਲੁਧਿਆਣਾ ਲੋਕ ਸਭਾ ਹਲਕੇ ਤੋਂ ਤਾਂ ਸਥਿਤੀ ਸਪਸ਼ਟ ਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨ ਸਭਾ ਵਿਚ ਐਸੋਸੀਏਟ ਮੈਂਬਰ ਸਿਮਰਜੀਤ ਸਿੰਘ ਬੈਂਸ ਨੇ ਆਜ਼ਾਦ ਤੌਰ 'ਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਸਿਮਰਜੀਤ ਤੇ ਉਨ੍ਹਾਂ ਦੇ ਵੱਡੇ ਭਰਾ ਬਲਵਿੰਦਰ ਸਿੰਘ ਬੈਂਸ ਨੇ ਵਿਧਾਨ ਸਭਾ ਚੋਣਾਂ ਦੌਰਾਨ ਵੀ ਅਕਾਲੀ ਦਲ ਦੇ ਦੋ ਉਮੀਦਵਾਰਾਂ ਨੂੰ ਹਰਾਇਆ ਸੀ। ਹੁਣ ਉਹ ਲੁਧਿਆਣਾ ਤੋਂ ਲੋਕ ਸਭਾ ਦੇ ਉਮੀਦਵਾਰ ਮਨਪ੍ਰੀਤ ਸਿੰਘ ਇਯਾਲੀ ਲਈ ਵੀ ਸਿੱਧੀ ਚੁਣੌਤੀ ਬਣ ਗਏ ਹਨ। ਬੈਂਸ ਭਰਾ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਦੇ ਕਰੀਬੀ ਮੰਨੇ ਜਾਂਦੇ ਹਨ।

ਇਸੇ ਤਰ੍ਹਾਂ ਫਤਿਹਗੜ੍ਹ ਸਾਹਿਬ ਤੋਂ ਮੈਦਾਨ ਵਿਚ ਉਤਾਰੇ ਉਮੀਦਵਾਰ ਕੁਲਵੰਤ ਸਿੰਘ ਪੈਸੇ ਦੇ ਦਮ 'ਤੇ ਪਾਰਲੀਮੈਂਟ ਵਿਚ ਪਹੁੰਚਣ ਦਾ ਸੁਪਨਾ ਤਾਂ ਪਾਲ਼ ਰਹੇ ਹਨ ਪਰ ਹਲਕੇ ਦੇ ਟਕਸਾਲੀ ਅਕਾਲੀ, ਸ. ਕੁਲਵੰਤ ਸਿੰਘ ਨੂੰ ਅਕਾਲੀ ਮੰਨਣ ਲਈ ਤਿਆਰ ਨਹੀਂ। ਪਾਰਟੀ ਦੇ ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਇਸ ਉਮੀਦਵਾਰ ਨੂੰ ਅੰਦਰੂਨੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਇਸੇ ਤਰ੍ਹਾਂ ਦਾ ਹਾਲ ਹਰ ਵਾਰੀ ਹਲਕਾ ਬਦਲ ਕੇ ਆਨੰਦਪੁਰ ਸਾਹਿਬ ਤੋਂ ਚੋਣ ਲੜਨ ਵਾਲੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਹੋਇਆ ਪਿਆ ਹੈ। ਉਨ੍ਹਾਂ ਦੇ ਹਲਕੇ ਦੇ ਟਕਸਾਲੀ ਆਗੂ ਬਾਹਰੋਂ ਉਮੀਦਵਾਰ ਥੋਪੇ ਜਾਣ ਤੋਂ ਔਖੇ ਹਨ।

## ਭਾਰਤੀ ਜਨਤਾ ਪਾਰਟੀ ਲਈ ਵੀ ਮਾਹੌਲ ਠੀਕ ਨਹੀਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਜਨਤਾ ਪਾਰਟੀ ਨੇ ਦੇਸ਼ ਦੇ ਕਈ ਸੂਬਿਆਂ ਲਈ ਆਪਣੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ ਪਰ ਪੰਜਾਬ ਤੋਂ ਉਮੀਦਵਾਰਾਂ ਦੀ ਚੋਣ ਦਾ ਮਾਮਲਾ ਲਗਾਤਾਰ ਲਮਕਦਾ ਆ ਰਿਹਾ ਹੈ।

ਪੰਜਾਬ ਲਈ ਨਾਮ ਨਾ ਐਲਾਨੇ ਜਾਣ ਦਾ ਵੱਡਾ ਕਾਰਨ ਅੰਮ੍ਰਿਤਸਰ ਤੋਂ ਉਮੀਦਵਾਰ ਦੀ ਚੋਣ ਹੈ। ਪਾਰਟੀ ਸੂਤਰਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਜਪਾ ਹਾਈ ਕਮਾਨ ਨੂੰ ਸਪਸ਼ਟ ਕਰ ਚੁੱਕੇ ਹਨ ਕਿ ਨਵਜੋਤ ਸਿੰਘ ਸਿੱਧੂ ਲਈ ਲੋਕ ਸਭਾ ਚੋਣਾਂ ਦੌਰਾਨ ਪ੍ਰਚਾਰ ਦੀ ਕਮਾਨ ਸੰਭਾਲਣੀ ਅਕਾਲੀਆਂ ਲਈ ਮੁਸ਼ਕਲ ਕੰਮ ਹੈ ਕਿਉਂਕਿ ਸ. ਸਿੱਧੂ ਨੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਵਿਰੁੱਧ ਮੋਰਚਾ ਖੋਲ੍ਹ ਕੇ ਤੇ ਇਸ ਨੂੰ ਜਾਰੀ ਰੱਖ ਕੇ ਅਕਾਲੀ ਵਰਕਰਾਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ।

ਅਕਾਲੀ ਦਲ ਦੀ ਅਜਿਹੀ ਸੋਚ ਕਾਰਨ ਹੀ ਭਾਜਪਾ ਨੂੰ ਅੰਮ੍ਰਿਤਸਰ ਤੋਂ ਕ੍ਰਿਕਟਰ ਸਿੱਧੂ ਦਾ ਬਦਲ ਲੱਭਣ ਲਈ ਮਜਬੂਰ ਹੋਣਾ ਪਿਆ ਹੈ। ਪਾਰਟੀ ਇਸ ਹਲਕੇ ਤੋਂ ਸਿੱਖ ਜਾਂ ਗੈਰ ਸਿੱਖ ਉਮੀਦਵਾਰ ਦੀ ਚੋਣ ਦੇ ਮਾਮਲੇ 'ਤੇ ਵੀ ਉਲਝੀ ਪਈ ਹੈ। ਉਸ ਨੂੰ ਗੁਰਦਾਸਪੁਰ ਤੇ ਹੁਸ਼ਿਆਰਪੁਰ (ਰਾਖਵੇਂ) ਹਲਕਿਆਂ ਤੋਂ ਉਮੀਦਵਾਰ ਨਹੀਂ ਐਲਾਨੇ ਕਿਉਂਕਿ ਉਹ ਤਿੰਨੋ ਨਾਮ ਇਕੋ ਸਮੇਂ ਐਲਾਨਣਾ ਚਾਹੁੰਦੀ ਹੈ।

ਉਂਜ ਵੀ, ਉਹ ਫ਼ਿਲਮ ਅਭਿਨੇਤਾ ਵਿਨੋਦ ਖੰਨਾ ਨੂੰ ਗੁਰਦਾਸਪੁਰ ਤੋਂ ਅੰਮ੍ਰਿਤਸਰ ਸ਼ਿਫਟ ਕਰਨ ਦੀ ਸੰਭਾਵਨਾ ਵੀ ਖੋਜ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਚਾਰ ਉਮੀਦਵਾਰ ਨੂੰ ਮੁਢਲੇ ਤੌਰ 'ਤੇ ਪਾਰਟੀ ਅੰਦਰਲੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਸਵਿਤਾ ਭੱਟੀ ਵੱਲੋਂ ਚੋਣ ਲੜਨ ਤੋਂ ਇਨਕਾਰ

**ਚੰਡੀਗੜ੍ਹ:** ਚੰਡੀਗੜ੍ਹ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਸਵਿਤਾ ਭੱਟੀ ਵੱਲੋਂ ਨਾਟਕੀ ਢੰਗ ਨਾਲ ਆਪਣਾ ਨਾਮ ਵਾਪਸ ਲੈਣ ਕਾਰਨ ਪਾਰਟੀ ਵਿਚ ਕੌਮੀ ਪੱਧਰ 'ਤੇ ਹਲਚਲ ਹੋਈ। ਮਰਹੂਮ ਕਾਮੇਡੀ ਕਲਾਕਾਰ ਜਸਪਾਲ ਭੱਟੀ ਦੀ ਪਤਨੀ ਸਵਿਤਾ ਭੱਟੀ ਨੇ ਅਚਨਚੇਤ ਆਪਣਾ ਨਾਮ ਵਾਪਸ ਲੈ ਕੇ ਵੱਡਾ ਖਲਾਅ ਪੈਦਾ ਕਰ ਦਿੱਤਾ ਹੈ।

ਸੂਤਰਾਂ ਅਨੁਸਾਰ ਸਵਿਤਾ ਭੱਟੀ ਨੇ ਬਕਾਇਦਾ ਸੈਕਟਰ 17 ਵਿਚ ਚੋਣ ਪ੍ਰਚਾਰ ਵੀ ਕੀਤਾ ਸੀ। ਉਹ ਸੈਕਟਰ 17 ਦੇ ਦੁਕਾਨਦਾਰਾਂ ਕੋਲ ਵੋਟਾਂ ਮੰਗਣ ਵੀ ਗਏ ਪਰ ਇਸ ਤੋਂ ਬਾਅਦ ਅਚਨਚੇਤ ਉਨ੍ਹਾਂ ਨੇ ਆਪ ਦੇ ਮੁੱਖ ਦਫ਼ਤਰ ਵਿਚ ਈਮੇਲ ਭੇਜ ਕੇ ਆਪਣਾ ਨਾਮ ਵਾਪਸ ਲੈ ਲਿਆ। ਉਨ੍ਹਾਂ ਨੇ ਪੱਤਰ ਵਿਚ ਕੇਵਲ ਏਨਾ ਹੀ ਲਿਖਿਆ ਕਿ ਆਪ ਵਿਚਲੀ ਗੁੱਟਬੰਦੀ ਕਾਰਨ ਉਨ੍ਹਾਂ ਨੇ ਇਹ ਕਦਮ ਚੁੱਕਿਆ ਹੈ।

ਸੂਤਰਾਂ ਅਨੁਸਾਰ ਪਾਰਟੀ ਦੀ ਮੀਟਿੰਗ ਦੌਰਾਨ ਕੁਝ ਆਗੂਆਂ ਨੇ ਸਵਿਤਾ ਭੱਟੀ ਵੱਲੋਂ ਕੀਤੇ ਜਾ ਰਹੇ ਚੋਣ ਪ੍ਰਚਾਰ ਦੇ ਢੰਗ-ਤਰੀਕੇ 'ਤੇ ਨੁਕਤਾਚੀਨੀ ਕੀਤੀ ਸੀ। ਇਸ ਤੋਂ ਇਲਾਵਾ ਸਵਿਤਾ ਭੱਟੀ ਵੱਲੋਂ ਵਿਰੋਧੀ ਪਾਰਟੀਆਂ ਦੇ ਆਗੂਆਂ ਖਾਸ ਕਰਕੇ ਕਾਂਗਰਸ ਦੇ ਮੌਜੂਦਾ ਸੰਸਦ ਮੈਂਬਰ ਵਿਰੁੱਧ ਚੋਣ ਪ੍ਰਚਾਰ ਦੌਰਾਨ ਨਾ ਬੋਲਣ ਤੋਂ ਪਾਰਟੀ ਦੇ ਵਲੰਟੀਅਰ ਖਫ਼ਾ ਸਨ। ਜਦੋਂ ਪਾਰਟੀ ਨੇ ਸਵਿਤਾ ਭੱਟੀ ਨੂੰ ਟਿਕਟ ਦੇਣ ਦਾ ਐਲਾਨ ਕੀਤਾ ਸੀ ਤਾਂ ਉਸ ਵੇਲੇ ਵੀ ਆਪ ਦੇ ਮੁਢਲੇ ਵਲੰਟੀਅਰਾਂ ਨੇ ਵਿਰੋਧ ਪ੍ਰਗਟ ਕੀਤਾ ਸੀ। ਸਵਿਤਾ ਭੱਟੀ ਨੂੰ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਵੱਲੋਂ ਉਮੀਦਵਾਰ ਬਣਾਉਣ ਕਾਰਨ ਵਲੰਟੀਅਰ ਖਫ਼ਾ ਸਨ।

# ਪਟਿਆਲਾ ਹਲਕੇ 'ਚ ਰਿਹਾ ਹੈ ਸ਼ਾਹੀ ਘਰਾਣੇ ਦਾ ਦਬਦਬਾ



ਪਰਨੀਤ ਕੌਰ



ਕੈਪਟਨ ਅਮਰਿੰਦਰ ਸਿੰਘ

**ਪਟਿਆਲਾ:** ਰਾਜਨੀਤਕ ਖੇਤਰ ਵਿਚ ਵੀ ਅਹਿਮ ਸਥਾਨ ਰੱਖਦੇ ਪਟਿਆਲਾ ਲੋਕ ਸਭਾ ਹਲਕੇ ਤੋਂ ਵੱਡੀਆਂ ਹਸਤੀਆਂ ਚੋਣਾਂ ਲੜਦੀਆਂ ਰਹੀਆਂ ਹਨ। ਰਾਜਿਆਂ-ਮਹਾਰਾਜਿਆਂ ਦੇ ਇਸ ਇਲਾਕੇ ਵਿਚ ਜਮਹੂਰੀਅਤ ਦੇ ਪੈਰ ਪੱਕੇ ਹੋਣ ਦੇ ਬਾਵਜੂਦ ਸ਼ਾਹੀ ਘਰਾਣੇ ਦਾ ਦਬਦਬਾ ਬਰਕਰਾਰ ਹੈ। ਪਟਿਆਲਾ ਦਾ ਸ਼ਾਹੀ ਘਰਾਣਾਂ ਇਥੋਂ ਹੀ ਚੋਣਾਂ ਲੜਦਾ ਤੇ ਜਿੱਤਦਾ ਆ ਰਿਹਾ ਹੈ। 1967 ਤੋਂ ਹੁਣ ਤੱਕ ਹੋਈਆਂ 12 ਲੋਕ ਸਭਾ ਚੋਣਾਂ ਵਿਚੋਂ ਅੱਠ ਚੋਣਾਂ ਸ਼ਾਹੀ ਘੁਰਾਣੇ ਦੇ ਮੈਂਬਰਾਂ ਨੇ ਹੀ ਲੜੀਆਂ ਜਿਨ੍ਹਾਂ ਵਿਚੋਂ ਉਨ੍ਹਾ ਨੂੰ ਪੰਜ ਵਾਰ ਜਿੱਤ ਪ੍ਰਾਪਤ ਹੋਈ।

ਰਾਜਨੀਤੀ ਪੱਖੋਂ ਇਥੇ 12 ਵਿਚੋਂ 7 ਵਾਰ ਕਾਂਗਰਸ ਤੇ ਪੰਜ ਵਾਰ ਗੈਰ-ਕਾਂਗਰਸੀ ਉਮੀਦਵਾਰ ਜਿੱਤੇ। ਗੈਰ-ਕਾਂਗਰਸੀਆਂ ਵਿਚ ਅਕਾਲੀ ਦਲ ਦੇ ਗੁਰਚਰਨ ਸਿੰਘ ਟੌਹੜਾ (1977), ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ (1996-1998) ਤੇ ਚਰਨਜੀਤ ਸਿੰਘ ਵਾਲੀਆ (1980) ਦੇ ਨਾਂ ਸ਼ਾਮਲ ਹਨ। ਇੰਜ ਹੀ 1989 ਵਿਚ ਗੈਰ-ਕਾਂਗਰਸੀ ਉਮੀਦਵਾਰ ਅਤਿੰਦਰਪਾਲ ਸਿੰਘ ਨੇ ਅਕਾਲੀ ਦਲ ਦੇ ਬਲਵੰਤ ਸਿੰਘ ਰਾਮੂਵਾਲੀਆ ਤੇ ਕਾਂਗਰਸ ਦੇ ਵਿਨੋਦ ਸ਼ਰਮਾ ਨੂੰ ਹਰਾ ਕੇ ਇਤਿਹਾਸ ਰਚਿਆ।

ਹਲਕੇ ਤੋਂ ਸਭ ਤੋਂ ਵੱਧ ਤਿੰਨ ਵਾਰ ਚੋਣ ਜਿੱਤਣ ਵਾਲੀ ਸ੍ਰੀਮਤੀ ਪਰਨੀਤ ਕੌਰ ਸ਼ਾਹੀ ਘੁਰਾਣੇ ਦੀ ਹੀ ਮੈਂਬਰ ਹੈ। ਉਨ੍ਹਾਂ ਨੇ 2009, 2004 ਤੇ 1999 ਵਿਚ ਲਗਾਤਾਰ ਤਿੰਨ ਵਾਰ ਜਿੱਤ ਹਾਸਲ ਕੀਤੀ। ਕੇਂਦਰੀ ਮੰਤਰੀ ਮੰਡਲ ਵਿਚ ਵੀ ਇਸ ਹਲਕੇ ਨੂੰ ਪਰਨੀਤ ਕੌਰ ਦੇ ਜ਼ਰੀਏ ਹੀ ਨੁਮਾਇੰਦਗੀ ਮਿਲੀ। ਹੁਣ ਚੌਥੀ ਵਾਰ ਫੇਰ ਉਨ੍ਹਾਂ ਨੂੰ ਇਥੋਂ ਮੈਦਾਨ ਵਿਚ ਉਤਾਰਿਆ ਜਾ ਰਿਹਾ ਹੈ।

ਪਰਨੀਤ ਕੌਰ ਦੇ ਪਤੀ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਥੋਂ ਤਿੰਨ ਵਾਰ ਚੋਣ ਲੜੀ ਪਰ ਇਕ ਵਾਰ ਜਿੱਤੇ। ਉਹ 1977 ਵਿਚ ਅਕਾਲੀ ਦਲ ਦੇ ਗੁਰਚਰਨ ਸਿੰਘ ਟੌਹੜਾ ਤੋਂ ਲੱਖ ਵੋਟਾਂ ਨਾਲ ਹਾਰੇ। 1980 ਵਿਚ ਉਹ ਅਕਾਲੀ ਦਲ ਦੇ ਅਜੀਤ ਸਿੰਘ ਸਰਹੱਦੀ ਤੋਂ 90 ਹਜ਼ਾਰ ਨਾਲ ਜੇਤੂ ਰਹੇ ਪਰ 18 ਸਾਲਾਂ ਬਾਅਦ 1998 ਵਿਚ ਅਕਾਲੀ ਦਲ ਦੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੋਂ 37 ਹਜ਼ਾਰ ਦੇ ਫਰਕ ਨਾਲ ਹਾਰ ਗਏ।

ਪਹਿਲਾਂ 1967 ਵਿਚ ਇਥੋਂ ਸ਼ਾਹੀ ਘੁਰਾਣੇ ਦੀ ਰਾਜ ਮਾਤਾ ਮਹਿੰਦਰ ਕੌਰ ਨੇ ਕਾਂਗਰਸੀ ਉਮੀਦਵਾਰ ਵਜੋਂ ਕਮਿਊਨਿਸਟ ਪਾਰਟੀ ਦੇ ਤੇਜਾ ਸਿੰਘ ਦਰਦੀ ਉੱਪਰ ਵੱਡੀ ਜਿੱਤ ਪ੍ਰਾਪਤ ਕੀਤੀ। ਸ਼ਾਹੀ ਪਰਿਵਾਰ ਦੇ ਮੈਂਬਰ ਵਜੋਂ ਅੱਠਵੀਂ ਚੋਣ ਕੈਪਟਨ ਅਮਰਿੰਦਰ ਸਿੰਘ ਦੀ ਚਾਚੀ ਬੀਬਾ ਅਮਰਜੀਤ ਕੌਰ ਨੇ 1985 ਵਿਚ ਲੜੀ ਪਰ ਅਕਾਲੀ ਦਲ ਦੇ ਚਰਨਜੀਤ ਸਿੰਘ ਵਾਲੀਆ ਤੋਂ 20 ਹਜ਼ਾਰ ਦੇ ਫਰਕ ਨਾਲ ਹਾਰ ਗਏ ਸਨ।

ਪਹਿਲਾਂ 1972 ਵਿਚ ਕਾਂਗਰਸ ਦੇ ਸੱਤਪਾਲ ਕਪੂਰ ਨੇ ਅਕਾਲੀ ਦਲ ਦੇ ਗਿਆਨ ਸਿੰਘ ਰਾੜੇਵਾਲੇ ਉਤੇ ਜਿੱਤ ਹਾਸਲ ਕੀਤੀ ਸੀ। 1992 ਵਿਚ ਅਕਾਲੀ ਦਲ ਦੇ ਚੋਣ ਬਾਈਕਾਟ ਮੌਕੇ ਇਥੋਂ ਕਾਂਗਰਸ ਦੇ ਸੰਤ ਰਾਮ ਸਿੰਗਲਾ ਜੇਤੂ ਰਹੇ ਪਰ 1996 ਵਿਚ ਸੰਤ ਰਾਮ ਸਿੰਗਲਾ ਨੂੰ ਅਕਾਲੀ ਦਲ ਦੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ 80 ਹਜ਼ਾਰ ਵੋਟਾਂ ਦੇ ਫਰਕ ਨਾਲ ਹਰਾਇਆ। ਸ੍ਰੀ ਸਿੰਗਲਾ ਸੰਗਰੂਰ ਤੋਂ ਮੌਜੂਦਾ ਲੋਕ ਸਭਾ ਮੈਂਬਰ ਵਿਜੈਇੰਦਰ ਸਿੰਗਲਾ ਦੇ ਪਿਤਾ ਸਨ।

# ਦੋ ਮਹੀਨੇ ਚੱਲੇਗਾ ਚੋਣਾਂ ਦਾ ਮੇਲਾ

**ਚੰਡੀਗੜ੍ਹ:** ਪੰਜਾਬ ਦੇ 13 ਲੋਕ ਸਭਾ ਹਲਕਿਆਂ ਲਈ ਵੋਟਾਂ 30 ਅਪਰੈਲ ਨੂੰ ਪੈਣਗੀਆਂ। ਚੋਣਾਂ ਲਈ ਨੋਟੀਫ਼ਿਕੇਸ਼ਨ 2 ਅਪਰੈਲ ਨੂੰ ਜਾਰੀ ਹੋਵੇਗਾ ਤੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਆਖ਼ਰੀ ਤਰੀਕ ਨੌਂ ਅਪਰੈਲ ਹੋਵੇਗੀ। ਵੋਟਾਂ 30 ਅਪਰੈਲ ਨੂੰ ਪੈਣਗੀਆਂ ਤੇ ਵੋਟਾਂ ਦੀ ਗਿਣਤੀ 16 ਮਈ ਨੂੰ ਹੋਵੇਗੀ।

ਚੋਣ ਕਮਿਸ਼ਨ ਨੇ ਖ਼ਰਚੇ ਪੱਖੋਂ ਪੰਜ ਲੋਕ ਸਭਾ ਹਲਕਿਆਂ ਗੁਰਦਾਸਪੁਰ, ਅੰਮ੍ਰਿਤਸਰ, ਫ਼ਿਰੋਜ਼ਪੁਰ, ਬਠਿੰਡਾ ਤੇ ਪਟਿਆਲਾ ਨੂੰ ਸੰਵੇਦਨਸ਼ੀਲ ਮੰਨਿਆ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਦੱਸਿਆ ਲੁਧਿਆਣਾ ਲੋਕ ਸਭਾ ਹਲਕਾ 1997.64 ਕਿਲੋਮੀਟਰ ਵਰਗ ਖੇਤਰ ਨਾਲ ਸਭ ਤੋਂ ਛੋਟਾ ਤੇ ਬਠਿੰਡਾ 5842.13 ਵਰਗ ਕਿਲੋਮੀਟਰ ਖੇਤਰ ਨਾਲ ਸਭ ਤੋਂ ਵੱਡਾ ਲੋਕ ਸਭਾ ਹਲਕਾ ਹੈ। ਇਸ ਤੋਂ ਇਲਾਵਾ 13 ਲੱਖ 73 ਹਜ਼ਾਰ 898 ਵੋਟਰਾਂ ਨਾਲ ਸਭ ਤੋਂ ਘੱਟ ਵੋਟਰ ਗਿਣਤੀ ਵਾਲਾ ਹਲਕਾ ਫ਼ਤਹਿਗੜ੍ਹ ਸਾਹਿਬ ਹੈ ਜਦਕਿ 15 ਲੱਖ 44 ਹਜ਼ਾਰ 562 ਵੋਟਰਾਂ ਨਾਲ ਪਟਿਆਲਾ ਸਭ ਤੋਂ ਵੱਧ ਵੋਟਰਾਂ ਵਾਲਾ ਹਲਕਾ ਹੈ। ਕੁੱਲ 1 ਕਰੋੜ 92 ਲੱਖ 7 ਹਜ਼ਾਰ 230 ਵੋਟਰ ਹਨ ਜਿਨ੍ਹਾਂ ਵਿਚੋਂ 1 ਕਰੋੜ 1 ਲੱਖ 12 ਹਜ਼ਾਰ 873 ਪੁਰਸ਼ ਤੇ 90 ਲੱਖ 94 ਹਜ਼ਾਰ 357 ਮਹਿਲਾ ਵੋਟਰ ਹਨ। ਕੁੱਲ 13 ਹਜ਼ਾਰ 574 ਸਥਾਨਾਂ 'ਤੇ 21,957 ਪੋਲਿੰਗ ਸਟੇਸ਼ਨ ਬਣਾਏ ਜਾਣਗੇ ਜਿਨ੍ਹਾਂ ਵਿਚੋਂ 6494 ਸ਼ਹਿਰੀ ਤੇ 15,463 ਦਿਹਾਤੀ ਪੋਲਿੰਗ ਸਟੇਸ਼ਨ ਹਨ।

ਕੁੱਲ 138 ਪਰਵਾਸੀ ਭਾਰਤੀ ਵੋਟਰ ਹਨ ਜਿਨ੍ਹਾਂ ਵਿਚੋਂ 81 ਪੁਰਸ਼ ਤੇ 57 ਔਰਤਾਂ ਹਨ। ਉਨ੍ਹਾਂ ਦੱਸਿਆ ਕਿ ਰਾਜ ਅੰਦਰ 2012 ਤੋਂ ਲੈ ਕੇ ਹੁਣ ਤੱਕ ਕਰੀਬ 7 ਲੱਖ ਨਵੇਂ ਵੋਟਰ ਦਰਜ ਹੋਏ ਹਨ ਜਿਨ੍ਹਾਂ ਵਿਚੋਂ 2.5 ਲੱਖ ਉਹ ਵੋਟਰ ਹਨ ਜੋ 1 ਜਨਵਰੀ, 2014 ਜਾਂ ਉਸ ਤੋਂ ਬਾਅਦ 18 ਸਾਲ ਦੇ ਹੋਏ ਹਨ। ਚੋਣ ਕਮਸ਼ਿਨ ਅਨੁਸਾਰ 543 ਲੋਕ ਸਭਾ ਹਲਕਿਆਂ ਲਈ ਵੋਟਾਂ ਪੈਣ ਦਾ ਕੰਮ 7 ਅਪਰੈਲ ਤੋਂ ਸ਼ੁਰੂ ਹੋਵੇਗਾ ਜੋ 9 ਗੇੜਾਂ ਵਿਚ 12 ਮਈ ਨੂੰ ਮੁਕੰਮਲ ਹੋਏਗਾ। ਵੋਟਾਂ ਦੀ ਗਿਣਤੀ 16 ਮਈ ਨੂੰ ਕੀਤੀ ਜਾਵੇਗੀ ਤੇ ਸਾਰੇ ਨਤੀਜੇ ਵੀ ਉਸੇ ਦਿਨ ਐਲਾਨੇ ਜਾਣ ਦੀ ਸੰਭਾਵਨਾ ਹੈ। ਇਸ ਵਾਰ 81 ਕਰੋੜ 40 ਲੱਖ ਵੋਟਰ ਹਨ।

# ਆਮ ਆਦਮੀ ਪਾਰਟੀ ਬਦਲੇਗੀ ਹਰਿਆਣਾ ਦੇ ਸਿਆਸੀ ਸਮੀਕਰਨ



**ਚੰਡੀਗੜ੍ਹ:** ਹਰਿਆਣਾ ਦੇ ਦਸ ਲੋਕ ਸਭਾ ਹਲਕਿਆਂ ਦੀਆਂ ਚੋਣਾਂ ਪਿਛਲੀਆਂ ਲੋਕ ਸਭਾ ਚੋਣਾਂ ਨਾਲੋਂ ਕੁਝ ਮਾਮਲਿਆਂ ਵਿਚ ਵੱਖਰੀਆਂ ਹੋਣਗੀਆਂ। ਆਮ ਆਦਮੀ ਪਾਰਟੀ ਦੇ ਚੋਣ ਮੈਦਾਨ ਵਿਚ ਹੋਣ ਨਾਲ ਲੋਕਾਂ ਦੀ ਚੋਣਾਂ ਪ੍ਰਤੀ ਦਿਲਚਸਪੀ ਵਧੀ ਹੈ। ਮੰਨਿਆ ਜਾ ਰਿਹਾ ਹੈ ਕਿ 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੂੰ ਸੁਰਖੀਆਂ ਬਟੋਰਨ ਦਾ ਢੰਗ ਹੈ। ਹਰਿਆਣਾ ਦੇਸ਼ ਦੀ ਰਾਜਧਾਨੀ ਦਿੱਲੀ ਨਾਲ ਲਗਦਾ ਸੂਬਾ ਹੈ। ਇਸ ਦੇ ਕੁਝ ਇਲਾਕਿਆਂ ਵਿਚ 'ਆਪ' ਪ੍ਰਤੀ ਖਿੱਚ ਹੈ।

ਅੰਨਾ ਹਜ਼ਾਰੇ ਦੇ ਦਿੱਲੀ ਵਿਚ ਲੋਕ ਪਾਲ ਬਿੱਲ ਨੂੰ ਲੈ ਕੇ ਅੰਦੋਲਨ ਮੌਕੇ ਹਰਿਆਣਵੀਆਂ ਦੀ ਗਿਣਤੀ ਕਾਫੀ ਸੀ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹਰਿਆਣਾ ਦੇ ਨੌਜਵਾਨਾਂ ਨੇ ਗਰਮਜੋਸ਼ੀ ਨਾਲ 'ਆਪ' ਦੇ ਹੱਕ ਵਿਚ ਹਿੱਸਾ ਲਿਆ ਸੀ। ਲੋਕ ਸਭਾ ਚੋਣਾਂ ਮੌਕੇ ਹਰਿਆਣਾ ਦੀ ਮੁੱਖ ਵਿਰੋਧੀ ਧਿਰ ਇੰਡੀਅਨ ਨੈਸ਼ਨਲ ਲੋਕ ਦਲ ਦੇ ਮੁਖੀ ਤੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਤੇ ਦਲ ਦੇ ਸਕੱਤਰ ਜਨਰਲ ਅਜੇ ਚੌਟਾਲਾ ਅਧਿਆਪਕ ਭਰਤੀ ਘੁਟਾਲੇ ਵਿਚ ਤਿਹਾੜ ਜੇਲ੍ਹ ਵਿਚ ਸਜ਼ਾ ਕੱਟ ਰਹੇ ਹਨ। ਇਸ ਕਰਕੇ ਇਨੈਲੋ ਲੋਕ ਸਭਾ ਚੋਣਾਂ ਇਨ੍ਹਾਂ ਦੋਵੇਂ ਆਗੂਆਂ ਦੀ ਗ਼ੈਰ ਹਾਜ਼ਰੀ ਵਿਚ ਲੜਣ ਜਾ ਰਿਹਾ ਹੈ।

ਆਗੂਆਂ ਨੂੰ ਆਸ ਹੈ ਕਿ ਸ਼ਾਇਦ ਵੋਟਾਂ ਪੈਣ ਤੋਂ ਪਹਿਲਾਂ ਅਦਾਲਤ ਦਾ ਹਾਂ ਪੱਖੀ ਫ਼ੈਸਲਾ ਆ ਜਾਵੇ। ਆਗੂ ਮੰਨਦੇ ਹਨ ਕਿ ਪਿਛਲੀਆਂ ਚੋਣਾਂ ਦਾ ਸਮਾਂ ਪਾਰਟੀ ਲਈ ਮਾੜਾ ਸੀ। ਉਸ ਸਮੇਂ ਕੁਝ ਆਗੂ ਇਨੈਲੋ ਨੂੰ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਸਨ। ਇਸੇ ਕਰਕੇ ਉਨ੍ਹਾਂ ਨੂੰ ਲੋਕ ਸਭਾ ਦੀ ਕੋਈ ਸੀਟ ਹਾਸਲ ਨਹੀਂ ਹੋਈ। ਆਗੂਆਂ ਨੂੰ ਆਸ ਹੈ ਕਿ ਇਸ ਵਾਰ ਮਾਹੌਲ ਕਾਂਗਰਸ ਦੇ ਖ਼ਿਲਾਫ਼ ਹੈ ਤੇ ਪਾਰਟੀ ਨੂੰ ਚੋਣਾਂ ਵਿਚ ਸਫ਼ਲਤਾ ਮਿਲੇਗੀ।

ਕਾਂਗਰਸ ਨੇ ਦਸ ਵਿਚੋਂ ਨੌ ਸੀਟਾਂ ਜਿੱਤੀਆਂ ਸਨ। ਹਰਿਆਣਾ ਜਨਹਿੱਤ ਕਾਂਗਰਸ ਇਕ ਸੀਟ ਜਿੱਤਣ ਵਿੱਚ ਸਫਲ ਰਹੀ। ਪਿਛਲੀ ਵਾਰ ਭਾਰਤੀ ਜਨਤਾ ਪਾਰਟੀ ਨੇ ਇਕਲੇ ਤੌਰ 'ਤੇ ਚੋਣ ਲੜੀ ਸੀ ਤੇ ਇਸ ਨੂੰ ਵੀ ਕੋਈ ਸੀਟ ਨਹੀਂ ਸੀ ਮਿਲੀ। ਭਾਰਤੀ ਜਨਤਾ ਪਾਰਟੀ ਨੇ ਪਿਛਲੀਆਂ ਚੋਣਾਂ ਵਿਚ ਹਾਰ ਤੋਂ ਸਬਕ ਸਿੱਖਦਿਆਂ ਇਸ ਵਾਰ ਹਰਿਆਣਾ ਜਨਹਿੱਤ ਕਾਂਗਰਸ ਨਾਲ ਗਠਜੋੜ ਕਰ ਲਿਆ ਹੈ। ਇਸ ਲਈ ਇਸ ਗਠਜੋੜ ਨੂੰ ਸਫ਼ਲਤਾ ਦੀ ਆਸ ਹੈ।

ਚੋਣਾਂ ਦੇ ਸਮੇਂ ਕਾਂਗਰਸ ਵਿਚ ਟੁੱਟ-ਭੱਜ ਹੋ ਰਹੀ ਹੈ ਤੇ ਕੁਝ ਆਗੂ ਕਾਂਗਰਸ ਤੇ ਹਰਿਆਣਾ ਜਨਹਿੱਤ ਕਾਂਗਰਸ ਨੂੰ ਅਲਵਿਦਾ ਕਹਿ ਕੇ ਇਨੈਲੋ ਵਿਚ ਸ਼ਾਮਲ ਹੋਏ ਹਨ। ਇਸ ਦੌਰਾਨ ਸਾਬਕਾ ਕੇਂਦਰੀ ਮੰਤਰੀ ਵਿਨੋਦ ਸ਼ਰਮਾ ਕਸੂਤੀ ਸਥਿਤੀ ਵਿਚ ਫਸ ਗਏ ਹਨ। ਉਹ ਹਰਿਆਣਾ ਜਨਹਿੱਤ ਕਾਂਗਰਸ ਵਿਚ ਸ਼ਾਮਲ ਹੋ ਕੇ ਕਰਨਾਲ ਲੋਕ ਸਭਾ ਹਲਕੇ ਤੋਂ ਚੋਣ ਲੜਨਾ ਚਾਹੁੰਦੇ ਸਨ। ਉਨ੍ਹਾਂ ਦੀ ਇਸ ਯੋਜਨਾ ਨੂੰ ਭਾਰਤੀ ਜਨਤਾ ਪਾਰਟੀ ਦੀ ਆਗੂ ਸੁਸ਼ਮਾ ਸਵਰਾਜ ਨੇ ਸਿਰੇ ਨਹੀਂ ਚੜ੍ਹਣ ਦਿੱਤਾ। ਹੁਣ ਵੇਖਣਾ ਹੋਏਗਾ ਕਿ ਸੋਸ਼ਲ ਮੀਡੀਆ ਤੇ 'ਆਪ' ਦਾ ਦਖ਼ਲ ਤੇ ਨੌਜਵਾਨਾਂ ਦੀ ਰਾਜਨੀਤੀ ਪ੍ਰਤੀ ਵਧ ਰਹੀ ਸਰਗਰਮੀ ਹਰਿਆਣਾ ਦੇ ਜਾਟਾਂ, ਖਾਪਾਂ ਦੀ ਰਾਜਨੀਤੀ ਦੇ ਗੜ੍ਹ ਤੋੜਨ ਵਿਚ ਕਿੰਨਾ ਕੁ ਸਫ਼ਲ ਹੋਵੇਗਾ।

# ਮਾਓਵਾਦੀ ਹਮਲੇ 'ਚ 15 ਸੁਰੱਖਿਆ ਮੁਲਾਜ਼ਮ ਹਲਾਕ

**ਰਾਏਪੁਰ:** ਮਾਓਵਾਦੀਆਂ ਵਲੋਂ ਘਾਤ ਲਗਾ ਕੇ ਕੀਤੇ ਹਮਲੇ ਵਿਚ 15 ਸੁਰੱਖਿਆ ਕਰਮੀ ਅਤੇ ਇਕ ਆਮ ਨਾਗਰਿਕ ਦੀ ਮੌਤ ਹੋ ਗਈ। ਇਹ ਹਮਲਾ ਇਥੋਂ 400 ਕਿਲੋਮੀਟਰ ਦੂਰ ਜੀਰਮ ਨਾਲੇ ਉਤੇ ਇਸ ਨੇ ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਵਿਚ 2010 ਦੇ ਉਸ ਹਮਲੇ ਦੀ ਯਾਦ ਦਿਵਾ ਦਿੱਤੀ ਜਿਸ ਵਿਚ 76 ਸੁਰੱਖਿਆ ਕਰਮੀ ਮਾਰੇ ਗਏ ਸਨ। ਸੁਰੱਖਿਆ ਦਸਤਿਆਂ ਦੀ 44 ਮੈਂਬਰੀ ਟੀਮ ਇਸ ਨਾਲੇ 'ਤੇ ਮਾਓਵਾਦੀਆਂ ਵੱਲੋਂ ਕੀਤੇ ਗਏ ਬਾਰੂਦੀ ਸੁਰੰਗ ਧਮਾਕਿਆਂ ਅਤੇ ਭਾਰੀ ਗੋਲੀਬਾਰੀ ਦੀ ਮਾਰ ਹੇਠ ਆ ਗਈ। ਇਹ ਟੀਮ ਦਾਂਤੇਵਾੜਾ ਨੇੜਲੇ ਤੋਗਾਂਪਾਲ ਦੇ ਜੰਗਲ ਅਤੇ ਜੀਰਮ ਘਾਟੀ ਵਿਚ ਅਪਰੇਸ਼ਨ ਕਾਰਜ 'ਤੇ ਗਈ ਹੋਈ ਸੀ। ਮੁਕਾਬਲਾ 3 ਘੰਟੇ ਚਲਦਾ ਰਿਹਾ। ਮਾਓਵਾਦੀ ਜਾਂਦੇ ਸਮੇਂ ਸੁਰੱਖਿਆ ਕਰਮੀਆਂ ਦੇ ਹਥਿਆਰ ਵੀ ਲੈ ਗਏ।

ਚੇਤੇ ਰਹੇ ਕਿ ਪਿਛਲੇ ਸਾਲ ਮਈ ਵਿਚ ਇਸੇ ਇਲਾਕੇ ਵਿਚ ਮਾਓਵਾਦੀਆਂ ਨੇ ਛੱਤੀਸਗੜ੍ਹ ਦੀ ਕਾਂਗਰਸ ਲੀਡਰਸ਼ਿਪ ਦੇ ਕਾਫਲੇ 'ਤੇ ਹਮਲਾ ਕੀਤਾ ਸੀ ਜਿਸ ਵਿਚ 25 ਜਣੇ ਮਾਰੇ ਗਏ ਸਨ। ਹੁਣ ਵਾਲੇ ਹਮਲੇ ਦੇ ਮ੍ਰਿਤਕਾ ਵਿਚ ਸੀ.ਆਰ.ਪੀ.ਐਫ. ਦਾ ਅਸਿਸਟੈਂਟ ਕਮਾਂਡੈਂਟ ਰੈਂਕ ਦਾ ਇਕ ਅਫਸਰ ਵੀ ਸ਼ਾਮਲ ਹੈ। ਸੁਰੱਖਿਆ ਟੀਮ 'ਤੇ ਹਮਲਾ ਕਰਨ ਵਾਲੇ ਮਾਓਵਾਦੀਆਂ ਦੀ ਗਿਣਤੀ 200 ਦੇ ਕਰੀਬ ਸੀ।

ਕੇਂਦਰੀ ਕੈਬਨਿਟ ਵੱਲੋਂ ਦੂਰ-ਦੁਰੇਡੇ ਦੇ ਖੇਤਰਾਂ ਵਿਚ ਕੁਨੈਕਟੀਵਿਟੀ ਦੇਣ ਲਈ 3000 ਕਰੋੜ ਰੁਪਏ ਦੇ ਪ੍ਰੋਜੈਕਟ ਨੂੰ ਮਨਜ਼ੂਰੀ ਮਿਲਣ ਦੇ ਬਾਵਜੂਦ ਦੂਰ-ਸੰਚਾਰ ਵਿਭਾਗ ਦੀ ਇਕ ਯੂਨਿਟ ਯੂਨੀਵਰਸਲ ਸਰਵਿਸ ਆਬਲੀਗੇਸ਼ਨ ਫੰਡ ਇਕ ਸਾਲ ਤੋਂ ਇਸ ਪ੍ਰੋਜੈਕਟ ਨੂੰ ਦੱਬੀ ਬੈਠਾ ਹੈ। ਮਾਓਵਾਦੀਆਂ ਦੇ ਪ੍ਰਭਾਵ ਵਾਲੇ ਖੇਤਰਾਂ ਵਿਚ 2200 ਟੈਲੀਕਾਮ ਟਾਵਰ ਲਾਉਣ ਦੀ ਤਜਵੀਜ਼ ਨੂੰ 4 ਜੂਨ ਨੂੰ ਕੇਂਦਰੀ ਕੈਬਨਿਟ ਨੇ ਮਨਜ਼ੂਰੀ ਦਿੱਤੀ ਸੀ ਪਰ ਇਨ੍ਹਾਂ ਦੀ ਸ਼ੁਰੂਆਤ ਬਾਰੇ ਅਜੇ ਤਾਈਂ ਫੈਸਲਾ ਨਹੀਂ ਹੋ ਸਕਿਆ।

## ਨੌਜਵਾਨ ਦੀ ਹੱਤਿਆ ਦੇ ਦੋਸ਼ 'ਚ ਉਮਰ ਕੈਦ

ਰੂਪਨਗਰ: ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਰੂਪਨਗਰ ਸ੍ਰੀਮਤੀ ਅਮਰਜੋਤ ਭੱਟੀ ਨੇ 28 ਅਗਸਤ, 2012 ਨੂੰ ਸਥਾਨਕ ਸਰਕਾਰੀ ਕਾਲਜ ਵਿਚ ਨੌਜਵਾਨ ਗੁਰਵਿੰਦਰ ਸਿੰਘ (22) ਦੀ ਹੱਤਿਆ ਦੇ ਮਾਮਲੇ 'ਚ 3 ਦੋਸ਼ੀਆਂ ਨੂੰ ਉਮਰ ਕੈਦ ਅਤੇ 10, 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੌਜਵਾਨਾਂ ਵਿਚ ਸਕੇ ਭਰਾ ਪਵਿੱਤਰ ਸਿੰਘ ਤੇ ਸੁਖਵਿੰਦਰ ਸਿੰਘ (ਵਾਸੀ) ਅਤੇ ਜਤਿੰਦਰ ਸਿੰਘ (ਵਾਸੀ ਪਿੰਡ ਸੁਰਤਾਪੁਰ) ਸ਼ਾਮਲ ਹਨ।

ਜਾਣਕਾਰੀ ਅਨੁਸਾਰ ਵਾਰਦਾਤ ਵਾਲੇ ਦਿਨ ਗੁਰਵਿੰਦਰ ਸਿੰਘ ਕਾਲਜ ਵਿਚੋਂ ਆਪਣਾ ਬੀ.ਏ. ਭਾਗ ਪਹਿਲਾ ਦਾ ਸਰਟੀਫਿਕੇਟ ਲੈਣ ਪਹੁੰਚਾ ਜੋ ਉਸ ਸਮੇਂ ਖਾਲਸਾ ਕਾਲਜ ਬੇਲਾ ਵਿਚ ਬੀ.ਏ. ਭਾਗ ਦੂਜਾ ਦਾ ਵਿਦਿਆਰਥੀ ਸੀ। ਉਪਰੋਕਤ 3 ਨੌਜਵਾਨਾਂ ਨੇ ਉਸ ਨੂੰ ਦੁਪਹਿਰ 12.30 ਵਜੇ ਕਾਲਜ ਵਿਚ ਘੇਰ ਲਿਆ ਸੀ। ਸੁਖਵਿੰਦਰ ਸਿੰਘ ਅਤੇ ਜਤਿੰਦਰ ਸਿੰਘ ਨੇ ਉਸ ਨੂੰ ਫੜ ਲਿਆ ਸੀ ਜਦੋਂ ਕਿ ਪਵਿੱਤਰ ਸਿੰਘ ਨੇ ਉਸ ਦੇ ਦਿਲ ਵਾਲੇ ਪਾਸੇ ਕਿਰਚ ਦਾ ਵਾਰ ਕਰ ਦਿੱਤਾ ਸੀ। ਇਸ ਵਾਰ ਨਾਲ ਮਾਪਿਆਂ ਦਾ ਇਕਲੌਤਾ ਪੁੱਤਰ ਗੁਰਵਿੰਦਰ ਸਿੰਘ ਮੌਕੇ 'ਤੇ ਹੀ ਦਮ ਤੋੜ ਗਿਆ ਸੀ। ਪਵਿੱਤਰ ਸਿੰਘ ਅਤੇ ਜਤਿੰਦਰ ਸਿੰਘ ਸਰਕਾਰੀ ਕਾਲਜ ਰੂਪਨਗਰ ਵਿਚ ਹੀ ਪੜ੍ਹਦੇ ਸਨ। ਗੁਰਵਿੰਦਰ ਦੇ ਦੋਸਤ ਹਰਿੰਦਰਜੀਤ ਸਿੰਘ (ਵਾਸੀ ਸੁਖਰਾਮ ਕਾਲੋਨੀ, ਰੂਪਨਗਰ) ਦੇ ਬਿਆਨਾਂ 'ਤੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਸੀ।

COVERED CALIFORNIA™

ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ

ਲਿਵਿੰਗਸਟਨ, ਮਰਸਡ,
ਐਟਵਾਟਰ, ਟਰਲੱਕ, ਮਾਡੈਸਟੋ ਅਤੇ
ਸੈਂਟਰ ਵੈਲੀ ਦੇ ਹੋਰ ਸ਼ਹਿਰਾਂ ਵਿਚ

ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ
ਦੀਆਂ ਅਰਜੀਆਂ ਮੁਫਤ ਭਰਦੇ ਹਾਂ

ਆਪਣਾ ਨਾਂ ਤੁਰੰਤ
ਇਨਰੋਲ ਕਰਾਓ
ਕਿਉਂਕਿ ਇਨਰੋਲਮੈਂਟ
31 ਮਾਰਚ 2014
ਤਕ ਹੀ ਹੈ।

ਆਪਣੇ ਸਰਟੀਫਾਈਡ ਇੰਸ਼ੁਰੈਂਸ ਏਜੈਂਟ ਨਾਲ ਸੰਪਰਕ ਕਰੋ

Jarnail Singh Lallria (License # 0C19939)

Phone: (209) 394-9191

E-mail: Jarnail_lallria@yahoo.com

## ਦਵਿੰਦਰਪਾਲ ਭੁੱਲਰ ਕੇਸ ਦੀ ਸੁਣਵਾਈ ਟਲੀ

**ਨਵੀਂ ਦਿੱਲੀ (ਬਿਊਰੋ):** ਸੁਪਰੀਮ ਕੋਰਟ ਨੇ ਸਾਬਕਾ ਖਾੜਕੂ ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਬਾਰੇ ਕੇਂਦਰ ਸਰਕਾਰ ਨੂੰ 27 ਮਾਰਚ ਤੱਕ ਫੈਸਲਾ ਕਰਨ ਲਈ ਕਿਹਾ ਹੈ। ਨਾਲ ਹੀ ਚਿਤਾਵਨੀ ਦਿੱਤੀ ਹੈ ਕਿ ਜੇ ਕੇਂਦਰ ਨੇ ਕੁਝ ਨਾ ਕੀਤਾ ਤਾਂ ਅਦਾਲਤ ਭੁੱਲਰ ਦੀ ਮਾਨਸਿਕ ਹਾਲਤ ਦੇ ਆਧਾਰ 'ਤੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਬਾਰੇ ਫੈਸਲਾ ਸੁਣਾ ਦੇਵੇਗੀ।

ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ ਇਸ ਕੇਸ ਦੀ ਸੁਣਵਾਈ 27 ਮਾਰਚ ਤੱਕ ਮੁਅੱਤਲ ਕਰ ਦਿੱਤੀ ਹੈ। ਬੈਂਚ ਨੇ ਅਟਾਰਨੀ ਜਨਰਲ ਜੀ.ਈ. ਵਾਹਨਵਟੀ ਨੂੰ ਕਿਹਾ ਕਿ ਜੇ ਤੁਸੀਂ ਆਪਣੇ ਫੈਸਲੇ ਬਾਰੇ ਦੱਸੋਗੇ ਤਾਂ ਇਹ ਚੰਗਾ ਹੋਵੇਗਾ, ਜਾਂ ਫਿਰ ਅਸੀਂ ਇਸ ਕੇਸ ਬਾਰੇ ਫੈਸਲਾ ਲਵਾਂਗੇ। ਦੱਸਣਯੋਗ ਹੈ ਕਿ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਉਸ ਦੀ ਮਾਨਸਿਕ ਹਾਲਤ ਅਤੇ ਸਰਕਾਰ ਵੱਲੋਂ ਉਸ ਦੀ ਰਹਿਮ ਦੀ ਅਪੀਲ 'ਤੇ ਫੈਸਲੇ ਵਿਚ ਦੇਰੀ ਕਰਨ ਦੇ ਆਧਾਰ 'ਤੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਲਈ ਅਪੀਲ ਪਾਈ ਹੋਈ ਹੈ।

JSR TRUCKING, INC.

ਡਰਾਈਵਰ, ਓਨਰ ਆਪਰੇਟਰ ਅਤੇ
ਟੀਮ ਡਰਾਈਵਰ ਚਾਹੀਦੇ ਹਨ

OH, KY, IN, NJ, PA, NY, MD, DE, KS, MO, OK, AZ, CA
MOST TRIP FROM IN, KY, OH TO PA, NJ, NY.

For IN, OH, KY to NJ, PA, NY
$600.00 Round Trip



ਲੋਕਲ ਡਰਾਈਵਰ 40 ਸੈਂਟ ਮੀਲ
ਲੌਂਗਹਾਲ 38 ਸੈਂਟ ਮੀਲ

ਇਕ-ਦੋ ਸਾਲ ਦਾ ਤਜ਼ਰਬਾ ਜ਼ਰੂਰੀ

ਸੰਪਰਕ ਕਰੋ: ਸੁਰਜੀਤ ਸਿੰਘ
ਫੋਨ: 317-702-2803 ਜਾਂ 317-215-4536

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Want to Sell Your Home

We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*
@916-612-5773

Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਨਿਆਂ ਦਿਵਾਏ ਅਕਾਲੀ ਦਲ: ਕਲਕੱਤਾ

**ਅੰਮ੍ਰਿਤਸਰ:** ਸਾਬਕਾ ਮੰਤਰੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਮੰਗ ਕੀਤੀ ਹੈ ਕਿ ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਜੂਨ 1984 ਦੇ ਫੌਜੀ ਹਮਲੇ ਅਤੇ 1984 ਤੋਂ 1995 ਤੱਕ ਦੇ ਡੇਢ ਦਹਾਕੇ ਦੀ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਵੀ ਇਨਸਾਫ ਦਿਵਾਉਣ ਲਈ ਅੱਗੇ ਆਵੇ।



ਸ੍ਰੀ ਕਲਕੱਤਾ ਨੇ ਇੱਥੇ ਜਾਰੀ ਬਿਆਨ ਵਿਚ ਕਿਹਾ ਕਿ 1984 ਵਿਚ ਸ੍ਰੀ ਦਰਬਾਰ ਸਾਹਿਬ ਉਪਰ ਹੋਏ ਫੌਜੀ ਹਮਲੇ ਲਈ ਜਿਥੇ ਕਾਂਗਰਸ ਜ਼ਿੰਮੇਵਾਰ ਹੈ, ਉਥੇ ਭਾਜਪਾ ਵੀ ਕਾਂਗਰਸੀ ਪ੍ਰਧਾਨ ਮੰਤਰੀ ਨੂੰ ਮਜਬੂਰ ਕਰਨ ਲਈ ਬਰਾਬਰ ਦੀ ਜ਼ਿੰਮੇਵਾਰ ਹੈ। ਇਸ ਕਾਰੇ ਲਈ ਅਕਾਲੀ ਦਲ ਵੀ ਉਤਨਾ ਜ਼ਿੰਮੇਵਾਰ ਹੈ ਕਿਉਂਕਿ ਦਲ ਦੇ ਲਾਏ ਧਰਮ ਯੁੱਧ ਮੋਰਚੇ ਨੂੰ ਖ਼ਤਮ ਕਰਨ ਲਈ ਹੀ ਇਸ ਘਿਨੌਣੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਹੈ ਕਿ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਨੂੰ ਲੈ ਕੇ ਕੀਤੀ ਗਈ ਰਾਜਨੀਤੀ ਕਾਰਨ ਹੀ ਅਕਾਲੀ ਦਲ ਨੂੰ 1989, 1997, 2007 ਅਤੇ 2012 ਵਿਚ ਸੂਬੇ ਦੀ ਸੱਤਾ ਹਾਸਲ ਹੋਈ ਹੈ। ਸਾਲ 1998, 2004, 2009 ਦੀਆਂ ਲੋਕ ਸਭਾ ਚੋਣਾਂ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਨੇ 1984 ਦੇ ਫੌਜੀ ਹਮਲੇ ਨੂੰ ਹਥਿਆਰ ਵਜੋਂ ਵਰਤਿਆ ਹੈ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਦੇ ਸੰਤਾਪ 'ਚੋਂ ਹੀ ਜਜ਼ਬਾਤੀ ਸਿੱਖ ਨੌਜਵਾਨਾਂ ਨੇ ਹਥਿਆਰ ਚੁੱਕੇ ਸਨ ਜਿਨ੍ਹਾਂ ਨੂੰ ਖ਼ਤਮ ਕਰਨ ਦੇ ਨਾਂ ਪੰਜਾਬ ਪੁਲਿਸ ਨੇ ਹਜ਼ਾਰਾਂ ਬੇਗੁਨਾਹ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਨ੍ਹਾਂ ਬੇਗੁਨਾਹਾਂ ਵਿਚ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦਾ ਮੁਖੀ ਜਸਵੰਤ ਸਿੰਘ ਖਾਲੜਾ ਵੀ ਸ਼ਾਮਲ ਹੈ ਜਿਸ ਨੇ ਪੰਜਾਬ ਵਿਚ ਪੁਲਿਸ ਵੱਲੋਂ ਲਾਵਾਰਸ ਕਰਾਰ ਦੇ ਕੇ ਸਾੜੀਆਂ ਗਈਆਂ 25 ਹਜ਼ਾਰ ਲਾਸ਼ਾਂ ਦਾ ਪਰਦਾਫਾਸ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ 1997 ਦੀ ਵਿਧਾਨ ਸਭਾ ਚੋਣ ਸਮੇਂ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਸੀ ਕਿ 1984 ਦੇ ਫੌਜੀ ਹਮਲੇ ਤੇ ਡੇਢ ਦਹਾਕੇ ਦੇ ਸੰਤਾਪ ਦੀ ਜਾਂਚ ਲਈ, ਅਕਾਲੀ ਦਲ ਤੱਥ ਖੋਜ ਕਮਿਸ਼ਨ ਕਾਇਮ ਕਰੇਗਾ ਪਰ ਅਜਿਹਾ ਕੀਤਾ ਨਹੀਂ ਗਿਆ।

## ਨਾਨਕਸ਼ਾਹੀ ਕੈਲੰਡਰ ਵਿਚ ਸੋਧ ਵਿਦਵਾਨਾਂ ਦੇ ਮਤ ਅਨੁਸਾਰ ਹੋਵੇਗੀ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਵਿਦਵਾਨਾਂ ਦੇ ਵਿਚਾਰਾਂ ਅਨੁਸਾਰ ਆਉਣ ਵਾਲੇ ਸਮੇਂ ਵਿਚ ਲੋੜ ਮੁਤਾਬਕ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕੀਤੀ ਜਾਵੇਗੀ। ਇਸ ਸਬੰਧੀ ਵਿਦਵਾਨਾਂ ਦੇ ਵਿਚਾਰ ਸ੍ਰੀ ਅਕਾਲ ਤਖ਼ਤ ਵਿਖੇ ਪੁੱਜ ਰਹੇ ਹਨ ਜੋ ਪੰਜ ਸਿੰਘ ਸਾਹਿਬਾਨ ਦੇ ਵਿਚਾਰ ਅਧੀਨ ਹਨ। ਇਹ ਵਿਚਾਰ ਉਨ੍ਹਾਂ ਨਾਨਕਸ਼ਾਹੀ ਸੰਮਤ 546 ਅਨੁਸਾਰ 14 ਮਾਰਚ ਨੂੰ ਸ਼ੁਰੂ ਹੋ ਰਹੇ ਨਵੇਂ ਵਰ੍ਹੇ ਸਬੰਧੀ ਨਾਨਕਸ਼ਾਹੀ ਕੈਲੰਡਰ ਨੂੰ ਜਾਰੀ ਕਰਦਿਆਂ ਪ੍ਰਗਟਾਏ। ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਦਲਮੇਘ ਸਿੰਘ, ਰੂਪ ਸਿੰਘ, ਮਨਜੀਤ ਸਿੰਘ, ਸਤਬੀਰ ਸਿੰਘ ਸਮੇਤ ਮੈਂਬਰ ਭਾਈ ਮਨਜੀਤ ਸਿੰਘ ਤੇ ਹੋਰਨਾਂ ਵੱਲੋਂ ਨਵੇਂ ਵਰ੍ਹੇ ਦਾ ਕੈਲੰਡਰ ਜਾਰੀ ਕੀਤਾ ਗਿਆ। ਇਹ ਕੈਲੰਡਰ 2010 ਵਿਚ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੈ। ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਵੱਖ-ਵੱਖ ਜਥੇਬੰਦੀਆਂ, ਸਭਾ ਸੁਸਾਇਟੀਆਂ ਅਤੇ ਹੋਰਨਾਂ ਵੱਲੋਂ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਸਬੰਧੀ ਸੁਝਾਅ ਪੁੱਜੇ ਹਨ। ਇਸ ਮਾਮਲੇ ਵਿਚ ਜਦੋਂ ਤੱਕ ਕੋਈ ਅਗਲਾ ਫ਼ੈਸਲਾ ਨਹੀਂ ਹੁੰਦਾ, ਉਦੋਂ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਅਨੁਸਾਰ ਹੀ ਦਿਨ ਤਿਉਹਾਰ ਅਤੇ ਗੁਰਪੁਰਬ ਮਨਾਉਣੇ ਚਾਹੀਦੇ ਹਨ। ਉਨ੍ਹਾਂ ਸਮੂਹ ਧਿਰਾਂ ਨੂੰ ਅਪੀਲ ਕੀਤੀ ਹੈ ਕਿ ਆਪਣੇ ਦਿਨ ਤਿਉਹਾਰ ਤੇ ਹੋਰ ਕਾਰਜ ਵੀ ਇਸੇ ਕੈਲੰਡਰ ਅਨੁਸਾਰ ਹੀ ਕਰਨ।



# 'ਆਪ' ਨੇ ਪੰਜਾਬ ਲਈ ਤਿੰਨ ਹੋਰ ਉਮੀਦਵਾਰ ਐਲਾਨੇ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) ਨੇ ਲੋਕ ਸਭਾ ਚੋਣਾਂ ਲਈ ਹੋਰ 61 ਉਮੀਦਵਾਰਾਂ ਦੀ ਚੌਥੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ ਵਿਚ ਪੰਜਾਬ ਦੇ ਸੰਗਰੂਰ ਹਲਕੇ ਤੋਂ ਭਗਵੰਤ ਮਾਨ, ਗੁਰਦਾਸਪੁਰ ਤੋਂ ਸੁੱਚਾ ਸਿੰਘ ਛੋਟੇਪੁਰ ਅਤੇ ਫਰੀਦਕੋਟ ਤੋਂ ਡਾ. ਸਾਧੂ ਸਿੰਘ ਨੂੰ ਉਮੀਦਵਾਰ ਬਣਾਇਆ ਗਿਆ ਹੈ। ਪਾਰਟੀ ਨੇ ਨਵੀਂ ਸੂਚੀ ਵਿਚ ਹਰਿਆਣਾ ਲਈ ਚਾਰ ਉਮੀਦਵਾਰ ਐਲਾਨੇ ਹਨ। ਪਾਰਟੀ ਦੀ ਸੂਬਾਈ ਇਕਾਈ ਦੇ ਜਨਰਲ ਸਕੱਤਰ ਪਰਮਜੀਤ ਸਿੰਘ (36 ਸਾਲ) ਨੂੰ ਕਰਨਾਲ ਤੋਂ, ਸਮਾਜ ਸੇਵੀ ਸੁਰਿੰਦਰਪਾਲ ਸਿੰਘ (53) ਨੂੰ ਅੰਬਾਲਾ (ਐਸ.ਸੀ.), ਲਲਿਤ ਅਗਰਵਾਲ (39) ਨੂੰ ਭਿਵਾਨੀ-ਮਹਿੰਦਰਗੜ੍ਹ ਤੋਂ ਅਤੇ ਪਰਸ਼ੋਤਮ ਡਾਗਰ (32 ਸਾਲ) ਨੂੰ ਫਰੀਦਾਬਾਦ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਹਰਿਆਣਾ ਦੇ ਕੁੱਲ 10 ਲੋਕ ਸਭਾ ਹਲਕਿਆਂ ਤੋਂ 'ਆਪ' ਨੇ ਉਮੀਦਵਾਰ ਐਲਾਨ ਦਿੱਤੇ ਹਨ।



*ਭਗਵੰਤ ਮਾਨ*

ਪਾਰਟੀ ਨੇ ਬੰਗਲੌਰ ਕੇਂਦਰੀ ਲੋਕ ਸਭਾ ਹਲਕੇ ਤੋਂ ਇਨਫੋਸਿਸ ਦੇ ਸਾਬਕਾ ਮੁੱਖ ਵਿੱਤੀ ਅਫਸਰ (ਸੀ.ਐਫ.ਓ.) ਵੀ. ਬਾਲਾਕ੍ਰਿਸ਼ਨਨ ਨੂੰ ਉਮੀਦਵਾਰ ਬਣਾਇਆ ਹੈ। ਪੱਤਰਕਾਰ ਅਸ਼ੀਸ਼ ਕੇਤਨ ਨਵੀਂ ਦਿੱਲੀ ਤੋਂ ਚੋਣ ਲੜੇਗਾ। ਕੇਤਨ ਦੇ ਨਾਂ ਦੇ ਐਲਾਨ ਨਾਲ ਇਸ ਹਲਕੇ ਤੋਂ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਚੋਣ ਲੜਨ ਦੀਆਂ ਕਿਆਸਅਰਾਈਆਂ ਨੂੰ ਠੱਲ੍ਹ ਪੈ ਗਈ ਹੈ।

ਦੱਖਣੀ ਦਿੱਲੀ ਤੋਂ ਕਰਨਲ ਦੇਵਿੰਦਰ ਸ਼ੇਰਾਵਤ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ। ਪਾਰਟੀ ਨੇ ਕਰਨਾਟਕਾ ਤੋਂ ਸ੍ਰੀ ਬਾਲਾਕ੍ਰਿਸ਼ਨਨ ਸਮੇਤ 13 ਉਮੀਦਵਾਰ ਐਲਾਨ ਦਿੱਤੇ ਹਨ। ਪਾਰਟੀ ਹੁਣ ਤੱਕ ਦੇਸ਼ ਭਰ ਵਿਚ 131 ਲੋਕ ਸਭਾ ਸੀਟਾਂ ਤੋਂ ਉਮੀਦਵਾਰ ਐਲਾਨ ਚੁੱਕੀ ਹੈ।

## ਨਿਜ਼ਾਮ ਬਦਲਣ ਤੁਰਿਆ ਮਨਪ੍ਰੀਤ ਬਠਿੰਡੇ ਪੁੱਜਾ

*(ਸਫਾ ਇਕ ਦੀ ਬਾਕੀ)*

ਗੱਠਜੋੜ ਤੋਂ ਕਾਂਗਰਸ ਦੇ ਕਈ ਧੜਿਆਂ ਨਾਲ ਜੁੜੇ ਆਗੂ ਵੀ ਔਖੇ ਹਨ। ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਨੇ ਤਾਂ ਇਸ ਵਿਰੁਧ ਖੁੱਲ੍ਹ ਕੇ ਭੜਾਸ ਕੱਢੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਬਾਰੇ ਕੋਈ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਪੰਜਾਬ ਕਾਂਗਰਸ ਅਤੇ ਪੀ.ਪੀ.ਪੀ. ਵਿਚਾਲੇ ਹੋਏ ਗੱਠਜੋੜ ਤਹਿਤ ਮਨਪ੍ਰੀਤ ਬਾਦਲ ਬਠਿੰਡਾ ਵਿਚ ਆਪਣੀ ਭਰਜਾਈ ਅਤੇ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਵਿਰੁਧ ਚੋਣ ਲੜਨਗੇ। ਇਸ ਗੱਠਜੋੜ ਵੱਲੋਂ ਸਾਂਝੀ ਪ੍ਰਚਾਰ ਕਮੇਟੀ ਬਣਾ ਕੇ 13 ਸੀਟਾਂ 'ਤੇ ਸਾਂਝੀ ਚੋਣ ਪ੍ਰਚਾਰ ਮੁਹਿੰਮ ਚਲਾਈ ਜਾਵੇਗੀ। ਇਸ ਗੱਠਜੋੜ ਬਾਰੇ ਸੀ.ਪੀ.ਆਈ. ਅਜੇ ਦੋਚਿੱਤੀ ਵਿਚ ਹੈ। ਕਾਂਗਰਸ ਨੇ ਸੀ.ਪੀ.ਆਈ. ਨੂੰ ਫਰੀਦਕੋਟ ਸੀਟ ਦੀ ਪੇਸ਼ਕਸ਼ ਕਰ ਕੇ ਬਾਕੀ 11 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਨ ਦਾ ਫੈਸਲਾ ਕੀਤਾ ਹੈ। ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਲ) ਵੀ ਇਸ ਗਠਜੋੜ ਵਿਚ ਸ਼ਾਮਲ ਹੋ ਸਕਦਾ ਹੈ ਪਰ ਸੀ.ਪੀ.ਐਮ. ਨੇ ਕਾਂਗਰਸ ਨਾਲ ਪੰਜਾਬ ਵਿਚ ਹੱਥ ਮਿਲਾਉਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਸ. ਮਨਪ੍ਰੀਤ ਸਿੰਘ ਬਾਦਲ ਬਠਿੰਡਾ ਤੋਂ ਭਾਵੇਂ ਸਾਂਝੇ ਉਮੀਦਵਾਰ ਵਜੋਂ ਚੋਣ ਲੜਨਗੇ ਪਰ ਉਨ੍ਹਾਂ ਦਾ ਚੋਣ ਨਿਸ਼ਾਨ ਪਤੰਗ ਹੀ ਹੋਵੇਗਾ। ਉਂਜ, ਮਨਪ੍ਰੀਤ ਬਾਦਲ ਇਹ ਵੀ ਸਵੀਕਾਰ ਕਰਦੇ ਹਨ ਕਿ ਉਸ ਦੀ ਆਮ ਆਦਮੀ ਪਾਰਟੀ (ਆਪ) ਨਾਲ ਵੀ ਗੱਲ ਚੱਲੀ ਸੀ ਪਰ 'ਆਪ' ਦੇ ਆਗੂਆਂ ਵੱਲੋਂ ਗੱਠਜੋੜ ਦੀ ਥਾਂ ਪੀ.ਪੀ.ਪੀ. ਦਾ ਰਲੇਵਾਂ ਕਰਨ ਦੀ ਅੜੀ ਕਾਰਨ ਉਨ੍ਹਾਂ ਦਾ ਸਮਝੌਤਾ ਸਿਰੇ ਨਹੀਂ ਚੜ੍ਹਿਆ। ਉਧਰ, ਮਨਪ੍ਰੀਤ ਬਾਦਲ ਦੇ ਖਾਸ ਰਹੇ ਹਾਸਰਸ ਕਲਾਕਾਰ ਭਗਵੰਤ ਮਾਨ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਕੇ ਸੰਗਰੂਰ ਸੀਟ ਤੋਂ ਚੋਣ ਲੜਨ ਲਈ ਡਟ ਗਏ ਹਨ।

ਭਗਵੰਤ ਮਾਨ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਨਹੀਂ ਛੱਡਿਆ, ਸਗੋਂ ਮਨਪ੍ਰੀਤ ਬਾਦਲ ਨੇ ਉਨ੍ਹਾਂ ਨੂੰ ਛੱਡ ਦਿੱਤਾ ਹੈ। ਸ੍ਰੀ ਮਾਨ ਦਾ ਕਹਿਣਾ ਹੈ ਕਿ ਪੀ.ਪੀ.ਪੀ. ਦਾ ਗਠਨ ਨਿਜ਼ਾਮ ਬਦਲਣ ਲਈ ਕੀਤਾ ਗਿਆ ਸੀ। ਉਦੋਂ ਪ੍ਰਣ ਕੀਤਾ ਗਿਆ ਸੀ ਕਿ ਪੀ.ਪੀ.ਪੀ. ਦੀ ਵਿਚਾਰਧਾਰਾ ਨਾਲ ਮੇਲ ਨਾ ਖਾਣ ਵਾਲੀ ਕਿਸੇ ਵੀ ਪਾਰਟੀ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ। ਹੁਣ ਬਠਿੰਡਾ ਲੋਕ ਸਭਾ ਸੀਟ ਲੜ ਕੇ ਮਨਪ੍ਰੀਤ ਬਾਦਲ ਕਿਹੜਾ ਸਿਸਟਮ ਬਦਲਣ ਜਾ ਰਹੇ ਹਨ, ਉਨ੍ਹਾਂ ਨੂੰ ਸਮਝ ਨਹੀਂ ਆ ਰਹੀ।

## ਹਿੰਦ-ਪਾਕਿ ਸੀਮਾ ਨੇੜਿਉਂ 40 ਕਿਲੋ ਹੈਰੋਇਨ ਫੜੀ

**ਅਟਾਰੀ:** ਭਾਰਤ-ਪਾਕਿਸਤਾਨ ਸਰਹੱਦ 'ਤੇ ਤਾਇਨਾਤ ਸੀਮਾ ਸੁਰੱਖਿਆ ਬਲ ਦੀ 50ਵੀਂ ਬਟਾਲੀਅਨ ਦੇ ਜਵਾਨਾਂ ਨੇ ਪਾਕਿਸਤਾਨੀ ਤਸਕਰਾਂ ਦੀ ਕੋਸ਼ਿਸ਼ ਨੂੰ ਅਸਫ਼ਲ ਕਰਦਿਆਂ ਅੰਮ੍ਰਿਤਸਰ ਸੈਕਟਰ ਦੀ ਸਰਹੱਦੀ ਚੌਕੀ ਰਤਨ ਖੁਰਦ ਨੇੜਿਉਂ 40 ਪੈਕਟ ਹੈਰੋਇਨ, ਇੱਕ ਪਿਸਤੌਲ, ਤਿੰਨ ਮੈਗਜ਼ੀਨ ਅਤੇ 18 ਰੌਂਦ ਬਰਾਮਦ ਕੀਤੇ ਹਨ। ਸਰਹੱਦੀ ਚੌਕੀ ਦਾਉਕੇ ਨੇੜਿਉਂ ਵੀ ਇੱਕ ਪੈਕੇਟ ਹੈਰੋਇਨ ਬਰਾਮਦ ਹੋਇਆ ਹੈ।

ਸਰਹੱਦ ਤੋਂ ਬਰਾਮਦ ਹੋਈ ਕੁੱਲ 41 ਕਿਲੋ ਹੈਰੋਇਨ ਦੀ ਕੌਮਾਂਤਰੀ ਬਾਜ਼ਾਰ 'ਚ ਕੀਮਤ 205 ਕਰੋੜ ਰੁਪਏ ਹੈ।ਸੀਮਾ ਸੁਰੱਖਿਆ ਬਲ ਦੇ ਹੈੱਡ ਕੁਆਰਟਰ ਖਾਸਾ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਸਪੈਕਟਰ ਜਨਰਲ ਅਜੇ ਕੁਮਾਰ ਤੋਮਰ ਨੇ ਦੱਸਿਆ ਕਿ ਸਰਹੱਦੀ ਚੌਕੀ ਰਤਨ ਖੁਰਦ ਨੇੜੇ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਕੋਲ ਹੋਈ ਹਲਚਲ ਕਾਰਨ ਤਸਕਰਾਂ ਨੂੰ ਲਲਕਾਰਿਆ ਗਿਆ ਤੇ ਗੋਲੀਆਂ ਚਲਾਈਆਂ ਗਈਆਂ।

## ਬਾਦਲਾਂ ਨੇ ਕਾਂਗਰਸੀਆਂ ਦੇ ਪੈਰਾਂ ਹੇਠੋਂ ਜ਼ਮੀਨ ਕੱਢੀ

*(ਸਫਾ ਇਕ ਦੀ ਬਾਕੀ)*

ਹੋਈ ਹੈ। ਚੇਤੇ ਰਹੇ ਕਿ ਮਾਲਵਾ ਖੇਤਰ ਵਿਚ ਸ. ਜੀਤਮਹਿੰਦਰ ਸਿੰਘ ਸਿੱਧੂ ਤੇ ਅਰਵਿੰਦ ਖੰਨਾ ਕੈਪਟਨ ਅਮਰਿੰਦਰ ਸਿੰਘ ਦੀ ਖੱਬੀ-ਸੱਜੀ ਬਾਂਹ ਮੰਨੇ ਜਾਂਦੇ ਰਹੇ ਹਨ। ਸ. ਸਿੱਧੂ ਪਹਿਲਾਂ ਹੀ ਅਕਾਲੀ ਦਲ ਵਿਚ ਸ਼ਾਮਲ ਹੋ ਚੁੱਕੇ ਹਨ ਤੇ ਅਰਵਿੰਦ ਖੰਨਾ ਦੇ ਕਾਂਗਰਸ ਛੱਡਣ ਨਾਲ ਕੈਪਟਨ ਨੂੰ ਮਾਲਵਾ ਖੇਤਰ ਵਿਚ ਵੱਡਾ ਝਟਕਾ ਲੱਗ ਸਕਦਾ ਹੈ। ਅਸਲ ਵਿਚ ਤਲਵੰਡੀ ਸਾਬੋ ਤੋਂ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਤੇ ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਨੇ ਲੋਕ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਦਲਬਦਲੀ ਕਰ ਕੇ ਕਾਂਗਰਸ ਨੂੰ ਮਾਲਵਾ ਖੇਤਰ ਵਿਚ ਹਿਲਾ ਕੇ ਰੱਖ ਦਿੱਤਾ ਹੈ। ਜੀਤ ਮਹਿੰਦਰ ਸਿੰਘ ਸਿੱਧੂ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਹਲਕੇ ਤੋਂ 2012 ਦੀਆਂ ਚੋਣਾਂ ਦੌਰਾਨ ਲਗਾਤਾਰ ਤੀਜੀ ਵਾਰੀ ਕਾਂਗਰਸ ਦੀ ਟਿਕਟ ਤੋਂ ਜਿੱਤੇ ਸਨ। ਸ. ਬੀਰਮੀ ਵੀ ਲੁਧਿਆਣਾ ਦਿਹਾਤੀ ਹਲਕੇ ਤੋਂ ਦੋ ਵਾਰ ਕਾਂਗਰਸ ਦੀ ਨੁਮਾਇੰਦਗੀ ਕਰ ਚੁੱਕੇ ਹਨ ਤੇ ਕਾਂਗਰਸ ਸਰਕਾਰਾਂ ਵਿਚ ਮੰਤਰੀ ਰਹੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸੱਤਾ ਤੋਂ ਲੰਮੇ ਸਮੇਂ ਤੱਕ ਬਾਹਰ ਰਹਿਣ ਕਰਕੇ ਸੱਤਾਧਾਰੀ ਧਿਰ ਵਿਰੋਧੀ ਪਾਰਟੀ ਦੇ ਆਗੂਆਂ ਨੂੰ ਭਰਮਾਉਣ ਵਿਚ ਕਾਮਯਾਬ ਹੋ ਜਾਂਦੀ ਹੈ। ਪੰਜਾਬ ਵਿਚ ਕਾਂਗਰਸ ਦੇ ਟੁੱਟਣ ਪਿੱਛੇ ਇਕ ਹੋਰ ਕਾਰਨ ਧੜੇਬੰਦੀ ਹੈ। ਪਾਰਟੀ ਹਾਈ ਕਮਾਂਡ ਧੜੇਬੰਦੀ ਨੂੰ ਖਤਮ ਕਰ ਲਈ ਕੋਈ ਉਪਰਾਲੇ ਨਹੀਂ ਕਰ ਰਹੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਲਾਪਤਾ ਜਹਾਜ਼ ਦਾ ਰਸਤਾ ਪਤਾ ਲੱਗਿਆ

**ਕੁਆਲਾਲੰਪਰ (ਬਿਊਰੋ):** ਮਲੇਸ਼ੀਆ ਦੀ ਫ਼ੌਜ ਦਾ ਕਹਿਣਾ ਹੈ ਕਿ ਉਸ ਦੇ ਰਾਡਾਰਾਂ ਨੇ 239 ਯਾਤਰੀਆਂ ਨੂੰ ਪੇਇਚਿੰਗ ਲਈ ਉਡਾਣ ਭਰਨ ਵਾਲੇ ਮਲੇਸ਼ੀਆ ਏਅਰਲਾਈਨਜ਼ ਦੇ ਲਾਪਤਾ ਹੋਏ ਜਹਾਜ਼ ਦੇ 'ਸਟਰੇਟ ਆਫ ਮਲਕਾ' ਵੱਲ ਜਾਣ ਦੇ ਰਸਤੇ ਦਾ ਪਤਾ ਲਾ ਲਿਆ ਹੈ। ਰਿਪੋਰਟ ਮੁਤਾਬਕ ਮਲੇਸ਼ੀਆ ਦੇ ਸੈਨਿਕ ਰਾਡਾਰ ਨੇ 'ਸਟਰੇਟ ਆਫ ਮਲਕਾ' ਤਕ ਜਹਾਜ਼ ਦਾ ਪਤਾ ਲਾਇਆ ਹੈ। ਇਹ ਥਾਂ ਉਥੋਂ ਕਾਫੀ ਦੂਰ ਹੈ ਜਿਥੋਂ ਯਾਤਰੀ ਜਹਾਜ਼ ਨੇ ਨਾਗਰਿਕ ਏਅਰ ਕੰਟਰੋਲ ਟਰੈਫਿਕ ਨਾਲ ਆਖਰੀ ਸੰਪਰਕ ਕੀਤਾ ਸੀ।

ਮਲੇਸ਼ੀਆ ਦੇ ਇਕ ਸੈਨਿਕ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਜਹਾਜ਼ ਨੇ ਮਲੇਸ਼ੀਆ ਦੇ ਕਸਬੇ ਕੋਟਾ ਬਾਰੂ ਪਿੱਛੋਂ ਰਸਤਾ ਬਦਲ ਲਿਆ ਸੀ ਅਤੇ ਨੀਵਾਂ ਉਡਣ ਲੱਗਾ ਸੀ। ਇਹ ਫਿਰ ਮਲਕਾ ਸਟਰੇਟ ਵਿਚ ਦਾਖਲ ਹੋ ਗਿਆ। ਸਟਰੇਟ ਆਫ ਮਲਕਾ ਮਲੇਸ਼ੀਆ ਦੇ ਪੱਛਮੀ ਤੱਟ ਦੇ ਨਾਲ-ਨਾਲ ਪਾਣੀ ਦੀ ਛੋਟੀ ਪੱਟੀ ਹੈ ਅਤੇ ਇਹ ਕੋਟਾ ਬਾਰੂ ਤੋਂ ਕਾਫੀ ਦੂਰ ਹੈ। ਉਂਝ ਜਹਾਜ਼ ਬਾਰੇ ਅਜੇ ਵੀ ਕੋਈ ਸੁਰਾਗ ਨਹੀਂ ਮਿਲਿਆ। ਉਧਰ ਮਲੇਸ਼ੀਆ ਪ੍ਰਸ਼ਾਸਨ ਨੇ ਇਕ ਇਰਾਨੀ ਵਿਅਕਤੀ ਨਾਲ ਜੁੜੇ ਭੇਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਜਿਸ ਨੇ ਚੋਰੀ ਕੀਤੇ ਗਏ ਪਾਸਪੋਰਟਾਂ 'ਤੇ ਸਵਾਰ ਹੋਣ ਵਾਲੇ ਦੋ ਯਾਤਰੀਆਂ ਲਈ ਟਿਕਟਾਂ ਬੁੱਕ ਕਰਵਾਈਆਂ ਸਨ।

ਮਲੇਸ਼ੀਆ ਏਅਰ ਲਾਈਨਜ਼ ਨੇ ਐਮ. ਐਚ. 370 ਜਹਾਜ਼ ਦੀ ਜਾਂਚ ਦਾ ਘੇਰਾ ਵਧਾ ਦਿੱਤਾ ਹੈ ਅਤੇ ਪ੍ਰਸ਼ਾਸਨ ਉਨ੍ਹਾਂ ਦੋ ਵਿਅਕਤੀਆਂ ਬਾਰੇ ਏਜੰਟਾਂ ਤੋਂ ਪੁੱਛ-ਗਿੱਛ ਕਰ ਰਿਹਾ ਹੈ ਜੋ ਇਕ ਇਟਾਲੀਅਨ ਅਤੇ ਇਕ ਆਸਟਰੀਅਨ ਨਾਗਰਿਕ ਦੇ ਚੋਰੀ ਕੀਤੇ ਪਾਸਪੋਰਟ 'ਤੇ ਜਹਾਜ਼ ਵਿਚ ਸਵਾਰ ਹੋਏ ਸਨ। ਇਹ ਜਾਂਚ ਵੀ ਕੀਤੀ ਜਾ ਰਹੀ ਹੈ ਕਿ ਉਡਾਣ ਵਿਚ ਚੈਕ-ਇਨ ਕਰਨ ਵਾਲੇ ਪੰਜ ਲੋਕ ਜਹਾਜ਼ 'ਤੇ ਸਵਾਰ ਕਿਉਂ ਨਹੀਂ ਹੋਏ।

## ਹਾਂਗਕਾਂਗ ਬਣਿਆ ਭਾਰਤੀਆਂ ਦੀ ਪਸੰਦ

**ਹਾਂਗਕਾਂਗ:** ਹਾਂਗਕਾਂਗ ਆਉਣ ਵਾਲੇ ਭਾਰਤੀ ਸੈਲਾਨੀਆਂ ਦੀ ਗਿਣਤੀ ਵਿਚ ਜਿਥੇ ਪੰਜ ਫੀਸਦੀ ਵਾਧਾ ਹੋਇਆ ਹੈ ਉਥੇ ਹੀ ਦੁਨੀਆ ਭਰ ਤੋਂ ਆਉਣ ਵਾਲੇ ਕੁੱਲ ਸੈਲਾਨੀਆਂ ਦੀ ਗਿਣਤੀ ਵੀ 11.7 ਫੀਸਦੀ ਵਧੀ ਹੈ। ਸਾਲ 2013 ਵਿਚ ਹਾਂਗਕਾਂਗ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਧ ਕੇ 1,43,00,000 ਹੋ ਗਈ ਜੋ ਸਾਲ-ਦਰ-ਸਾਲ ਦੇ ਆਧਾਰ 'ਤੇ 11.7% ਵੱਧ ਹੈ।


ਕੈਸ਼ੀਅਰ ਦੀ ਲੋੜ ਹੈ
ਰੈਡਵੁਡ ਸਿਟੀ, ਬੇਏਰੀਆ, ਕੈਲੀਫੋਰਨੀਆ ਵਿਚ
ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ
ਸੰਪਰਕ ਕਰੋ
ਫੋਨ: 650-630-8588

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available





Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
India Vacation tour package also available.

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.





For Emergency Call anytime at 847-673-3825
EARLY BIRD SALE!!!!
India $545
London $250

To Advertise with Punjab Times Call: 847-359-0746

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ





Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)





Cell: (510)-677-9942
Shop: (510)-505-9605
www.princebarbershop.com

Best Bay Area Truck Driving School, Inc.
3150 Kenneth Street, Santa Clara, CA 95050
■ ਕਲਾਸ 'ਏ' ਅਤੇ 'ਬੀ' ਲਾਇਸੈਂਸ ਦੀ ਗਾਰੰਟੀ।
■ ਵਧੀਆ ਤੇ ਫਾਸਟ ਸਰਵਿਸ।
■ ਤਜ਼ਰਬੇਕਾਰ ਅਤੇ ਮਿਲਾਪੜੇ ਇੰਸਟ੍ਰਕਟਰ।
■ ਟਰੱਕ ਸਿੱਖਣ ਲਈ ਬਹੁਤ ਹੀ ਵਾਜਿਬ ਫੀਸ।
■ ਬਾਹਰੋਂ ਆਏ ਵੀਰਾਂ ਲਈ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਪ੍ਰਬੰਧ।
■ ਰਿਹਾਇਸ਼ ਦਾ ਪ੍ਰਬੰਧ।
ਫਰੀਮਾਂਟ, ਯੂਨੀਅਨ ਸਿਟੀ ਤੇ ਹੇਵਰਡ ਦੇ ਵੀਰਾਂ ਲਈ ਫਰੀ ਰਾਈਡ
*ਲਿਖਤੀ ਟੈਸਟ ਪਾਸ ਕਰਨ ਲਈ ਵਿਸ਼ੇਸ਼ ਪ੍ਰਬੰਧ।
*ਕਲਾਸ 'ਏ' ਅਤੇ 'ਬੀ' ਲਾਇਸੈਂਸ ਰਿਨਿਊ ਕਰਨ ਦਾ ਬਹੁਤ ਹੀ ਸਸਤਾ ਪ੍ਰਬੰਧ।





ਅੱਜ ਹੀ ਕਾਲ ਕਰੋ:
ਬੱਗਾ > ਫੋਨ 510-786-8143 (ਸੈਲ)
408-988-2100 (ਦਫਤਰ)

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ





Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis , MN 55426

# ਕਾਲਿਆਂ ਵਾਲੇ ਖੂਹ ਦੇ ਸ਼ਹੀਦਾਂ ਨੂੰ ਲੈ ਕੇ ਛਿੜਿਆ ਵਿਵਾਦ

**ਚੰਡੀਗੜ੍ਹ:** ਸਿੱਖ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਦਾਅਵਾ ਕੀਤਾ ਕਿ ਕਾਲਿਆਂ ਵਾਲੇ ਖੂਹ ਦੇ ਸ਼ਹੀਦ ਸਿੱਖਾਂ ਦੇ ਪੰਜਾਬੀਆਂ ਦੇ ਖਿਲਾਫ਼ ਭੁਗਤੇ ਸਨ। ਇਤਿਹਾਸਕਾਰਾਂ ਦੇ ਇਸ ਬਾਰੇ ਦਿੱਤੇ ਮਤ ਤੋਂ ਬਾਅਦ ਇਹ ਮਾਮਲਾ ਨਵੇਂ ਵਿਵਾਦ ਵਿਚ ਘਿਰ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਹੈ ਕਿ ਇਸ ਘਟਨਾ ਦੀ ਇਤਿਹਾਸਕ ਪੱਖ ਤੋਂ ਜਾਂਚ ਹੋਣੀ ਚਾਹੀਦੀ ਹੈ।



ਇਤਿਹਾਸਕ ਕਾਲਿਆਂ ਵਾਲੇ ਖੂਹ ਵਿਚੋਂ 1857 ਦੇ ਗਦਰ ਨਾਲ ਸਬੰਧਤ ਭਾਰਤੀ ਫ਼ੌਜੀਆਂ ਦੀਆਂ ਅਸਥੀਆਂ ਮਿਲਣ ਤੋਂ ਬਾਅਦ ਜਦੋਂ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਅਸਥੀਆਂ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰਨ ਤੇ ਇਥੇ ਯਾਦਗਾਰ ਬਣਾਉਣ ਦਾ ਭਰੋਸਾ ਦਿੱਤਾ ਗਿਆ ਤਾਂ ਕੁਝ ਸਿੱਖ ਜਥੇਬੰਦੀਆਂ ਨੇ ਇਨ੍ਹਾਂ ਸ਼ਹੀਦਾਂ ਨੂੰ ਸ਼ਹੀਦ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਨ੍ਹਾਂ ਪੂਰਬੀ ਫ਼ੌਜੀਆਂ ਨੇ ਮਹਾਰਾਜਾ ਰਣਜੀਤ ਸਿੰਘ ਸਮੇਂ ਪੰਜਾਬ 'ਤੇ ਹਮਲਾ ਕੀਤਾ ਸੀ ਤੇ ਉਸ ਵੇਲੇ ਬੀਬੀਆਂ ਨੂੰ ਬੇਪੱਤ ਵੀ ਕੀਤਾ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿਚ ਇਤਿਹਾਸਕ ਪੱਖ ਤੋਂ ਡੂੰਘਾਈ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਪੂਰਬੀ ਫ਼ੌਜੀਆਂ ਦਾ ਜੰਗੇ ਆਜ਼ਾਦੀ ਤੇ ਸਿੱਖ ਰਾਜ ਸਮੇਂ ਕੀ ਰੋਲ ਸੀ। ਇਸ ਬਾਰੇ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਹੀ ਯਾਦਗਾਰ ਬਣਾਉਣ ਤੇ ਅਗਲੀ ਕਾਰਵਾਈ ਬਾਰੇ ਫ਼ੈਸਲਾ ਲੈਣਾ ਚਾਹੀਦਾ ਹੈ। ਇਸ ਦੌਰਾਨ ਦਲ ਖ਼ਾਲਸਾ ਦੇ ਸਕੱਤਰ ਸਰਬਜੀਤ ਸਿੰਘ ਘੁਮਾਣ ਨੇ ਕਿਹਾ ਹੈ ਕਿ ਅਜਨਾਲੇ ਵਿਖੇ ਮਿਲੀਆਂ ਅਸਥੀਆਂ ਜਿਨ੍ਹਾਂ ਫ਼ੌਜੀਆਂ ਦੀਆਂ ਸਨ, ਉਹ ਪੰਜਾਬ ਤੇ ਸਿੱਖਾਂ ਵਿਰੁੱਧ ਭੁਗਤੇ ਸਨ ਤੇ ਉਹ ਸਿੱਖਾਂ ਦੇ ਮਾਣ ਤੇ ਅਣਖ ਨੂੰ ਰੋਲਣ ਲਈ ਜ਼ਿੰਮੇਵਾਰ ਸਨ।

ਉਨ੍ਹਾਂ ਪੰਜਾਬ ਸਰਕਾਰ ਵੱਲੋਂ ਯਾਦਗਾਰ ਬਣਾਉਣ ਦੇ ਫ਼ੈਸਲੇ ਨੂੰ ਗਲਤ ਤੇ ਗੈਰ-ਸਿਧਾਂਤਕ ਕਰਾਰ ਦਿੰਦਿਆਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਪ੍ਰਭਾਵ ਵਰਤ ਕੇ ਸ਼੍ਰੋਮਣੀ ਅਕਾਲੀ ਦਲ ਸਰਕਾਰ ਨੂੰ ਯਾਦਗਾਰ ਨਾ ਬਣਾਉਣ ਬਾਰੇ ਹਦਾਇਤ ਕਰਨ। ਉਨ੍ਹਾਂ ਕਿਹਾ ਕਿ ਡਾ. ਕ੍ਰਿਪਾਲ ਸਿੰਘ ਹਿਸਟੋਰੀਅਨ ਤੇ ਪ੍ਰਸਿੱਧ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਹ ਫ਼ੌਜੀ ਪੂਰਬੀਏ ਸਨ ਤੇ ਇਨ੍ਹਾਂ ਫ਼ੌਜੀਆਂ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ-ਭਾਗ ਖ਼ਤਮ ਕਰਵਾਇਆ ਸੀ ਤੇ ਪੰਜਾਬ ਵਿਚ ਉਜਾੜਾ ਕੀਤਾ ਸੀ।

ਇਹ ਅੰਗਰੇਜ਼ੀ ਸੈਨਾ ਦੇ ਨਾਲ 1845 ਵਿਚ ਹਮਲਾਵਰ ਬਣ ਕੇ ਆਏ ਸਨ ਤੇ ਮੁਦਕੀ, ਫੇਰੂ ਸ਼ਹਿਰ, ਬੱਦੋਵਾਲ, ਅਲੀਵਾਲ, ਲੁਧਿਆਣਾ, ਸਭਰਾਓਂ, ਮੁਲਤਾਨ, ਰਾਮਨਗਰ, ਚੇਲੀਆਂਵਾਲਾ ਤੇ ਗੁਜਰਾਤ ਦੀਆਂ ਐਂਗਲੋ-ਸਿੱਖ ਜੰਗਾਂ ਮੌਕੇ ਸਿੱਖਾਂ ਵਿਰੁਧ ਲੜੇ ਸਨ। ਉਨ੍ਹਾਂ ਕਿਹਾ ਕਿ ਇਤਿਹਾਸਕ ਵੇਰਵੇ ਦੱਸਦੇ ਹਨ ਕਿ ਸਿੱਖ ਰਾਜ ਖ਼ਤਮ ਹੋਣ ਮਗਰੋਂ ਇਨ੍ਹਾਂ ਹਿੰਦੋਸਤਾਨੀ ਫ਼ੌਜੀਆਂ ਨੇ ਪੰਜਾਬ ਵਿਚ ਸਿੱਖ ਬੀਬੀਆਂ ਨੂੰ ਬੇਪੱਤ ਕੀਤਾ ਤੇ ਸਿੱਖਾਂ ਉਤੇ ਬੇਦਰਦੀ ਨਾਲ ਜ਼ੁਲਮ ਕੀਤੇ ਸਨ। ਉਨ੍ਹਾਂ ਪੰਜਾਬ ਸਰਕਾਰ ਦੇ ਫ਼ੈਸਲੇ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਜਿਹੜੇ ਲੋਕ ਪੰਜਾਬ ਦੇ ਹਿੱਤਾਂ ਖ਼ਿਲਾਫ਼ ਰਹੇ ਹੋਣ, ਉਨ੍ਹਾਂ ਦੀਆਂ ਯਾਦਗਾਰਾਂ ਪੰਜਾਬ ਦੇ ਲੋਕਾਂ ਤੋਂ ਇਕੱਠੇ ਕੀਤੇ ਟੈਕਸ ਨਾਲ ਨਹੀਂ ਬਣਨੀਆਂ ਚਾਹੀਦੀਆਂ।

## ਸ਼ਹੀਦਾਂ ਬਾਰੇ ਵਿਵਾਦ ਸੌੜੀ ਸਿਆਸਤ ਕਰਾਰ

**ਅਜਨਾਲਾ:** ਗੁਰਦੁਆਰਾ ਸ਼ਹੀਦਗੰਜ ਪ੍ਰਬੰਧਕੀ ਕਮੇਟੀ ਦੇ ਮੁਖੀ ਅਮਰਜੀਤ ਸਿੰਘ ਸਰਕਾਰੀਆ ਨੇ ਕਿਹਾ ਕਿ ਸ਼ਹੀਦਾਂ ਤੇ ਉਨ੍ਹਾਂ ਦੀ ਸ਼ਹਾਦਤ 'ਤੇ ਸਵਾਲੀਆ ਚਿੰਨ੍ਹ ਲਾਉਣਾ ਸੌੜੀ ਸਿਆਸਤ ਹੈ ਤੇ ਇਹ ਸਿਆਸਤ ਲੋਕਾਂ ਵਿਚ ਵੰਡ ਪਾਉਣ ਵਾਲੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸੈਨਿਕਾਂ ਨੇ ਆਪਣੀ ਡਿਊਟੀ ਦੌਰਾਨ ਸਿੱਖਾਂ ਵਿਰੁਧ ਜੰਗ ਲੜੀ ਸੀ ਨਾ ਕਿ ਨਿੱਜੀ ਤੌਰ 'ਤੇ। ਲੋਕ ਇਨ੍ਹਾਂ ਦੀ ਸ਼ਹਾਦਤ ਨੂੰ ਹਮੇਸ਼ਾਂ ਯਾਦ ਰੱਖਣਗੇ ਕਿਉਂਕਿ ਉਨ੍ਹਾਂ ਬਰਤਾਨੀਆ ਸਰਕਾਰ ਖ਼ਿਲਾਫ਼ ਹੀ ਬਗ਼ਾਵਤ ਦਾ ਬਿਗਲ ਵਜਾਇਆ ਸੀ।

ਸ੍ਰੀ ਅਮਰਜੀਤ ਸਿੰਘ ਨੇ ਕਿਹਾ ਕਿ ਜਿਹੜੇ ਲੋਕ ਯਾਦਗਾਰ ਬਣਾਉਣ ਦਾ ਵਿਰੋਧ ਕਰ ਰਹੇ ਹਨ, ਉਹ ਸ਼ਾਇਦ ਭੁੱਲ ਗਏ ਹਨ ਕਿ ਸਿੱਖਾਂ ਨੇ ਵੀ ਬਰਤਾਨਵੀ ਫ਼ੌਜ ਦੇ ਝੰਡੇ ਹੇਠ ਪਹਿਲੀ ਤੇ ਦੂਜੀ ਵਿਸ਼ਵ ਜੰਗ ਲੜੀ ਸੀ।

## ਤੱਥਾਂ ਦੀ ਘੋਖ ਮਗਰੋਂ ਹੀ ਉਸਾਰੀ ਜਾਵੇਗੀ ਯਾਦਗਾਰ

**ਅਜਨਾਲਾ:** ਪੰਜਾਬ ਸਰਕਾਰ ਦੇ ਪ੍ਰਮੁੱਖ ਸਕੱਤਰ ਗ੍ਰਹਿ ਤੇ ਸਭਿਆਚਾਰਕ ਮਾਮਲੇ ਵਿਭਾਗ ਐਸ.ਐਸ. ਚੰਨੀ ਨੇ ਕਾਲਿਆਂ ਵਾਲੇ ਖੂਹ ਵਿਚੋਂ 1857 ਦੌਰਾਨ ਅੰਗਰੇਜ਼ਾਂ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ 282 ਭਾਰਤੀ ਸੈਨਿਕਾਂ ਦੀਆਂ ਅਸਥੀਆਂ ਵੇਖਣ ਤੋਂ ਬਾਅਦ ਕਿਹਾ ਕਿ ਇਤਿਹਾਸਕਾਰਾਂ ਤੇ ਹੋਰ ਪੱਖਾਂ ਦਾ ਅਧਿਐਨ ਕਰਕੇ ਹੀ ਕਾਲਿਆਂ ਵਾਲੇ ਖੂਹ ਵਿਚੋਂ ਨਿਕਲੀਆਂ ਸੈਨਿਕਾਂ ਦੀਆਂ ਅਸਥੀਆਂ ਤੇ ਹੋਰ ਵਸਤੂਆਂ ਬਾਰੇ ਇਥੇ ਕੋਈ ਯਾਦਗਾਰ ਤਾਮੀਰ ਕਰਨ ਬਾਰੇ ਪੰਜਾਬ ਸਰਕਾਰ ਫੈਸਲਾ ਲਵੇਗੀ।

ਸ. ਚੰਨੀ ਨੇ ਕਿਹਾ ਕਿ ਹੁਣ ਤਕ ਇਹ ਘਟਨਾ ਅਣਪਛਾਤੀ ਹੀ ਸੀ ਪਰ ਹੁਣ ਸਥਾਨਕ ਕਮੇਟੀ ਤੇ ਇਤਿਹਾਸਕਾਰ ਤੇ ਖੋਜਕਾਰ ਸੁਰਿੰਦਰ ਕੋਛੜ ਨੇ ਲੋਕਾਂ ਦੇ ਸਹਿਯੋਗ ਨਾਲ ਕਾਲਿਆਂ ਵਾਲੇ ਖੂਹ ਵਿਚੋਂ 1857 ਦੀ ਲੜਾਈ ਨਾਲ ਸਬੰਧਤ 282 ਸੈਨਿਕਾਂ ਦੀਆਂ ਅਸਥੀਆਂ ਕੱਢ ਕੇ ਇਸ ਘਟਨਾ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਇਸ ਘਟਨਾ ਬਾਰੇ ਛਿੜੇ ਵਾਦ-ਵਿਵਾਦ ਤੇ ਤੱਥਾਂ ਦੀ ਜਾਂਚ ਵਿਚ ਜੁਟੀ ਹੈ ਤੇ ਸਾਰੇ ਪਹਿਲੂਆਂ ਨੂੰ ਘੋਖਣ ਮਗਰੋਂ ਹੀ ਸਬੰਧਤ ਵਿਸ਼ੇ 'ਤੇ ਯੋਗ ਫੈਸਲਾ ਲਿਆ ਜਾਵੇਗਾ।

# ਸ਼ਹੀਦਾਂ ਦੀ ਯਾਦ ਵਿਚ ਮੰਦਰ ਬਣਨਾ ਚਾਹੀਦੈ: ਕੈਪਟਨ

**ਚੰਡੀਗੜ੍ਹ (ਬਿਊਰੋ):** ਅਜਨਾਲਾ ਵਿਚ 'ਕਾਲਿਆਂਵਾਲਾ ਖੂਹ' ਦੇ ਮੁੱਦੇ 'ਤੇ ਪਿੜ ਵਿਚ ਆਉਂਦਿਆਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਥੇ ਮਾਰੇ ਗਏ ਸੈਨਿਕ 26ਵੀਂ ਬੰਗਾਲ ਨੇਟਿਵ ਇਨਫੈਂਟਰੀ ਦੇ ਸਨ। ਇਸ ਸੈਨਾ ਦੀ ਅਗਵਾਈ ਵਿਚ ਸ਼ਾਮ ਸਿੰਘ ਅਟਾਰੀਵਾਲਾ ਖਿਲਾਫ 10 ਫਰਵਰੀ, 1846 ਨੂੰ ਸਭਰਾਓਂ ਦੀ ਲੜਾਈ ਲੜੀ ਗਈ ਸੀ। ਉਨ੍ਹਾਂ ਕਿਹਾ ਕਿ ਇਸ ਲੜਾਈ ਵਿਚ ਅਟਾਰੀਵਾਲਾ ਦੀ ਮੌਤ ਹੋ ਗਈ ਸੀ ਤੇ 26ਵੀਂ ਨੇਟਿਵ ਇਨਫੈਂਟਰੀ ਨੇਂ ਸਭਰਾਓਂ ਦੀ ਲੜਾਈ ਬ੍ਰਿਗੇਡੀਅਰ ਐਸ਼ਬਰਨਹਾਮ ਦੀ ਕਮਾਨ ਹੇਠ ਲੜੀ ਸੀ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਬਟਾਲੀਅਨ ਦੇ ਤਕਰੀਬਨ ਸਾਰੇ ਸੈਨਿਕ ਮੱਧ ਭਾਰਤ ਦੇ ਅਵਧ ਖੇਤਰ ਦੇ ਬ੍ਰਾਹਮਣ ਸਨ। ਉਨ੍ਹਾਂ ਦੱਸਿਆ ਕਿ ਇਹ ਸਾਰਾ ਕੁਝ ਉਨ੍ਹਾਂ ਦੀ ਪੁਸਤਕ 'ਦਿ ਲਾਸਟ ਸਨਸੈੱਟ' ਵਿਚ ਦਰਜ ਹੈ। ਉਨ੍ਹਾਂ ਕਿਹਾ ਕਿ ਇਹ ਸੱਚ ਹੈ ਕਿ ਇਸ ਬਟਾਲੀਅਨ ਨੇ 1857 ਵਿਚ ਬਰਤਾਨਵੀ ਸ਼ਾਸਨ ਵਿਰੁੱਧ ਵਿਦਰੋਹ ਕੀਤਾ ਸੀ ਤੇ ਇਸ ਨੂੰ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਕਿਹਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ 1857 ਦੀ ਲੜਾਈ ਨੂੰ ਭਾਰਤੀ ਸੈਨਾ ਵੀ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਕਰਾਰ ਦੇ ਚੁੱਕੀ ਹੈ ਤੇ ਇਸ ਕਰਕੇ ਇਨ੍ਹਾਂ ਸੈਨਿਕਾਂ ਦੀਆਂ ਕਾਲਿਆਂਵਾਲਾ ਖੂਹ ਵਿਚੋਂ ਮਿਲੀਆਂ ਅਸਥੀਆਂ ਨੂੰ ਬਣਦਾ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ ਪਰ ਉਨ੍ਹਾਂ ਦੀ ਆਸਥਾ ਨੂੰ ਦੇਖਦਿਆਂ ਇਨ੍ਹਾਂ ਦੀ ਯਾਦ ਵਿਚ ਅਜਨਾਲਾ ਵਿਚ ਗੁਰਦੁਆਰੇ ਦੀ ਥਾਂ ਮੰਦਰ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਫੌਜ ਨੂੰ ਇਨ੍ਹਾਂ ਸੈਨਿਕਾਂ ਦੀਆਂ ਅੰਤਿਮ ਰਸਮਾਂ ਕਰਨੀਆਂ ਚਾਹੀਦੀਆਂ ਹਨ।

# ਦਰਬਾਰ ਸਾਹਿਬ ਚੋਟੀ ਦੇ ਧਾਰਮਿਕ ਸਥਾਨਾਂ 'ਚ ਸ਼ੁਮਾਰ

**ਚੰਡੀਗੜ੍ਹ:** ਸੈਰ ਸਪਾਟੇ ਦੇ ਸ਼ੌਕੀਨਾਂ ਲਈ ਸੰਸਾਰ ਦੀਆਂ ਸਭ ਤੋਂ ਵੱਧ ਵੇਖਣਯੋਗ ਥਾਵਾਂ ਦੀ ਨਿਸ਼ਾਨਦੇਹੀ ਕਰਨ ਵਾਲੀ ਵੈਬਸਾਈਟ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਵਿਸ਼ਵ ਦੇ 10 ਸਭ ਤੋਂ ਵੱਧ ਵੇਖਣਯੋਗ ਧਾਰਮਿਕ ਸਥਾਨਾਂ ਵਿਚੋਂ ਚੋਟੀ 'ਤੇ ਰੱਖਿਆ ਹੈ ਤੇ ਇਸ ਸੂਚੀ ਵਿਚ ਭਾਰਤ ਦਾ ਸ੍ਰੀ ਰੰਗਾਨਾਥਨ ਸਵਾਮੀ ਮੰਦਰ ਵੀ ਸ਼ਾਮਲ ਹੈ। ਵੈਬਸਾਈਟ ਵੱਲੋਂ ਬਣਾਈ ਈਸਾਈ, ਮੁਸਲਮ, ਸਿੱਖ, ਹਿੰਦੂ ਤੇ ਬੋਧੀ ਧਰਮਾਂ ਦੇ 10 ਧਾਰਮਿਕ ਸਥਾਨਾਂ ਦੀ ਸੂਚੀ ਵਿਚ ਲੜੀ ਨੰਬਰ 2 'ਤੇ ਦਰਜ ਹੈ ਇੰਡੋਨੇਸ਼ੀਆ ਦੇ ਕੇਂਦਰੀ ਜਾਵਾ ਵਿਚ ਸਥਿਤ ਨੌਵੀਂ ਸਦੀ ਵਿਚ ਬਣਾਇਆ ਗਿਆ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੀ ਤ੍ਰਿਮੂਰਤੀ ਦਾ ਮੰਦਰ। ਲੜੀ ਨੰਬਰ ਤਿੰਨ 'ਤੇ ਭਾਰਤ ਦੇ ਸ੍ਰੀਰੰਗਮ ਵਿਖੇ ਬਣਿਆ ਵਿਸ਼ਨੂੰ ਮੰਦਰ ਜੋ ਸ੍ਰੀ ਰੰਗਾਨਾਥਸਵਾਮੀ ਮੰਦਰ ਵਜੋਂ ਪ੍ਰਸਿੱਧ ਹੈ।

ਲੜੀ ਨੰਬਰ 4 'ਤੇ ਬਰ੍ਹਮਾ ਦੇ ਯੰਗੂਨ ਸ਼ਹਿਰ



ਵਿਚ ਸਥਿਤ ਬੋਧੀਆਂ ਦੇ ਸ਼ਵੇਦਾਗੋਨ ਪਗੋਡਾ ਨੂੰ ਸ਼ਾਮਲ ਕੀਤਾ ਗਿਆ ਹੈ ਜਿਹੜਾ 98 ਮੀਟਰ ਉਚਾ ਬਹੁਤ ਹੀ ਸੁੰਦਰ ਸੁਨਹਿਰੀ ਗੁੰਬਦ ਵਾਲਾ ਬੋਧੀ ਮਠ ਹੈ। ਪੰਜਵੇਂ ਨੰਬਰ 'ਤੇ ਥਾਈਲੈਂਡ ਦੇ ਚਿਆਂਗ ਰਾਈ ਸ਼ਹਿਰ ਵਿਚ ਬਣ ਰਿਹਾ ਬੋਧੀ ਮੰਦਰ ਵਾਟ ਰੋਂਗ ਖੁਨ ਜਿਹੜਾ ਅਜੇ 2070 ਦੇ ਨੇੜੇ ਜਾ ਕੇ ਮੁਕੰਮਲ ਹੋਵੇਗਾ।

ਛੇਵਾਂ ਨੰਬਰ ਹੈ ਰੂਸ ਦੀ ਰਾਜਧਾਨੀ ਮਾਸਕੋ ਵਿਚ ਸਥਿਤ ਸੇਂਟ ਬੇਸਿਲ ਕੈਥੇਡਰਲ ਚਰਚ, 7ਵੇਂ ਸਥਾਨ 'ਤੇ ਇਟਲੀ ਸਥਿਤ ਈਸਾਈ ਮੱਤ ਦਾ ਕੇਂਦਰੀ ਸਥਾਨ ਵੈਟੀਕਨ ਸਿਟੀ, 8ਵੇਂ 'ਤੇ ਚੀਨ ਦੇ ਬੀਜਿੰਗ ਸ਼ਹਿਰ ਵਿਚ ਬਣਿਆ ਟੈਂਪਲ ਆਫ਼ ਹੈਵਨ, ਨੌਵੇਂ 'ਤੇ ਆਬੂਧਾਬੀ ਵਿਖੇ ਅਰਬ ਸ਼ੇਖ ਵੱਲੋਂ ਬਣਾਈ ਸ਼ੇਖ ਜ਼ਾਇਦ ਗਰੈਂਡ ਮਸਜਿਦ ਤੇ ਦਸਵੇਂ ਨੰਬਰ 'ਤੇ ਦਰਜ ਹੈ ਬਰ੍ਹਮਾ ਦੇ ਬਾਗਨ ਸ਼ਹਿਰ ਵਿਚ 12ਵੀਂ ਸਦੀ ਵਿਚ ਬਣਿਆ ਬੋਧੀ ਮੱਠ ਗਾਵਦਾਵਪਾਲਿਨ।

# ਸਿੱਖ ਰਾਜ ਖਿਲਾਫ ਲੜੇ ਸੀ ਕਾਲਿਆਂ ਵਾਲੇ ਖੂਹ ਦੇ 'ਸ਼ਹੀਦ'

**ਚੰਡੀਗੜ੍ਹ:** ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਵਿਖੇ 'ਕਾਲਿਆਂ ਵਾਲੇ ਖੂਹ' ਵਿਚੋਂ ਮਿਲੀਆਂ ਸੈਂਕੜੇ ਅਸਥੀਆਂ ਤੇ ਹੋਰ ਸਾਮਾਨ ਨੂੰ ਲੈ ਕੇ ਉਘੇ ਇਤਿਹਾਸਕਾਰਾਂ ਕ੍ਰਿਪਾਲ ਸਿੰਘ ਹਿਸਟੋਰੀਅਨ, ਡਾ: ਗੁਰਦਰਸ਼ਨ ਸਿੰਘ ਢਿੱਲੋਂ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਦੇ ਡਾ: ਬੀਰਇੰਦਰਾ ਕੌਰ ਤੇ ਹੋਰ ਇਤਿਹਾਸਕਾਰਾਂ ਨੇ ਇਤਿਹਾਸਕ ਤੱਥਾਂ ਨੂੰ ਆਧਾਰ ਬਣਾਉਂਦਿਆਂ ਨਵੇਂ ਖੁਲਾਸੇ ਕੀਤੇ ਹਨ। ਸ: ਕ੍ਰਿਪਾਲ ਸਿੰਘ ਹਿਸਟੋਰੀਅਨ ਨੇ ਜਿਥੇ ਇਨ੍ਹਾਂ ਅਸਥੀਆਂ ਨੂੰ ਉਨ੍ਹਾਂ ਪੂਰਬੀ ਲੋਕਾਂ ਨਾਲ ਸਬੰਧਤ ਦੱਸਿਆ ਜਿਹੜੇ ਬ੍ਰਿਟਿਸ਼ ਫ਼ੌਜ ਨਾਲ ਮਿਲ ਕੇ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਫੌਜ ਖ਼ਿਲਾਫ਼ ਲੜੇ ਸਨ ਤੇ ਸਿੱਖਾਂ ਦਾ ਉਜਾੜਾ ਕੀਤਾ ਸੀ, ਉੱਥੇ ਉਘੇ ਇਤਿਹਾਸਕਾਰ ਡਾ: ਗੁਰਦਰਸ਼ਨ ਸਿੰਘ ਢਿੱਲੋਂ ਤੇ ਹੋਰ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਕਾਹਲੀ ਵਿਚ ਯਾਦਗਾਰ ਬਣਾਉਣ ਦੀ ਥਾਂ ਪਹਿਲਾਂ ਇਸ ਗੱਲ 'ਤੇ ਉੱਚ ਪੱਧਰੀ ਖੋਜ ਕੀਤੇ ਜਾਣ ਦੀ ਲੋੜ ਹੈ ਕਿ ਇਹ ਵਿਅਕਤੀ ਅਸਲ ਵਿਚ ਕੌਣ ਸਨ ਤੇ ਇਨ੍ਹਾਂ ਨੂੰ ਮਾਰਨ ਵਾਲੇ ਕੌਣ ਸਨ।



ਇਤਿਹਾਸਕਾਰਾਂ ਨੇ ਇਕਸੁਰਤਾ ਨਾਲ ਕਿਹਾ ਕਿ ਜਦੋਂ ਇਸ ਤਰ੍ਹਾਂ ਅਸਥੀਆਂ ਮਿਲਦੀਆਂ ਹਨ ਤਾਂ ਸਭ ਤੋਂ ਪਹਿਲਾਂ ਮੁੱਖ ਭੂਮਿਕਾ ਪੁਰਾਤੱਤਵ ਵਿਭਾਗ ਨੇ ਨਿਭਾਉਣੀ ਹੁੰਦੀ ਹੈ ਪਰ ਇਸ ਮਾਮਲੇ ਵਿਚ ਹਵਾਈ ਗੱਲਾਂ ਕੀਤੀਆਂ ਜਾ ਰਹੀਆਂ ਹਨ। ਸ: ਕ੍ਰਿਪਾਲ ਸਿੰਘ ਹਿਸਟੋਰੀਅਨ ਨੇ ਕਿਹਾ ਕਿ 'ਕਾਲਿਆਂ ਵਾਲਾ ਖੂਹ' ਵਿਚ 'ਕਾਲਾ' ਸ਼ਬਦ ਉਸ ਵੇਲੇ ਪੂਰਬੀਏ ਫੌਜੀਆਂ ਲਈ ਵਰਤਿਆ ਗਿਆ ਸੀ ਜਿਹੜੇ ਕਿ 1857 ਤੋਂ 10 ਸਾਲ ਪਹਿਲਾਂ ਬ੍ਰਿਟਿਸ਼ ਫ਼ੌਜ ਨਾਲ ਮਿਲ ਕੇ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫ਼ੌਜ ਖ਼ਿਲਾਫ਼ ਲੜਦੇ ਰਹੇ ਸਨ ਤੇ ਉਨ੍ਹਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਸਿੱਖਾਂ ਦਾ ਉਜਾੜਾ ਕੀਤਾ ਤੇ ਸਿੱਖ ਬੀਬੀਆਂ ਦੀ ਇੱਜ਼ਤ ਰੋਲੀ ਸੀ।

ਇਤਿਹਾਸ ਦੇ ਵਰਕੇ ਫਰੋਲਦਿਆਂ ਸ: ਹਿਸਟੋਰੀਅਨ ਨੇ ਕਿਹਾ ਕਿ ਅਸਲ ਵਿਚ ਜਿਨ੍ਹਾਂ ਦੀਆਂ ਅਸਥੀਆਂ ਖੂਹ ਵਿਚੋਂ ਮਿਲੀਆਂ ਹਨ, ਇਹ ਲਾਹੌਰ ਵਿਚ ਬ੍ਰਿਟਿਸ਼ ਫੌਜ ਵਿਚ ਸ਼ਾਮਲ ਸਨ, ਪਰ ਚਰਬੀ ਵਾਲੇ ਕਾਰਤੂਸਾਂ ਨੂੰ ਲੈ ਕੇ ਇਹ ਬ੍ਰਿਟਿਸ਼ ਫ਼ੌਜ ਤੋਂ ਬਾਗੀ ਹੋ ਗਏ ਸਨ। ਹਿਸਟੋਰੀਅਨ ਅਨੁਸਾਰ ਇਨ੍ਹਾਂ ਬਾਗੀ ਪੂਰਬੀਆਂ ਦਾ ਆਜ਼ਾਦੀ ਦੀ ਲੜਾਈ ਨਾਲ ਕੋਈ ਸਰੋਕਾਰ ਨਹੀਂ ਸੀ ਤੇ ਨਾ ਹੀ 1857 ਦਾ ਵਿਦਰੋਹ 'ਆਜ਼ਾਦੀ ਦੀ ਪਹਿਲੀ ਲੜਾਈ' ਸੀ। ਹਿਸਟੋਰੀਅਨ ਅਨੁਸਾਰ ਲਾਹੌਰ ਤੋਂ ਚੱਲ ਕੇ ਜਦੋਂ ਇਹ ਪੂਰਬੀਏ ਫੌਜੀ ਅਜਨਾਲਾ ਨੇੜੇ ਪਹੁੰਚੇ ਤਾਂ ਇੱਥੇ ਉਨ੍ਹਾਂ ਦਾ ਟਾਕਰਾ ਬ੍ਰਿਟਿਸ਼ ਫੌਜ ਨਾਲ ਹੋਇਆ ਸੀ ਜਿੱਥੇ ਇਹ ਅੰਗਰੇਜ਼ਾਂ ਹੱਥੋਂ ਮਾਰੇ ਗਏ ਸਨ।

ਹਿਸਟੋਰੀਅਨ ਅਨੁਸਾਰ ਇਨ੍ਹਾਂ ਪੂਰਬੀਆਂ ਵਿਚ ਇਕ ਵੀ ਸਿੱਖ ਸ਼ਾਮਲ ਨਹੀਂ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਫੌਜੀਆਂ ਨੂੰ ਸ਼ਹੀਦ ਆਖੇ ਜਾਣ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਪਰ ਸਿੱਖ ਇਤਿਹਾਸਕ ਦ੍ਰਿਸ਼ਟੀਕੋਣ ਨਾਲ ਦੇਖੀਏ ਤਾਂ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਬਣਾਉਣਾ ਉਚਿਤ ਨਹੀਂ, ਸਰਕਾਰ ਚਾਹੇ ਤਾਂ ਉਨ੍ਹਾਂ ਦੀ ਯਾਦ ਵਿਚ ਯਾਦਗਾਰ ਬਣਾ ਸਕਦੀ ਹੈ। ਹਿਸਟੋਰੀਅਨ ਨੇ ਕਿਹਾ ਕਿ ਐਂਗਲੋ ਸਿੱਖ ਯੁੱਧ ਵਿਚ ਜਦੋਂ ਹਰੀ ਸਿੰਘ ਨਲੂਆ ਦਾ ਪੁੱਤਰ ਅਰਜਨ ਸਿੰਘ ਖਾਲਸਾ ਫੌਜ ਵੱਲੋਂ ਗੁਜਰਾਤ ਜਾ ਕੇ ਅੰਗਰੇਜ਼ ਫੌਜ ਨਾਲ ਲੜਦਿਆਂ ਸ਼ਹੀਦ ਹੋਇਆ, ਉਸ ਵੇਲੇ ਪੂਰਬੀਏ ਅੰਗਰੇਜ਼ਾਂ ਦੇ ਨਾਲ ਸਨ। ਉਨ੍ਹਾਂ ਕਿਹਾ ਕਿ 1857 ਦੇ ਵਿਦਰੋਹ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਕਹਿਣਾ ਵੀ ਬਿਲਕੁਲ ਗਲਤ ਹੈ, ਬਲਕਿ ਆਜ਼ਾਦੀ ਦੀ ਪਹਿਲੀ ਲੜਾਈ 'ਸਭਰਾਓਂ ਦਾ ਯੁੱਧ' ਸੀ ਜੋ ਇਤਿਹਾਸਕਾਰਾਂ ਅਨੁਸਾਰ ਵਿਸ਼ਵ ਦੀਆਂ 10 ਵੱਡੀਆਂ ਗਹਿਗੱਚ ਲੜਾਈਆਂ ਵਿਚ ਸ਼ਾਮਲ ਹੈ ਜਿਸ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਨੇ ਬ੍ਰਿਟਿਸ਼ ਫੌਜ 'ਤੇ ਚੜ੍ਹਾਈ ਕੀਤੀ ਸੀ ਤੇ ਉਹ ਅਰਦਾਸ ਕਰ ਕੇ ਗਿਆ ਸੀ ਕਿ ਉਹ ਅੰਗ੍ਰੇਜ਼ਾਂ ਨੂੰ ਪੰਜਾਬ ਵਿਚ ਨਹੀਂ ਵੜਨ ਦੇਵੇਗਾ।

ਹਿਸਟੋਰੀਅਨ ਅਨੁਸਾਰ 1857 ਵਿਚ ਅੰਗਰੇਜ਼ਾਂ ਖ਼ਿਲਾਫ਼ ਇਕੱਤਰ ਹੋਏ ਉਹ ਲੋਕ ਸਨ ਜਿਨ੍ਹਾਂ ਦੀਆਂ ਰਿਆਸਤਾਂ ਲਾਰਡ ਡਲਹੌਜ਼ੀ ਨੇ ਖੋਹ ਲਈਆਂ ਸਨ। ਉਨ੍ਹਾਂ ਕਿਹਾ ਕਿ ਜਦੋਂ ਗਦਰ ਸ਼ੁਰੂ ਹੋਇਆ ਤਾਂ ਝਾਂਸੀ ਦੀ ਰਾਣੀ ਆਪਣੀ ਨਿੱਜੀ ਮੰਗ ਨੂੰ ਲੈ ਕੇ ਕਈ ਮਹੀਨੇ ਗਦਰ ਤੋਂ ਅਲੱਗ ਰਹੀ ਪਰ ਜਦੋਂ ਅੰਗਰੇਜ਼ਾਂ ਨੇ ਰਾਣੀ ਦੀ ਮੰਗ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਉਹ ਗਦਰ ਵਿਚ ਸ਼ਾਮਲ ਹੋਈ ਸੀ। ਹਿਸਟੋਰੀਅਨ ਅਨੁਸਾਰ 1857 ਦਾ ਵਿਦਰੋਹ ਕਈ ਵਿਅਕਤੀਆਂ ਵੱਲੋਂ ਆਪਣੇ ਨਿੱਜੀ ਮੁਫ਼ਾਦਾਂ ਨੂੰ ਲੈ ਕੇ ਕੀਤਾ ਗਿਆ ਸੀ। ਉਘੇ ਇਤਿਹਾਸਕਾਰ ਡਾ: ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਕਿ ਬਿਹਤਰ ਹੋਵੇਗਾ ਕਿ ਯਾਦਗਾਰ ਬਣਾਉਣ ਤੋਂ ਪਹਿਲਾਂ ਭਾਰਤੀ ਪੁਰਾਤੱਤਵ ਵਿਭਾਗ ਤੋਂ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇ ਕਿਉਂਕਿ ਇਹ ਵਿਭਾਗ ਹੀ ਰਾਸ਼ਟਰੀ ਪੁਰਾਤੱਤਵ ਖ਼ਜ਼ਾਨੇ ਵਿਚ ਮੌਜੂਦ ਦਸਤਾਵੇਜ਼ਾਂ ਨੂੰ ਵਾਚਦਿਆਂ ਉਪਰੋਕਤ ਅਸਥੀਆਂ ਬਾਰੇ ਕੋਈ ਨਿਰਣਾ ਦੇ ਸਕਦਾ ਹੈ।

# ਨਰੇਂਦਰ ਮੋਦੀ ਦੇ ਰਾਹ ਵਿਚ ਆਪਣਿਆਂ ਦੇ ਅੜਿੱਕੇ

**ਨਵੀਂ ਦਿੱਲੀ:** ਭਾਜਪਾ ਵੱਲੋਂ ਐਲਾਨੇ ਗਏ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ ਨੂੰ ਪਾਰਟੀ ਦੇ ਅੰਦਰੂਨੀ ਵਿਰੋਧ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਬੀਤੇ ਦਿਨ ਖੁੱਲ੍ਹ ਕੇ ਮੁਜ਼ਾਹਰਾ ਹੋਇਆ। ਅਸਲ ਵਿਚ ਸ੍ਰੀ ਮੋਦੀ ਨੂੰ ਵਾਰਾਨਸੀ ਤੋਂ ਲੋਕ ਸਭਾ ਚੋਣ ਲਈ ਲੜਾਉਣ ਦੇ ਸਵਾਲ 'ਤੇ ਭਾਜਪਾ ਵਿਚ ਤਿੱਖੇ ਮਤਭੇਦ ਪੈਦਾ ਹੋ ਗਏ ਤੇ ਸੀਨੀਅਰ ਆਗੂ ਸੁਸ਼ਮਾ ਸਵਰਾਜ ਤੇ ਮੁਰਲੀ ਮਨੋਹਰ ਜੋਸ਼ੀ ਪਾਰਟੀ ਦੀ ਮੀਟਿੰਗ ਛੱਡ ਕੇ ਚਲੇ ਗਏ।

ਸੂਤਰਾਂ ਮੁਤਾਬਕ ਸ੍ਰੀ ਮੋਦੀ ਨੂੰ ਵਾਰਾਨਸੀ ਤੋਂ ਉਮੀਦਵਾਰ ਬਣਾਉਣ ਬਾਰੇ ਰਿਪੋਰਟਾਂ ਦੇ ਮੱਦੇਨਜ਼ਰ ਉਥੋਂ ਮੌਜੂਦਾ ਐਮ.ਪੀ. ਮੁਰਲੀ ਮਨੋਹਰ ਜੋਸ਼ੀ ਨੇ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਕੋਲ ਸਖ਼ਤ ਸਵਾਲ ਉਠਾਏ। ਉਨ੍ਹਾਂ ਜਾਣਨਾ ਚਾਹਿਆ ਕਿ ਪਾਰਟੀ ਨੇ ਇਨ੍ਹਾਂ ਅਟਕਲਾਂ ਬਾਰੇ ਸਪਸ਼ਟ ਕਿਉਂ ਨਹੀਂ ਕੀਤਾ। ਸੁਸ਼ਮਾ ਸਵਰਾਜ ਨੇ ਸਵਾਲ ਉਠਾਇਆ ਕਿ ਜੇ ਵਾਕਈ 'ਮੋਦੀ ਦੀ ਲਹਿਰ' ਚੱਲ ਰਹੀ ਹੈ ਤਾਂ ਸੀਨੀਅਰ ਪਾਰਟੀ ਆਗੂਆਂ ਦੀਆਂ ਸੀਟਾਂ ਉਨ੍ਹਾਂ ਤੋਂ ਪੁੱਛੇ ਬਿਨਾ ਕਿਉਂ ਬਦਲੀਆਂ ਜਾ ਰਹੀਆਂ ਹਨ।

ਹਾਲਾਂਕਿ ਸੁਸ਼ਮਾ ਸਵਰਾਜ ਨੇ ਟਵੀਟ ਕੀਤਾ ਸੀ ਕਿ ਉਹ ਪਾਰਟੀ ਦੀ ਅਹਿਮ ਮੀਟਿੰਗ ਲਈ ਭੁਪਾਲ ਜਾ ਰਹੇ ਹਨ ਪਰ ਕੌਮਾਂਤਰੀ ਮਹਿਲਾ ਦਿਵਸ 'ਤੇ ਵਿਸ਼ੇਸ਼ 'ਚਾਏ ਪੇ ਚਰਚਾ' ਪ੍ਰੋਗਰਾਮ ਦੌਰਾਨ ਪਾਰਟੀ ਦੀ ਸਭ ਤੋਂ ਮੋਹਰੀ ਮਹਿਲਾ ਆਗੂ ਦੀ ਗ਼ੈਰਹਾਜ਼ਰੀ ਸਭ ਨੂੰ ਰੜਕੀ ਕਿਉਂਕਿ ਇਸ ਮੌਕੇ ਸ੍ਰੀ ਮੋਦੀ ਵੀ ਪੁੱਜੇ ਹੋਏ ਸਨ। ਜ਼ਿਕਰਯੋਗ ਹੈ ਕਿ ਸੁਸ਼ਮਾ ਸਵਰਾਜ ਤੇ ਸ੍ਰੀ ਜੋਸ਼ੀ ਤੇ ਬਜ਼ੁਰਗ ਆਗੂ ਐਲ.ਕੇ. ਅਡਵਾਨੀ ਨੇ ਪਹਿਲਾਂ ਸ੍ਰੀ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਪਾਰਟੀ ਦੇ ਉਮੀਦਵਾਰ ਵਜੋਂ ਉਭਾਰਨ ਦਾ ਵੀ ਵਿਰੋਧ ਕੀਤਾ ਸੀ। ਹਾਲਾਂਕਿ ਪਿਛਲੇ ਕੁਝ ਸਮੇਂ ਤੋਂ ਪਾਰਟੀ ਅੰਦਰ ਮੋਦੀ ਦਾ ਵਿਰੋਧ ਦਬ ਗਿਆ ਸੀ ਪਰ ਹੁਣ ਜਿਵੇਂ ਸ੍ਰੀ ਮੋਦੀ ਵੱਲੋਂ ਇਕੱਲੇ ਚੋਣ ਪ੍ਰਚਾਰ ਮੁਹਿੰਮ ਚਲਾਈ ਜਾ ਰਹੀ ਹੈ, ਉਸ ਤੋਂ ਇਹ ਪ੍ਰਭਾਵ ਜਾ ਰਿਹਾ ਸੀ ਕਿ ਪਾਰਟੀ ਦੇ ਬਾਕੀ ਸੀਨੀਅਰ ਆਗੂਆਂ ਦੀ ਬਹੁਤੀ ਪੁੱਛ-ਪ੍ਰਤੀਤ ਨਹੀਂ ਰਹੀ।

ਉਂਝ ਬਾਅਦ ਵਿਚ ਸੀਨੀਅਰ ਆਗੂ ਐਮ.ਐਮ. ਜੋਸ਼ੀ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਲਿਆ ਗਿਆ ਹਰ ਫੈਸਲਾ ਅਨੁਸ਼ਾਸਨਬੱਧ ਸੈਨਿਕ ਵਾਂਗ ਸਵੀਕਾਰ ਕਰਨਗੇ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਫੈਸਲੇ ਨਾਲ ਨਾ ਤਾਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਦੇ ਮਾਣ-ਸਨਮਾਨ 'ਤੇ ਕੋਈ ਹਰਫ਼ ਆਏਗਾ ਤੇ ਨਾ ਪਾਰਟੀ ਦੇ ਜਿੱਤਣ ਦੇ ਸੌਦਿਆਂ 'ਤੇ ਮਾੜਾ ਅਸਰ ਪਏਗਾ। ਪਿਛਲੀ ਵਾਰ ਵਾਰਾਨਸੀ ਤੋਂ ਚੋਣ ਜਿੱਤਣ ਵਾਲੇ ਐਮ.ਐਮ. ਜੋਸ਼ੀ ਨੇ ਮੋਦੀ ਤੇ ਆਪਣੇ ਸਮਰਥਕਾਂ ਵਿਚ ਹਲਕੇ ਵਿਚ ਚੱਲ ਰਹੀ ਪੋਸਟਰ ਜੰਗ ਨੂੰ ਮੀਡੀਆ ਦੀ ਘੜੀ ਹੋਈ ਕਰਾਰ ਦਿੱਤਾ।

## Matrimonial

### ਵਰ ਦੀ ਲੋੜ

ਕੰਬੋਜ ਸਿੱਖ 5'-5", ਉਮਰ 32 ਸਾਲ, ਯੂ ਐਸ ਸਿਟੀਜ਼ਨ, ਕਾਇਰੋਪਰੈਕਟਰ ਲੜਕੀ ਲਈ ਪ੍ਰੋਫੈਸ਼ਨਲ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਕੰਬੋਜ ਸਿੱਖ ਲੜਕੇ ਦੀ ਲੋੜ ਹੈ। ਅਮਰੀਕਾ ਜਾਂ ਕੈਨੇਡਾ ਦਾ ਪੜ੍ਹਿਆ ਲਿਖਿਆ, ਚੰਗਾ ਪਰਿਵਾਰ ਹੋਵੇ। ਸੰਪਰਕ ਕਰੋ, ਫੋਨ: 661-993-6583

ਕੰਬੋਜ ਸਿੱਖ ਅਮਰੀਕੀ ਸਿਟੀਜ਼ਨ, 26 ਸਾਲ, ਕੱਦ 5'-5", ਬੀ ਐਸ ਸੀ, ਬਿਜ਼ਨਸ ਐਨਾਲਾਈਜ਼ਰ ਵਜੋਂ ਕੰਮ ਕਰਦੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਐਚ-1 ਜਾਂ ਸਟੂਡੈਂਟ ਵੀਜ਼ੇ 'ਤੇ ਆਏ ਲੜਕੇ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 601-473-9617, ਈਮੇਲ: santokh01@hotmail.com

# ਸਾਬਕਾ ਡੀ.ਐਸ.ਪੀ. ਨੂੰ 7 ਸਾਲ ਦੀ ਸਜ਼ਾ

**ਜਗਰਾਉਂ:** ਪੰਜਾਬ ਪੁਲਿਸ ਵਲੋਂ ਕੀਤੇ ਤਸ਼ੱਦਦ ਕਾਰਨ ਕਰੀਬ 21 ਸਾਲ ਪਹਿਲਾਂ ਮਰੇ ਪਿੰਡ ਗੁੜੇ ਦੇ ਨੌਜਵਾਨ ਸੁਖਦਰਸ਼ਨ ਸਿੰਘ ਦੇ ਕੇਸ 'ਚ ਲੁਧਿਆਣਾ ਦੀ ਅਦਾਲਤ ਨੇ ਪੰਜਾਬ ਪੁਲਿਸ ਦੇ ਸਾਬਕਾ ਡੀ.ਐਸ.ਪੀ. ਅਜੀਤ ਸਿੰਘ ਨੂੰ 7 ਸਾਲ ਦੀ ਸਜ਼ਾ ਅਤੇ ਜੁਰਮਾਨਾ ਸੁਣਾਇਆ ਹੈ। ਇਸ ਕੇਸ 'ਚ ਵਧੀਕ ਜੱਜ ਪਰਮਜੀਤ ਸਿੰਘ ਨੇ ਸਾਬਕਾ ਪੁਲਿਸ ਅਧਿਕਾਰੀ ਨੂੰ ਸਜ਼ਾ ਸੁਣਾਉਣ ਦੇ ਨਾਲ ਹੀ ਕੇਸ 'ਚ ਫਸੇ ਡਾ. ਹਰੀਸ਼ ਲੁਥਰਾ ਨੂੰ ਬਰੀ ਕਰਨ ਦਾ ਵੀ ਹੁਕਮ ਸੁਣਾਇਆ।

ਜ਼ਿਕਰਯੋਗ ਹੈ ਕਿ ਖਾੜਕੂਵਾਦ ਦੇ ਦੌਰ ਦੌਰਾਨ 29 ਦਸੰਬਰ 1992 ਨੂੰ ਸੀ.ਆਈ.ਏ. ਸਟਾਫ਼ ਜਗਰਾਉਂ ਦੀ ਪੁਲਿਸ ਨੇ ਪਿੰਡ ਗੁੜੇ ਦੇ ਹਰਚਰਨ ਸਿੰਘ ਤੇ ਮਾਤਾ ਪ੍ਰੀਤਮ ਕੌਰ ਦੇ ਇਕਲੌਤੇ ਪੁੱਤਰ ਸੁਖਦਰਸ਼ਨ ਸਿੰਘ ਨੂੰ ਘਰੋਂ ਚੁੱਕ ਲਿਆ ਸੀ। ਉਸ ਸਮੇਂ 22 ਸਾਲਾ ਨੌਜਵਾਨ ਸੁਖਦਰਸ਼ਨ ਸਿੰਘ 'ਤੇ ਪੁਲਿਸ ਵਲੋਂ ਨਾਜਾਇਜ਼ ਹਿਰਾਸਤ 'ਚ ਤਸ਼ੱਦਦ ਕੀਤਾ ਗਿਆ ਸੀ ਜਿਸ ਨਾਲ ਉਸ ਦੀ ਮੌਤ ਹੋ ਗਈ। ਪੁਲਿਸ ਵੱਲੋਂ ਸੁਖਦਰਸ਼ਨ ਸਿੰਘ ਦੇ ਪਰਿਵਾਰਕ ਮੈਂਬਰਾਂ 'ਤੇ ਵੀ ਤਸ਼ੱਦਦ ਢਾਹਿਆ ਗਿਆ ਸੀ ਤੇ ਇਸ ਕੇਸ 'ਚ ਇੰਟਰਨੈਸ਼ਨਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨੇ ਰਿਪੋਰਟ ਵੀ ਜਾਰੀ ਕੀਤੀ ਸੀ। ਇਨਸਾਫ਼ ਲੈਣ ਲਈ ਸੁਖਦਰਸ਼ਨ ਸਿੰਘ ਦੇ ਪਿਤਾ ਹਰਚਰਨ ਸਿੰਘ ਨੇ 1993 'ਚ ਮੌਕੇ ਦੇ ਪੁਲਿਸ ਅਧਿਕਾਰੀਆਂ ਜਿਨ੍ਹਾਂ ਸੀ.ਆਈ.ਏ. ਸਟਾਫ਼ ਦੇ ਇੰਚਾਰਜ ਅਜੀਤ ਸਿੰਘ ਸਮੇਤ ਉਸ ਸਮੇਂ ਦੇ ਐਸ.ਐਚ.ਓ. ਭਾਗ ਸਿੰਘ ਲੀਹਾਂ, ਡੀ.ਐਸ.ਪੀ. ਹਰਭਗਵਾਨ ਸਿੰਘ ਸੋਢੀ, ਐਸ.ਐਸ.ਪੀ. ਸਵਰਨ ਸਿੰਘ ਘੋਟਣਾ ਖ਼ਿਲਾਫ਼ ਹਾਈਕੋਰਟ 'ਚ ਸ਼ਿਕਾਇਤ ਪਾਈ ਸੀ। ਅਦਾਲਤ ਵੱਲੋਂ ਕੇਸ ਲੁਧਿਆਣਾ ਦੀ ਸੈਸ਼ਨ ਕੋਰਟ 'ਚ ਭੇਜ ਦਿੱਤਾ ਗਿਆ ਸੀ। 2002 ਇਸ ਕੇਸ 'ਚ ਪੁਲਿਸ ਵਲੋਂ ਥਾਣਾ ਜਗਰਾਉਂ ਵਿਖੇ ਪੁਲਿਸ ਅਧਿਕਾਰੀ ਅਜੀਤ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ। ਇਨਸਾਫ਼ ਲਈ ਇਹ ਲੜਾਈ ਲੜਦਿਆਂ ਹਰਚਰਨ ਸਿੰਘ ਦੀ 2005 'ਚ ਮੌਤ ਹੋ ਗਈ। ਇਸ ਤੋਂ ਬਾਅਦ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕੇਸ ਦੀ ਪੈਰਵੀ ਬਜ਼ੁਰਗ ਹਰਚਰਨ ਸਿੰਘ ਦੇ ਭਾਣਜੇ ਜਸਵੰਤ ਸਿੰਘ ਸੇਖੋਂ ਨੇ ਸੰਭਾਲ ਲਈ।

## ਗੂਗਲ ਦੇ ਨਿਕੇਸ਼ ਅਰੋੜਾ ਨੂੰ 35 ਲੱਖ ਡਾਲਰ ਬੋਨਸ ਮਿਲੇਗਾ

**ਨਿਊ ਯਾਰਕ:** ਇੰਟਰਨੈੱਟ ਸਰਚ ਇੰਜਣ ਗੂਗਲ ਦੇ ਮੁੱਖ ਕਾਰੋਬਾਰੀ ਅਧਿਕਾਰੀ ਭਾਰਤੀ ਮੂਲ ਦੇ ਨਿਕੇਸ਼ ਅਰੋੜਾ ਨੂੰ ਵਿੱਤੀ ਵਰ੍ਹੇ 2013-14 ਵਿਚ ਬਿਹਤਰ ਕਾਰਗੁਜ਼ਾਰੀ ਲਈ 35 ਲੱਖ ਡਾਲਰ ਦਾ ਬੋਨਸ ਦਿੱਤਾ ਜਾਵੇਗਾ। ਇਹ ਕੰਪਨੀ ਵਿਚ ਕਿਸੇ ਉੱਚ ਅਧਿਕਾਰੀ ਨੂੰ ਦਿੱਤਾ ਜਾਣ ਵਾਲਾ ਸਭ ਤੋਂ ਵੱਧ ਬੋਨਸ ਹੈ। ਗੂਗਲ ਦੇ ਸੀ.ਈ.ਓ. ਲੈਰੀ ਪੇਜ ਅਤੇ ਸਹਿ-ਸੰਸਥਾਪਕ ਸਰਗੇਈ ਬਿਰਨ ਕੋਈ ਬੋਨਸ ਨਹੀਂ ਲੈਣਗੇ। ਦੋਵਾਂ ਨੇ ਪਿਛਲੇ ਸਾਲ ਵੀ ਬੋਨਸ ਨਹੀਂ ਲਿਆ ਸੀ। ਵਾਰਾਨਸੀ ਵਿਚ ਭਾਰਤੀ ਪ੍ਰਬੰਧਨ ਸੰਸਥਾਨ ਤੋਂ ਗਰੈਜੂਏਟ ਅਰੋੜਾ ਗੂਗਲ ਵਿਚ ਮੁੱਖ ਕਾਰੋਬਾਰੀ ਅਧਿਕਾਰੀ 'ਤੇ ਅਹੁਦੇ 'ਤੇ ਹਨ। ਇਸ ਤੋਂ ਪਹਿਲਾਂ ਪਿਛਲੇ ਸਾਲ ਵੀ ਅਰੋੜਾ ਨੂੰ 28 ਲੱਖ ਡਾਲਰ ਬੋਨਸ ਦਿੱਤਾ ਗਿਆ ਸੀ।

## ਭਾਰਤੀ ਔਰਤ ਪਤੀ ਨੂੰ ਸਾੜਨ ਦੀ ਦੋਸ਼ੀ ਕਰਾਰ

**ਹਿਊਸਟਨ:** 27 ਸਾਲਾ ਭਾਰਤੀ ਮੂਲ ਦੀ ਔਰਤ ਨੂੰ ਆਪਣੇ ਪਤੀ ਨੂੰ ਅੱਗ ਨਾਲ ਸਾੜਨ ਦੇ ਕੇਸ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਦੋਸ਼ ਹੈ ਕਿ ਸ਼੍ਰੇਆ ਬਿਮਲ ਪਟੇਲ ਨੇ ਦੋ ਸਾਲ ਪਹਿਲਾਂ ਆਪਣੇ ਪਤੀ ਬਿਮਲ ਪਟੇਲ ਨੂੰ ਅੱਗ ਨਾਲ ਸਾੜ ਦਿੱਤਾ ਸੀ, ਜਿਸ ਕਰ ਕੇ ਉਸ ਦੀ ਮੌਤ ਹੋ ਗਈ ਸੀ।

ਬਿਮਲ ਦੀ ਮੌਤ ਘਟਨਾ ਤੋਂ 5 ਮਹੀਨਿਆਂ ਬਾਅਦ ਸੈਨ ਐਨਟੋਨੀਓ ਦੇ ਫੌਜੀ ਹਸਪਤਾਲ ਵਿਚ ਹੋਈ ਸੀ। ਹੁਣ ਸ਼੍ਰੇਆ ਨੂੰ 5 ਤੋਂ 99 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**



*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***


## ਆਸ਼ੂਤੋਸ਼ ਦੇ ਡਰਾਈਵਰ ਵਲੋਂ ਸੀ. ਬੀ. ਆਈ. ਜਾਂਚ ਲਈ ਪਟੀਸ਼ਨ ਦਾਇਰ

**ਚੰਡੀਗੜ੍ਹ:** ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਦੇ ਸੰਸਥਾਪਕ ਆਸ਼ੂਤੋਸ਼ ਦੀ ਮੌਤ ਨੂੰ ਲੈ ਕੇ ਅਨਿਸ਼ਚਿਤਤਾ ਜਾਰੀ ਹੈ। ਇਸ ਸਬੰਧੀ ਡੇਰਾ ਮੁਖੀ ਦੇ ਸਾਬਕਾ ਡਰਾਈਵਰ ਪੂਰਨ ਸਿੰਘ ਵੱਲੋਂ ਪੰਜਾਬ ਸਰਕਾਰ ਖ਼ਾਸ ਕਰ ਜਲੰਧਰ ਪੁਲਿਸ 'ਤੇ ਸ਼ੱਕੀ ਭੂਮਿਕਾ ਨਿਭਾਏ ਜਾਣ ਦੇ ਦੋਸ਼ ਲਾਉਂਦਿਆਂ ਇੱਕ ਵਾਰ ਫਿਰ ਪੰਜਾਬ ਤੇ ਹਰਿਆਣਾ ਹਾਈਕੋਰਟ ਕੋਲ ਪਹੁੰਚ ਕੀਤੀ ਗਈ। ਉਸ ਵੱਲੋਂ ਆਪਣੇ ਵਕੀਲ ਐਸ.ਪੀ. ਸੋਈ ਦੀ ਮਾਰਫ਼ਤ ਦਾਇਰ ਇਸ ਪਟੀਸ਼ਨ 'ਚ ਰਾਜ ਸਰਕਾਰ ਖ਼ਾਸ ਕਰ ਸੱਤਾਧਾਰੀ ਧਿਰ 'ਤੇ ਹੁਣ ਇਸ ਮਾਮਲੇ 'ਚ ਵੀ ਵੋਟਾਂ ਦੀ ਰਾਜਨੀਤੀ ਕਰਨ ਦਾ ਦੋਸ਼ ਲਾਇਆ ਗਿਆ ਹੈ। ਪਟੀਸ਼ਨਰ ਦਾ ਕਹਿਣਾ ਹੈ ਕਿ ਸੰਸਥਾਨ ਦੀਆਂ ਵੋਟਾਂ ਹਥਿਆਉਣ ਲਈ ਹੀ ਪੰਜਾਬ ਸਰਕਾਰ ਤੇ ਸਬੰਧਤ ਪੁਲਿਸ ਪ੍ਰਸ਼ਾਸਨ ਜਾਣ-ਬੁੱਝ ਕੇ ਢਿੱਲ ਮੱਠ ਵਰਤ ਰਿਹਾ ਹੈ। ਇਸ ਲਈ ਇਹ ਕੇਸ ਛੇਤੀ ਤੋਂ ਛੇਤੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਜਾਂ ਕਿਸੇ ਹੋਰ ਨਿਰਪੱਖ ਏਜੰਸੀ ਦੇ ਹਵਾਲੇ ਕਰ ਦਿੱਤਾ ਜਾਵੇ।

## ਹਰਜਿੰਦਰ ਸੰਧੂ ਨੂੰ ਸਦਮਾ, ਮਾਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਬਿਜਨਸਮੈਨ ਅਤੇ ਪੰਜਾਬ ਟਾਈਮਜ਼ ਦੇ ਸਮਰਥਕ ਸ; ਹਰਜਿੰਦਰ ਸਿੰਘ ਸੰਧੂ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਮਾਤਾ ਜੀ ਮਨਜੀਤ ਕੌਰ ਸੰਧੂ ਪਿਛਲੇ ਦਿਨੀਂ ਆਪਣੇ



*ਮਨਜੀਤ ਕੌਰ ਸੰਧੂ*

ਪਿੰਡ ਚੱਕ 60ਬੀ, ਸ੍ਰੀ ਗੰਗਾਨਗਰ (ਰਾਜਸਥਾਨ) ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਕਰੀਬ 75 ਵਰ੍ਹਿਆਂ ਦੇ ਸਨ।

ਮਾਤਾ ਮਨਜੀਤ ਕੌਰ ਸੰਧੂ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਨਵਦੀਪ ਕੌਰ ਸੰਧੂ ਦੀ ਸੱਸ ਸਨ। ਉਹ ਆਪਣੇ ਪਿੱਛੇ ਪਤੀ ਸ. ਲਖਵਿੰਦਰ ਸਿੰਘ ਸੰਧੂ, ਪੁੱਤਰ ਹਰਜਿੰਦਰ ਸਿੰਘ ਸੰਧੂ ਅਤੇ ਚਾਰ ਪੋਤਰੇ-ਪੋਤਰੀਆਂ ਛੱਡ ਗਏ ਹਨ। ਉਨ੍ਹਾਂ ਦਾ ਇਕ ਪੁੱਤਰ ਪਰਜਿੰਦਰ ਸਿੰਘ ਸੰਧੂ ਕਰੀਬ ਇਕ ਦਹਾਕਾ ਪਹਿਲਾਂ ਰੱਬ ਨੂੰ ਪਿਆਰਾ ਹੋ ਗਿਆ ਸੀ। ਹਰਜਿੰਦਰ ਸਿੰਘ ਸੰਧੂ ਨਾਲ ਸੰਪਰਕ ਫੋਨ 847-387-3523 ਰਾਹੀਂ ਕੀਤਾ ਜਾ ਸਕਦਾ ਹੈ।




# ਸਿੱਧੂ ਤੇ ਬੀਰਮੀ ਕਾਂਗਰਸ ਦਾ 'ਹੱਥ' ਛੱਡ 'ਤੱਕੜੀ' ਵਿਚ ਬੈਠੇ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਤਲਵੰਡੀ ਸਾਬੋ ਤੋਂ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਤੇ ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ।ਲੋਕ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਦੋਹਾਂ ਆਗੂਆਂ ਵੱਲੋਂ ਕੀਤੀ ਗਈ ਦਲਬਦਲੀ ਨੇ ਕਾਂਗਰਸ ਨੂੰ ਮਾਲਵਾ ਖੇਤਰ ਵਿਚ ਹਿਲਾ ਕੇ ਰੱਖ ਦਿੱਤਾ ਹੈ। ਸ. ਸਿੱਧੂ ਨੇ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਵੀ ਸਪੀਕਰ ਚਰਨਜੀਤ ਸਿੰਘ ਅਟਵਾਲ ਨੂੰ ਭੇਜ ਦਿੱਤਾ ਹੈ ਜਿਨ੍ਹਾਂ ਇਸ ਨੂੰ ਪ੍ਰਵਾਨ ਕਰਦਿਆਂ ਤਲਵੰਡੀ ਸਾਬੋ ਹਲਕੇ ਦੀ ਸੀਟ ਖਾਲੀ ਐਲਾਨ ਦਿੱਤੀ ਹੈ।

ਜੀਤ ਮਹਿੰਦਰ ਸਿੰਘ ਸਿੱਧੂ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਹਲਕੇ ਤੋਂ 2012 ਦੀਆਂ ਚੋਣਾਂ ਦੌਰਾਨ ਲਗਾਤਾਰ ਤੀਜੀ ਵਾਰੀ ਕਾਂਗਰਸ ਦੀ ਟਿਕਟ ਤੋਂ ਜਿੱਤੇ ਸਨ। ਸ੍ਰੀ ਬੀਰਮੀ ਵੀ ਲੁਧਿਆਣਾ ਦਿਹਾਤੀ ਹਲਕੇ ਤੋਂ ਦੋ ਵਾਰ ਕਾਂਗਰਸ ਦੀ ਨੁਮਾਇੰਦਗੀ ਕਰ ਚੁੱਕੇ ਹਨ ਤੇ ਕਾਂਗਰਸ ਸਰਕਾਰਾਂ ਵਿਚ ਮੰਤਰੀ ਰਹੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿਚ ਸ਼ਾਮਲ ਹੋਏ ਸ. ਸਿੱਧੂ ਤੇ ਬੀਰਮੀ ਨੇ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ 'ਤੇ ਦੋਸ਼ ਲਾਇਆ ਕਿ ਕਾਂਗਰਸ ਵਿਚ ਵਰਕਰਾਂ ਦੀ ਇੱਛਾ ਮੁਤਾਬਕ ਨਹੀਂ ਬਲਕਿ ਮੁੱਖ ਮੰਤਰੀ ਦੀ ਕੁਰਸੀ ਹਥਿਆਉਣ ਲਈ ਫ਼ੈਸਲੇ ਲਏ ਜਾਂਦੇ ਹਨ।

ਉਨ੍ਹਾਂ ਸਪੱਸ਼ਟ ਕਿਹਾ ਕਿ ਕਾਂਗਰਸ ਵੱਲੋਂ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਲਈ ਬਠਿੰਡਾ ਲੋਕ ਸਭਾ ਹਲਕੇ ਦੀ ਸੀਟ ਛੱਡਣੀ ਬਹੁਤ ਮੰਦਭਾਗਾ ਫ਼ੈਸਲਾ ਹੈ ਜਿਸ ਨਾਲ ਪਾਰਟੀ ਵਰਕਰਾਂ ਦਾ ਮਨੋਬਲ ਡਿੱਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੂਬਾਈ ਆਗੂਆਂ ਤੇ ਕੇਂਦਰੀ ਲੀਡਰਸ਼ਿਪ ਨੂੰ ਹਨੇਰੇ ਵਿਚ ਰੱਖ ਕੇ ਪੀ.ਪੀ.ਪੀ ਨਾਲ ਚੋਣ ਸਮਝੌਤੇ ਦਾ ਫ਼ੈਸਲਾ ਲਿਆ ਹੈ। ਸ. ਸਿੱਧੂ ਨੇ ਕਿਹਾ ਕਿ ਸੂਬਾ ਪ੍ਰਧਾਨ ਵੱਲੋਂ ਹਰ ਇਕ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ। ਜਦੋਂ ਬੇਭਰੋਸਗੀ ਦਾ ਆਲਮ ਹੋਵੇ ਤਾਂ ਪਾਰਟੀ ਵਿਚ ਰਹਿਣ ਦਾ ਕੋਈ ਫਾਇਦਾ ਨਹੀਂ। ਉਨ੍ਹਾਂ ਕਿਹਾ ਕਿ ਧੜਿਆਂ ਵਿਚ ਵੰਡੀ ਪਾਰਟੀ ਵਿਚ ਹੁਣ ਹਰ ਕੋਈ ਪ੍ਰਧਾਨ ਬਣਿਆ ਫਿਰਦਾ ਹੈ। ਜੀਤ ਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਆਪਣੀ ਪਿਤਰੀ ਪਾਰਟੀ ਵਿਚ ਪਰਤੇ ਹਨ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਦੇ ਆਸ਼ੀਰਵਾਦ ਨਾਲ ਹੀ ਉਨ੍ਹਾਂ ਸਿਆਸਤ ਸ਼ੁਰੂ ਕੀਤੀ ਸੀ ਤੇ ਪਹਿਲੀ ਚੋਣ ਲੜੀ ਸੀ।

ਜੀਤ ਮਹਿੰਦਰ ਸਿੰਘ ਸਿੱਧੂ 1997 ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਤਲਵੰਡੀ ਸਾਬੋ ਤੋਂ ਲੜੇ ਸਨ ਪਰ ਉਹ ਕਾਂਗਰਸ ਦੇ ਹਰਮਿੰਦਰ ਸਿੰਘ ਜੱਸੀ ਤੋਂ ਹਾਰ ਗਏ ਸਨ। ਇਸ ਤੋਂ ਬਾਅਦ 2002 ਵਿਚ ਜਦੋਂ ਅਕਾਲੀ ਦਲ ਨੇ ਉਨ੍ਹਾਂ ਨੂੰ ਟਿਕਟ ਨਾ ਦਿੱਤੀ ਤਾਂ ਉਹ ਬਾਗ਼ੀ ਉਮੀਦਵਾਰ ਵਜੋਂ ਮੈਦਾਨ ਵਿਚ ਉਤਰੇ ਤੇ ਆਜ਼ਾਦ ਵਿਧਾਇਕ ਵਜੋਂ ਚੋਣ ਜਿੱਤੇ। ਉਨ੍ਹਾਂ ਨੂੰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨੇੜਲਿਆਂ ਵਿਚੋਂ ਮੰਨਿਆ ਜਾਂਦਾ ਸੀ। ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਹੀ ਸ. ਸਿੱਧੂ ਕਾਂਗਰਸ ਵਿਚ ਸ਼ਾਮਲ ਹੋਏ ਤੇ 2007 ਤੇ 2012 ਦੀਆਂ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ 'ਤੇ ਜਿੱਤੇ। ਉਨ੍ਹਾਂ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਆਉਣ ਨਾਲ ਪਾਰਟੀ ਦੀ ਬਠਿੰਡਾ ਤੋਂ ਉਮੀਦਵਾਰ ਹਰਸਿਮਰਤ ਕੌਰ ਨੂੰ ਰਾਜਸੀ ਲਾਭ ਮਿਲੇਗਾ। ਜ਼ਿਕਰਯੋਗ ਹੈ ਕਿ ਸਾਲ 2009 ਦੀਆਂ ਚੋਣਾਂ ਦੌਰਾਨ ਤਲਵੰਡੀ ਸਾਬੋ ਖੇਤਰ ਵਿਚ ਹੀ ਬਿਕਰਮ ਸਿੰਘ ਮਜੀਠੀਆ ਤੇ ਜੀਤ ਮਹਿੰਦਰ ਸਿੰਘ ਸਿੱਧੂ ਦਰਮਿਆਨ ਸਿੱਧਾ ਟਕਰਾਅ ਹੋਣ ਕਾਰਨ ਦੋਹਾਂ 'ਤੇ ਇਰਾਦਾ ਕਤਲ ਦਾ ਮਾਮਲਾ ਵੀ ਦਰਜ ਹੋ ਗਿਆ ਸੀ।

## ਕਾਂਗਰਸ ਵਿਚ ਨਿਰਾਸ਼ਾ ਦਾ ਆਲਮ

**ਚੰਡੀਗੜ੍ਹ:** ਦੋ ਸੀਨੀਅਰ ਆਗੂਆਂ ਵੱਲੋਂ ਅਕਾਲੀ ਦਲ ਦਾ ਪੱਲਾ ਫੜਨ ਨਾਲ ਕਾਂਗਰਸੀ ਵਰਕਰਾਂ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਨਿਰਾਸ਼ਾ ਦਾ ਆਲਮ ਛਾ ਗਿਆ ਹੈ। ਤਲਵੰਡੀ ਸਾਬੋ ਤੋਂ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਤੇ ਸੀਨੀਅਰ ਕਾਂਗਰਸ ਆਗੂ ਮਲਕੀਤ ਸਿੰਘ ਬੀਰਮੀ ਦੇ ਕਾਂਗਰਸ ਨੂੰ ਅਲਵਿਦਾ ਕਹਿਣ ਤੋਂ ਬਾਅਦ ਹੋਰ ਕਈ ਕਾਂਗਰਸ ਆਗੂ ਵੀ 'ਹੱਥ' ਤੋਂ ਖਹਿੜਾ ਛੁਡਾਉਣ ਦੀ ਤਾਕ ਵਿਚ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸੱਤਾ ਤੋਂ ਲੰਮੇ ਸਮੇਂ ਤੱਕ ਬਾਹਰ ਰਹਿਣ ਨਾਲ ਸੱਤਾਧਾਰੀ ਧਿਰ ਵਿਰੋਧੀ ਪਾਰਟੀ ਦੇ ਆਗੂਆਂ ਨੂੰ ਭਰਮਾਉਣ ਵਿਚ ਕਾਮਯਾਬ ਹੋ ਜਾਂਦੀ ਹੈ। ਪੰਜਾਬ ਵਿਚ ਕਾਂਗਰਸ ਦੇ ਟੁੱਟਣ ਪਿੱਛੇ ਇਕ ਹੋਰ ਕਾਰਨ ਗੁੱਟਬਾਜ਼ੀ ਹੈ। ਪਾਰਟੀ ਹਾਈ ਕਮਾਂਡ ਧੜੇਬੰਦੀ ਨੂੰ ਖਤਮ ਕਰ ਲਈ ਕੋਈ ਉਪਰਾਲੇ ਨਹੀਂ ਕਰ ਰਹੀ। ਸਿੱਧੂ ਦੇ ਪਾਰਟੀ ਛੱਡਣ ਬਾਰੇ ਬਟਾਲਾ ਤੋਂ ਕਾਂਗਰਸ ਵਿਧਾਇਕ ਅਸ਼ਵਨੀ ਸੇਖੜੀ ਨੇ ਕਿਹਾ ਕਿ ਆਗੂਆਂ ਨੇ ਕਾਂਗਰਸ ਪਾਰਟੀ ਨੂੰ ਖਤਮ ਕਰਨ ਲਈ ਵਿਰੋਧੀਆਂ ਤੋਂ ਸੁਪਾਰੀ ਲਈ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸ. ਸਿੱਧੂ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਕਰੀਬੀ ਸਨ ਤੇ ਪਾਰਟੀ ਅਹੁਦੇਦਾਰਾਂ ਦੀ ਸੂਚੀ ਵਿਚ ਆਪਣਿਆਂ ਦੇ ਨਾਂਅ ਪਵਾਉਣ ਲਈ ਉਨ੍ਹਾਂ ਸ. ਬਾਜਵਾ ਤੋਂ ਗਲਤ ਫੈਸਲੇ ਕਰਵਾਏ।

ਉਧਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦਾ ਜੀਤ ਮਹਿੰਦਰ ਸਿੰਘ ਨਾਲ ਕੁਝ ਸਾਲਾਂ ਤੋਂ ਕੋਈ ਰਾਬਤਾ ਨਹੀਂ ਸੀ। ਉਹ ਪਾਰਟੀ ਢਾਂਚੇ ਵਿਚ ਸ. ਸਿੱਧੂ ਨੂੰ ਥਾਂ ਨਹੀਂ ਦਿਵਾ ਸਕੇ ਸਨ। ਇਸ ਲਈ ਉਹ ਨਾਰਾਜ਼ ਹੋ ਗਏ ਸਨ। ਕੈਪਟਨ ਨੇ ਸਾਰੇ ਕਾਂਗਰਸੀਆਂ ਨੂੰ ਅਕਾਲੀ ਦਲ ਖ਼ਿਲਾਫ਼ ਲਾਮਬੰਦ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਾਰੇ ਆਗੂਆਂ ਦੀ ਗੱਲ ਸੁਣ ਕੇ ਉਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ।

## ਅਕਾਲੀ ਦਲ ਵੱਲੋਂ ਸਾਰੇ ਉਮੀਦਵਾਰਾਂ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 13 ਲੋਕ ਸਭਾ ਹਲਕਿਆਂ ਲਈ ਉਮੀਦਵਾਰਾਂ ਦਾ ਕੰਮ ਨਿਬੇੜ ਲਿਆ ਹੈ। ਅਕਾਲੀ ਦਲ ਨੇ ਫਿਰੋਜ਼ਪੁਰ ਤੇ ਫਰੀਦਕੋਟ ਤੋਂ ਪਹਿਲਾਂ ਵਾਲੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੱਤੀਆਂ ਹਨ ਜਦੋਂ ਕਿ ਪਟਿਆਲਾ ਲੋਕ ਸਭਾ ਹਲਕੇ ਤੋਂ ਦੀਪਿੰਦਰ ਸਿੰਘ ਢਿੱਲੋਂ ਨੂੰ ਟਿਕਟ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੇ ਉਮੀਦਵਾਰਾਂ ਦਾ ਐਲਾਨ ਹੋਣਾ ਬਾਕੀ ਹੈ। ਫਰੀਦਕੋਟ ਤੋਂ ਪਰਮਜੀਤ ਕੌਰ ਗੁਲਸ਼ਨ ਤੇ ਫਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ ਨੂੰ ਮੁੜ ਕਿਸਮਤ ਅਜ਼ਮਾਉਣ ਦਾ ਮੌਕਾ ਦਿੱਤਾ ਗਿਆ ਹੈ। ਅਕਾਲੀ ਦਲ ਵੱਲੋਂ ਸੱਤ ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ।

# ਜੱਟਾਂ ਲਈ ਰਾਖਵੇਂਕਰਨ ਦਾ ਫੈਸਲਾ ਧੋਖਾ: ਕੈਪਟਨ



**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਆਲ ਇੰਡੀਆ ਜਾਟ ਮਹਾਂ ਸਭਾ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਆਮ ਚੋਣਾਂ ਦਾ ਐਲਾਨ ਹੋਣ ਮੌਕੇ ਜੱਟਾਂ ਨੂੰ ਓ.ਬੀ.ਸੀ ਕੋਟੇ ਤਹਿਤ ਰਾਖਵਾਂਕਰਨ ਦੇਣ ਦਾ ਫ਼ੈਸਲਾ ਇਕ ਧੋਖਾ ਹੈ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਬਹੁਤ ਦੇਰੀ ਨਾਲ ਚੁੱਕਿਆ ਗਿਆ ਕਦਮ ਹੈ ਤੇ ਆਪਣੀਆਂ ਅਸਫਲਤਾਵਾਂ ਉਪਰ ਪਰਦਾ ਪਾਉਣ ਦਾ ਯਤਨ ਹੈ।

ਇਥੇ ਮਹਾਂ ਸਭਾ ਦੇ ਸੀਨੀਅਰ ਆਗੂਆਂ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਪਟਨ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਸਿੱਖ ਜੱਟਾਂ ਨੂੰ ਓ.ਬੀ.ਸੀ ਰਾਖਵੇਂਕਰਨ ਹੇਠ ਫਾਇਦਾ ਨਾ ਮਿਲਣ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ ਕਿਉਂਕਿ ਉਨ੍ਹਾਂ ਨੇ ਪੱਛੜੀਆਂ ਜਾਤੀਆਂ ਕਮਿਸ਼ਨ ਨੂੰ ਸਮੇਂ ਸਿਰ ਕੇਸ ਨਹੀਂ ਸੌਂਪਿਆ। ਕੈਪਟਨ ਨੇ ਅਫਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਦੇ ਜੱਟਾਂ ਨੂੰ ਰਾਖਵਾਂਕਰਨ ਦੇਣ ਬਾਰੇ ਫੈਸਲਾ ਲਿਆ ਹੁੰਦਾ ਤਾਂ ਉਹ ਅੱਜ ਹੋਰ ਨੌਂ ਸੂਬਿਆਂ ਵਾਂਗ ਕੇਂਦਰੀ ਸੇਵਾਵਾਂ ਤੇ ਸਿੱਖਿਅਕ ਸੰਸਥਾਵਾਂ ਵਿਚ ਇਸ ਦੇ ਫਾਇਦੇ ਲੈ ਸਕਦੇ ਸਨ। ਸ. ਬਾਦਲ ਨੇ ਇਹ ਫ਼ੈਸਲਾ ਸਹੀ ਨੀਅਤ ਨਾਲ ਨਹੀਂ ਲਿਆ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਕਾਂਗਰਸ ਪਾਰਟੀ ਨੂੰ ਇਸ ਫ਼ੈਸਲੇ ਦਾ ਲਾਭ ਮਿਲ ਸਕਦਾ ਹੈ।

ਜਾਟ ਮਹਾਂ ਸਭਾ ਦੇ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਸੂਬੇ ਦੇ ਹਰੇਕ ਹਲਕੇ ਵਿਚ ਯੂਨਿਟ ਬਣਾ ਦਿੱਤੇ ਹਨ, ਜਿਸ ਵਿਚ ਘੱਟੋ ਘੱਟ ਦੋ ਮੈਂਬਰ ਹੋਣਗੇ, ਜੋ ਲੋਕਾਂ ਨੂੰ ਦੱਸਣਗੇ ਕਿ ਕਿਵੇਂ ਸ. ਬਾਦਲ ਨੇ ਪੰਜਾਬ ਦੇ ਜੱਟ ਸਿੱਖਾਂ ਨੂੰ ਓ.ਬੀ.ਸੀ ਸ਼੍ਰੇਣੀ ਵਿਚ ਫਾਇਦਾ ਮਿਲਣ ਦੇ ਰਾਹ ਵਿਚ ਰੋੜੇ ਅਟਕਾਏ ਹਨ। ਉਨ੍ਹਾਂ ਕਿਹਾ ਕਿ ਇਕ ਸਰਵੇ ਵਿਚ ਦੱਸਿਆ ਗਿਆ ਹੈ ਕਿ ਇਸ ਸਮਾਜ ਦੇ ਦੋ ਫ਼ੀਸਦ ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਨਹੀਂ ਮਿਲਦੀ। ਇਸ ਤੋਂ ਇਲਾਵਾ ਪੰਜਾਬ ਭਰ ਜੱਟ ਪਰਿਵਾਰਾਂ ਦੇ ਦਸ ਹਜ਼ਾਰ ਤੋਂ ਵੱਧ ਪਰਿਵਾਰਾਂ ਦੇ ਮੈਂਬਰਾਂ ਨੂੰ ਸਹੀ ਖਾਣਾ ਵੀ ਨਹੀਂ ਮਿਲਦਾ। ਉਹ ਅਜਿਹੇ ਲੋਕਾਂ ਲਈ ਹੀ ਰਾਖਵੇਂਕਰਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਕਰੀਮੀ ਲੇਅਰ ਨਾਲ ਸਬੰਧਤ ਨਹੀਂ ਹਨ, ਉਹ ਕੇਂਦਰੀ ਸਕੀਮਾਂ ਤੇ ਵਿਦਿਅਕ ਸੰਸਥਾਵਾਂ ਵਿਚ 27 ਫੀਸਦ ਓ.ਬੀ.ਸੀ ਕੋਟੇ ਤਹਿਤ ਨੌਕਰੀਆਂ ਵਿਚ ਲਾਭ ਹਾਸਲ ਕਰ ਸਕਦੇ ਹਨ। ਪਿਛਲੇ ਕੁਝ ਸਾਲਾਂ ਤੋਂ ਕਰਜ਼ਿਆਂ ਕਾਰਨ ਕਿਸਾਨਾਂ ਵੱਲੋਂ ਆਤਮ ਹੱਤਿਆਵਾਂ ਕਰਨ ਦੀ ਪ੍ਰਕਿਰਿਆ ਤੋਂ ਇਸ ਸਮਾਜ ਦੇ ਲੋਕਾਂ ਦੀ ਮਾੜੀ ਆਰਥਿਕ ਹਾਲਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

# ਪਾਰਟੀ ਪ੍ਰਤੀ ਵਫਾਦਾਰੀਆਂ ਆਈਆਂ ਜਥੇਦਾਰ ਬ੍ਰਹਮਪੁਰਾ ਦੇ ਕੰਮ



**ਤਰਨਤਾਰਨ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਐਲਾਨੇ ਉਮੀਦਵਾਰ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਪਾਰਟੀ ਦੇ ਇਕ ਵਫ਼ਾਦਾਰ ਸਿਪਾਹੀ ਵਜੋਂ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਸਰਪੰਚੀ ਤੋਂ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ ਤੇ ਚਾਰ ਵਾਰ ਵਿਧਾਇਕ ਬਣੇ ਤੇ ਅਕਾਲੀ ਸਰਕਾਰ ਦੇ ਮੰਤਰੀ ਮੰਡਲ ਵਿਚ ਅਹਿਮ ਅਹੁਦੇ ਪ੍ਰਾਪਤ ਕੀਤੇ। ਪਾਰਟੀ ਪ੍ਰਤੀ ਵਫਾਦਾਰੀ ਨੂੰ ਦੇਖਦੇ ਹੋਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਇਸ ਵਾਰ ਹਲਕਾ ਖਡੂਰ ਸਾਹਿਬ ਤੋਂ ਲੋਕ ਸਭਾ ਦਾ ਉਮੀਦਵਾਰ ਐਲਾਨ ਕੇ ਪਾਰਟੀ ਪ੍ਰਤੀ ਵਫਾਦਾਰੀਆਂ ਦਾ ਇਨਾਮ ਦਿੱਤਾ।

ਜਥੇ. ਬ੍ਰਹਮਪੁਰਾ ਨੇ 1961 ਵਿਚ ਪਿੰਡ ਦੀ ਸਰਪੰਚੀ ਤੋਂ ਆਪਣਾ ਸਿਆਸੀ ਜੀਵਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ੁਰੂ ਕੀਤਾ। ਪੁਰਾਣੇ ਵਿਧਾਨ ਸਭਾ ਹਲਕਾ ਨੌਸ਼ਿਹਰਾ ਪੰਨੂੰਆਂ ਤੋਂ 1977 ਵਿਚ ਸਵ: ਸਵਿੰਦਰ ਸਿੰਘ ਕੈਰੋਂ ਨੂੰ ਹਰਾ ਕੇ ਵਿਧਾਇਕ ਬਣੇ। 1980 ਵਿਚ ਹਲਕਾ ਨੌਸ਼ਿਹਰਾ ਪੰਨੂੰਆਂ ਤੋਂ ਸਵ: ਸਵਿੰਦਰ ਸਿੰਘ ਕੈਰੋਂ ਤੋਂ 141 ਵੋਟਾਂ ਨਾਲ ਹਾਰ ਗਏ। 1997 ਵਿਚ ਕਾਂਗਰਸ ਦੇ ਮਾ. ਜਗੀਰ ਸਿੰਘ ਨੂੰ ਹਰਾ ਕੇ ਅਕਾਲੀ ਸਰਕਾਰ ਵਿਚ ਸਹਿਕਾਰਤਾ ਮੰਤਰੀ ਬਣੇ। 2002 ਵਿਚ ਮਾ. ਜਗੀਰ ਸਿੰਘ ਨੂੰ ਹਰਾ ਕੇ ਵਿਧਾਇਕ ਬਣੇ।

2007 ਵਿਚ ਹਲਕਾ ਨੌਸ਼ਿਹਰਾ ਪੰਨੂੰਆਂ ਤੋਂ ਹੀ ਜਥੇ. ਰਣਜੀਤ ਸਿੰਘ ਬ੍ਰਹਮਪੁਰਾ ਨੇ ਡਾ. ਧਰਮਵੀਰ ਅਗਨੀਹੋਤਰੀ ਨੂੰ ਹਰਾ ਕੇ ਤੀਜੀ ਵਾਰ ਜਿੱਤ ਪ੍ਰਾਪਤ ਕੀਤੀ ਅਤੇ ਅਕਾਲੀ ਸਰਕਾਰ ਵਿਚ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਬਣੇ। 2012 ਵਿਚ ਨਵੀਂ ਹਲਕਾਬੰਦੀ ਹੋਣ ਉਪਰੰਤ ਤਰਨਤਾਰਨ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਨੌਸ਼ਿਹਰਾ ਪੰਨੂੰਆਂ ਨੂੰ ਤੋੜ ਕੇ ਖਡੂਰ ਸਾਹਿਬ ਨੂੰ ਨਵਾਂ ਹਲਕਾ ਬਣਾ ਦਿੱਤਾ ਗਿਆ।

ਇਸ ਮੌਕੇ ਜਥੇ. ਬ੍ਰਹਮਪੁਰਾ ਕਾਂਗਰਸ ਦੇ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਤੋਂ ਹਾਰ ਗਏ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਜਥੇ. ਬ੍ਰਹਮਪੁਰਾ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਇਸ ਵਾਰ ਪਾਰਟੀ ਦੀ ਪਹਿਲੀ ਜਾਰੀ ਕੀਤੀ ਸੂਚੀ ਵਿਚ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਉਨ੍ਹਾਂ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

# ਅਕਾਲੀ ਦਲ ਵੱਲੋਂ ਕੁਲਵੰਤ ਸਿੰਘ ਨੂੰ ਟਿਕਟ ਦੇਣ 'ਤੇ ਉਠੇ ਸਵਾਲ



**ਮੁਹਾਲੀ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨੇੜਲੇ ਰਹੇ ਜਨਤਾ ਲੈਂਡ ਪ੍ਰੋਮੋਟਰਜ਼ ਲਿਮਟਿਡ ਮੁਹਾਲੀ ਦੇ ਐਮ.ਡੀ ਕੁਲਵੰਤ ਸਿੰਘ ਨੂੰ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਟਿਕਟ ਦੇ ਕੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਬਕਾ ਕਸੂਤੇ ਫਸ ਗਏ ਹਨ।

ਜ਼ਿਕਰਯੋਗ ਹੈ ਕਿ ਸ. ਬਾਦਲ ਪਹਿਲਾਂ ਖ਼ੁਦ ਇਹ ਦੋਸ਼ ਲਾਉਂਦੇ ਰਹੇ ਹਨ ਕਿ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੁਲਵੰਤ ਸਿੰਘ ਦੀ ਰੀਅਲ ਅਸਟੇਟ ਕੰਪਨੀ ਨੂੰ ਕਰੋੜਾਂ ਰੁਪਏ ਦਾ ਲਾਭ ਪਹੁੰਚਾਉਣ ਲਈ ਸਾਰੇ ਕਾਨੂੰਨ ਛਿੱਕੇ 'ਤੇ ਟੰਗੇ ਗਏ ਸਨ ਪਰ ਬਾਅਦ ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਭਾਵੇਂ ਬਾਦਲਾਂ ਨੇ ਵੱਡੇ ਪੱਧਰ 'ਤੇ ਇਤਰਾਜ਼ ਕਰ ਕੇ ਜਨਤਾ ਲੈਂਡ ਨੂੰ 127 ਕਰੋੜ ਰੁਪਏ ਵਾਧੂ ਵਿਕਾਸ ਚਾਰਜਿਜ਼ ਤੇ ਫੀਸ ਵਸੂਲੀ ਦਾ ਨੋਟਿਸ ਜਾਰੀ ਕੀਤਾ ਸੀ ਪਰ ਸਰਕਾਰ ਨੇ ਕੰਪਨੀ ਖ਼ਿਲਾਫ਼ ਕਿਸੇ ਕਿਸਮ ਦੀ ਜਾਂਚ ਨਹੀਂ ਕੀਤੀ।

ਇਹੀ ਨਹੀਂ ਜਨਤਾ ਲੈਂਡ ਦੇ ਪ੍ਰਾਜੈਕਟਾਂ ਲਈ ਮੁਹਾਲੀ ਦਾ ਮਾਸਟਰ ਪਲਾਨ ਵੀ ਬਦਲਣ ਦੇ ਦੋਸ਼ ਲਾਏ ਸਨ। ਸੁਖਬੀਰ ਬਾਦਲ ਨੇ ਉਦੋਂ ਇਸ ਸਮੁੱਚੇ ਮਾਮਲੇ ਦੀ ਸੀ.ਬੀ.ਆਈ ਤੋਂ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਅਕਾਲੀ ਦਲ-ਭਾਜਪਾ ਗੱਠਜੋੜ ਦੀ ਸਰਕਾਰ ਬਣਨ 'ਤੇ ਇਸ ਰੀਅਲ ਅਸਟੇਟ ਕੰਪਨੀ ਖ਼ਿਲਾਫ਼ ਸ਼ਿਕੰਜਾ ਕੱਸਣ ਦੀ ਚਿਤਾਵਨੀ ਦਿੱਤੀ ਸੀ। ਇਸ ਬਾਰੇ ਪੰਜਾਬ ਦੇ ਰਾਜਪਾਲ ਨੂੰ ਵੀ ਮੰਗ ਪੱਤਰ ਦਿੱਤਾ ਗਿਆ ਸੀ ਤੇ ਉਦੋਂ ਅਕਾਲੀ ਦਲ ਵੱਲੋਂ ਸੁਖਦੇਵ ਸਿੰਘ ਢੀਂਡਸਾ ਨੇ ਇਹ ਮੁੱਦਾ ਲੋਕ ਸਭਾ ਵਿਚ ਵੀ ਚੁੱਕਿਆ ਸੀ ਤੇ ਕਾਂਗਰਸੀ ਵਿਧਾਇਕਾਂ ਵੱਲੋਂ ਇਸ ਨੂੰ ਪੰਜਾਬ ਵਿਧਾਨ ਸਭਾ ਵਿਚ ਉਠਾਇਆ ਹੈ ਪਰ ਹੁਣ ਸੁਖਬੀਰ ਸਿੰਘ ਬਾਦਲ ਵੱਲੋਂ ਕੁਲਵੰਤ ਸਿੰਘ ਨੂੰ ਫਤਹਿਗੜ੍ਹ ਸਾਹਿਬ ਤੋਂ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਾਈ ਜਾ ਰਹੀ ਹੈ।

ਉਧਰ ਕੁਲਵੰਤ ਸਿੰਘ ਦਾ ਕਹਿਣਾ ਹੈ ਕਿ ਇਹ ਸਾਰਾ ਕੁਝ ਅਫ਼ਸਰਸ਼ਾਹੀ ਦੀ ਗਲਤ ਫਹਿਮੀ ਦਾ ਨਤੀਜਾ ਸੀ। ਅਧਿਕਾਰੀਆਂ ਦੀ ਗਲਤ ਗਿਣਤੀ-ਮਿਣਤੀ ਕਾਰਨ ਉਨ੍ਹਾਂ ਦੀ ਕੰਪਨੀ ਨੂੰ ਬਿਨਾਂ ਵਜ੍ਹਾ ਚੱਕਰਾਂ ਵਿਚ ਪਾਈ ਰੱਖਿਆ ਸੀ। ਉਨ੍ਹਾਂ ਇਸ ਬਾਰੇ ਸਬੰਧਤ ਵਿਭਾਗ ਵੱਲੋਂ ਪਹਿਲਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਕੇਸ ਦਾਇਰ ਕੀਤਾ ਸੀ ਪਰ ਅਫ਼ਸਰਸ਼ਾਹੀ ਕੰਪਨੀ ਖ਼ਿਲਾਫ਼ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ। ਇਸ ਕਾਰਨ ਅਦਾਲਤ ਨੇ ਕੰਪਨੀ ਨੂੰ ਵੱਡੀ ਰਾਹਤ ਦਿੰਦਿਆਂ ਉਕਤ ਪਟੀਸ਼ਨ ਰੱਦ ਕਰ ਦਿੱਤੀ।

ਇਸ ਮਗਰੋਂ ਸਰਕਾਰ ਨੇ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਤੇ ਇਥੇ ਵੀ ਕਾਫੀ ਚਿਰ ਕੇਸ ਚੱਲਿਆ ਪਰ ਗਲਤਫਹਿਮੀ ਦਾ ਸ਼ਿਕਾਰ ਹੋਈ ਅਫ਼ਸਰਸ਼ਾਹੀ ਕੰਪਨੀ ਖ਼ਿਲਾਫ਼ ਲਗਾਏ ਦੋਸ਼ਾਂ ਨੂੰ ਸਾਬਤ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ। ਜਿਸ ਕਾਰਨ ਸੁਪਰੀਮ ਕੋਰਟ ਵਿਚ ਸਰਕਾਰ ਕੇਸ ਹਾਰ ਗਈ। ਕੁਲਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਕਦੇ ਵੀ ਨਿਯਮਾਂ ਦੇ ਖ਼ਿਲਾਫ਼ ਕੰਮ ਨਹੀਂ ਕੀਤਾ।

# ਲੋੜ ਹੈ

ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਸਟੋਰ ਲਈ ਅੰਗਰੇਜ਼ੀ ਬੋਲਣ ਵਾਲੇ ਕੈਸ਼ੀਅਰ ਅਤੇ ਸੁਪਰਵਾਈਜ਼ਰ ਦੀ ਤੁਰੰਤ ਲੋੜ ਹੈ

ਸੰਪਰਕ ਕਰੋ

**661-364-0341**

# ਤੰਦੂਰੀਏ, ਕੱਰੀ ਕੁਕ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੱਰੀ ਕੁਕ ਅਤੇ ਡਿਸ਼ ਵਾਸ਼ਰ ਦੀ ਫੌਰੀ ਤੌਰ 'ਤੇ ਲੋੜ ਹੈ।

ਪਤੀ-ਪਤਨੀ ਜੋੜੇ (ਫੈਮਿਲੀ) ਨੂੰ ਪਹਿਲ

ਚੰਗੀ ਤਨਖਾਹ ਤੇ ਮੁਫਤ ਰਿਹਾਇਸ਼



*ਸੰਪਰਕ ਕਰੋ, ਮਿਸਟਰ ਸਿੰਘ*

**ਫੋਨ: 515-291-1961**

# Two Bay Truck Wash Available
# For Lease or Sale



**Available from 1st of April 2014. Truck Wash in Illinois on I-80 Very Good Location with 2 Acres of Land which can be used for variety of purposes.**

## ਟੂ ਬੇਅ ਟਰੱਕ ਵਾਸ਼ ਸੇਲ ਜਾਂ ਲੀਜ਼ ਲਈ ਪਹਿਲੀ ਅਪਰੈਲ ਤੋਂ ਉਪਲਬਧ ਹੈ

ਇਲੀਨਾਏ ਵਿਚ ਆਈ-80 ਉਤੇ ਬਹੁਤ ਹੀ ਬਿਜ਼ੀ ਲੋਕੇਸ਼ਨ। ਨਾਲ ਲੱਗਦੀ ਦੋ ਏਕੜ ਜ਼ਮੀਨ ਜੋ ਕਈ ਤਰ੍ਹਾਂ ਨਾਲ ਵਰਤੀ ਜਾ ਸਕਦੀ ਹੈ। ਚੰਗੀ ਕਮਾਈ।

**Contact: 317-222-1931**

# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

*ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ*
*ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ*

*ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ*
*ਗੁਰਬੰਸ ਗਿੱਲ, ਫੋਨ: 209-815-1869*



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**

# Quik Signs

Signs • Graphics • Wraps



ਅਸੀਂ ਹਰ ਸਾਈਜ਼ ਦੇ ਸਾਈਨ ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ, ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



ਪੰਜਾਬ ਟਾਈਮਜ਼

*ਸਨਿਚਰਵਾਰ, 15 ਮਾਰਚ 2014*

## ਚੋਣ ਨਗਾਰੇ 'ਤੇ ਚੋਟ

ਭਾਰਤ ਵਿਚ ਅਗਲੀਆਂ ਲੋਕ ਸਭਾ ਚੋਣਾਂ ਲਈ ਨਗਾਰੇ ਉਤੇ ਚੋਟ ਲੱਗ ਚੁੱਕੀ ਹੈ। ਸਾਰੀਆਂ ਸਿਆਸੀ ਧਿਰਾਂ ਨੇ ਆਪੋ-ਆਪਣੀ ਸਿਆਸੀ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਜੋੜ-ਤੋੜ ਲਈ ਲਗਾਤਾਰ ਫਿਰਕੀਆਂ ਘੁੰਮ ਰਹੀਆਂ ਹਨ। ਉਂਜ ਇਕ ਗੱਲ ਸਪਸ਼ਟ ਹੈ ਕਿ ਐਤਕੀਂ ਦੀਆਂ ਲੋਕ ਸਭਾ ਚੋਣਾਂ ਪਿਛਲੀਆਂ ਸਭ ਚੋਣਾਂ ਨਾਲੋਂ ਅਲੱਗ ਹੋਣਗੀਆਂ। ਇਕ ਤਾਂ ਐਤਕੀਂ ਮੁੱਖ ਸਿਆਸੀ ਪਾਰਟੀਆਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਅੱਡ-ਅੱਡ ਜ਼ੋਰ ਲੱਗੇਗਾ, ਦੂਜਾ ਇਸ ਵਾਰ ਆਮ ਆਦਮੀ ਪਾਰਟੀ (ਆਪ) ਸਿਆਸੀ ਪਿੜ ਵਿਚ ਭੜਥੂ ਪਾਉਣ ਲਈ ਤਿਆਰ-ਬਰ-ਤਿਆਰ ਹੈ। ਇਹ ਪਾਰਟੀ ਫਿਲਹਾਲ ਆਮ ਰਵਾਇਤੀ ਪਾਰਟੀਆਂ ਵਾਂਗ ਭਾਵੇਂ ਜਥੇਬੰਦ ਨਹੀਂ; ਇਸ ਦੀਆਂ ਹੋਰ ਵੀ ਕਈ ਕਮਜ਼ੋਰੀਆਂ ਹੋ ਸਕਦੀਆਂ ਹਨ, ਪਰ ਇਸ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਜੋ ਮੱਲ ਮਾਰੀ, ਤੇ ਉਸ ਤੋਂ ਬਾਅਦ ਤਕਰੀਬਨ ਡੇਢ ਮਹੀਨੇ ਦੀ ਆਪਣੀ ਸਰਕਾਰ ਦੌਰਾਨ ਜੋ ਕੁਝ ਕਰ ਦਿਖਾਇਆ, ਉਸ ਨੇ ਰਵਾਇਤੀ ਪਾਰਟੀਆਂ ਤੋਂ ਅੱਕੇ-ਥੱਕੇ ਲੋਕਾਂ ਸਾਹਮਣੇ ਇਕ ਬਦਲ ਪੇਸ਼ ਕਰ ਦਿੱਤਾ ਹੈ। ਇਹ ਬਦਲ ਭਾਵੇਂ ਕਿੰਨਾ ਵੀ ਸੀਮਤ ਕਿਉਂ ਨਾ ਹੋਵੇ, ਇਸ ਨੇ ਆਮ ਵੋਟਰ ਦੇ ਮਨ ਵਿਚ ਉਥਲ-ਪੁਥਲ ਜ਼ਰੂਰ ਮਚਾਈ ਹੈ। 'ਆਪ' ਦੇ ਮੁਕਾਬਲੇ ਭਾਜਪਾ ਬਹੁਤ ਜ਼ਿਆਦਾ ਜਥੇਬੰਦ ਨਜ਼ਰੀਂ ਪੈ ਰਹੀ ਹੈ। ਇਸ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰੇਂਦਰ ਮੋਦੀ ਦੀਆਂ ਚੋਣ ਰੈਲੀਆਂ ਵਿਚ ਹੁਣ ਤੱਕ ਵਾਹਵਾ ਇਕੱਠ ਹੋ ਰਿਹਾ ਹੈ। ਫਿਰ ਵੀ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਿਸੇ ਵੀ ਧਿਰ ਨੂੰ ਐਤਕੀਂ ਸਪਸ਼ਟ ਬਹੁਮਤ ਨਹੀਂ ਮਿਲਣਾ। ਜਿਹੜੀ ਵੀ ਸਰਕਾਰ ਬਣੇਗੀ, ਉਹ ਜੋੜ-ਤੋੜ ਨਾਲ ਹੀ ਬਣੇਗੀ। ਇਨ੍ਹਾਂ ਚੋਣਾਂ ਵਿਚ ਹੁਣ ਤੱਕ ਕਾਂਗਰਸ ਬੇਹੱਦ ਬੇਵੱਸ ਨਜ਼ਰ ਆ ਰਹੀ ਹੈ। ਲੋਕਾਂ ਕੋਲ ਜਾਣ ਲਈ ਇਹਦੇ ਕੋਲ ਮੁੱਦਾ ਹੀ ਕੋਈ ਨਹੀਂ। ਇਸ ਨੇ ਮੋਦੀ ਖਿਲਾਫ ਸਿੱਧਾ ਮੋਰਚਾ ਖੋਲ੍ਹ ਕੇ ਫਿਰਕਾਪ੍ਰਸਤੀ ਨੂੰ ਮੁੱਖ ਚੋਣ ਮੁੱਦਾ ਬਣਾਉਣ ਦਾ ਯਤਨ ਕੀਤਾ, ਪਰ ਬੁਰੀ ਤਰ੍ਹਾਂ ਅਸਫਲ ਰਹੀ। ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਟੀ.ਵੀ. ਚੈਨਲ ਨੂੰ ਦਿੱਤੇ ਇੰਟਰਵਿਊ ਤੋਂ ਬਾਅਦ ਇਹ ਮੁੱਦਾ ਵੀ ਇਹਦੇ ਕੋਲੋਂ ਖੁੱਸ ਗਿਆ; ਇਸ ਨੂੰ ਤਾਂ ਦਿੱਲੀ ਦੇ ਸਿੱਖ ਕਤਲੇਆਮ ਦੇ ਮੁੱਦੇ 'ਤੇ ਆਪਣੇ-ਆਪ ਨੂੰ ਬਚਾਉਣਾ ਵੀ ਔਖਾ ਹੋ ਗਿਆ। ਮੀਡੀਆ ਵਿਚ ਦਿੱਲੀ ਵਿਚ ਸਿੱਖਾਂ ਅਤੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦੀ ਜਿਸ ਢੰਗ ਨਾਲ ਚਰਚਾ ਹੋਈ, ਉਸ ਤੋਂ ਬਾਅਦ ਕਾਂਗਰਸੀ ਲੀਡਰ ਕੁਝ ਕਹਿਣ ਜੋਗੇ ਨਾ ਰਹੇ। ਉਂਜ ਵੀ ਰਾਹੁਲ ਆਪਣੀ ਚੋਣ ਮੁਹਿੰਮ ਨੂੰ ਦੇਸ਼ ਪੱਧਰ ਉਤੇ ਸਥਾਪਤ ਕਰਨ ਵਿਚ ਫਿਲਹਾਲ ਬਹੁਤ ਪਿਛਾਂਹ ਰਹਿ ਗਏ ਹਨ। ਕਾਂਗਰਸ ਦੀ ਇਸ ਕਮਜ਼ੋਰੀ ਦਾ ਲਾਭ ਸਿੱਧਾ ਭਾਜਪਾ ਨੂੰ ਹੋ ਰਿਹਾ ਹੈ। ਇਸ ਦੌਰਾਨ ਖੇਤਰੀ ਪਾਰਟੀਆਂ ਅੰਦਰ ਤਿੱਖੀ ਸਰਗਰਮੀ ਚੱਲ ਰਹੀ ਹੈ। ਕੁਝ ਖੇਤਰੀ ਪਾਰਟੀਆਂ ਨਿੱਤਰ ਕੇ ਤੀਜੇ ਮੋਰਚੇ ਦੇ ਝੰਡੇ ਹੇਠ ਆ ਗਈਆਂ ਹਨ। ਜੇ ਇਹ ਮੋਰਚਾ ਇਕਜੁੱਟ ਰਹਿੰਦਾ ਹੈ ਤਾਂ ਕੁਝ ਸੂਬਿਆਂ ਵਿਚ ਇਸ ਮੋਰਚੇ ਦੀ ਭੂਮਿਕਾ ਬੜੀ ਅਹਿਮ ਹੋਵੇਗੀ।

ਪੰਜਾਬ ਦਾ ਸਿਆਸੀ ਦ੍ਰਿਸ਼, ਦੇਸ਼ ਦੇ ਦ੍ਰਿਸ਼ ਤੋਂ ਬਹੁਤਾ ਵੱਖਰਾ ਨਹੀਂ। ਸੂਬੇ ਦੀਆਂ 13 ਸੀਟਾਂ ਲਈ ਇਸ ਵਾਰ ਗਹਿ-ਗੱਡਵੇਂ ਮੁਕਾਬਲੇ ਹੋਣਗੇ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਗਰਮੀ ਹੀ ਨਹੀਂ ਵਧਾ ਰਿਹਾ, ਸਗੋਂ ਆਪਣੀ ਇਕ ਹੋਰ ਨੀਤੀ ਰਾਹੀਂ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਖੋਰਾ ਵੀ ਲਾ ਰਿਹਾ ਹੈ। ਕਹਿੰਦੇ-ਕਹਾਉਂਦੇ ਕਾਂਗਰਸੀ ਲੀਡਰ ਪਾਰਟੀ ਛੱਡ ਕੇ ਅਕਾਲੀ ਦਲ ਦੀ 'ਤੱਕੜੀ' ਵਿਚ ਤੁਲ ਰਹੇ ਹਨ। ਕਾਂਗਰਸੀਆਂ ਦੀ ਇਉਂ ਅਕਾਲੀ ਦਲ ਵਿਚ ਆਮਦ ਦਾ ਵਿਰੋਧ ਵੀ ਭਾਵੇਂ ਹੋ ਰਿਹਾ ਹੈ, ਪਰ ਇਸ ਦੀ ਸੁਰ ਬਹੁਤੀ ਉਚੀ ਨਹੀਂ, ਕਿਉਂਕਿ ਅਕਾਲੀ ਸਿਆਸਤ ਉਤੇ ਜਿਸ ਤਰ੍ਹਾਂ ਬਾਦਲ ਪਰਿਵਾਰ ਛਾਇਆ ਹੋਇਆ ਹੈ, ਕੋਈ ਅਕਾਲੀ ਸਿਰ ਚੁੱਕਣ ਦੀ ਹਿੰਮਤ ਨਹੀਂ ਕਰ ਰਿਹਾ। ਸਭ ਨੇ ਇਕ ਤਰ੍ਹਾਂ ਨਾਲ ਭਾਣਾ ਹੀ ਮੰਨ ਲਿਆ ਹੈ। ਇਤਿਹਾਸ ਗਵਾਹ ਹੈ ਕਿ ਜਿਹੜੇ ਵੀ ਲੀਡਰ ਨੇ ਬਾਦਲਾਂ ਨੂੰ ਵੰਗਾਰਿਆ, ਉਹ ਸਿਆਸੀ ਪਿੜ ਵਿਚੋਂ ਜੇ ਖਾਰਜ ਨਹੀਂ ਹੋਇਆ, ਤਾਂ ਉਸ ਨੂੰ ਬੇਅਸਰ ਜ਼ਰੂਰ ਬਣਾ ਦਿੱਤਾ ਗਿਆ। ਉਂਜ ਵੀ ਬਾਦਲਾਂ ਨੂੰ ਵਿਰੋਧੀ ਧਿਰ ਵੱਲੋਂ ਕੋਈ ਵੱਡੀ ਚੁਣੌਤੀ ਨਹੀਂ ਦਿਸ ਰਹੀ। ਪੰਜਾਬ ਕਾਂਗਰਸ ਦੀ ਪਾਟੋ-ਧਾੜ ਇਸ ਨੂੰ ਪੂਰੀ ਰਾਸ ਆ ਰਹੀ ਹੈ; ਬਲਕਿ ਕਈ ਮੌਕਿਆਂ ਉਤੇ ਤਾਂ ਇਸ ਨੇ ਇਸ ਪਾਟੋ-ਧਾੜ ਨੂੰ ਹੋਰ ਵਧਾਉਣ ਲਈ ਟਿੱਲ ਵੀ ਲਾਇਆ ਹੈ। ਸਾਂਝਾ ਮੋਰਚਾ ਜਿਸ ਵਿਚ ਪੀ.ਪੀ.ਪੀ., ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਸੀ.ਪੀ.ਆਈ. ਅਤੇ ਸੀ.ਪੀ.ਐਮ. ਸ਼ਾਮਲ ਹਨ, ਵੀ ਹੁਣ ਸਾਂਝਾ ਨਹੀਂ ਰਿਹਾ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵੱਲੋਂ ਪੈਰ ਪਿਛਾਂਹ ਖਿੱਚਣ ਦੀਆਂ ਖਬਰਾਂ ਲਗਾਤਾਰ ਆ ਰਹੀਆਂ ਹਨ। ਪੀ.ਪੀ.ਪੀ. ਮੁਖੀ ਸ. ਮਨਪ੍ਰੀਤ ਸਿੰਘ ਬਾਦਲ ਆਪਣੇ ਭਾਈਵਾਲਾਂ ਅਤੇ ਆਪਣੀ ਪਾਰਟੀ ਨਾਲ ਸਲਾਹ-ਮਸ਼ਵਰੇ ਤੋਂ ਬਗੈਰ ਹੀ ਕਾਂਗਰਸ ਨਾਲ ਸਾਂਝ ਪਾ ਚੁੱਕੇ ਹਨ। ਪੀ.ਪੀ.ਪੀ. ਅਤੇ ਕਾਂਗਰਸ ਦੀ ਇਸ ਨਵੀਂ ਸਾਂਝ ਨਾਲ ਸੂਬੇ ਵਿਚ ਕੋਈ ਹੋਰ ਉਥਲ-ਪੁਥਲ ਭਾਵੇਂ ਨਾ ਹੋਵੇ, ਪਰ ਬਠਿੰਡਾ ਹਲਕੇ ਦਾ ਮੁਕਾਬਲਾ ਜ਼ਰੂਰ ਦਿਲਚਸਪ ਬਣ ਗਿਆ ਹੈ। ਇਸ ਹਲਕੇ ਵਿਚ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਅਤੇ ਪੀ.ਪੀ.ਪੀ. ਮੁਖੀ ਮਨਪ੍ਰੀਤ ਸਿੰਘ ਬਾਦਲ ਆਹਮੋ-ਸਾਹਮਣੇ ਹੋਣਗੇ। ਇਸ ਹਲਕੇ ਦਾ ਇਕ ਹੋਰ ਦਿਲਚਸਪ ਪਹਿਲੂ ਇਹ ਵੀ ਹੈ ਕਿ ਕਿਸੇ ਵੀ ਉਮੀਦਵਾਰ ਦੀ ਜਿੱਤ ਵਿਚ ਡੇਰਾ ਸਿਰਸਾ ਦੀ ਭੂਮਿਕਾ ਅਹਿਮ ਹੁੰਦੀ ਹੈ। ਇਸ ਮਾਮਲੇ ਵਿਚ ਸੂਬੇ 'ਚ ਅਕਾਲੀ ਦਲ ਦੀ ਸਰਕਾਰ ਹੋਣ ਕਰ ਕੇ ਹਰਸਿਮਰਤ ਦਾ ਪਲੜਾ ਭਾਰੀ ਜਾਪਦਾ ਹੈ। ਇਹ ਚੋਣ ਮਨਪ੍ਰੀਤ ਬਾਦਲ ਲਈ ਬਹੁਤ ਅਹਿਮ ਹੈ। ਉਨ੍ਹਾਂ ਉਤੇ ਇਹ ਉਂਗਲ ਉਠ ਰਹੀ ਹੈ ਕਿ ਐਤਕੀਂ ਉਨ੍ਹਾਂ ਨੇ ਪਾਰਟੀ ਜਾਂ ਪੰਜਾਬ ਦੀ ਥਾਂ ਨਿੱਜ ਨੂੰ ਪਹਿਲ ਦਿੱਤੀ ਹੈ। ਇਸ ਮਾਮਲੇ ਵਿਚ ਸਾਂਝੇ ਮੋਰਚੇ, ਇਥੋਂ ਤੱਕ ਕਿ ਪੀ.ਪੀ.ਪੀ. ਵਿਚ ਵੀ ਉਹ ਇਕੱਲੇ ਰਹਿ ਗਏ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪੀ.ਪੀ.ਪੀ. ਦੇ ਹੱਕ ਵਿਚ ਹਵਾ ਦੇ ਬਾਵਜੂਦ ਉਹ ਸਿਆਸੀ ਪਿੜ ਵਿਚ ਪੈਂਠ ਪਾਉਣ ਵਿਚ ਨਾਕਾਮ ਰਹੇ ਸਨ। ਹੁਣ ਵਾਲੀ ਸਿਆਸੀ ਗਿਣਤੀ-ਮਿਣਤੀ ਉਨ੍ਹਾਂ ਦੇ ਹੱਕ ਵਿਚ ਕਿੰਨਾ ਕੁ ਭੁਗਤਦੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਪੰਥਕ ਸਲੇਟਾਂ?*

ਕਿਹਾ ਗੁਰੂ ਨੇ ਗੋਲਕ ਦੀ ਲੋੜ ਕੋਈ ਨਾ, ਮੂੰਹ ਗਰੀਬ ਦੇ ਪਾਇਓ ਦਸਵੰਧ ਭਾਈ।
ਸ਼ਬਦ-ਬਾਣੀ 'ਤੇ ਕਰਦਿਆਂ ਅਮਲ ਪੂਰਾ, ਸਾਦਾ ਕੱਟਿਓ ਜੀਵਨ ਦਾ ਪੰਧ ਭਾਈ।
ਅਸੀਂ ਸ਼ਬਦ ਨੂੰ ਪੜ੍ਹਨ ਦੀ ਰਟ ਲਾਈ, ਟੁੱਟੇ ਕਿਸ ਤਰ੍ਹਾਂ ਕੂੜ ਦੀ ਪੰਡ ਭਾਈ।
ਬਾਹਰੋਂ ਬੀਬੀਆਂ ਦਾਹੜੀਆਂ ਦਿਸਦੀਆਂ ਨੇ, ਮੂੰਹੋਂ ਨਿਕਲੇ ਹਉਮੈਂ ਦੁਰਗੰਧ ਭਾਈ।
ਗੁਰੂ ਘਰਾਂ 'ਚੋਂ ਏਕੇ ਦਾ ਭੁੱਲ ਹੋਕਾ, ਉਥੇ ਝੂਠ ਨੇ ਸੱਚ ਨੂੰ ਫੰਡਿਆ ਏ।
ਧੜੇ ਬਣੇ ਹਜ਼ਾਰਾਂ ਹੀ ਦੇਸ਼ ਅੰਦਰ, ਐਥੇ ਪੰਥ 'ਸਲੇਟਾਂ' ਵਿਚ ਵੰਡਿਆ ਏ!

# ਭਾਰਤ ਦਾ ਤਾਂ ਰੱਬ ਹੀ ਰਾਖਾ!

***ਅੱਜ ਕੱਲ੍ਹ ਕਾਂਗਰਸੀਏ ਅਤੇ ਭਾਜਪਾ ਵਾਲੇ ਇਕ-ਦੂਜੇ ਨੂੰ ਭੰਡਣ ਵਿਚ ਲੱਗੇ ਹੋਏ ਹਨ। ਸੂਝਵਾਨ ਬੰਦਿਆਂ ਨੂੰ ਲੱਗਦਾ ਹੈ ਜਿਵੇਂ ਪੁੱਠਾ ਤਵਾ ਪਤੀਲੇ ਦੇ ਥੱਲੇ ਨੂੰ ਕਹਿ ਰਿਹਾ ਹੋਵੇ, 'ਤੂੰ ਕਾਲਾ, ਤੂੰ ਕਾਲਾ!' ਭਾਜਪਾ ਬਾਬਤ ਹੋਰ ਕੁਝ ਨਾ ਕਹਿੰਦਾ ਹੋਇਆ ਕੇਵਲ ਇੰਨਾ ਹੀ ਕਹਾਂਗਾ ਕਿ ਭ੍ਰਿਸ਼ਟਾਚਾਰ ਜਿਹੜਾ ਇਸ ਦੇਸ਼ ਨੂੰ ਤਪਦਿਕ ਦੇ ਰੋਗ ਵਾਂਗ ਹੌਲੀ-ਹੌਲੀ ਖਾ ਰਿਹਾ ਹੈ, ਇਸ ਜਮਾਤ ਤੋਂ ਉਤਸ਼ਾਹਿਤ ਤਾਂ ਸ਼ਾਇਦ ਹੋ ਜਾਵੇ, ਖ਼ਤਮ ਨਹੀਂ ਹੋ ਸਕਦਾ।***

ਸਿਆਸਤ ਦੀ ਡੂੰਘੀ ਸੂਝ ਮੇਰੇ ਵੱਸ ਦਾ ਰੋਗ ਨਹੀਂ। ਫਿਰ ਵੀ ਚੋਣਾਂ ਦਾ ਮੌਸਮ ਹੋਣ ਕਰ ਕੇ ਭਾਰਤ ਦੇ ਸਿਆਸੀ ਭਵਿੱਖ ਬਾਰੇ ਸੋਚਣਾ ਗੈਰ-ਕੁਦਰਤੀ ਨਹੀਂ।

ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ)-ਦੋਵੇਂ ਹੀ ਸੱਚਾਈ ਤੇ ਈਮਾਨਦਾਰੀ ਦੀ ਕਸਵੱਟੀ 'ਤੇ ਪੂਰਾ ਨਹੀਂ ਉਤਰਦੀਆਂ। ਕਾਂਗਰਸ ਦੀ ਸ਼ੁਰੂਆਤ ਯਾਦ ਚੰਗੀ ਸੀ। ਪਹਿਲੇ ਪੂਰ ਦੇ ਕਾਂਗਰਸੀਆਂ ਨੂੰ ਦੇਸ਼ ਨਾਲ ਕੁਝ ਪਿਆਰ ਸੀ। ਲਗਾਤਾਰ ਹਕੂਮਤ ਕਰਨ ਨਾਲ ਰਾਜ ਕਰਨ ਦੀ ਲਾਲਸਾ ਵਧਦੀ ਗਈ। ਪਾਰਟੀ ਨੇ ਹਰ ਵਰ੍ਹੇ ਵੱਧ ਤੋਂ ਵੱਧ ਵੋਟਾਂ ਲੈਣ ਲਈ ਕੋਝੇ ਹਥਕੰਡੇ ਵਰਤਣ



ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ
ਫੋਨ: 925-683-1982

ਵਿਚ ਕੋਈ ਗੁਰੇਜ਼ ਨਾ ਕੀਤਾ। ਕਹਿਣ ਨੂੰ ਤਾਂ ਧਰਮ ਨਿਰਪੱਖ ਪਰ ਐਮ.ਐਲ.ਏ. ਜਾਂ ਐਮ.ਪੀ. ਦੀ ਚੋਣ ਲਈ ਟਿਕਟ ਉਸ ਨੂੰ ਦੇਣੀ ਜਿਸ ਜਾਤੀ ਦੇ ਵੋਟਰ ਉਸ ਇਲਾਕੇ ਵਿਚ ਜ਼ਿਆਦਾ ਹੋਣ! ਉਮੀਦਵਾਰ ਜਿੱਤਣ ਵਾਲਾ ਹੋਣਾ ਚਾਹੀਦਾ ਹੈ, ਚਾਹੇ ਉਹ ਬਦਮਾਸ਼ ਜਾਂ ਗੁੰਡਾ ਹੋਵੇ।

ਕਿਹਾ ਜਾਂਦਾ ਹੈ ਕਿ ਤਾਕਤ ਜਾਂ ਸੱਤਾ ਬੰਦੇ ਨੂੰ ਭ੍ਰਿਸ਼ਟ ਬਣਾਉਂਦੀ ਹੈ, ਤੇ ਅੰਨ੍ਹੀ ਤਾਕਤ ਬੰਦੇ ਨੂੰ ਅੰਨ੍ਹਾ ਹੀ ਕਰ ਦਿੰਦੀ ਹੈ (ਪਾਵਰ ਕੁਰੱਪਟਸ ਦਿ ਮੈਨ; ਐਬਸੋਲਿਊਟ ਪਾਵਰ ਕੁਰੱਪਟਸ ਐਬਸੋਲਿਊਟਲੀ)। ਲੰਮੇ ਸਮੇਂ ਲਈ ਤਾਕਤ ਦੀ ਵਰਤੋਂ ਨੇ ਇਸ ਜਮਾਤ ਦੇ ਹੱਡਾਂ ਵਿਚ ਭ੍ਰਿਸ਼ਟਾਚਾਰ ਰਚਾ ਦਿੱਤਾ ਹੈ। ਇਕ ਤੋਂ ਪਿੱਛੋਂ ਦੂਜਾ, ਫਿਰ ਹੋਰ ਘੁਟਾਲੇ ਆਮ ਜਿਹੀ ਗੱਲ ਹੋ ਗਈ ਹੈ। ਇਸ ਦਾ ਕੋਈ ਫੌਰੀ ਇਲਾਜ ਨਜ਼ਰ ਨਹੀਂ ਆਉਂਦਾ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਜਦੋਂ 1950ਵਿਆਂ ਵਿਚ ਅੰਬਾਲੇ ਦੇ ਨਜ਼ਦੀਕ ਮੋਹਰੀ ਸਟੇਸ਼ਨ ਦੇ ਆਸ-ਪਾਸ ਭਿਆਨਕ ਰੇਲ ਹਾਦਸਾ ਹੋਇਆ। ਲਾਲ ਬਹਾਦਰ ਸ਼ਾਸਤਰੀ ਰੇਲ ਮੰਤਰੀ ਸਨ। ਉਨ੍ਹਾਂ ਤੁਰੰਤ ਅਸਤੀਫਾ ਦੇ ਦਿੱਤਾ। ਅੱਜ ਕੱਲ੍ਹ ਵੱਡੇ-ਵੱਡੇ ਹਾਦਸੇ, ਘੁਟਾਲੇ ਠੱਗੀਆਂ ਅਤੇ ਗੱਡੀਆਂ ਵਿਚ ਬਲਾਤਕਾਰਾਂ ਦੇ ਬਾਵਜੂਦ ਮੰਤਰੀਆਂ ਦੇ ਪਿੰਡੇ 'ਤੇ ਜੂੰ ਤੱਕ ਨਹੀਂ ਸਰਕਦੀ।

ਆਓ, ਹੁਣ ਪੰਛੀ ਝਾਤ ਭਾਜਪਾ ਵੱਲ ਮਾਰੀਏ। ਇਸ ਪਾਰਟੀ ਦਾ ਆਗਾਜ਼ ਜਨ ਸੰਘ ਤੋਂ ਹੋਇਆ ਹੈ। ਮੈਂ ਛੇਵੀਂ-ਸੱਤਵੀਂ ਕਲਾਸ ਵਿਚ ਪੜ੍ਹਦਾ ਸੀ, ਜਦੋਂ ਸਵੇਰੇ-ਸਵੇਰੇ ਰਾਮਪੁਰਾ ਮੰਡੀ ਵਿਚ ਮਹਾਜਨਾਂ ਦੇ ਮੁੰਡੇ ਇਕ-ਦੂਜੇ ਨੂੰ ਜੀ-ਜੀ ਕਹਿ ਕੇ ਆਵਾਜ਼ਾਂ ਮਾਰਦੇ, 'ਆਓ ਸ਼ਾਖਾ ਵਿਚ ਚੱਲੀਏ।' ਮੈਨੂੰ ਉਨ੍ਹਾਂ ਦਾ ਹਲਕੀ ਕਸਰਤ ਕਰਨਾ ਅਤੇ ਜਿਸਮਾਨੀ ਤੌਰ 'ਤੇ ਤਕੜੇ ਹੋਣਾ ਚੰਗੀ ਗੱਲ ਲੱਗਦੀ ਸੀ, ਪਰ ਹੌਲੀ-ਹੌਲੀ ਇਹ ਜਮਾਤ ਮਿਲੀਟੈਂਟ ਵੀ ਹੋ ਗਈ ਅਤੇ ਸਿਆਸਤ ਵਿਚ ਵੀ ਰੰਗੀ ਗਈ। ਨੱਥੂ ਰਾਮ ਗੋਡਸੇ ਆਰ.ਐਸ.ਐਸ. ਵਿਚੋਂ ਹੀ ਸੀ ਜਿਸ ਨੇ ਗਾਂਧੀ ਨੂੰ ਮਾਰ ਮੁਕਾਇਆ। ਕੁਝ ਸਮੇਂ ਲਈ ਇਸ ਨੂੰ ਪਟੇਲ ਨੇ ਬੈਨ ਕਰ ਦਿੱਤਾ ਸੀ। ਬਾਅਦ ਵਿਚ ਕਾਂਗਰਸ ਲੋਕਾਂ ਦੇ ਮੂੰਹੋਂ ਲਹਿਣ ਲੱਗੀ ਅਤੇ ਆਰ.ਐਸ.ਐਸ. ਦਾ ਕਾਫੀ ਹਿੱਸਾ ਭਾਜਪਾ ਵਿਚ ਬਦਲ ਗਿਆ।

ਕਾਂਗਰਸ ਤੋਂ ਤੰਗ ਆਈ ਜਨਤਾ ਨੇ ਤਬਦੀਲੀ ਖਾਤਰ ਇਸ ਜਮਾਤ ਨੂੰ ਰਾਜ ਕਰਨ ਦਾ ਮੌਕਾ ਦਿੱਤਾ। ਬੱਸ ਫਿਰ ਕੀ ਸੀ! ਉਹੋ ਹੀ ਚਾਲੇ ਇਨ੍ਹਾਂ ਨੇ ਸ਼ੁਰੂ ਕਰ ਦਿੱਤੇ। ਮੇਰੇ ਇਥੇ ਬਹੁਤ ਹੀ ਨੇਕ ਅਤੇ ਸੱਚੇ-ਸੁੱਚੇ ਪਾਰਟੀ ਰਹਿਤ ਇਨਸਾਨ ਪ੍ਰੇਮ ਸਾਗਰ ਸ਼ਾਸਤਰੀ, ਜਿਹੜੇ ਹੁਣ ਇਸ ਦੁਨੀਆਂ ਵਿਚ ਨਹੀਂ, ਕਹਿਣ ਲੱਗੇ, "ਜਿਹੜੀ ਸੁਆਹ ਕਾਂਗਰਸ ਨੇ 45 ਸਾਲਾਂ ਵਿਚ ਉਡਾਈ ਸੀ, ਭਾਜਪਾ ਨੇ ਪੰਜ ਸਾਲਾਂ ਵਿਚ ਹੀ ਪੂਰੀ ਕਰ ਲਈ। ਇਸ ਵਿਚ ਸ਼ੱਕ ਨਹੀਂ ਕਿ ਹਰ ਪਾਰਟੀ ਵਿਚ ਕੁਝ ਲੋਕ ਭਲੇ ਵੀ ਹੁੰਦੇ ਹਨ, ਪਰ ਜਿਸ ਜਮਾਤ ਦਾ ਆਧਾਰ ਅਤੇ ਸ਼ੁਰੂਆਤ ਦੁਕਾਨਕਾਰਾਂ ਵਿਚੋਂ ਹੋਈ ਹੋਵੇ, ਉਸ ਦਾ ਦੀਨ-ਈਮਾਨ ਨਫਾ ਹੁੰਦਾ ਹੈ। ਨਫਾ ਖੱਟਣ ਲਈ ਵਪਾਰੀ ਕੀ ਕੁਝ ਨਹੀਂ ਕਰਦਾ! ਝੂਠ ਬੋਲਦਾ ਹੈ, ਫਰੇਬ ਕਰਦਾ ਹੈ। ਸੁਨਿਆਰ ਮਾਂ ਦੇ ਜੇਵਰਾਤ ਵਿਚ ਵੀ ਖੋਟ ਪਾਉਣੋਂ ਨਹੀਂ ਝਿਜਕਦਾ। ਇਕ ਗੱਲ ਹਰ ਦੁਕਾਨਦਾਰ ਦੇ ਮੂੰਹ 'ਤੇ ਰਹਿੰਦੀ ਹੈ, "ਜੀ ਬਚਦਾ ਹੀ ਕੁਝ ਨਈਂ? ਖਰਚੇ ਬਹੁਤ ਵਧ ਗਏ ਹਨ।" ਮੈਂ ਹੈਰਾਨ ਹੁੰਦਾ ਹਾਂ ਜਦੋਂ ਚੰਡੀਗੜ੍ਹ ਪਹੁੰਚ ਕੇ ਉਨ੍ਹਾਂ ਦੁਕਾਨਦਾਰਾਂ ਨੂੰ ਦੇਖਦਾ ਹਾਂ ਜਿਨ੍ਹਾਂ ਕੋਲ ਕਦੇ ਸਾਈਕਲ ਹੁੰਦੇ ਸਨ, ਅੱਜ ਕੱਲ੍ਹ ਖ਼ੂਬਸੂਰਤ ਕਾਰਾਂ ਹਨ। ਫਿਰ ਵੀ ਕਹਿਣਗੇ, "ਬੜਾ ਮੰਦਾ ਹਾਲ ਹੈ ਜੀ!"

ਇਹ ਤਬਕਾ ਜਮ੍ਹਾਂਖੋਰੀ ਤੋਂ ਕਦੀ ਬਾਜ਼ ਨਹੀਂ ਆਉਂਦਾ। ਕੁਦਰਤੀ ਆਫ਼ਤਾਂ ਵੇਲੇ ਚੀਜ਼ਾਂ ਦੇ ਰੇਟ ਹੋਰ ਵਧਾ ਦਿੰਦਾ ਹੈ। ਨਫੇ ਨੂੰ ਧਿਆਨ ਵਿਚ ਰੱਖਦਿਆਂ ਦੁਕਾਨਦਾਰ ਕੀ-ਕੀ ਪਾਪੜ ਨਹੀਂ ਵੇਲਦੇ? ਰਿਸ਼ਵਤਖੋਰੀ ਨਾਲ ਕੰਮ ਚਲਾਉਣਾ ਇਨ੍ਹਾਂ ਦਾ ਸੁਭਾਅ ਹੈ। ਅੱਜ ਕੱਲ੍ਹ ਕਾਂਗਰਸੀਏ ਅਤੇ ਭਾਜਪਾ ਵਾਲੇ ਇਕ-ਦੂਜੇ ਨੂੰ ਭੰਡਣ ਵਿਚ ਲੱਗੇ ਹੋਏ ਹਨ। ਸੂਝਵਾਨ ਬੰਦਿਆਂ ਨੂੰ ਲੱਗਦਾ ਹੈ ਜਿਵੇਂ ਪੁੱਠਾ ਤਵਾ ਪਤੀਲੇ ਦੇ ਥੱਲੇ ਨੂੰ ਕਹਿ ਰਿਹਾ ਹੋਵੇ, 'ਤੂੰ ਕਾਲਾ, ਤੂੰ ਕਾਲਾ!' ਭਾਜਪਾ ਬਾਬਤ ਹੋਰ ਕੁਝ ਨਾ ਕਹਿੰਦਾ ਹੋਇਆ ਕੇਵਲ ਇੰਨਾ ਹੀ ਕਹਾਂਗਾ ਕਿ ਭ੍ਰਿਸ਼ਟਾਚਾਰ ਜਿਹੜਾ ਇਸ ਦੇਸ਼ ਨੂੰ ਤਪਦਿਕ ਦੇ ਰੋਗ ਵਾਂਗ ਹੌਲੀ-ਹੌਲੀ ਖਾ ਰਿਹਾ ਹੈ, ਇਸ ਜਮਾਤ ਤੋਂ ਉਤਸ਼ਾਹਿਤ ਤਾਂ ਸ਼ਾਇਦ ਹੋ ਜਾਵੇ, ਖ਼ਤਮ ਨਹੀਂ ਹੋ ਸਕਦਾ।

ਤੀਜੀ ਪਾਰਟੀ, ਕਮਿਊਨਿਸਟ ਪਾਰਟੀ ਹੈ। ਵਿਦਿਆਰਥੀ ਜੀਵਨ ਵੇਲੇ ਇਸ ਤੋਂ ਸੂਰਜ ਕਿਰਨ ਦੀ ਆਸ ਲੱਗ ਰਹੀ ਸੀ। ਹਰ ਮਰਜ਼ ਦੀ ਦਵਾ ਇਸੇ ਜਥੇਬੰਦੀ ਵਿਚੋਂ ਲੱਭੀ ਜਾ ਰਹੀ ਸੀ ਪਰ ਲੋਕਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਵਿਚਾਰਧਾਰਾ ਤਾਂ ਕਾਇਮ ਹੈ, ਪਾਰਟੀ ਗਾਇਬ ਹੈ। ਹਰ ਸਾਲ ਇਸ ਦੇ ਵੋਟਰਾਂ ਦਾ ਗਰਾਫ ਹੇਠਾਂ ਜਾ ਰਿਹਾ ਹੈ। ਸ਼ਾਇਦ ਕਾਰਕੁਨਾਂ ਦਾ ਆਚਰਣ ਇਸ ਦਸ਼ਾ ਦਾ ਜ਼ਿੰਮੇਵਾਰ ਹੈ? ਕਦੇ ਕਾਮਰੇਡਾਂ ਦੀ ਸਾਦਗੀ ਮਿਸਾਲ ਹੁੰਦੀ ਸੀ। ਕੇਰਲਾ ਦੇ ਕਾਮਰੇਡ ਮੁੱਖ ਮੰਤਰੀ ਅਛੂਤਾ ਮੈਨਨ ਦੀ ਬੇਟੀ ਦੇ ਵਿਆਹ ਵੇਲੇ ਉਸ ਨੇ ਕਿਸੇ ਮਹਿਮਾਨ ਤੋਂ ਸ਼ਗਨ ਮਨਜ਼ੂਰ ਨਾ ਕੀਤਾ। ਆਉਣ ਵਾਲੇ ਹਰ ਬੰਦੇ ਨੂੰ ਕੌਫੀ ਦਾ ਕੱਪ ਪਿਆਇਆ ਅਤੇ ਜਾਣ ਵੇਲੇ ਇਕ-ਇਕ ਫੁੱਲ ਭੇਟ ਕੀਤਾ। ਅੱਜ ਕੱਲ੍ਹ ਦੇ ਕਾਮਰੇਡਾਂ ਦਾ ਕੀ ਕਹਿਣਾ! ਸਭ ਤੋਂ ਮਹਿੰਗੇ ਹੋਟਲਾਂ ਵਿਚ ਡਿਨਰ ਦਿੱਤੇ ਜਾਂਦੇ ਹਨ। ਮਰਸੀਡੀਜ਼ ਕਾਰਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਕ ਹੋਰ ਗੱਲ ਆਮ ਬੰਦਿਆਂ ਨੂੰ ਸਮਝ ਨਹੀਂ ਆਉਂਦੀ। ਇਹ ਪਾਰਟੀ ਪਹਿਲਾਂ ਰੂਸ ਤੋਂ ਆਗਿਆ ਲੈ ਕੇ ਚੱਲਦੀ ਸੀ। ਜਦੋਂ ਰੂਸ ਵਹਿ-ਵੇਰੀ ਹੋ ਗਿਆ ਤਾਂ ਇਸ ਦੇ ਆਕਾ ਚੀਨ ਵਾਲੇ ਬਣ ਗਏ। ਇਹ ਸਿਆਣੇ-ਬਿਆਣੇ ਅਤੇ ਬਹੁਤ ਚੁਸਤ ਪਾਰਟੀ ਲੀਡਰ ਆਪਣੇ ਦਿਮਾਗ ਤੋਂ ਕੰਮ ਕਿਉਂ ਨਹੀਂ ਲੈਂਦੇ? ਹੈਰਾਨੀ ਦੀ ਹੱਦ ਹੈ ਕਿ ਚੀਨ ਅਮਰੀਕਾ ਨਾਲ ਆਪ ਤਾਂ ਵਪਾਰਕ ਸਬੰਧ ਮਜ਼ਬੂਤ ਕਰ ਰਿਹਾ ਹੈ, ਚੀਨ ਦੀਆਂ ਬਣੀਆਂ ਚੀਜ਼ਾਂ ਨਾਲ ਬਜ਼ਾਰ ਭਰੇ ਪਏ ਹਨ ਪਰ ਭਾਰਤ ਅਤੇ ਅਮਰੀਕਾ ਦੇ ਪਰਮਾਣੂ ਸਮਝੌਤੇ ਜਾਂ ਵਪਾਰਕ ਰਿਸ਼ਤਿਆਂ ਵਿਚ ਚੀਨ ਅੜਿੱਕਾ ਬਣ ਰਿਹਾ ਹੈ। ਸਾਡੇ ਕਾਮਰੇਡ ਹਰ ਗੱਲ ਵਿਚ ਚੀਨ ਦੀ ਪਾਰਟੀ ਦੇ ਸਾਹਾਂ ਦੇ ਦੀਵਾਨੇ ਹਨ। ਪਿਛਲੀ ਚੋਣ ਵੇਲੇ ਪੰਜਾਬ ਵਿਚ ਇਸ ਪਾਰਟੀ ਨੂੰ ਇਕ ਫੀਸਦੀ ਵੋਟਾਂ ਮਿਲੀਆਂ ਸਨ। ਪੰਜਾਬ ਦੀਆਂ ਯੋਗ ਮੰਗਾਂ ਵੱਲ ਵੀ ਇਸ ਪਾਰਟੀ ਨੇ ਕਦੀ ਕੋਈ ਧਿਆਨ ਨਹੀਂ ਦਿੱਤਾ।

ਪਿਛਲੇ ਕੁਝ ਸਾਲਾਂ ਤੋਂ ਚੌਥੀ ਪਾਰਟੀ ਬਹੁਜਨ ਸਮਾਜ ਪਾਰਟੀ (ਬਸਪਾ) ਭਾਰਤ ਦੇ ਸਿਆਸੀ ਨਕਸ਼ੇ ਤੇ ਉਭਰ ਕੇ ਆਈ ਹੈ। ਇਸ ਨੂੰ ਅਣਥੱਕ ਮਿਹਨਤ ਨਾਲ ਬਾਬੂ ਕਾਂਸ਼ੀ ਰਾਮ ਨੇ ਖੜ੍ਹਾ ਕੀਤਾ ਸੀ। ਬੀਬੀ ਮਾਇਆਵਤੀ ਨੇ ਕਾਂਸ਼ੀ ਰਾਮ ਉਤੇ ਜਾਦੂ ਕਰ ਦਿੱਤਾ। ਵਿਚਾਰਾ ਘਰਵਾਲਿਆਂ ਤੋਂ ਵੀ ਦੂਰ ਹੋ ਗਿਆ। ਇਹ ਬੀਬੀ ਯੂ.ਪੀ. ਦੀ ਸਿਆਸਤ ਉਤੇ ਤੂਫਾਨ ਵਾਂਗ ਛਾ ਗਈ। 2007 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਨੇ ਸਭ ਨੂੰ ਚਿੱਤ ਕਰ ਦਿੱਤਾ। ਕੁਦਰਤ ਦੇ ਰੰਗ ਨਿਰਾਲੇ! ਇਹ ਬੀਬੀ ਹਨ੍ਹੇਰੀ ਦੀ ਤਰ੍ਹਾਂ ਆਈ ਅਤੇ ਵਰੋਲੇ ਵਾਂਗ ਬਿਖਰ ਗਈ। ਬੇਅੰਤ ਮਾਇਆ ਨਾਲ ਖੇਡ ਗਈ। ਆਉਣ ਵਾਲੀਆਂ ਚੋਣਾਂ ਵਿਚ ਕੌਣ ਜਿੱਤੂ, ਕੌਣ ਹਾਰੂ, ਇਸ ਦਾ ਕਿਆਸ ਲਾਉਣਾ ਬਹੁਤ ਔਖਾ ਹੈ, ਪ੍ਰੰਤੂ ਬਹੁਤ ਲੋਕ ਇਹੀ ਮਹਿਸੂਸ ਕਰਦੇ ਹਨ ਕਿ ਬੀਬੀ ਮਾਇਆਵਤੀ ਮਾਇਆ ਨਾਲ ਜ਼ਰੂਰ ਕਲੋਲਾਂ ਕਰੇਗੀ।

ਹੁਣੇ-ਹੁਣੇ ਬਣਿਆ ਤੀਜਾ ਮੋਰਚਾ ਵੀ ਗਿਆਰਾਂ ਕੁ ਪਾਰਟੀਆਂ ਇਕੱਠੀਆਂ ਕਰ ਕੇ ਰਾਜ ਭਾਗ ਦੇ ਸੁਪਨੇ ਲੈ ਰਿਹਾ ਹੈ। ਇਨ੍ਹਾਂ ਪਾਰਟੀਆਂ ਦੇ ਪ੍ਰਧਾਨ ਅੰਦਰੋਂ ਅੰਦਰੀ ਦਿੱਲੀ ਦੇ ਤਖ਼ਤ ਉਤੇ ਬੈਠਣ ਲਈ ਉਤਾਵਲੇ ਹਨ। ਜੇ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਸੀਟਾਂ ਨਸੀਬ ਵੀ ਹੋ ਗਈਆਂ ਤਾਂ ਪ੍ਰਧਾਨ ਮੰਤਰੀ ਪਦ ਲਈ ਕੋਈ ਸਹਿਮਤੀ ਮੁਸ਼ਕਿਲ ਨਜ਼ਰ ਆਉਂਦੀ ਹੈ। ਜੇ ਸਹਿਮਤੀ ਹੋ ਵੀ ਗਈ ਤਾਂ ਵੱਧ ਤੋਂ ਵੱਧ ਛੇ ਮਹੀਨੇ ਰਾਜ ਕਰਨਗੇ। ਹਾਲਾਤ ਉਹੋ ਜਿਹੇ ਬਣ ਜਾਣਗੇ ਜਿਹੋ ਜਿਹੇ ਚੌਧਰੀ ਚਰਨ ਸਿੰਘ, ਦੇਵਗੌੜਾ, ਇੰਦਰ ਕੁਮਾਰ ਗੁਜਰਾਲ ਅਤੇ ਚੰਦਰ ਸ਼ੇਖਰ ਵੇਲੇ ਸਨ। ਉਦੋਂ ਖ਼ਜ਼ਾਨਾ ਖਾਲੀ ਹੋ ਗਿਆ ਸੀ ਅਤੇ ਵਿਦੇਸ਼ੀ ਮੁਦਰਾ ਦਾ ਕਾਲ ਪੈ ਗਿਆ ਸੀ।

ਅਕਾਲੀ ਪਾਰਟੀ ਦੀ ਦੇਸ਼ ਦੀ ਸਿਆਸਤ ਵਿਚ ਕੋਈ ਖਾਸ ਅਹਿਮੀਅਤ ਨਹੀਂ। 13 ਸੀਟਾਂ ਦਾ ਲੋਕ ਸਭਾ ਵਿਚ ਕੋਈ ਮਹੱਤਵ ਨਹੀਂ। ਫਿਰ ਵੀ ਚਲਦੇ-ਚਲਦੇ ਇਨ੍ਹਾਂ ਮਿੱਤਰ-ਪਿਆਰਿਆਂ ਨੂੰ ਨੇੜੇ ਤੋਂ ਦੇਖ ਲਈਏ। ਇਹ ਪਾਰਟੀ ਸੱਚੇ ਸੁੱਚੇ ਲੋਕਾਂ ਦੀ ਪਾਰਟੀ ਸੀ। ਸੇਵਾ ਉਹ ਵੀ ਨਿਸ਼ਕਾਮ, ਜਥੇਦਾਰਾਂ ਦੀ ਰਗ-ਰਗ ਵਿਚ ਸਮਾਈ ਹੋਈ ਸੀ। ਘਰੋਂ ਖਰਚ ਕਰ ਕੇ ਰਿਕਸ਼ਿਆਂ ਵਿਚ ਬੈਠ ਕੇ ਜਨਤਾ ਦਾ ਕੰਮ ਕਰਨ ਵਾਲੀ ਅਕਾਲੀ ਪਾਰਟੀ ਸੀ। ਅਨਪੜ੍ਹ ਅਤੇ ਗਰੀਬ ਹੁੰਦੇ ਹੋਈ ਵੀ ਅਸੂਲਾਂ ਦੇ ਪੱਕੇ ਸਨ। ਰਿਸ਼ਵਤ ਅਤੇ ਲਾਲਚ ਉਨ੍ਹਾਂ ਲਈ ਦੂਰ ਦੀ ਗੱਲ ਸੀ। ਹੁਣ ਸਭ ਕੁਝ ਉਲਟ ਹੋ ਗਿਆ ਹੈ। ਪਹਿਲਾਂ ਅਕਾਲੀਆਂ ਦੇ ਘਰਾਂ ਵਿਚ ਰੋਟੀ ਖਾਣ ਜੋਗੀ ਹੀ ਸਮਰੱਥਾ ਸੀ ਪਰ ਅੱਜ ਕੱਲ੍ਹ ਭਰੇ ਭੰਡਾਰ ਹਨ। ਮੈਂਬਰਸ਼ਿਪ ਲਈ ਸਭ ਕਿਸਮ ਦੇ ਲੋਕਾਂ ਲਈ ਦਰਵਾਜ਼ੇ ਖੁੱਲ੍ਹੇ ਹਨ। ਹਕੂਮਤ ਦੇ ਨਸ਼ੇ ਵਿਚ ਆ ਕੇ ਹੰਕਾਰ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਪਰਮਾਤਮਾ ਸੁਮੱਤ ਬਖ਼ਸ਼ੇ!

ਕੁਝ ਮਹੀਨੇ ਪਹਿਲਾਂ ਬਣੀ ਆਮ ਆਦਮੀ ਪਾਰਟੀ (ਆਪ) ਖੁਸ਼ੀ ਦਾ ਪੈਗਾਮ ਲੈ ਕੇ ਆਈ ਹੈ। ਸਥਾਪਤ ਪਾਰਟੀਆਂ ਤੋਂ ਸਤੇ ਹੋਏ ਲੋਕਾਂ ਨੇ ਇਸ ਤੋਂ ਵੱਡੀਆਂ ਆਸਾਂ ਲਾ ਰੱਖੀਆਂ ਹਨ। 'ਆਗਾਜ਼ (ਸ਼ੁਰੂਆਤ) ਤੋਂ ਅੱਛਾ ਹੈ, ਅੰਜਾਮ ਖੁਦਾ ਜਾਣੇ'; ਜਾਂ ਇਹ ਕਹੋ, 'ਅਭੀ ਤੋ ਇਬਤਦਾਏ ਇਸ਼ਕ ਹੈ, ਦੇਖੀਏ ਆਗੇ ਆਗੇ ਹੋਤਾ ਹੈ ਕਿਆ।'

ਅਖੀਰ ਵਿਚ ਦੋ ਸ਼ਬਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਾਬਤ ਕਹਿਣ ਨੂੰ ਦਿਲ ਕਰ ਆਇਆ। ਇਸ ਸ਼ਰੀਫ ਆਦਮੀ ਦਾ ਦਸ ਸਾਲ ਪ੍ਰਧਾਨ ਮੰਤਰੀ ਰਹਿਣਾ ਅਚੰਭਾ ਹੈ। ਕੋਈ ਇਸ ਨੂੰ ਮੋਨ ਸਿੰਘ ਕਹਿੰਦਾ ਹੈ, ਕੋਈ ਕਮਜ਼ੋਰ ਪ੍ਰਧਾਨ ਮੰਤਰੀ ਕਹਿੰਦਾ ਹੈ। ਲੋਕਾਂ ਦੀ ਮਰਜ਼ੀ, ਪਰ ਇਸ ਵਿਚ ਸ਼ੱਕ ਨਹੀਂ ਕਿ ਸਾਰੀ ਦੁਨੀਆਂ ਦੀ ਅਰਥ ਵਿਵਸਥਾ ਮੰਦੀ ਹੋਣ ਦੇ ਬਾਵਜੂਦ ਸਾਡੇ ਦੇਸ਼ ਦਾ ਕੋਈ ਬੈਂਕ ਫੇਲ੍ਹ ਨਹੀਂ ਹੋਇਆ। ਵਿਦੇਸ਼ੀ ਮੁਦਰਾ ਤਸੱਲੀਬਖ਼ਸ਼ ਹੈ। ਟੈਲੀਫੋਨ ਸੇਵਾਵਾਂ ਬਹੁਤ ਚੰਗੀਆਂ ਹਨ, ਪਰ ਮਹਿੰਗਾਈ ਨੂੰ ਇਹ ਕਾਬੂ ਨਹੀਂ ਕਰ ਸਕਿਆ ਅਤੇ ਕੁਰੱਪਟ ਲੋਕਾਂ ਨੂੰ ਵੀ ਨੱਥ ਨਹੀਂ ਪਾ ਸਕਿਆ। ਮਹਿਸੂਸ ਹੁੰਦਾ ਹੈ ਕਿ ਇਸ ਦੇਸ਼ ਦਾ ਭਾਰ ਸ਼ਰੀਫ਼ ਅਤੇ ਨੇਕ ਆਦਮੀ ਚੁੱਕ ਨਹੀਂ ਸਕਦਾ।

**ਅੰਤਿਕਾ:** ਇਕ ਵਾਰ ਕੋਈ ਬਜ਼ੁਰਗ ਅਤੇ ਉਸ ਦੀ ਨੂੰਹ ਰਾਣੀ ਪਿੰਡ ਤੋਂ ਸ਼ਹਿਰ ਵੱਲ ਪੈਦਲ ਜਾ ਰਹੇ ਸਨ। ਬੀਬੀ ਨੇ ਹੁੰਦੜਹੇਲ ਬੇਟਾ ਗੋਦੀ ਚੁੱਕਿਆ ਹੋਇਆ ਸੀ। ਥੋੜ੍ਹੀ ਦੇਰ ਬਾਅਦ ਬੀਬੀ ਥੱਕ ਗਈ ਅਤੇ ਉਸ ਨੇ ਬੱਚਾ ਬਜ਼ੁਰਗ ਨੂੰ ਫੜਾ ਦਿੱਤਾ। ਕੁਝ ਮਿੰਟਾਂ ਪਿਛੋਂ ਬਜ਼ੁਰਗ ਵੀ ਥੱਕ ਗਿਆ ਅਤੇ ਕਹਿਣ ਲੱਗਾ, "ਬੇਟੀ ਆਪਾਂ ਤੋਂ ਇਹ ਬੱਚਾ ਹੁਣ ਚੁੱਕਿਆ ਨਹੀਂ ਜਾਂਦਾ, ਇਸ ਨੂੰ ਤਾਂ ਰੱਬ ਹੀ ਚੁੱਕੂ।"

ਇਹੀ ਹਾਲਤ ਸਾਡੇ ਦੇਸ਼ ਦੀ ਹੈ। ਕੁਰੱਪਟ ਆਦਮੀ ਇਸ ਨੂੰ ਚੂੰਡ ਰਹੇ ਹਨ। ਵਧ ਰਹੀ ਜਨਤਾ ਅਤੇ ਮਹਿੰਗਾਈ ਇਸ ਦਾ ਬੋਝ ਵਧਾ ਰਹੀ ਹੈ। ਈਮਾਨਦਾਰ ਬੰਦੇ ਉਸ ਬਜ਼ੁਰਗ ਅਤੇ ਚੰਗੀ ਬੀਬੀ ਦੀ ਤਰ੍ਹਾਂ ਇਸ ਹੁੰਦੜਹੇਲ ਅਤੇ ਪਿਆਰੇ ਦੇਸ਼ ਦਾ ਭਾਰ ਉਠਾ ਨਹੀਂ ਸਕਦੇ। ਇਸ ਨੂੰ ਤਾਂ ਰੱਬ ਹੀ ਇਸ ਦਲਦਲ ਵਿਚੋਂ ਬਾਹਰ ਕੱਢ ਸਕਦਾ ਹੈ।

# ਪਰਵਾਸੀ ਪੰਜਾਬੀ ਅਤੇ ਕੇਜਰੀਵਾਲ ਦੀ 'ਆਪ'

ਦੇਸ-ਪਰਦੇਸ

***ਪਰਵਾਸੀ ਪੰਜਾਬੀਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਕਾਂਗਰਸ, ਬੀ.ਜੇ.ਪੀ. ਤੇ ਅਕਾਲੀਆਂ ਨੇ ਪੰਜਾਬੀਆਂ ਨੂੰ ਧਰਮਾਂ, ਬੋਲੀਆਂ ਤੇ ਜਾਤ-ਪਾਤ ਦੇ ਨਾਮ ਉੱਤੇ ਪਾੜ ਕੇ, ਅਸਲ ਆਰਥਿਕ ਮੁੱਦਿਆਂ ਤੋਂ ਭਟਕਾਉਣ ਤੋਂ ਇਲਾਵਾ ਕੀਤਾ ਹੀ ਕੁਝ ਨਹੀਂ। ਪਰਵਾਸੀ ਪੰਜਾਬੀ ਜਾਣ ਗਿਆ ਹੈ ਕਿ ਸਿਆਸਤਦਾਨਾਂ ਨੇ ਆਪਣੇ ਖੀਸੇ ਭਰ ਕੇ, ਪੰਜਾਬ ਦਾ ਸਤਿਆਨਾਸ ਕਰ ਸੁੱਟਿਆ ਹੈ। ਪਰਵਾਸੀ ਪੰਜਾਬੀ ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਕਰਨ ਲੱਗ ਪਏ ਹਨ ਕਿ ਦੇਸ਼ ਵਿਚੋਂ ਜਿੰਨੀ ਦੇਰ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਤੇ ਸਿਫ਼ਾਰਸ਼ਵਾਦ ਦੀਆਂ ਜੜ੍ਹਾਂ ਨਹੀਂ ਉਖਾੜੀਆਂ ਜਾਂਦੀਆਂ, ਦੇਸ਼ ਕਦੇ ਵੀ ਪੱਛਮੀ ਦੇਸ਼ਾਂ ਵਾਂਗ ਖੁਸ਼ਹਾਲ ਨਹੀਂ ਹੋ ਸਕਦਾ।***

ਸੰਨ 2014 ਦੀਆਂ ਪਹਿਲੀਆਂ ਅੰਗੜਾਈਆਂ ਦੌਰਾਨ, ਦਿੱਲੀ ਵਿਚ ਬਣੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਨੇ ਜਿੱਥੇ ਸਮੁੱਚੇ ਭਾਰਤ ਦੇ ਲੋਕ, ਆਮ ਆਦਮੀ ਪਾਰਟੀ (ਆਪ) ਵੱਲ ਆਕਰਸ਼ਤ ਕੀਤੇ ਹਨ, ਉੱਥੇ 'ਆਪ' ਦੀ ਟੀਮ ਦੇ ਚੁੰਬਕ ਨੇ ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀਆਂ ਅੱਖਾਂ ਵੀ ਕੇਜਰੀਵਾਲ ਵੱਲੀਂ ਘੁੰਮਾਅ ਦਿੱਤੀਆਂ ਹਨ। ਭਰਵੀਂ ਪੰਜਾਬੀ ਵਸੋਂ ਵਾਲੇ ਕੈਨੇਡਾ, ਅਮਰੀਕਾ, ਤੇ ਖ਼ਾਸ ਤੌਰ 'ਤੇ ਟੋਰਾਂਟੋ ਵਰਗੇ ਸ਼ਹਿਰ ਵਿਚ ਚੌਵੀ ਘੰਟੇ ਇਕੋ ਸਮੇਂ ਪੰਜਾਬੀ ਦੇ ਛੇ-ਛੇ ਪ੍ਰੋਗਰਾਮ ਇੱਕ-ਦੂਜੇ ਦੇ ਬਰਾਬਰ ਚਲਦੇ ਹਨ ਜਿਨ੍ਹਾਂ ਵਿਚ ਸੰਗੀਤ ਦੀ ਥਾਂ ਪੰਜਾਬ ਤੋਂ ਨਾਮਵਰ

ਇਕਬਾਲ ਰਾਮੂਵਾਲੀਆ, ਕੈਨੇਡਾ

ਫੋਨ: 905-792-7357

ਪੱਤਰਕਾਰ ਹਰ ਰੋਜ਼ ਲੋਕਾਂ ਨੂੰ ਪੰਜਾਬ ਵਿਚਲੀਆਂ ਰਾਜਨੀਤਕ ਘਟਨਾਵਾਂ ਨਾਲ ਜੋੜਦੇ ਹਨ। ਸ੍ਰੋਤੇ ਆਪਣੇ ਫ਼ੋਨਾਂ ਰਾਹੀਂ, ਇਨ੍ਹਾਂ ਪੱਤਰਕਾਰਾਂ ਨਾਲ, ਪੰਜਾਬ ਦੇ ਰਾਜਨੀਤਕ ਹਾਲਾਤ ਬਾਰੇ ਜਿਹੜਾ ਪ੍ਰਤੀਕਰਮ ਸਾਂਝਾ ਕਰਦੇ ਹਨ, ਉਸ ਦੀ ਸੁਰ ਸਪਸ਼ਟ ਸੰਕੇਤ ਦਿੰਦੀ ਹੈ ਕਿ ਪਰਵਾਸੀ ਪੰਜਾਬੀ, ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੀ ਬੀਤੇ 65-67 ਸਾਲ ਦੀ ਕਾਰਗੁਜ਼ਾਰੀ ਤੋਂ, ਪੂਰੀ ਤਰ੍ਹਾਂ ਨਾਰਾਜ਼/ਨਿਰਾਸ਼ ਅਤੇ ਖ਼ਫ਼ਾ ਹੋ ਕੇ ਸੋਚਣ ਲੱਗ ਪਏ ਸਨ ਕਿ ਇਸ ਦੇਸ਼ ਦਾ ਸੁਧਾਰ ਕਦੇ ਹੋ ਹੀ ਨਹੀਂ ਸਕਣਾ।

ਉਨ੍ਹਾਂ ਦਾ ਖ਼ਦਸ਼ਾ ਜਾਇਜ਼ ਵੀ ਸੀ, ਕਿਉਂਕਿ ਜਿਸ ਭਾਰਤ ਵਿਚ ਲੋਕਰਾਜ ਦਾ ਸੰਪੂਰਨ ਵਪਾਰੀਕਰਨ, ਅਪਰਾਧੀਕਰਨ, ਅਤੇ ਪਰਿਵਾਰੀਕਰਨ ਕਰ ਦਿੱਤਾ ਗਿਆ ਹੈ, ਉਸ ਦੇਸ਼ ਦੀ ਸਿਆਸਤ ਵਿਚ ਕਿਸੇ ਈਮਾਨਦਾਰ, ਬੇਗ਼ਰਜ਼ ਤੇ ਅਸੂਲਪ੍ਰਸਤ ਬੰਦੇ ਦੇ ਪੈਰ ਲੱਗਣ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ ਸੀ। ਹਰ ਸ਼ੋਅਬੇ ਵਿਚ ਕੈਂਸਰ ਵਾਂਗ ਫੈਲੇ ਭ੍ਰਿਸ਼ਟਾਚਾਰ, ਬੇਇਨਸਾਫ਼ੀ, ਧੱਕੇਖੋਰੀ, ਰਿਸ਼ਵਤਖੋਰੀ ਅਤੇ ਬੇਰੁਜ਼ਗਾਰੀ ਤੋਂ ਤੰਗ ਆਈ ਭਾਰਤ-ਪੰਜਾਬ ਦੀ ਜਨਤਾ ਬੇਵਸੀ ਦੇ ਆਲਮ ਵਿਚ ਨਿੱਸਲ ਹੋਈ ਪਈ ਸੀ। ਲਾਚਾਰ ਹੋਇਆ ਆਮ ਆਦਮੀ ਕਿਸਮਤਵਾਦ ਦੀ ਦਲਦਲ ਵਿਚ ਖੁੱਭ ਕੇ ਆਪਣੇ ਸੁਪਨੇ ਹੀ ਮਾਰੀ ਬੈਠਾ ਸੀ।

ਤੇ ਕਵੀ ਪਾਸ਼ ਦੇ ਸ਼ਬਦਾਂ ਵਿਚ, 'ਸਭ ਤੋਂ ਖ਼ਤਰਨਾਕ ਹੁੰਦਾ ਹੈ, ਸਾਡੇ ਸੁਪਨਿਆਂ ਦਾ ਮਰ ਜਾਣਾ!', ਹੁਣ ਬਦੇਸ਼ੀ ਪੰਜਾਬੀਆਂ ਦੇ ਸੁਪਨਿਆਂ ਵਿਚ ਮੋਮਬੱਤੀਆਂ ਜਗਣ ਲੱਗ ਪਈਆਂ ਹਨ। ਬੀਤੇ ਦੋ ਮਹੀਨਿਆਂ ਦੌਰਾਨ, ਬਦੇਸ਼ੀ ਪੰਜਾਬੀਆਂ ਅੰਦਰ ਪੰਜਾਬ ਦੀਆਂ ਕਾਂਗਰਸ, ਅਕਾਲੀ, ਬੀ.ਜੇ.ਪੀ. ਪਾਰਟੀਆਂ ਖ਼ਿਲਾਫ਼ ਗੁੱਸੇ ਤੇ ਰੋਹ ਦੀ ਜਿਹੜੀ ਸੁਰ ਅਚਾਨਕ ਹੀ ਬੁਲੰਦ ਹੋਈ ਹੈ, ਉਹ ਪਰਵਾਸੀ ਪੰਜਾਬੀਆਂ ਦੀ ਮਾਨਸਿਕਤਾ ਅੰਦਰ ਝਾਕੇ ਬਗ਼ੈਰ ਸਮਝੀ ਨਹੀਂ ਜਾ ਸਕਦੀ। ਬਦੇਸ਼ੀ ਪੰਜਾਬੀ ਜਿਨ੍ਹਾਂ ਮੁਲਕਾਂ ਵਿਚ ਵਸਦੇ ਹਨ, ਉੱਥੋਂ ਦੇ ਸਾਫ਼-ਸੁਥਰੇ ਰਾਜ-ਪ੍ਰਬੰਧ ਵਿਚ ਨਾ ਤਾਂ ਪੁਲਿਸ ਦੀਆਂ ਜ਼ਿਆਦਤੀਆਂ ਹਨ, ਤੇ ਨਾ ਹੀ ਸਰਕਾਰੀ ਦਫ਼ਤਰਾਂ ਵਿਚ ਨਿੱਕੇ-ਵੱਡੇ ਕੰਮ ਕਰਾਉਣ ਲਈ ਜ਼ਲਾਲਤ। ਨਾ ਇਨ੍ਹਾਂ ਮੁਲਕਾਂ ਵਿਚ ਪੰਜਾਬ-ਭਾਰਤ ਵਰਗੀਆਂ ਵਗਾਰਾਂ ਹਨ, ਨਾ ਆਮ ਜਨਤਾ ਦੇ ਪੱਧਰ ਉੱਤੇ ਕੋਈ ਭ੍ਰਿਸ਼ਟਾਚਾਰ, ਨਾ ਰਿਸ਼ਵਤਖੋਰੀ ਤੇ ਨਾ ਸਿਫ਼ਾਰਸ਼ਵਾਦ। ਇਥੋਂ ਦੀਆਂ ਪਾਰਟੀਆਂ ਅਤੇ ਲੀਡਰ ਵੋਟਾਂ ਭਰੋਟਣ ਲਈ ਨਾ ਨਸ਼ੇ ਵਰਤਾਉਂਦੇ ਹਨ, ਨਾ ਪੈਸਾ ਵੰਡਦੇ ਹਨ, ਤੇ ਨਾ ਹੀ ਪੰਜਾਬ ਵਾਂਗ ਝੂਠੇ ਕੇਸਾਂ ਵਿਚ ਫਸਾ ਕੇ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਦੇ ਹਨ। ਬੇਈਮਾਨ ਸਿਆਸਤਦਾਨਾਂ ਨੇ ਸਾਡੇ ਲੋਕਾਂ ਨੂੰ ਤਾਂ ਮੰਦਰਾਂ, ਮਸਜਿਦਾਂ, ਤੇ ਗੁਰਦਵਾਰਿਆਂ ਦੇ ਮਾਮਲਿਆਂ ਵਿਚ ਹੀ ਉਲਝਾਈ ਰੱਖਿਆ ਹੈ। ਯੂ.ਪੀ. ਵਿਚ ਲੋਕਾਂ ਨੂੰ ਭਰਮਾਉਣ ਲਈ 2600 ਕਰੋੜ ਰੁਪਏ ਦੇ ਸੰਗਮਰਮਰੀ ਹਾਥੀ ਲੁਆ ਦਿੱਤੇ, ਤੇ ਉਧਰ ਗੁਜਰਾਤ ਵਿਚ ਸਰਦਾਰ ਪਟੇਲ ਦੇ ਬੁੱਤ ਉੱਤੇ 2000 ਕਰੋੜ ਰੁਪਏ ਜ਼ਾਇਆ ਕਰ ਸੁੱਟੇ। ਇਹ ਢਕੌਂਸਲਾ ਬਦੇਸ਼ਾਂ ਵਿਚ ਕਦੀ ਵੀ ਚਲਾਇਆ ਨਹੀਂ ਜਾਂਦਾ।

ਪੰਜਾਬ ਦੇ ਸਰਕਾਰੀ ਅਫ਼ਸਰ ਤਾਂ ਰਾਜਸੀ ਪਾਰਟੀਆਂ ਦੇ ਬੰਧੂ ਬਣ ਕੇ ਰਹਿ ਗਏ ਹਨ, ਪਰ ਬਦੇਸ਼ਾਂ ਵਿਚ ਕਿਸੇ ਵੀ ਚੀਫ ਮਨਿਸਟਰ ਅਤੇ ਪ੍ਰਧਾਨ ਮੰਤਰੀ ਤਕ ਦੀ ਇਹ ਹਿੰਮਤ ਨਹੀਂ ਕਿ ਆਪਣੇ ਰਾਜਸੀ ਦਾਬੇ ਨਾਲ ਅਫ਼ਸਰਾਂ ਤੋਂ ਨਾਜਾਇਜ਼ ਕੰਮ ਕਰਵਾਉਂਦਾ ਫਿਰੇ। ਇੱਥੋਂ ਦੀ ਪੁਲਿਸ ਤਾਂ ਟਰੈਫ਼ਿਕ ਦੀ ਉਲੰਘਣਾ ਕਰਨ ਵਾਲੇ ਕਿਸੇ ਵਜ਼ੀਰ ਨੂੰ ਵੀ ਨਹੀਂ ਬਖ਼ਸ਼ਦੀ। ਨਾ ਹੀ ਪੰਜਾਬ ਵਾਂਗ ਫ਼ੋਕੀ ਟੌਹਰ ਲਈ ਮੰਤਰੀਆਂ ਦੀਆਂ ਕਾਰਾਂ ਨਾਲ ਪੰਜਾਹ-ਪੰਜਾਹ ਪੁਲਸੀਏ ਘੂੰ-ਘੂੰ ਕਰ ਕੇ ਲੰਘਦੇ ਹਨ। ਪੰਜਾਬ ਵਾਂਗ ਜਣਾ-ਖਣਾ ਹੀ ਆਪਣੀ ਕਾਰ ਉੱਪਰ ਲਾਲ ਬੱਤੀ ਨਹੀਂ ਟੁੰਗੀ ਫਿਰਦਾ। ਬਾਹਰਲੇ ਮੁਲਕਾਂ ਵਿਚ ਸਰਕਾਰ ਦਾ ਕੰਮ ਹੈ ਕਾਨੂੰਨ ਪਾਸ ਕਰਨੇ ਤੇ ਪੁਲਿਸ ਅਤੇ ਬਾਕੀ ਪ੍ਰਸ਼ਾਸਨ ਦਾ ਕੰਮ ਹੈ ਇਨ੍ਹਾਂ ਕਾਨੂੰਨਾਂ ਨੂੰ ਆਜ਼ਾਦਾਨਾ ਤੌਰ 'ਤੇ ਲਾਗੂ ਕਰਨਾ ਤੇ ਪਬਲਿਕ ਦੀ ਮਦਦ ਕਰਨੀ। ਕਿਸੇ ਚੀਫ਼ ਮਨਿਸਟਰ ਤਕ ਦੀ ਵੀ ਇਹ ਹਿੰਮਤ ਨਹੀਂ ਕਿ ਜੁਰਮ ਵਿਚ ਫਸੇ ਬੰਦੇ ਨੂੰ ਛੁਡਾਉਣ ਲਈ ਜਾਂ ਕਿਸੇ ਦੀ ਬਦਲੀ ਕਰਾਉਣ ਲਈ, ਤੇ ਜਾਂ ਕਿਸੇ ਨੂੰ ਨੌਕਰੀ 'ਤੇ ਰਖਾਉਣ ਦੀ ਸਿਫ਼ਾਰਸ਼ ਕਰ ਦੇਵੇ। ਇਥੇ ਪੰਜਾਬ ਵਾਂਗੂੰ ਵੱਡੇ-ਵੱਡੇ ਪੁਲਿਸ ਅਫ਼ਸਰ ਤੇ ਪ੍ਰਸ਼ਾਸਨੀ ਅਫ਼ਸਰ ਨਿੱਕੇ-ਨਿੱਕੇ ਰਾਜਸੀ ਲੀਡਰਾਂ ਤੇ 'ਹਲਕਾ ਇੰਚਾਰਜਾਂ' ਮੂਹਰੇ ਮੇਮਣੇ ਨਹੀਂ ਬਣਦੇ।

ਜੇ ਆਮ ਜ਼ਿੰਦਗੀ ਉੱਪਰ ਨਜ਼ਰ ਮਾਰੀਏ ਤਾਂ ਲੋਕਾਂ ਨੂੰ ਬੱਚਿਆਂ ਦੀ ਪੜ੍ਹਾਈ ਦੀ ਕੋਈ ਚਿੰਤਾ ਨਹੀਂ। ਬਾਰਾਂ ਗਰੇਡ ਤਕ ਫਾਈਵ-ਸਟਾਰ ਹੋਟਲਾਂ ਵਾਂਗ ਲਿਸ਼ਕਦੇ ਸਕੂਲਾਂ, ਕਿਤਾਬਾਂ ਨਾਲ ਲੱਦੀਆਂ ਲਾਇਬਰੇਰੀਆਂ ਅਤੇ ਕੰਪਿਊਟਰ ਲੈਬਾਂ ਵਿਚ ਹਰ ਬੱਚੇ ਨੂੰ ਮੁਫ਼ਤ ਵਿੱਦਿਆ ਦੇਣੀ ਤੇ ਸ਼ਾਨਦਾਰ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਇਲਾਜ ਦੇ ਨਾਲ-ਨਾਲ ਡਾਕਟਰਾਂ ਕੋਲ ਇਲਾਜ ਲਈ ਜਾਣ ਦਾ ਕੋਈ ਪੈਸਾ ਨਹੀ ਵਸੂਲਿਆ ਜਾਂਦਾ! ਬੇਰੁਜ਼ਗਾਰਾਂ ਲਈ ਅਤੇ ਸੀਨੀਅਰ ਸ਼ਹਿਰੀਆਂ ਲਈ ਦਵਾਈ ਵੀ ਮੁਫ਼ਤ। ਬੇਰੁਜ਼ਗਾਰਾਂ ਲਈ ਚੰਗਾ ਨਿਰਬਾਹ ਕਰਨਯੋਗ ਭੱਤਾ, ਹਰ ਸ਼ਹਿਰੀ ਲਈ ਸਸਤੀ ਪਬਲਿਕ ਟਰਾਂਸਪੋਰਟੇਸ਼ਨ, ਤੇ ਬੱਸਾਂ-ਟਰੇਨਾਂ ਮੁਕਲਾਵੇ ਆਈ ਨੂੰਹ ਵਾਂਗ ਸਜੀਆਂ ਹੋਈਆਂ। ਗੋਲੀਆਂ ਨਾਲ ਛਲਣੀ ਕੀਤੀਆਂ ਲਾਸ਼ਾਂ ਵਰਗੀਆਂ ਪੰਜਾਬ ਦੀਆਂ ਸੜਕਾਂ ਕਿਧਰੇ ਵੀ ਨਜ਼ਰ ਨਹੀ ਆਉਂਦੀਆਂ! ਨਾ ਕਿਤੇ ਕੋਈ ਮੱਖੀ ਭਿਣਕਦੀ ਹੈ, ਤੇ ਨਾ ਹੀ ਕੰਨਾਂ ਦੇ ਉਦਾਲੇ ਮੱਛਰ ਟੀਂ-ਟੀਂ ਕਰਦਾ ਹੈ। ਭੂ-ਮਾਫ਼ੀਆ ਨਾਮ ਦੀ ਕੋਈ ਚੀਜ਼ ਹੀ ਨਹੀਂ ਇਥੇ। ਵਿਰਲੇ-ਵਿਰਲੇ ਘਪਲੇ ਜ਼ਰੂਰ ਹੁੰਦੇ ਹਨ, ਪਰ ਘਪਲਾਬਾਜ਼, ਭਾਰਤ ਦੇ ਘਪਲੀਆਂ ਵਾਂਗ ਪੈਸੇ ਤੇ ਰਾਜਸੀ ਪਹੁੰਚ ਨਾਲ ਸੁੱਕਾ ਨਹੀਂ ਨਿੱਕਲ ਸਕਦਾ।

ਇਸ ਸਾਰੇ ਸੀਨ ਵਿਚ ਵਸਦੇ ਪਰਵਾਸੀ ਪੰਜਾਬੀ ਖਿਝਦੇ ਹਨ ਕਿ ਕੈਨੇਡਾ ਅਮਰੀਕਾ ਵਰਗਾ ਸਾਫ਼-ਸੁਥਰਾ ਰਾਜ ਪ੍ਰਬੰਧ ਪੰਜਾਬ ਵਿਚ ਕਿਉਂ ਨਹੀਂ ਹੋ ਸਕਦਾ? ਪਰਵਾਸੀ ਪੰਜਾਬੀ ਜਦੋਂ ਚਾਵਾਂ ਨਾਲ ਪੰਜਾਬ ਗੇੜਾ ਮਾਰਨ ਜਾਂਦੇ ਹਨ, ਤਾਂ ਜਿਹੜੀ ਜ਼ਲਾਲਤ ਉਨ੍ਹਾਂ ਨੂੰ ਪੁਲਿਸ, ਕਚਹਿਰੀਆਂ, ਪਟਵਾਰੀਆਂ ਤੇ ਤਹਿਸੀਲਦਾਰਾਂ ਦੇ ਹੱਥੋਂ, ਅਤੇ ਐਸ.ਡੀ.ਐਮਜ਼ ਤੇ ਹੋਰ ਉੱਚ ਅਧਿਕਾਰੀਆਂ ਹੱਥੋਂ ਝੱਲਣੀ ਪੈਂਦੀ ਹੈ, ਉਹ ਪੰਜਾਬ ਦੀ ਮਿੱਟੀ ਦੀ ਮਹਿਕ ਸੁੰਘਣ ਆਏ ਪੰਜਾਬੀਆਂ ਨੂੰ ਧੁਰ ਤਕ



ਭੰਨ ਸੁੱਟਦੀ ਹੈ। ਜਿੱਥੇ ਇੱਕ ਪਾਸੇ ਗੰਦਗੀ ਤੇ ਮੱਖੀ-ਮੱਛਰ ਅਤੇ ਖੱਡੇਦਾਰ ਸੜਕਾਂ, ਵਤਨ ਆਏ ਪੰਜਾਬੀਆਂ ਦੀ ਰੂਹ ਨੂੰ ਤਰੇੜਾਂ ਕਰ ਸੁਟਦੀਆਂ ਹਨ, ਉਥੇ ਪੁਲਿਸ, ਮਾਲ ਮਹਿਕਮੇ ਅਤੇ ਰਾਜਸੀ ਲੀਡਰਾਂ ਦੀ ਮਿਲੀ-ਭੁਗਤ ਰਾਹੀਂ, ਪਰਵਾਸੀਆਂ ਦੇ ਪੰਜਾਬ ਵਸਦੇ ਸਕੇ ਸੰਬੰਧੀ ਹੀ ਜਾਅਲੀ ਮੁਖਤਾਰਨਾਮੇ ਬਣਾ ਕੇ, ਤੇ ਜਾਅਲੀ ਰਜਿਸਟਰੀਆਂ ਕਰਾ ਕੇ ਜਾਇਦਾਦਾਂ ਹੜੱਪ ਲੈਂਦੇ ਹਨ। ਆਪਣੀਆਂ ਜਾਇਦਾਦਾਂ ਵਾਪਸ ਲੈਣ ਲਈ ਚਾਰਾਜੋਈ ਕਰਨ ਵਾਲਾ ਪਰਵਾਸੀ, ਭ੍ਰਿਸ਼ਟ ਸਿਸਟਮ 'ਚ ਪੋਟਾ-ਪੋਟਾ ਮਰਦਾ ਹੈ। ਇਨਸਾਫ਼ ਦਾ ਕੋਈ ਛਿੱਜਿਆ ਹੋਇਆ ਪਰਛਾਵਾਂ ਵੀ ਉਸ ਦੀ ਚੇਤਨਾ 'ਚ ਨਹੀਂ ਜੁੜਦਾ। ਰਾਜਸੀ ਸ਼ਹਿ 'ਤੇ ਹੀ ਉਸ ਦੇ ਖ਼ਿਲਾਫ਼ ਝੂਠੇ ਪੁਲਿਸ ਕੇਸ ਬਣਾ ਦਿੱਤੇ ਜਾਂਦੇ ਹਨ, ਅਫ਼ਸਰਸ਼ਾਹੀ ਤੇ ਪੁਲਿਸ ਨਾਲ ਮਿਲ ਕੇ ਸੁਪਾਰੀਆਂ ਦੇ ਕੇ ਕਤਲ ਕਰਵਾ ਦਿੱਤਾ ਜਾਂਦਾ ਹੈ। ਪਰਵਾਸੀ ਲੋਕ ਜਿਹੜਾ ਪੰਜਾਬ ਚਾਲੀ ਪੰਜਾਹ ਸਾਲ ਪਹਿਲਾਂ ਛੱਡ ਕੇ ਗਏ ਸਨ, ਭ੍ਰਿਸ਼ਟ ਰਾਜਸੀ ਲੀਡਰਾਂ ਵੱਲੋਂ ਵਲੂੰਧਰੇ ਉਸ ਦੇ ਹੁਲੀਏ ਨੂੰ ਦੇਖ ਕੇ ਉਹ ਪੀੜ-ਪੀੜ ਹੋ ਜਾਂਦੇ ਹਨ। ਪਰਵਾਸੀ ਪੰਜਾਬੀ ਇਸ ਆਪਾ-ਧਾਪੀ ਦੇ ਆਦੀ ਨਹੀਂ ਹਨ। ਇਸ ਲਈ ਪਰਵਾਸੀ ਬਿਮਾਰ, ਅੱਧਮੋਏ ਪੰਜਾਬ ਦੀ ਤਸਵੀਰ ਪੰਜਾਬੀਆਂ ਨੂੰ ਉਦਾਸ, ਦੁਖੀ ਅਤੇ ਖ਼ਫ਼ਾ ਕਰਦੀ ਹੈ। ਉਹ ਪੰਜਾਬ ਦੀ ਬੇਰੁਜ਼ਗਾਰੀ, ਗਰੀਬੀ, ਨਸ਼ਾਖੋਰੀ ਅਤੇ ਹੋਰ ਅਲਾਮਤਾਂ ਦੇਖ ਕੇ ਝੂਰਦੇ ਹਨ। ਉਹ ਚਾਹੁੰਦੇ ਹਨ, ਉਨ੍ਹਾਂ ਦੇ ਬੱਚਿਆਂ ਅੰਦਰ ਪੰਜਾਬ ਜਾਣ ਦੀ ਤੀਬਰ ਤਲਬ ਉੱਠੇ, ਪਰ ਜਿਹੜਾ ਬੱਚਾ ਇੱਕ ਵਾਰੀ ਪੰਜਾਬ ਗਿਆ, ਉਹ ਮੁੜ ਕੇ ਪੰਜਾਬ ਦਾ ਨਾਮ ਲੈਣ ਤੋਂ ਵੀ ਤ੍ਰਭਕਦਾ ਹੈ। ਪਰਵਾਸੀ ਪੰਜਾਬੀਆਂ ਅੰਦਰ ਆਪਣੇ ਪੰਜਾਬ ਨੂੰ ਕੈਨੇਡਾ ਅਮਰੀਕਾ ਜਰਮਨੀ ਆਸਟਰੇਲੀਆ ਵਰਗਾ ਦੇਖਣ ਦੀ ਚਾਹਤ ਹੈ; ਲੇਕਿਨ ਸੰਚਾਰ ਸਾਧਨਾਂ ਦੀ ਬਹੁਤਾਤ ਨੇ ਪੰਜਾਬ ਤੇ ਭਾਰਤ ਵਿਚ ਘਟਦੀ ਹਰ ਘਟਨਾ ਤੋਂ ਦੁਨੀਆਂ ਭਰ 'ਚ ਵਸਦੇ ਪੰਜਾਬੀਆਂ ਨੂੰ ਇਹ ਜਾਣਕਾਰੀ ਦੇ ਦਿੱਤੀ ਹੈ ਕਿ ਪੰਜਾਬ-ਭਾਰਤ ਵਿਚ ਉਤਨੀ ਦੇਰ ਪੱਛਮੀ ਮੁਲਕਾਂ ਵਰਗਾ ਸਾਫ਼ ਸੁਥਰਾ ਰਾਜ ਨਹੀਂ ਆ ਸਕਦਾ, ਜਦੋਂ ਤਕ ਉਥੋਂ ਦੇ ਸਰਕਾਰੀ ਨਿਜ਼ਾਮ ਦੀ ਵਾਗਡੋਰ ਕਿਸੇ ਅਸਲੋਂ ਹੀ ਈਮਾਨਦਾਰ ਬੰਦੇ ਅਤੇ ਸਾਫ਼ ਸੁਥਰੀ ਪਾਰਟੀ ਦੇ ਹੱਥ ਵਿਚ ਨਹੀਂ ਆ ਜਾਂਦੀ।

ਪਰਵਾਸੀ ਪੰਜਾਬੀਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਕਾਂਗਰਸ, ਬੀ.ਜੇ.ਪੀ. ਤੇ ਅਕਾਲੀਆਂ ਨੇ ਪੰਜਾਬੀਆਂ ਨੂੰ ਧਰਮਾਂ, ਬੋਲੀਆਂ ਤੇ ਜਾਤ-ਪਾਤ ਦੇ ਨਾਮ ਉੱਤੇ ਪਾੜ ਕੇ, ਅਸਲ ਆਰਥਿਕ ਮੁੱਦਿਆਂ ਤੋਂ ਭਟਕਾਉਣ ਤੋਂ ਇਲਾਵਾ ਕੀਤਾ ਹੀ ਕੁਝ ਨਹੀਂ। ਪਰਵਾਸੀ ਪੰਜਾਬੀ ਜਾਣ ਗਿਆ ਹੈ ਕਿ ਸਿਆਸਤਦਾਨਾਂ ਨੇ ਆਪਣੇ ਖੀਸੇ ਭਰ ਕੇ, ਪੰਜਾਬ ਦਾ ਸਤਿਆਨਾਸ ਕਰ ਸੁੱਟਿਆ ਹੈ। ਪਰਵਾਸੀ ਪੰਜਾਬੀ ਇਹ ਗੱਲ ਬੜੀ ਸ਼ਿੱਦਤ ਨਾਲ਼ ਮਹਿਸੂਸ ਕਰਨ ਲੱਗ ਪਏ ਹਨ ਕਿ ਦੇਸ਼ ਵਿਚੋਂ ਜਿੰਨੀ ਦੇਰ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਤੇ ਸਿਫ਼ਾਰਸ਼ਵਾਦ ਦੀਆਂ ਜੜ੍ਹਾਂ ਨਹੀਂ ਉਖਾੜੀਆਂ ਜਾਂਦੀਆਂ, ਦੇਸ਼ ਕਦੇ ਵੀ ਪੱਛਮੀ ਦੇਸ਼ਾਂ ਵਾਂਗ ਖੁਸ਼ਹਾਲ ਨਹੀਂ ਹੋ ਸਕਦਾ। ਦਿੱਲੀ ਵਿਚ ਦੋਹਾਂ ਵੱਡੀਆਂ ਪਾਰਟੀਆਂ ਵੱਲੋਂ ਤੇ ਮੀਡੀਆ ਵੱਲੋਂ ਕੇਜਰੀਵਾਲ ਨੂੰ ਨਿੱਸਲ ਕਰਨ ਲਈ ਜਿਸ ਬੇਸ਼ਰਮੀ ਦਾ ਖੁੱਲ੍ਹਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਉਸ ਨੂੰ ਦੇਖਦਿਆਂ ਬਦੇਸ਼ਾਂ ਵਿਚ ਵਸਦੇ ਪੰਜਾਬੀ ਇਸ ਵਿਚਾਰ ਦੇ ਹੋ ਗਏ ਹਨ ਕਿ ਰਵਾਇਤੀ ਪਾਰਟੀਆਂ ਨੇ ਸੱਤਾ ਵਿਚ ਰਹਿਣ ਲਈ ਜੋੜ-ਤੋੜ ਹੀ ਕੀਤੇ ਹਨ; ਭਾਰਤ ਦੀ ਦਿਨੋਂ-ਦਿਨ ਵਿਗੜ ਰਹੀ ਆਰਥਿਕਤਾ, ਗੁੰਡਾਗਰਦੀ, ਬੇਰੁਜ਼ਗਾਰੀ, ਬੇਇਨਸਾਫ਼ੀ ਅਤੇ ਹੋਰ ਬੁਰਾਈਆਂ ਦਾ ਰੱਤੀ ਭਰ ਫ਼ਿਕਰ ਵੀ ਕਿਸੇ ਰਵਾਇਤੀ ਪਾਰਟੀ ਨੂੰ ਨਹੀਂ ਹੈ। ਖੱਬੇ ਪੱਖੀ ਪਾਰਟੀਆਂ ਦੀ ਮੌਕਾਪ੍ਰਸਤੀ ਵੀ ਸਿਰਫ਼ ਰਾਜਸੱਤਾ ਵਿਚ ਭਾਈਵਾਲੀ ਪ੍ਰਾਪਤ ਕਰਨ ਲਈ, ਭ੍ਰਿਸ਼ਟ ਪਾਰਟੀਆਂ ਨਾਲ ਸਾਂਝ ਪਾਉਣ ਤੀਕ ਸੀਮਤ ਹੋ ਕੇ ਰਹਿ ਗਈ ਹੈ।

ਹੁਣ ਜਦੋਂ ਕੇਜਰੀਵਾਲ ਨੇ ਆਮ ਆਦਮੀ ਦੇ ਦੁੱਖਾਂ-ਦਰਦਾਂ ਨੂੰ ਹਰਨ ਲਈ, ਈਮਾਨਦਾਰੀ, ਦ੍ਰਿੜਤਾ, ਬੇਗ਼ਰਜ਼ੀ ਅਤੇ ਬੇਖੌਫ਼ਤਾ ਦਾ ਮੁਜ਼ਾਹਰਾ ਕਰਦਿਆਂ, ਸਿਰਫ਼ ਕੁਰਸੀ ਨਾਲ ਚਿੰਬੜੇ ਰਹਿਣ ਦੀ ਥਾਂ, ਭ੍ਰਿਸ਼ਟਾਚਾਰ ਮੂਹਰੇ ਗੋਡੇ ਟੇਕਣ ਤੋਂ ਇਨਕਾਰ ਕਰ ਦਿੱਤਾ, ਤਾਂ ਪਰਵਾਸੀ ਪੰਜਾਬੀਆਂ ਦੇ ਮਨਾਂ ਅੰਦਰ ਤੂਫ਼ਾਨੀ ਜੋਸ਼ ਉੱਮੜ ਪਿਆ। ਪਰਵਾਸੀ ਪੰਜਾਬੀ ਹੁਣ ਖੁੱਲ੍ਹ ਕੇ ਇਹ ਕਹਿ ਰਹੇ ਹਨ ਕਿ ਭਾਰਤ ਦੇ ਲੋਕਾਂ ਨੇ ਅਗਰ ਕੇਜਰੀਵਾਲ ਵਰਗੇ ਠੋਸ, ਈਮਾਨਦਾਰ, ਬੇਗ਼ਰਜ਼, ਦੂਰਸਰਸ਼ੀ ਤੇ ਬੇਖੌਫ਼ ਨੇਤਾ ਨੂੰ ਗੁਆ ਲਿਆ, ਤਾਂ ਇਸ ਦਾ ਖ਼ਮਿਆਜ਼ਾ ਭਾਰਤ ਦੀਆਂ ਕਈ ਪੀੜ੍ਹੀਆਂ ਨੂੰ ਭੁਗਤਣਾ ਪਵੇਗਾ। ਇਹੀ ਕਾਰਨ ਹੈ ਕਿ ਪਰਵਾਸੀ ਪੰਜਾਬੀ, ਫ਼ੋਨਾਂ ਰਾਹੀਂ, ਪੰਜਾਬ ਵਿਚਲੇ ਆਪਣੇ ਸਕੇ-ਸੰਬੰਧੀਆਂ, ਸਨੇਹੀਆਂ ਅਤੇ ਮਿੱਤਰਾਂ ਨੂੰ 'ਆਪ' ਨਾਲ ਜੁੜਨ ਦੀ ਪ੍ਰੇਰਨਾ ਦੇ ਰਹੇ ਹਨ।

# ਕੌਣ ਕਰ ਰਿਹਾ ਹੈ ਜ਼ਹਿਰ ਦੀ ਖੇਤੀ?

ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਕੁਝ ਸਮਾਂ ਪਹਿਲਾਂ ਕਰਨਾਟਕ ਦੇ ਇਕ ਨਗਰ ਗੁਲਬਰਗ ਵਿਚ ਕਿਹਾ ਸੀ ਕਿ ਜਿਹੜੇ ਬੰਦੇ ਦੇਸ਼ ਵਿਚ ਜ਼ਹਿਰ ਦੀ ਖੇਤੀ ਕਰਦੇ ਹਨ, ਉਹ ਕਦੀ ਵੀ ਇਸ ਦੇਸ਼ ਵਿਚ ਸੱਤਾ ਵਿਚ ਨਹੀਂ ਆ ਸਕਣਗੇ। ਸਪਸ਼ਟ ਸੀ ਕਿ ਉਹ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਉਮੀਦਵਾਰ ਨਰੇਂਦਰ

ਡਾ. ਮਹੀਪ ਸਿੰਘ

ਫੋਨ: 91-93139-32888

ਮੋਦੀ ਵੱਲ ਇਸ਼ਾਰਾ ਕਰਦੇ ਹੋਏ ਸੰਨ 2002 ਵਿਚ ਗੁਜਰਾਤ ਵਿਚ ਵਾਪਰੇ ਮੁਸਲਮਾਨ ਵਿਰੋਧੀ ਦੰਗਿਆਂ ਲਈ ਮੋਦੀ ਨੂੰ ਕਸੂਰਵਾਰ ਠਹਿਰਾਅ ਰਹੇ ਸਨ।

ਸੋਨੀਆ ਗਾਂਧੀ ਦਾ ਸਿੱਧਾ ਇਸ਼ਾਰਾ ਗੁਜਰਾਤ ਦੀ ਨਰੇਂਦਰ ਮੋਦੀ ਦੀ ਭਾਜਪਾ ਸਰਕਾਰ ਵੱਲ ਸੀ ਜਿਸ ਨੇ ਉਸ ਰਾਜ ਵਿਚ ਮੁਸਲਮਾਨਾਂ ਦੇ ਹੋਏ ਕਤਲੇਆਮ ਨੂੰ ਆਪਣੀ ਅਪ੍ਰਤੱਖ ਪ੍ਰਵਾਨਗੀ ਦੇ ਦਿੱਤੀ ਸੀ। ਉਂਝ ਉਸ ਤੋਂ 18 ਵਰ੍ਹੇ ਪਹਿਲਾਂ 1984 ਵਿਚ ਸਿੱਖਾਂ ਨੂੰ ਜਿਸ ਜ਼ਹਿਰ ਦੀ ਖੇਤੀ ਦੇ ਫਲ ਚਖਾਏ ਗਏ ਸਨ, ਉਨ੍ਹਾਂ ਦੀ ਖੇਤੀ ਕਿਸ ਨੇ ਕੀਤੀ ਸੀ? ਇੰਦਰਾ ਗਾਂਧੀ ਨੇ 1981 ਵਿਚ ਮੁੜ ਸੱਤਾ ਵਿਚ ਆਉਂਦੇ ਹੀ ਜ਼ਹਿਰ ਦੀ ਖੇਤੀ ਦੇ ਬੀਜ ਬੀਜਣੇ ਸ਼ੁਰੂ ਕਰ ਦਿੱਤੇ ਸਨ। ਸ਼੍ਰੋਮਣੀ ਅਕਾਲੀ ਦਲ ਨੇ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਦਾ ਵਿਰੋਧ ਕੀਤਾ ਸੀ ਅਤੇ ਐਮਰਜੈਂਸੀ ਦੌਰਾਨ ਲਗਾਤਾਰ ਜਥੇ ਭੇਜ ਕੇ ਆਪਣਾ ਸਰਗਰਮ ਵਿਰੋਧ ਪ੍ਰਗਟ ਕੀਤਾ ਸੀ ਅਤੇ ਗ੍ਰਿਫ਼ਤਾਰੀਆਂ ਦਿੱਤੀਆਂ ਸਨ। ਇੰਦਰਾ ਗਾਂਧੀ ਨੇ ਅਕਾਲੀਆਂ ਨੂੰ ਸਬਕ ਸਿਖਾਉਣਾ ਸੀ। ਉਸ ਨੇ ਬੜੀ ਵਿਉਂਤਬੰਦੀ ਨਾਲ ਪੰਜਾਬ ਵਿਚ ਹਿੰਸਾ ਨੂੰ ਸ਼ਹਿ ਦਿੱਤੀ ਅਤੇ ਹਾਲਾਤ ਇਥੋਂ ਤੱਕ ਪੁਚਾ ਦਿੱਤੇ ਕਿ ਆਪ੍ਰੇਸ਼ਨ ਬਲਿਊ ਸਟਾਰ ਤੱਕ ਦੀ ਨੌਬਤ ਆ ਗਈ। ਟੈਂਕਾਂ ਸਮੇਤ ਭਾਰਤੀ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਕਿੰਨੇ ਹੀ ਗੁਰਦੁਆਰਿਆਂ ਵਿਚ ਵੜ ਗਈ। ਉਥੇ ਜੋ ਤਬਾਹੀ ਹੋਈ, ਉਹ ਸਾਰਿਆਂ ਨੂੰ ਪਤਾ ਹੈ। ਪੰਜਾਬ ਵਿਚ ਉਸ ਵੇਲੇ ਬੜੀ ਦਹਿਸ਼ਤਗਰਦੀ ਛਾਈ ਹੋਈ ਸੀ। ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਬਹੁਤ ਸਾਰੇ ਸਾਥੀ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹਥਿਆਰਬੰਦ ਹੋ ਕੇ ਵਿਚਰ ਰਹੇ ਸਨ। ਬਹੁਤ ਸਾਰੇ ਲੋਕੀ ਚਾਹੁੰਦੇ ਸਨ ਕਿ ਅਜਿਹੇ ਅਨਸਰਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਰਵਾਇਆ ਜਾਵੇ ਅਤੇ ਉਸ ਲਈ ਸੰਤ ਲੌਂਗੋਵਾਲ ਦੀ ਪ੍ਰਧਾਨਗੀ ਵਾਲੇ ਅਕਾਲੀ ਦਲ ਦੇ ਸਹਿਯੋਗ ਨਾਲ ਕੋਈ ਸ਼ਾਂਤੀਪੂਰਨ ਰਾਹ ਕੱਢਿਆ ਜਾਏ ਪਰ ਸ੍ਰੀ ਹਰਿਮੰਦਰ ਸਾਹਿਬ ਵਿਚ ਕਿਸੇ ਵੀ ਹਾਲਤ ਵਿਚ ਫ਼ੌਜ ਨਾ ਭੇਜੀ ਜਾਏ ਪਰ ਇੰਦਰਾ ਗਾਂਧੀ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ 30 ਤੋਂ ਵੱਧ ਗੁਰਦੁਆਰਿਆਂ ਉਤੇ ਫ਼ੌਜ ਚਾੜ੍ਹ ਦਿੱਤੀ।

ਜਦੋਂ ਇੰਦਰਾ ਗਾਂਧੀ ਦੀ ਹੱਤਿਆ ਹੋ ਗਈ ਤਾਂ ਕੇਂਦਰ ਸਰਕਾਰ ਦੀ ਸ਼ਹਿ 'ਤੇ ਸਾਰੇ ਹਿੰਦੁਸਤਾਨ ਵਿਚ ਸਿੱਖਾਂ ਦੇ ਖਿਲਾਫ਼ ਮੁਹਿੰਮ ਸ਼ੁਰੂ ਹੋ ਗਈ ਅਤੇ ਬਹੁਤ ਸਾਰੇ ਕਾਂਗਰਸੀ ਆਗੂ ਸਿੱਖਾਂ ਦਾ ਕਤਲੇਆਮ ਕਰਨ, ਉਨ੍ਹਾਂ ਦੀਆਂ ਜਾਇਦਾਦਾਂ ਲੁੱਟਣ ਅਤੇ ਅੱਗਾਂ ਲਾਉਣ ਵਿਚ ਲੱਗ ਗਏ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ ਸੀ, ਉਸੇ ਰਾਤ ਤੋਂ ਸਿੱਖਾਂ 'ਤੇ ਹਮਲੇ ਸ਼ੁਰੂ ਹੋ ਗਏ ਸਨ। ਰਾਸ਼ਟਰਪਤੀ ਭਵਨ ਤੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਫੋਨ ਕਰਨ ਦਾ ਬੜਾ ਯਤਨ ਕੀਤਾ ਪਰ ਰਾਜੀਵ ਗਾਂਧੀ ਨੇ ਉਨ੍ਹਾਂ ਦਾ ਫੋਨ ਚੁੱਕਿਆ ਹੀ ਨਹੀਂ। ਉਹ ਤਾਂ ਸਿੱਖਾਂ ਦੇ ਕਤਲੇਆਮ ਨੂੰ ਇਹ ਆਖ ਕੇ ਸਹੀ ਠਹਿਰਾ ਰਿਹਾ ਸੀ ਕਿ 'ਜਦੋਂ ਕੋਈ ਵੱਡਾ ਦਰੱਖਤ ਗਿਰਦਾ ਹੈ ਤਾਂ ਧਰਤੀ ਹਿਲਦੀ ਹੀ ਹੈ।'

ਰਾਹੁਲ ਗਾਂਧੀ ਜੋ ਦੇਸ਼ ਦਾ ਅਗਲਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਵੇਖ ਰਿਹਾ ਹੈ, ਨੇ ਹਾਲ ਵਿਚ ਹੀ ਜੋ ਬਿਆਨ ਦਿੱਤਾ ਹੈ, ਉਸ ਵਿਚ ਗੁਜਰਾਤ ਵਿਚ ਹੋਏ ਦੰਗਿਆਂ ਅਤੇ ਦਿੱਲੀ ਦੇ ਦੰਗਿਆਂ ਦੀ ਗੱਲ ਕੀਤੀ ਗਈ ਹੈ। ਗੁਜਰਾਤ ਬਾਰੇ ਉਸ ਨੇ ਕਿਹਾ ਹੈ ਕਿ ਨਰੇਂਦਰ ਮੋਦੀ ਦੀ ਸਰਕਾਰ ਨੇ ਦੰਗੇ ਰੋਕਣ ਦਾ ਕੋਈ ਯਤਨ ਨਹੀਂ ਕੀਤਾ। ਇਸ ਲਈ ਉਥੇ ਇੰਨੇ ਮੁਸਲਮਾਨ ਮਾਰੇ ਗਏ, ਜਦੋਂ ਕਿ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਦਿੱਲੀ ਦੇ ਸਿੱਖਾਂ ਨੂੰ ਬਚਾਉਣ ਦਾ ਪੂਰਾ ਯਤਨ ਕੀਤਾ। ਇਹ ਗੱਲ ਕਿੰਨੀ ਝੂਠ ਹੈ। ਇਹੀ ਨਹੀਂ ਗੁਜਰਾਤ ਵਿਚ ਹੋਏ ਦੰਗਿਆਂ ਦੀ ਜਾਂਚ ਲਈ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਦੇ ਹੁਕਮ ਨਾਲ ਵਿਸ਼ੇਸ਼ ਪੜਤਾਲੀਆ ਟੀਮ ਬਣਾਈ ਜਿਸ ਨੇ ਨਰੋਦਾ ਪਾਟੀਆ ਵਿਚ ਮਾਰੇ ਗਏ ਮੁਸਲਮਾਨਾਂ ਦੇ ਦੋਸ਼ੀਆਂ ਨੂੰ ਲੰਮੀਆਂ ਸਜ਼ਾਵਾਂ ਦਿੱਤੀਆਂ। ਮਾਇਆ ਕੋਡਨਾਨੀ ਅਤੇ ਬਾਬੂ ਬਜਰੰਗੀ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਗੁਜਰਾਤ ਵਿਚ 200 ਤੋਂ ਵੱਧ ਬੰਦੇ ਦੰਗਿਆਂ ਵਿਚ ਸਰਗਰਮ ਹਿੱਸਾ ਲੈਣ ਦੇ ਦੋਸ਼ ਵਿਚ ਉਮਰ ਕੈਦ ਭੋਗ ਰਹੇ ਹਨ ਪਰ ਦਿੱਲੀ ਵਿਚ ਕੰਮ ਕਰ ਰਹੀ ਕਾਂਗਰਸ ਜਾਂ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਨੇ ਜ਼ੋਰ ਪਾ ਕੇ 30 ਵਰ੍ਹੇ ਪਹਿਲਾਂ ਵਾਪਰੇ ਕਤਲੇਆਮ ਦੀ ਜਾਂਚ ਕਰਨ ਲਈ ਐਸ.ਆਈ.ਟੀ. ਕਿਉਂ ਨਹੀਂ ਬਣਵਾਈ?

ਰਾਹੁਲ ਗਾਂਧੀ ਨੇ ਆਪ ਮੰਨਿਆ ਹੈ ਕਿ ਕੁਝ ਕਾਂਗਰਸੀ ਵੀ ਸਿੱਖ ਵਿਰੋਧੀ ਦੰਗਿਆਂ ਵਿਚ ਸ਼ਾਮਿਲ ਸਨ। ਉਂਝ ਇਹ ਵੀ ਅਜੀਬ ਗੱਲ ਹੈ ਕਿ ਉਸ ਕਾਂਗਰਸ ਪਾਰਟੀ ਦੀ ਪ੍ਰਧਾਨ ਅੱਜ ਬੜਾ ਚੀਕ-ਚੀਕ ਕੇ ਇਹ ਐਲਾਨ ਕਰ ਰਹੀ ਹੈ ਕਿ ਜ਼ਹਿਰ ਦੀ ਖੇਤੀ ਕਰਨ ਵਾਲੇ ਬੰਦਿਆਂ ਨੂੰ ਸੱਤਾ ਵਿਚ ਨਹੀਂ ਆਉਣ ਦੇਣਾ ਜਿਸ ਨੇ ਆਪ ਸੱਤਾ ਵਿਚ ਹੁੰਦਿਆਂ ਜ਼ਹਿਰ ਦੀ ਖੇਤੀ ਕੀਤੀ। 30 ਵਰ੍ਹੇ ਪਿੱਛੋਂ ਸਾਰੇ ਦੇਸ਼ ਵਿਚ ਮੁੜ ਇਹ ਮੰਗ ਜ਼ੋਰ ਫੜ ਰਹੀ ਹੈ ਕਿ ਸਿੱਖਾਂ ਉਤੇ ਹੋਏ ਜ਼ੁਲਮ ਦੇ ਦੋਸ਼ੀਆਂ ਨੂੰ ਫੜਿਆ ਜਾਏ ਅਤੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

# ਖ਼ਬਰਾਂ ਵਿਚ ਰਹਿਣ ਦਾ ਖ਼ਬਤ


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268


ਦਾਨ ਪੁੰਨ ਦਾ ਭਲਾ ਕੰਮ ਕਰਨ ਵਾਲਿਆਂ ਲਈ ਜਿਨ੍ਹਾਂ ਸਮਿਆਂ ਵਿਚ ਇਹ ਨਸੀਹਤ-ਨੁਮਾ ਸੁਝਾਅ ਹੋਂਦ ਵਿਚ ਆਇਆ ਹੋਵੇਗਾ ਕਿ ਜਦ ਸੱਜਾ ਹੱਥ ਦਾਨ ਕਰੇ ਤਾਂ ਖੱਬੇ ਨੂੰ ਪਤਾ ਨਾ ਲੱਗੇ, ਉਦੋਂ ਹਾਲੇ ਅਖ਼ਬਾਰਾਂ ਛਪਣੀਆਂ ਸ਼ੁਰੂ ਨਹੀਂ ਹੋਈਆਂ ਹੋਣੀਆਂ। ਇਹ ਕਥਨ ਘੜਨ ਵਾਲੇ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਅੱਗੇ ਐਸਾ 'ਘੋਰ ਅਖ਼ਬਾਰੀ ਯੁੱਗ' ਆਉਣ ਵਾਲਾ ਹੈ ਜਿਸ ਵਿਚ ਸੱਜੇ ਹੱਥ ਵੱਲੋਂ ਕੀਤੇ ਗਏ ਦਾਨ ਪੁੰਨ ਦੀ ਮੁਕੰਮਲ ਜਾਣਕਾਰੀ ਨਿਰੀ ਖੱਬੇ ਹੱਥ ਨੂੰ ਹੀ ਨਹੀਂ ਹੋਵੇਗੀ, ਸਗੋਂ ਉਸ ਦਾ ਢੰਡੋਰਾ ਪੂਰੀ ਦੁਨੀਆਂ ਵਿਚ ਪਿੱਟ ਹੋਇਆ ਕਰੇਗਾ। ਅਖ਼ਬਾਰੀ ਯੁੱਗ ਦੇ ਬੋਲ ਬਾਲੇ ਨੇ 'ਗੁਪਤ ਦਾਨ ਮਹਾਂ ਕਲਿਆਣ' ਵਾਲੇ ਮੁਹਾਵਰੇ ਦਾ ਪੂਰੀ ਤਰ੍ਹਾਂ ਕਲਿਆਣ ਕਰ ਕੇ ਰੱਖ ਦਿੱਤਾ ਹੈ। ਹੁਣ ਇਸ ਨੇਕ ਮੁਹਾਵਰੇ ਦਾ ਸਰੂਪ ਇੰਜ ਦਾ ਹੋ ਗਿਆ ਹੈ,

ਐਲਾਨੀਆ ਦਾਨ! ਸਾਡਾ ਗੂੰਜੇ ਨਾਮ! ਦਫ਼ਾ ਕਰੋ ਕਲਿਆਣ!

ਦਾਨੀ ਸੱਜਣ ਜੀ ਸਕੂਲ ਵਿਚ ਕਿਤਿਉਂ ਸਸਤਾ ਜਿਹਾ ਪੱਖਾ ਲੈ ਕੇ ਲਗਵਾਉਂਦੇ ਨੇ ਲੇਕ, ਪਰ ਉਨ੍ਹਾਂ ਦੀ ਅਖ਼ਬਾਰਾਂ ਵਿਚ ਸਨਮਾਨਿਤ ਹੁੰਦਿਆਂ ਦੀ ਛਪੀ ਫੋਟੋ ਥੱਲੇ ਲਿਖਿਆ ਹੁੰਦਾ ਹੈ, "ਮਹਾਨ ਦਾਨੀ ਪਾਖਰ ਸਿੰਘ ਨੇ 'ਪੱਖਿਆਂ' ਦੀ ਸੇਵਾ ਕਰਵਾਈ।" ਮਿਹਰਵਾਨ ਪੱਤਰਕਾਰ ਦੀ ਮਿਹਰ ਸਦਕਾ ਪੱਖਾ ਇਕ ਬਚਨ ਤੋਂ ਬਹੁ ਬਚਨ ਬਣ ਜਾਂਦਾ ਹੈ।

ਇਸ਼ਤਿਹਾਰਾਤ ਕੇ ਇਸ ਦੌਰ ਮੇਂ,  
ਜੀਨਾ ਹੈ ਅਗਰ।  
ਖ਼ੁਦ ਕੋ ਹਰ ਰੋਜ਼,  
ਕਿਸੀ ਤਾਜ਼ਾ ਖ਼ਬਰ ਮੇਂ ਰਖਨਾ।

ਆਪਣੇ ਆਪ ਨੂੰ 'ਤਾਜ਼ਾ ਖ਼ਬਰ' ਵਿਚ ਰੱਖਣ ਦਾ ਭੁਸ ਅੱਜ ਮਹਾਂ ਮਾਰੀ ਬਣ ਚੁੱਕਾ ਹੈ। ਜੇ ਮਨੁੱਖਤਾ ਦਾ ਭਲਾ ਕਰ ਕੇ ਅਖ਼ਬਾਰਾਂ ਵਿਚ ਆਪਣੀ ਚਰਚਾ ਕਰਾਉਣ ਜਾਂ ਨਾਮ ਛਪਾਉਣ ਤੱਕ ਹੀ ਗੱਲ ਸੀਮਤ ਰਹਿੰਦੀ ਤਾਂ ਵੀ ਕੋਈ ਹਰਜ ਨਹੀਂ ਸੀ! ਚਲੋ, ਇਸੇ ਬਹਾਨੇ ਲੋਕਾਈ ਦਾ ਭਲਾ ਹੁੰਦਾ ਰਹਿੰਦਾ; ਲੇਕਿਨ ਹੁਣ ਤਾਂ ਇਸ ਭੁੱਖ ਨੇ ਵਿਕਰਾਲ ਰੂਪ ਧਾਰ ਲਿਆ ਹੈ। 'ਬਦਨਾਮ ਗਰ ਹੋਂਗੇ ਤੋ ਕਿਆ ਨਾਮ ਨਾ ਹੋਗਾ?' ਵਾਲਾ ਅਖਾਣ, ਅਖ਼ਬਾਰੀ ਚਰਚਾ ਰਾਹੀਂ ਪ੍ਰਸਿੱਧੀ ਖੱਟਣ ਦਾ ਬੇ-ਹਯਾ ਸਾਧਨ ਬਣ ਚੁੱਕਾ ਹੈ।

ਕਹਿੰਦੇ ਨੇ, ਬਾਜ਼ਾਰ ਵਿਚੋਂ ਲੰਘ ਰਹੇ ਕਿਸੇ ਭਲੇ ਪੁਰਖ ਨੇ ਦੇਖਿਆ ਕਿ ਚੰਗਾ ਭਲਾ ਦਿਸਦਾ ਬੰਦਾ ਜੁੱਤੀ ਫੜ ਕੇ ਆਪਣੇ ਹੀ ਸਿਰ ਵਿਚ ਮਾਰ ਰਿਹਾ ਹੈ। ਕੁਝ ਤਮਾਸ਼ਬੀਨ ਹੱਸ ਰਹੇ ਸਨ ਪਰ ਉਸ ਨੂੰ ਹਟਾਉਣ ਦਾ ਯਤਨ ਕੋਈ ਨਹੀਂ ਸੀ ਕਰ ਰਿਹਾ। ਇਕ ਨੇਕ ਬੰਦੇ ਨੇ ਸੋਚਿਆ ਕਿ ਇਹ ਕੋਈ ਪਾਗਲ ਹੋਵੇਗਾ। ਇਹ ਵਿਚਾਰ ਕੇ ਉਹ ਅੱਗੇ ਚਲਾ ਗਿਆ।

ਜਦ ਉਹ ਬੰਦਾ ਅੱਧੇ ਕੁ ਘੰਟੇ ਬਾਅਦ ਵਾਪਸ ਉਥੇ ਪਹੁੰਚਿਆ ਤਾਂ ਸਿਰ 'ਚ ਜੁੱਤੀਆਂ ਮਾਰਨ ਵਾਲਾ ਵਾਹੋ-ਦਾਹੀ ਉਸੇ ਕੰਮ 'ਤੇ ਡਟਿਆ ਹੋਇਆ ਸੀ। ਨੇਕ ਬੰਦੇ ਨੂੰ ਤਰਸ ਆ ਗਿਆ। ਉਸ ਨੇ ਅੱਗੇ ਵਧ ਕੇ ਹੱਥੋਂ ਜੁੱਤੀ ਖੋਹਣ ਦਾ ਯਤਨ ਕੀਤਾ ਅਤੇ ਪੁੱਛਿਆ, ਭਲਿਆ ਮਾਣਸਾ! ਲਗਾਤਾਰ ਜੁੱਤੀਆਂ ਦੀ ਸੱਟ ਨਾਲ ਤੇਰਾ ਸਿਰ ਲਾਲ ਹੋਇਆ ਪਿਐ, ਇਹ ਪਾਗਲਪੁਣਾ ਕਿਉਂ ਕਰ ਰਿਹੈਂ।

ਆਪਣੇ ਆਪ ਨੂੰ ਜੁੱਤੀਆਂ ਨਾਲ ਭੰਨ ਰਿਹਾ ਬੰਦਾ, ਪਲ ਦੀ ਪਲ ਰੁਕ ਕੇ ਪੁੱਛਣ ਲੱਗਾ, "ਤੁਸੀਂ ਕੋਈ ਪੱਤਰਕਾਰ ਹੋ?" ਨੇਕ ਬੰਦੇ ਦੇ ਮੂੰਹੋਂ 'ਨਹੀਂ' ਦਾ ਜਵਾਬ ਸੁਣ ਕੇ ਆਪਣੇ ਸਿਰ ਵਿਚ ਉਸੇ ਰਫ਼ਤਾਰ ਨਾਲ ਜੁੱਤੀਆਂ ਮਾਰਦਾ ਉਹ ਬੰਦਾ ਬੋਲਿਆ, "ਫਿਰ ਜਾਓ! ਤੁਹਾਡਾ ਇਥੇ ਕੀ ਕੰਮ? ਮੈਂ ਤਾਂ ਕਿਸੇ ਪੱਤਰਕਾਰ ਨੂੰ ਉਡੀਕ ਰਿਹਾਂ, ਕੋਈ ਨਾ ਕੋਈ ਆਵੇਗਾ ਹੀ! ਇਸ 'ਅਸਾਨ ਜਿਹੇ' ਕੰਮ ਬਦਲੇ ਮੇਰੀ ਫੋਟੋ ਅਖ਼ਬਾਰਾਂ ਵਿਚ ਛਪੇਗੀ, ਮੁਫ਼ਤੋਂ ਮੁਫ਼ਤੀ।"

ਪੰਜਾਬ ਦੇ ਕਿਸੇ ਸ਼ਹਿਰ ਦਾ ਪੱਤਰਕਾਰ ਆਪਣੇ ਦਫ਼ਤਰ ਬੈਠਾ ਸੀ। ਘੰਟੀ ਵੱਜੀ 'ਤੇ ਉਸ ਨੇ ਫੋਨ ਚੁੱਕਿਆ। 'ਸਤਿ ਸ੍ਰੀ ਅਕਾਲ' ਦਾ ਜਵਾਬ ਦੇ ਕੇ ਉਹ ਫੋਨ 'ਤੇ ਗੱਲਾਂ ਕਰਨ ਲੱਗਾ, "ਨਹੀਂ ਨਹੀਂ ਗਿੱਲ ਸਾਹਿਬ, ਸ਼ੁਕਰੀਆ ਕਰ ਕੇ ਸ਼ਰਮਿੰਦਾ ਨਾ ਕਰੋ। ਇਹ ਤਾਂ ਸਾਡਾ ਫ਼ਰਜ਼ ਐ ਜੀ, ਲਉ ਲਉ, ਆਪਣੇ ਖਾਸ ਬੰਦਿਆਂ ਨੂੰ ਅਸੀਂ ਕਿਵੇਂ ਭੁਲਾ ਸਕਦੇ ਹਾਂ। ਗਿੱਲ ਸਾਬ੍ਹ ਦਾ ਨਾਂ ਸਭ ਤੋਂ ਪਹਿਲਾਂ ਮ੍ਹਾ'ਰਾਜ! ਹੱਦ ਹੋ ਗਈ, ਧੰਨਵਾਦ ਨਾ ਕਹੋ 'ਸਰ ਜੀ' ਇੰਨਾ ਕੰਮ ਵੀ ਨਹੀਂ ਕਰ ਸਕਦੇ ਅਸੀਂ? ਹੈਂ ਸਪਲੀਮੈਂਟ? ਹਾਂ ਹਾਂ ਜੀ, ਪੱਕਾ ਵਿਸਾਖੀ 'ਤੇ। ਬਿਲਕੁਲ ਜੀ, ਤੁਹਾਡੇ ਸਿਰ 'ਤੇ ਹੀ ਤਾਂ ਬੈਠੇ ਹਾਂ ਮਾਲਕੋ!" ਸਿਰੇ ਦੀ ਫਰਮਾਬਰਦਾਰ ਟੋਨ ਵਿਚ 'ਕੋਈ ਹੋਰ ਹੁਕਮ?' ਪੁੱਛ ਕੇ ਪੱਤਰਕਾਰ ਨੇ ਰਿਸੀਵਰ ਰੱਖ ਦਿੱਤਾ।

ਰਿਸੀਵਰ ਰੱਖ ਕੇ ਪੱਤਰਕਾਰ ਕਹਿ-ਕਹਾ ਮਾਰ ਕੇ ਹੱਸਿਆ, ਤੇ ਕੋਲ ਬੈਠੇ ਆਪਣੇ ਦੋਸਤ ਪ੍ਰੋਫੈਸਰ ਦੇ ਪੱਟ 'ਤੇ ਹੱਥ ਮਾਰਦਿਆਂ ਕਹਿੰਦਾ, "ਲਉ ਜੀ, ਕਰ ਲਉ ਗੱਲ! ਇਨ੍ਹਾਂ ਲੋਕਾਂ ਦੇ ਕਿਹੜੀ 'ਜਾਗਰੂਕਤਾ ਦੇ ਟੀਕੇ' ਲਾ ਦਉਗੇ ਤੁਸੀਂ ਪ੍ਰੋਫੈਸਰ ਸਾਹਿਬ?" ਕਿਉਂਕਿ ਇਹ ਦੋਵੇਂ ਮਿੱਤਰ ਫੋਨ ਦੀ ਘੰਟੀ ਵੱਜਣ ਤੋਂ ਪਹਿਲਾਂ ਪੰਜਾਬ ਦੇ ਸਮਾਜਕ ਨਿਘਾਰ ਬਾਰੇ ਚਰਚਾ ਵਿਚ ਖੁੱਭੇ ਹੋਏ ਸਨ, ਪੱਤਰਕਾਰ ਨੇ ਵਿਅੰਗ 'ਚ ਸਵਾਲ ਕੀਤਾ। ਪ੍ਰੋਫੈਸਰ ਨੂੰ ਕੀ ਪਤਾ ਸੀ ਕਿ ਫੋਨ 'ਤੇ ਕਿਹੜੇ ਗਿੱਲ ਨਾਲ, ਕਿਸ ਵਿਸ਼ੇ 'ਤੇ ਗੱਲ ਹੋਈ ਹੈ ਪੱਤਰਕਾਰ ਦੀ? ਇਸ ਲਈ ਪ੍ਰੋਫੈਸਰ ਵੱਲੋਂ 'ਕੀ ਮਤਲਬ?' ਕਹੇ ਜਾਣ 'ਤੇ ਪੱਤਰਕਾਰ ਨੇ ਗਿੱਲ ਦੇ ਸ਼ੁਕਰੀਏ ਦਾ ਭੇਤ ਖੋਲ੍ਹਿਆ।

"ਕੱਲ੍ਹ ਆਪਣੇ ਵਾਰਡ ਦੇ ਐਮ.ਸੀ. ਭੱਲਾ ਸਾਹਿਬ ਦਾ ਅੰਤਿਮ ਸੰਸਕਾਰ ਹੋਇਆ ਸੀ। ਉਨ੍ਹਾਂ ਦੇ ਜਨਾਜ਼ੇ ਨਾਲ ਸਬਜ਼ੀ ਮੰਡੀ ਵਾਲਾ ਆੜ੍ਹਤੀ ਗਿੱਲ ਵੀ ਗਿਆ ਸੀ। ਫਿਊਨਰਲ ਦੀ ਖ਼ਬਰ ਵਿਚ ਮੈਂ ਹੋਰ ਸਰਕਰਦਾ ਸ਼ਖ਼ਸੀਅਤਾਂ ਦੇ ਨਾਲ ਗਿੱਲ ਦਾ ਨਾਂ ਵੀ ਪਾ ਦਿੱਤਾ ਸੀ। 'ਸਦਮੇ' ਦੇ ਸਿਰਲੇਖ ਹੇਠ ਛਪੀ ਨਿੱਕੀ ਜਿਹੀ ਖ਼ਬਰ ਵਿਚ ਆਪਣਾ ਨਾਂ ਪੜ੍ਹ ਕੇ ਫੁੱਲ ਕੇ ਕੁੱਪਾ ਹੋ ਰਹੇ ਗਿੱਲ ਨੇ ਫੋਨ 'ਤੇ ਮੇਰਾ ਧੰਨਵਾਦ ਤੱਕ ਕਰ ਦਿੱਤਾ। ਇਸੇ ਖ਼ੁਸ਼ੀ ਵਿਚ ਆਉਂਦੀ ਵਿਸਾਖੀ ਦੇ ਸਪਲੀਮੈਂਟ ਲਈ ਅੱਧੇ ਸਫ਼ੇ ਦੇ ਇਸ਼ਤਿਹਾਰ ਲਈ ਵੀ ਅਗੇਤੀ 'ਪੈਸ' ਕਰ ਗਿਆ... ਹਾ... ਹਾ... ਹਾ!"

ਪੱਤਰਕਾਰ ਹੱਸ ਰਿਹਾ ਸੀ, ਪਰ ਗਿੱਲ ਦੀ ਫ਼ਿਤਰਤ ਬਾਰੇ ਸੋਚਦਿਆਂ, ਪ੍ਰੋਫੈਸਰ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

ਸਿਆਸੀ ਪਾਰਟੀ ਦੇ ਜ਼ਿਲ੍ਹਾ ਪੱਧਰੀ ਦਫ਼ਤਰ ਵਿਚ ਲੱਗੇ ਸੇਵਾਦਾਰ ਨੇ ਖ਼ਬਰਾਂ ਵਿਚ ਆਪਣਾ ਨਾਂ ਦਰਜ ਕਰਾਉਣ ਲਈ ਵੱਖਰਾ ਤਰੀਕਾ ਅਪਨਾਇਆ ਹੋਇਆ ਸੀ। ਦਫ਼ਤਰ ਵਿਚ ਹੋਈਆਂ ਮੀਟਿੰਗਾਂ ਵਗੈਰਾ ਦੀ ਕਵਰੇਜ ਕਰਨ ਪਹੁੰਚੇ ਪੱਤਰਕਾਰਾਂ ਮੋਹਰੇ ਪਕੌੜਿਆਂ ਜਾਂ ਸਮੋਸਿਆਂ ਦੀਆਂ ਪਲੇਟਾਂ ਅੱਗੇ ਨੂੰ ਕਰਦਿਆਂ ਉਸ ਨੇ ਕਹੀ ਜਾਣਾ "ਲੈ ਬਈ ਮਿੱਤਰੋ, ਸਾਡੀ ਪਾਰਟੀ ਦੀ ਟੌਹਰ ਵਾਲੀ ਖ਼ਬਰ ਬਣਾਇਓ, ਮੇਰਾ ਨਾਂ ਬੇਸ਼ੱਕ ਨਾ ਲਿਖਿਓ, ਆਪਣੀ ਤਾਂ ਗੁਪਤ ਸੇਵਾ ਈ ਠੀਕ ਐ।" ਪਰ ਦੂਜੇ ਦਿਨ ਦੀਆਂ ਜਿਨ੍ਹਾਂ ਜਿਨ੍ਹਾਂ ਅਖ਼ਬਾਰਾਂ ਵਿਚ ਉਹਦਾ ਨਾਂ ਨਹੀਂ ਸੀ ਛਪਿਆ ਹੁੰਦਾ, ਉਨ੍ਹਾਂ ਦੇ ਪੱਤਰਕਾਰਾਂ ਨੂੰ ਉਹ ਗਾਲ੍ਹਾਂ ਕੱਢਦਾ ਰਹਿੰਦਾ।

ਇਕ ਵਾਰ ਭਾਰੀ ਮੀਂਹਾਂ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿਚ ਆਏ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਸੀ। ਹੜ੍ਹ ਮਾਰੇ ਲੋਕਾਂ ਦੀਆਂ ਤਕਲੀਫ਼ਾਂ ਦੀਆਂ ਖ਼ਬਰਾਂ ਪੜ੍ਹ-ਪੜ੍ਹ ਕੇ ਅਸੀਂ ਵਿਦੇਸ਼ ਬੈਠ ਤੜਫਦੇ ਰਹਿੰਦੇ। ਦਰਿਆ ਦੇ ਬਿਲਕੁਲ ਨਾਲ ਵੱਸਦੇ ਇਕ ਪਿੰਡ ਰਹਿੰਦੇ ਮੇਰੇ ਜਾਣੂੰ ਦੇ ਮੁੰਡੇ ਦਾ ਫੋਨ ਆਇਆ, ਜਿਵੇਂ ਕਿਤੇ ਉਹਦੇ ਕੋਲੋਂ ਚਾਅ ਸਾਂਭੇ ਨਾ ਜਾਂਦੇ ਹੋਣ! ਉਹ ਲੁੱਡੀਆਂ ਪਾਉਣ ਵਾਂਗ ਬੋਲਿਆ, "ਚਾਚਾ ਜੀ, ਅੱਜ ਫਲਾਣੀ ਅਖ਼ਬਾਰ ਦਾ ਸਫ਼ਾ ਨੰਬਰ ਅੱਠ ਦੇਖਿਆ ਤੁਸੀਂ?" ਮੇਰੇ ਮੂੰਹੋਂ 'ਨਹੀਂ' ਸੁਣ ਕੇ ਉਹ ਉਸੇ ਉਤਸ਼ਾਹ ਨਾਲ ਬੋਲਿਆ, "ਨੈਟ 'ਤੇ ਹੁਣੇ ਅਖ਼ਬਾਰ ਖੋਲ੍ਹ ਕੇ ਦੇਖੋ, ਸਾਡੀ ਰੰਗਦਾਰ ਫੋਟੋ ਛਪੀ ਹੋਈ ਹੈ ਤੇ ਨਾਲੇ ਮੇਰਾ ਨਾਂ ਵੀ।" ਇੰਨਾ ਕਹਿ ਕੇ ਉਸ ਨੇ ਫੋਨ ਕੱਟ ਦਿੱਤਾ ਅਤੇ ਜਾਂਦਾ-ਜਾਂਦਾ ਸਫ਼ਾ ਅੱਠ ਘਰੋੜ ਕੇ ਕਹਿ ਗਿਆ, ਮਤਾਂ ਕਿਤੇ ਮੈਂ ਉਸ ਦੀ ਫੋਟੋ ਦੇਖਣ ਤੋਂ ਵਾਂਝਾ ਹੀ ਰਹਿ ਜਾਵਾਂ।

ਇਹ ਮੁੰਡਾ ਖੇਡਾਂ ਵਿਚ ਮਿਹਨਤੀ ਹੋਣ ਦੇ ਨਾਲ-ਨਾਲ ਪੜ੍ਹਾਈ ਵਿਚ ਵੀ ਹਮੇਸ਼ਾ ਵਧੀਆ ਰਿਜ਼ਲਟ ਦਿਖਾਉਂਦਾ ਆ ਰਿਹਾ ਸੀ। ਮੈਂ ਵੀ ਚਾਈਂ-ਚਾਈਂ ਇਹ ਸੋਚਦਿਆਂ ਅਖ਼ਬਾਰ ਖੋਲ੍ਹਣ ਲੱਗਾ ਕਿ ਜਾਂ ਤਾਂ ਉਸ ਨੇ ਕਿਸੇ ਗੇਮ ਵਿਚ ਮਾਅਰਕਾ ਮਾਰਿਆ ਹੋਣੈ, ਜਾਂ ਫਿਰ ਕਿਸੇ ਇਮਤਿਹਾਨ 'ਚੋਂ ਚੰਗੀ ਮੱਲ ਮਾਰੀ ਹੋਵੇਗੀ। ਨੈਟ 'ਤੇ ਅਖ਼ਬਾਰ ਦੇਖਦਾ ਮੈਂ ਉਸ ਦੇ ਮਾਂ ਬਾਪ ਨੂੰ ਵਧਾਈਆਂ ਦੇਣ ਲਈ, ਮਨ ਹੀ ਮਨ ਚੋਣਵੇਂ ਸ਼ਬਦਾਂ ਦੀ ਜੜਤ ਬਣਾਉਣ ਲੱਗਾ। ਸਬੰਧਤ ਅਖ਼ਬਾਰ ਦੇ ਸਫ਼ਾ ਨੰਬਰ ਅੱਠ 'ਤੇ ਛਪੀ ਇਕ ਫੋਟੋ ਗਹੁ ਨਾਲ ਦੇਖੀ ਜਿਸ ਵਿਚ ਉਹ ਮੁੰਡਾ ਆਪਣੇ ਹੋਰ ਪਿੰਡ ਵਾਸੀਆਂ ਨਾਲ ਖੜ੍ਹਾ ਸੀ। ਫੋਟੋ ਵਿਚ ਸਾਫ ਦਿਸਦਾ ਸੀ, ਦਰਿਆ ਦੇ ਠਾਠਾਂ ਮਾਰਦੇ ਪਾਣੀ ਨੇ ਪਿੰਡ ਵਾਲੇ ਪਾਸੇ ਨੂੰ ਢਾਹ ਲਾਈ ਹੋਈ ਹੈ। ਦੋ-ਤਿੰਨ ਭਾਰੇ ਸਫੈਦਿਆਂ ਦੇ ਦਰਖ਼ਤ ਢਾਹ ਕਾਰਨ ਲੁੜਕੇ ਹੋਏ ਦਿਸ ਰਹੇ ਸਨ। ਮੱਕੀ ਵਾਲੇ ਖੇਤ ਨੂੰ ਦਰਿਆ ਖੋਰੀ ਜਾ ਰਿਹਾ ਸੀ ਅਤੇ ਲੰਮੇ-ਲੰਮੇ ਟਾਂਡੇ ਪਾਣੀ ਵੱਲ ਝੁਕੇ ਹੋਏ ਸਨ।

ਜ਼ਿਲ੍ਹੇ ਦੇ ਡੀ.ਸੀ. ਅਤੇ ਹੋਰ ਅਫ਼ਸਰਾਂ ਸਮੇਤ ਪਿੰਡ ਦੀ ਪੰਚਾਇਤ ਇਸ ਥਾਂ ਖੜ੍ਹੇ ਦਰਿਆ ਦੇ ਵਹਿਣ ਦਾ ਅੰਦਾਜ਼ਾ ਲਾ ਰਹੇ ਸਨ। ਪਿੰਡ ਵਾਸੀਆਂ ਵਿਚ ਉਹ ਮੁੰਡਾ ਵੀ ਖੜ੍ਹਾ ਸੀ। ਫੋਟੋ ਥੱਲੇ ਲਿਖੀ ਹੋਈ ਖ਼ਬਰ ਹੋਰ ਵੀ ਭਿਆਨਕ ਸੀ ਜਿਸ ਵਿਚ ਕੰਟਰੋਲ ਰੂਮ ਵੱਲੋਂ ਦਰਿਆ ਦੇ ਨਾਲ-ਨਾਲ ਵਸਦੇ ਪਿੰਡਾਂ ਨੂੰ ਚੌਵੀ ਘੰਟੇ ਦੇ ਅੰਦਰ-ਅੰਦਰ ਸੁਰੱਖਿਅਤ ਥਾਂਵਾਂ 'ਤੇ ਚਲੇ ਜਾਣ ਦੀ ਚਿਤਾਵਨੀ ਦਿੱਤੀ ਹੋਈ ਸੀ। ਇਸ ਇਲਾਕੇ ਵਿਚ ਫੌਰੀ ਤੌਰ 'ਤੇ ਇੰਜਣ ਬੋਟ ਅਤੇ ਟੈਂਟ ਵਗੈਰਾ ਜਲਦੀ ਪਹੁੰਚਾਉਣ ਲਈ ਡੀ.ਸੀ. ਦੇ ਆਦੇਸ਼ਾਂ ਦਾ ਜ਼ਿਕਰ ਸੀ। ਅਖ਼ੀਰ ਵਿਚ ਮੌਕੇ 'ਤੇ ਹਾਜ਼ਰ ਸਾਰੇ ਵਿਅਕਤੀਆਂ ਦੇ ਨਾਂ ਸਨ। ਮੇਰੇ ਮਨ ਵਿਚ ਉਸ ਮੁੰਡੇ ਦੇ ਮਾਪਿਆਂ ਨੂੰ ਵਧਾਈ ਦੇਣ ਲਈ ਉਠੀਆਂ ਉਮੰਗਾਂ ਦਰਿਆ ਦਾ ਤੇਜ਼ ਪਾਣੀ ਰੋੜ੍ਹ ਕੇ ਲੈ ਗਿਆ।

ਕਿਸੇ ਭੈਣ ਦਾ ਸੁੱਖਾਂ ਲੱਧਾ ਵੀਰ ਸਿਰ 'ਤੇ ਕਲਗੀ-ਸਿਹਰੇ ਸਜਾ ਕੇ ਘੋੜੀ ਚੜ੍ਹਿਆ ਹੋਵੇ, ਉਹ ਤਾਂ ਆਂਢਣਾਂ-ਗੁਆਂਢਣਾਂ ਤੋਂ ਵਧਾਈਆਂ ਦੀ ਮੰਗ ਕਰਦੀ ਸੋਭਦੀ ਹੈ, 'ਮੈਨੂੰ ਦਿਉ ਵਧਾਈਆਂ ਨੀ, ਮੇਰਾ ਵੀਰ ਵਿਆਹੁਣ ਚੱਲਿਆ', ਪਰ ਜੇ ਕੋਈ ਬੁੱਢ-ਵਲੇਟ ਕਹੇ ਕਿ 'ਮੈਨੂੰ ਅਹੁਦਾ ਮਿਲਣ ਦੀਆਂ ਵਧਾਈਆਂ ਦੇਵੋ, ਉਹ ਵੀ ਅਖ਼ਬਾਰ ਰਾਹੀਂ'; ਹੋਇਆ ਨਾ ਖ਼ਬਰਾਂ 'ਚ ਰਹਿਣ ਦਾ ਖ਼ਬਤ?

ਵਿਦੇਸ਼ ਵਸਦੇ ਮੇਰੇ ਇਕ ਦੋਸਤ ਨੂੰ, ਦੇਸ਼ ਤੋਂ ਇਕ ਅਧਖੜ੍ਹ ਜਿਹੇ ਆਗੂ ਦਾ ਫੋਨ ਆਇਆ, 'ਮੈਨੂੰ ਫਲਾਣੇ ਬੋਰਡ ਦੀ ਮੈਂਬਰੀ ਮਿਲ ਗਈ ਹੈ।' ਇਸੇ ਖ਼ੁਸ਼ੀ ਵਿਚ ਬਾਹਰਲੇ ਮਿੱਤਰਾਂ ਵੱਲੋਂ ਵਧਾਈਆਂ ਦੀ ਖ਼ਬਰ ਲਵਾ ਦਿਓ। ਨਾਲ ਹੀ ਉਸ ਨੇ ਉਸੇ ਦੇਸ਼ ਵਿਚ ਰਹਿੰਦੇ ਆਪਣੇ ਦੋ-ਚਾਰ ਹੋਰ ਜਾਣੂਆਂ ਦੇ ਨਾਂ ਗਿਣਾ ਦਿੱਤੇ, ਉਸੇ ਖ਼ਬਰ ਵਿਚ ਸ਼ਾਮਲ ਕਰਨ ਲਈ। ਮੇਰੇ ਦੋਸਤ ਨੇ ਪੱਕਾ ਪਤਾ ਕਰਨ ਲਈ ਗਿਣਾਏ ਜਾਣੂੰਆਂ ਨੂੰ ਫੋਨ ਖੜਕਾਇਆ, ਉਨ੍ਹਾਂ ਭੱਦਰ ਪੁਰਸ਼ਾਂ ਦੀਆਂ ਵਾਛਾਂ ਹੀ ਖਿੜ ਗਈਆਂ। ਮਿੱਤਰ ਨੂੰ ਮਿਲੀ ਮੈਂਬਰੀ ਨਾਲੋਂ ਵੀ ਵੱਧ ਚਾਅ, ਉਨ੍ਹਾਂ ਨੂੰ ਆਪਣੇ ਨਾਂ ਅਖ਼ਬਾਰਾਂ 'ਚ ਛਪਣ ਦਾ ਸੀ। ਸ਼ੁਭ ਮੌਕੇ ਦਾ ਲਾਹਾ ਲੈਂਦਿਆਂ ਉਨ੍ਹਾਂ ਆਪਣੇ ਹੋਰ ਪੰਜ-ਛੇ ਨੇੜੂਆਂ ਦੇ ਨਾਂ ਵੀ ਲਿਖਾ ਦਿੱਤੇ। ਜਦ ਵਧਾਈਆਂ ਵਾਲੀ ਇਹ ਖ਼ਬਰ ਇਕ ਅਖ਼ਬਾਰ ਦੇ ਵਿਦੇਸ਼ ਸਥਿਤ ਪੱਤਰਕਾਰ ਕੋਲ ਪਹੁੰਚੀ, ਉਹ ਇੰਜ ਚਹਿਕਿਆ, ਜਿਵੇਂ ਕਿਤੇ ਉਹ ਇਸੇ ਭਾਗਭਰੀ ਖ਼ਬਰ ਨੂੰ ਹੀ ਉਡੀਕ ਰਿਹਾ ਹੋਵੇ!

'ਇਕ ਪੰਥ ਦੋ ਕਾਜ' ਵਾਲੀ ਕਹਾਵਤ 'ਤੇ ਪਹਿਰਾ ਦਿੰਦਿਆਂ ਪੱਤਰਕਾਰ ਨੇ ਨਾਲੇ ਖ਼ਬਰ ਵਿਚਲੀ ਰੌਣਕ ਦੂਣ-ਸਵਾਈ ਕਰ ਦਿੱਤੀ ਅਤੇ ਨਾਲੇ ਪੰਜ-ਸੱਤ ਨਾਂ ਹੋਰ ਜੋੜ ਕੇ ਅਖ਼ਬਾਰਾਂ ਵਿਚ ਛਪਣ ਦਾ ਭੁਸ ਰੱਖਣ ਵਾਲੇ ਆਪਣੇ ਕੁਝ ਯਾਰਾਂ-ਬੇਲੀਆਂ ਦੀ ਰੀਝ ਵੀ ਪੂਰੀ ਕਰ ਲਈ।

# ਚੜ੍ਹਦੀ ਕਲਾ ਦਾ ਪ੍ਰਤੀਕ: ਹੋਲਾ ਮਹੱਲਾ

ਹੋਲਾ ਮਹੱਲਾ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖ ਜਗਤ ਦਾ ਵਿਲੱਖਣ ਅਤੇ ਮਹੱਤਵਪੂਰਨ ਤਿਉਹਾਰ ਹੈ ਜੋ ਬਸੰਤ ਰੁੱਤ ਦੇ ਪਰੰਪਰਾਗਤ ਰੂਪ ਵਿਚ ਮਨਾਏ ਜਾਣ ਵਾਲੇ ਹੋਲੀ ਦੇ ਤਿਉਹਾਰ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਖਾਲਸਾਈ ਜਾਹੋ ਜਲਾਲ ਨਾਲ


ਸੁਖਦੇਵ ਮਾਦਪੁਰੀ  
ਫੋਨ: 91-94630-34472


ਮਨਾਇਆ ਜਾਂਦਾ ਹੈ। ਲੱਖਾਂ ਦੀ ਗਿਣਤੀ ਵਿਚ ਦੂਰੋਂ ਨੇੜਿਓਂ ਆ ਕੇ ਸਿੱਖ ਸੰਗਤਾਂ ਇਸ ਤਿਉਹਾਰ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ।

ਹੋਲਾ ਮਹੱਲਾ ਮਨਾਏ ਜਾਣ ਦੀ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਹੈ। ਇਹ ਇੱਕ ਬਲਵਾਨ ਚਿੰਤਨ ਅਤੇ ਸੋਚ ਦੀ ਦੇਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜਿੱਥੇ ਇੱਕ ਮਹਾਨ ਯੋਧੇ ਸਨ ਉਥੇ ਉਹ ਪ੍ਰਬੋਧ ਵਿਦਵਾਨ, ਵਿਚਾਰਵਾਨ ਅਤੇ ਚਿੰਤਕ ਵੀ ਸਨ। ਸਦੀਆਂ ਦਾ ਇਤਿਹਾਸ ਉਨ੍ਹਾਂ ਦੇ ਸਾਹਮਣੇ ਸੀ। ਸੈਂਕੜੇ ਵਰ੍ਹਿਆਂ ਤੋਂ ਸਮਾਜਿਕ, ਰਾਜਸੀ ਅਤੇ ਮਾਨਸਿਕ ਗੁਲਾਮੀ ਭੋਗ ਰਹੀ ਜਨਤਾ ਦੀ ਮਾਨਸਿਕਤਾ ਨੂੰ ਬਦਲ ਕੇ ਉਸ ਵਿਚ ਸਵੈ-ਵਿਸ਼ਵਾਸ, ਆਤਮ ਨਿਰਭਰਤਾ, ਨਿਡਰਤਾ, ਅਣਖ, ਸਵੈਮਾਨ ਅਤੇ ਮਨੋਬਲ ਨੂੰ ਬਲਵਾਨ ਰੱਖਣ ਦੀ ਭਾਵਨਾ ਨੂੰ ਸੰਚਾਰ ਕਰਨ ਦਾ ਅਹਿਮ ਸਰੋਕਾਰ ਸੀ। ਗੁਰੂ ਜੀ ਨੇ ਉਨ੍ਹਾਂ ਦੀ ਸੋਚ ਅਤੇ ਗੁਲਾਮਾਂ ਵਾਲੀ ਮਾਨਸਿਕਤਾ ਨੂੰ ਬਦਲਣ ਲਈ ਕਈ ਇਤਿਹਾਸਕ ਅਤੇ ਇਨਕਲਾਬੀ ਕਦਮ ਚੁੱਕੇ। ਖਾਲਸਾ ਪੰਥ ਦੀ ਸਾਜਣਾ ਉਨ੍ਹਾਂ ਵੱਲੋਂ ਪੁੱਟਿਆ ਗਿਆ ਪਹਿਲਾ ਇਤਿਹਾਸਕ ਕਦਮ ਸੀ ਜਿਸ ਨੇ ਸਿੱਖ ਜਗਤ ਵਿਚ ਇੱਕ ਨਵੀਂ ਚੇਤਨਾ ਜਗਾਈ ਅਤੇ ਵਿਲੱਖਣ ਤੇ ਵੱਖਰੀ ਪਹਿਚਾਣ ਦੇ ਕੇ, ਜਾਤਾਂ-ਪਾਤਾਂ ਦਾ ਭੇਦ ਮਿਟਾ ਕੇ ਸਦਾ ਚੜ੍ਹਦੀ ਕਲਾ ਵਿਚ ਰਹਿਣ, ਨਿਤਾਣਿਆਂ ਦਾ ਤਾਣ ਬਣਨ ਅਤੇ ਹੱਕ ਸੱਚ ਲਈ ਜੂਝਣ ਦਾ ਸੰਕਲਪ ਦਿੱਤਾ।

ਗੁਰੂ ਗੋਬਿੰਦ ਸਿੰਘ ਭਲੀ ਪ੍ਰਕਾਰ ਜਾਣਦੇ ਸਨ ਕਿ ਨਰੋਏ ਅਤੇ ਤਕੜੇ ਮਨੋਬਲ ਬਿਨਾਂ ਯੁੱਧ ਨਹੀਂ ਲੜੇ ਜਾ ਸਕਦੇ। ਜ਼ਮਾਨਾ ਯੁੱਧਾਂ ਦਾ ਸੀ, ਚਾਰੇ ਪਾਸੇ ਦੁਸ਼ਮਣ ਸਨ। ਇੱਕ ਬੰਨੇ ਮੁਗਲ ਫੌਜਾਂ, ਦੂਜੇ ਬੰਨੇ ਪਹਾੜੀ ਰਾਜੇ। ਇਸ ਮੰਤਵ ਲਈ ਉਨ੍ਹਾਂ ਨੇ ਆਪਣੇ ਸੂਰਵੀਰ ਸਿੰਘਾਂ ਨੂੰ ਨਰੋਏ ਤੇ ਸਿਹਤਮੰਦ ਸਰੀਰ ਕਾਇਮ ਰੱਖਣ ਅਤੇ ਯੁੱਧ-ਵਿੱਦਿਆ ਵਿਚ ਪ੍ਰਬੀਨ ਕਰਨ ਲਈ ਅਨੰਦਪੁਰ ਦੇ ਮੈਦਾਨ ਵਿਚ ਖਾਲਸਾਈ ਖੇਡਾਂ ਦੀ ਸ਼ੁਰੂਆਤ ਕੀਤੀ। ਹਰ ਰੋਜ਼ ਉਨ੍ਹਾਂ ਦੀ ਨਿਗਰਾਨੀ ਵਿਚ ਸ਼ਸਤਰਧਾਰੀ ਸਿੰਘ ਘੋੜ ਸਵਾਰੀ, ਨੇਜਾਬਾਜ਼ੀ, ਤੀਰ-ਅੰਦਾਜ਼ੀ, ਤਲਵਾਰਬਾਜ਼ੀ ਅਤੇ ਗਤਕੇ ਦਾ ਅਭਿਆਸ ਕਰਦੇ। ਗੁਰੂ ਜੀ ਆਪ ਉਨ੍ਹਾਂ ਦੀ ਅਗਵਾਈ ਕਰਦੇ। ਇਸੇ ਸੰਦਰਭ ਵਿਚ ਉਨ੍ਹਾਂ ਨੇ ਸਨਾਤਨੀ ਤਿਉਹਾਰ ਹੋਲੀ ਨੂੰ ਨਵਾਂ ਰੂਪ ਦੇ ਕੇ ਆਜ਼ਾਦਾਨਾ ਤੌਰ 'ਤੇ ਮਨਾਏ ਜਾਣ ਦੀ ਪਿਰਤ ਪਾਈ ਤੇ ਇਸ ਦਾ ਨਾਂ ਹੋਲਾ ਮਹੱਲਾ ਪ੍ਰਚੱਲਤ ਕੀਤਾ। ਚੇਤ ਵਦੀ ਏਕਮ ਸੰਮਤ 1757 (1700 ਈ:) ਨੂੰ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਪਹਿਲੀ ਵਾਰ ਹੋਲਾ ਮਹੱਲਾ ਮਨਾਇਆ ਅਤੇ ਇਸ ਨੂੰ ਸਾਲਾਨਾ ਉਤਸਵ ਵਜੋਂ ਮਨਾਇਆ ਜਾਣ ਲੱਗਾ। ਹੋਲਾ ਮਹੱਲਾ ਅਰਬੀ ਫਾਰਸੀ ਭਾਸ਼ਾ ਦੇ ਸ਼ਬਦ ਹਨ। ਮਹੱਲਾ ਦਾ ਸ਼ਾਬਦਿਕ ਅਰਥ ਹੈ-ਉਹ ਸਥਾਨ ਜੋ ਫ਼ਤਿਹ ਕਰਕੇ ਪ੍ਰਾਪਤ ਕੀਤਾ ਜਾਵੇ। ਇਸ ਤਿਉਹਾਰ ਵਿਚ ਮਸਨੂਈ ਯੁੱਧ



ਲੜਿਆ ਜਾਂਦਾ ਸੀ। ਘੋੜ ਸਵਾਰ ਤੇ ਪੈਦਲ ਸ਼ਸਤਰਧਾਰੀ-ਸਿੱਖਾਂ ਨੂੰ ਦੋ ਦਲਾਂ ਵਿਚ ਵੰਡ ਕੇ ਆਪਸੀ ਯੁੱਧ ਕਰਵਾਇਆ ਜਾਂਦਾ।

ਇੱਕ ਦਲ ਕਿਸੇ ਖਾਸ ਥਾਂ 'ਤੇ ਯੁੱਧ ਕਰਕੇ ਕਬਜ਼ਾ ਕਰ ਲੈਂਦਾ ਤੇ ਦੂਜਾ ਦਲ ਪਹਿਲੇ ਦਲ ਪਾਸੋਂ ਉਹ ਸਥਾਨ ਛਡਾ ਕੇ ਆਪ ਕਾਬਜ਼ ਹੋਣ ਲਈ ਮਸਨੂਈ ਲੜਾਈ ਲੜਦਾ। ਇਸ ਪ੍ਰਕਾਰ ਜਿਹੜਾ ਦਲ ਫ਼ਤਿਹ ਪ੍ਰਾਪਤ ਕਰ ਲੈਂਦਾ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਸਜੇ ਮੈਦਾਨ ਵਿਚ ਆਪਣੇ ਹੱਥੀਂ ਸਿਰੋਪਾਓ ਦੀ ਬਖ਼ਸ਼ਿਸ਼ ਕਰਦੇ। ਇਸ ਤੋਂ ਉਪਰੰਤ ਦੀਵਾਨ ਵਿਚ ਢਾਡੀ ਅਤੇ ਕਵੀਸ਼ਰ ਬੀਰ ਰਸੀ ਵਾਰਾਂ ਗਾ ਕੇ ਸਰੋਤਿਆਂ ਦੇ ਮਨੋਬਲ ਨੂੰ ਨਿਰੋਆ ਤੇ ਤੱਕੜਾ ਕਰਦੇ। ਇਸ ਪ੍ਰਕਾਰ ਗੁਰੂ ਜੀ ਆਪਣੇ ਸਿੰਘਾਂ ਨੂੰ ਯੁੱਧ ਦਾ ਅਭਿਆਸ ਕਰਵਾ ਕੇ ਜ਼ੁਲਮ ਅਤੇ ਜਬਰ ਵਿਰੁਧ ਜੂਝਣ ਲਈ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਉਭਾਰਦੇ।

ਗੁਰੂ ਗੋਬਿੰਦ ਸਿੰਘ ਵੱਲੋਂ ਸਿੱਖ ਜਗਤ ਨੂੰ ਬਖ਼ਸ਼ੀ ਬਖ਼ਸ਼ਿਸ਼ 'ਹੋਲੇ ਮਹੱਲੇ ਦਾ ਤਿਉਹਾਰ' ਅੱਜ ਕੱਲ੍ਹ ਵੀ ਸਿੱਖ ਸ਼ਕਤੀ ਦੇ ਪ੍ਰਦਸ਼ਨ ਦੇ ਰੂਪ ਵਿਚ ਅਨੰਦਪੁਰ ਸਾਹਿਬ ਵਿਖੇ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਇੱਥੇ ਲੋਕਾਂ ਦਾ ਇੱਕਠ ਠਾਠਾਂ ਮਾਰਦੇ ਸਾਗਰ ਦੇ ਰੂਪ ਵਿਚ ਵਹਿ ਰਿਹਾ ਹੁੰਦਾ ਹੈ। ਸਾਰਾ ਪੰਜਾਬ ਉਮਡ ਆਉਂਦਾ ਹੈ। ਦੀਵਾਨ ਸੱਜਦੇ ਹਨ ਤੇ ਆਖਰੀ ਦਿਨ ਸ਼ਾਨਾਂ ਮੱਤਾ 'ਮਹੱਲਾ' ਖਾਲਸਾਈ ਰਵਾਇਤ ਅਨੁਸਾਰ ਕੱਢਿਆ ਜਾਂਦਾ ਹੈ ਜੋ ਕਿਲਾ ਅਨੰਦਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਹੋਲਗੜ੍ਹ ਦੇ ਸਥਾਨ 'ਤੇ ਹੁੰਦਾ ਹੋਇਆ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਚਰਨ ਗੰਗਾ ਦੇ ਕਿਨਾਰੇ ਜਾ ਕੇ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਰਵਾਇਤੀ ਖਾਲਸਾਈ ਬਾਣੇ ਵਿਚ ਖਾਲਸਾਈ ਖੇਡਾਂ ਦਾ ਖ਼ੂਬਸੂਰਤ ਪ੍ਰਦਰਸ਼ਨ ਕਰਦੇ ਹਨ ਜਿਨ੍ਹਾਂ ਨੂੰ ਦੇਖ ਕੇ ਦਰਸ਼ਕ ਅਸ਼ ਅਸ਼ ਕਰ ਉਠਦੇ ਹਨ।

ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਵਾਂਗ ਹੀ ਹਰ ਸਾਲ ਸਿੱਖ ਸੰਗਤਾਂ ਸ੍ਰੀ ਪਾਉਂਟਾ ਸਾਹਿਬ ਅਤੇ ਹਜ਼ੂਰ ਸਾਹਿਬ, ਨਾਂਦੇੜ ਵਿਖੇ ਵੀ ਲੱਖਾਂ ਦੀ ਗਿਣਤੀ ਵਿਚ ਪੁੱਜ ਕੇ ਬੜੇ ਉਤਸ਼ਾਹ ਨਾਲ ਇਹ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸੱਜਦੇ ਹਨ ਅਤੇ ਨਿਹੰਗ ਸਿੰਘਾਂ ਦੇ ਜਥੇ ਹੋਰਨਾਂ ਪੰਥਕ ਦਸਤਿਆਂ ਨਾਲ ਰਲ ਕੇ ਨਗਰ ਕੀਰਤਨ ਸਜਾਉਂਦੇ ਹਨ। ਇਸ ਸਮੇਂ ਘੋੜ ਸਵਾਰੀ ਅਤੇ ਗਤਕਾਬਾਜ਼ੀ ਦੇ ਜੌਹਰ ਵੇਖਣ ਯੋਗ ਹੁੰਦੇ ਹਨ।

ਨਾਮਧਾਰੀ ਸੰਪਰਦਾ ਵੱਲੋਂ ਵੀ ਹੋਲੇ ਮਹੱਲੇ ਦਾ ਤਿਉਹਾਰ ਭੈਣੀ ਸਾਹਿਬ ਵਿਚ 26 ਤੋਂ 30 ਮਾਰਚ ਨੂੰ ਬੜੇ ਜੋਸ਼-ਖਰੋਸ਼ ਨਾਲ ਮਨਾਇਆ ਜਾਂਦਾ ਹੈ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਿੱਖ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ।

ਹੋਲੇ ਮਹੱਲੇ ਦਾ ਤਿਉਹਾਰ ਮਾਨਸਿਕ ਸ਼ਕਤੀ ਨੂੰ ਬਲਵਾਨ ਕਰਨ ਵਾਲਾ ਤਿਉਹਾਰ ਹੈ ਜੋ ਸਾਨੂੰ ਸਦਾ ਚੜ੍ਹਦੀ ਕਲਾ ਵਿਚ ਰਹਿਣ ਦੀ ਪ੍ਰੇਰਨਾ ਦਿੰਦਾ ਹੈ।

# ਨਵੀਂ ਕਾਰਪੋਰੇਟ ਪੀੜ੍ਹੀ ਲਈ ਚੋਣਾਂ ਪਿਆਦੇ ਬਦਲਣ ਦਾ ਬਹਾਨਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਭਾਰਤ ਵਿਚ ਲੜਾਈ ਇਸ ਵਕਤ ਧਰਮਾਂ ਨਾਲੋਂ ਪੂੰਜੀਪਤੀ ਘਰਾਣਿਆਂ ਦੇ ਹਿੱਤਾਂ ਦੇ ਟਕਰਾਓ ਦੀ ਵੱਧ ਬਣ ਗਈ ਹੈ। ਸਨਅਤ ਅਤੇ ਕਾਰੋਬਾਰ ਵਾਲੀ ਪੁਰਾਣੀ ਪੂੰਜੀ ਦੇ ਹਿੱਤ ਹੋਰ ਤਰ੍ਹਾਂ ਦੇ ਸਨ, ਜਿਨ੍ਹਾਂ ਵਿਚ ਉਸ ਨੂੰ ਦੇਸ਼ ਦੀ ਸਰਕਾਰ ਉਹ ਚਾਹੀਦੀ ਸੀ, ਜਿਹੜੀ ਮਜ਼ਦੂਰ ਦਾ ਮੁੜ੍ਹਕਾ ਲੁੱਟਣ ਦੀ ਖੁੱਲ੍ਹ ਦੇਵੇ ਤੇ ਖਪਤਕਾਰ ਦੀ ਜੇਬ ਕੱਟੀ ਜਾਣ ਵੇਲੇ ਅੱਖਾਂ ਮੀਟ ਕੇ ਫਾਈਲਾਂ ਫੋਲਣ ਰੁੱਝੀ ਰਹੇ। ਨਵੀਂ ਪੂੰਜੀ ਦੇ ਹਿੱਤ ਹੋਰ ਹਨ। ਇਸ ਨੂੰ ਰਾਜਸੀ ਖੇਤਰ ਵਿਚ ਇਹੋ ਜਿਹੇ ਆਗੂ ਚਾਹੀਦੇ ਹਨ, ਜਿਹੜੇ ਅੰਕੜਿਆਂ ਦੀ ਜਾਦੂਗਰੀ ਕਰਨ ਦੇ ਨਾਲ ਰੱਜਵਾਂ ਝੂਠ ਏਨੀ ਸਫਾਈ ਦੇ ਨਾਲ ਬੋਲ ਸਕਦੇ ਹੋਣ ਕਿ ਲੋਕ ਸੁੰਨ ਹੋ ਜਾਣ।***

ਅਸੀਂ ਉਹ ਦਿਨ ਵੇਖੇ ਹੋਏ ਹਨ, ਜਦੋਂ ਪੰਜਾਬ ਵਿਚ ਅਕਾਲੀ ਆਗੂ ਗਾਹੇ-ਬਗਾਹੇ ਧਰਮ-ਯੁੱਧ ਦਾ ਜੈਕਾਰਾ ਛੱਡਦੇ ਹੁੰਦੇ ਸਨ। ਅਸਲ ਵਿਚ ਇਹ ਧਰਮ-ਯੁੱਧ ਨਹੀਂ ਸੀ ਹੁੰਦਾ। ਧਰਮ ਦਾ ਜੇ ਏਨਾ ਹੀ ਫਿਕਰ ਹੁੰਦਾ ਤਾਂ ਜਿਹੜੇ ਨਾਹਰੇ ਚੁੱਕਿਆ ਕਰਦੇ ਸਨ, ਜਦੋਂ ਆਪਣੀ ਸਰਕਾਰ ਬਣਦੀ ਸੀ, ਫਿਰ ਉਨ੍ਹਾਂ ਨੇ ਉਹ ਨਾਹਰੇ ਅਮਲ ਵਿਚ ਲਾਗੂ ਕਰਨ ਵੱਲ ਤੁਰਨਾ ਸੀ, ਪਰ ਏਦਾਂ ਕਦੀ ਨਹੀਂ ਹੋਇਆ। ਅਸਲ ਵਿਚ ਉਹ ਧਰਮ-ਯੁੱਧ ਦੇ ਨਾਂ ਉਤੇ ਪੰਜਾਬ ਦੀ ਕਿਸਾਨੀ ਵਿਚ ਸਿੱਖਾਂ ਦੀ ਭਾਰੂ ਬਹੁਗਿਣਤੀ ਲਾਮਬੰਦ ਕਰ ਕੇ ਅਮੀਰ ਕਿਸਾਨਾਂ ਤੇ ਜਗੀਰਦਾਰਾਂ ਵੱਲੋਂ ਸੱਤਾ ਵਿਚ ਭਾਈਵਾਲੀ ਮੰਗਣ ਦੀ ਲੜਾਈ ਸੀ, ਜਿਸ 'ਚ ਕਾਂਗਰਸ ਨਾਲ ਉਸ ਦੇ ਹਿੰਦੂ ਪਾਰਟੀ ਹੋਣ ਕਰ ਕੇ ਭੇੜ ਨਹੀਂ ਸੀ, ਸਰਮਾਏਦਾਰੀ ਦੀ ਪ੍ਰਤੀਨਿਧ ਹੋਣ ਕਰ ਕੇ ਭੇੜ ਹੁੰਦਾ ਸੀ।

ਭਾਰਤੀ ਜਨਤਾ ਪਾਰਟੀ ਵੀ ਆਪਣੇ ਪੁਰਾਣੇ ਜਨ ਸੰਘ ਵਾਲੇ ਰੂਪ ਵਿਚ ਉਨ੍ਹਾਂ ਪੂੰਜੀਪਤੀਆਂ ਦੀ ਧਿਰ ਸੀ, ਜਿਹੜੇ ਅਕਾਲੀਆਂ ਵੱਲੋਂ ਸਿੱਖ ਕਿਸਾਨਾਂ ਨੂੰ ਲਾਮਬੰਦ ਕਰਨ ਦੇ ਵਿਰੋਧ ਵਿਚ ਉਨ੍ਹਾਂ ਵਾਂਗ ਤਿੱਖੇ ਨਾਹਰੇ ਹੇਠ ਮਾੜੇ-ਧੀੜੇ ਹਿੰਦੂਆਂ ਨੂੰ ਆਪਣੀ ਪੂੰਜੀ ਦੇ ਮੋਰਚੇ ਦੇ ਸਿਪਾਹੀ ਬਣਾ ਕੇ ਵਰਤਦੀ ਸੀ। ਉਸ ਲੜਾਈ ਵਿਚ ਕਾਂਗਰਸ ਪਾਰਟੀ ਜਦੋਂ ਕਾਰਖਾਨੇ ਲਾਉਣ ਤੇ ਕਾਲਜ ਖੋਲ੍ਹਣ ਆਦਿ ਦੀਆਂ ਗੱਲਾਂ ਕਰਦੀ ਤਾਂ ਜਨ ਸੰਘੀ ਧਿਰ ਉਸ ਨਾਲ ਖੜੋਤੀ ਹੁੰਦੀ ਸੀ, ਪਰ ਅਕਾਲੀ ਆਗੂਆਂ ਨੂੰ ਇਸ ਨਾਲ ਮਤਲਬ ਨਹੀਂ ਸੀ ਹੁੰਦਾ, ਉਹ ਫਸਲਾਂ ਦੇ ਭਾਅ ਮੰਗਣ ਦੀ ਗੱਲ ਕਰਦੇ ਹੋਏ ਵੀ ਇਹ ਕਹੀ ਜਾਂਦੇ ਸਨ ਕਿ ਕੇਂਦਰ ਦੀ ਸਰਕਾਰ ਢੁਕਵੇਂ ਭਾਅ ਇਸ ਲਈ ਨਹੀਂ ਦੇਂਦੀ ਕਿ ਪੰਜਾਬ ਦੇ ਕਿਸਾਨ ਸਿੱਖ ਹਨ। ਕਿਸਾਨ ਹਰਿਆਣੇ ਤੇ ਹੋਰ ਰਾਜਾਂ ਵਿਚ ਵੀ ਸਨ, ਉਹ ਸਿੱਖ ਨਹੀਂ ਸਨ, ਪਰ ਇਸ ਗੱਲ ਵੱਲ ਆਮ ਸਿੱਖ ਕਿਸਾਨ ਦਾ ਧਿਆਨ ਨਹੀਂ ਸੀ ਜਾਂਦਾ।

ਹੁਣ ਨਕਸ਼ਾ ਬਦਲ ਚੁੱਕਾ ਹੈ। ਅਕਾਲੀ ਦਲ ਨੂੰ ਵੱਡੇ ਜ਼ਿਮੀਦਾਰਾਂ ਦੀ ਹਾਲੇ ਕੁਝ ਚਿੰਤਾ ਹੈ, ਪਰ ਪਹਿਲਾਂ ਵਾਂਗ ਨਹੀਂ। ਕਿਸੇ ਵੱਡੇ ਕਾਰਪੋਰੇਟ ਘਰਾਣੇ ਦਾ ਪ੍ਰਾਜੈਕਟ ਲਾਉਣ ਵਾਸਤੇ ਵੱਡੇ-ਛੋਟੇ ਸਭ ਕਿਸਾਨਾਂ ਦੀ ਜ਼ਮੀਨ ਅਕੁਆਇਰ ਕਰ ਕੇ ਉਸ ਦੇ ਹਵਾਲੇ ਕੀਤੀ ਜਾ ਸਕਦੀ ਹੈ। ਕਿਸਾਨਾਂ ਲਈ ਜਿਹੜੀਆਂ ਗੱਲਾਂ ਪ੍ਰਕਾਸ਼ ਸਿੰਘ ਬਾਦਲ ਦੇ ਭਾਸ਼ਣ ਦਾ ਮੁੱਖ ਹਿੱਸਾ ਹੁੰਦੀਆਂ ਸਨ, ਉਨ੍ਹਾਂ ਦਾ ਸਿਰਫ ਭੂੰਗਾ ਜਿਹਾ ਹੁਣ ਸੁਖਬੀਰ ਸਿੰਘ ਬਾਦਲ ਦੇ ਭਾਸ਼ਣਾਂ ਵਿਚ ਹੁੰਦਾ ਹੈ, ਤਾਂ ਕਿ ਕਿਸਾਨਾਂ ਨੂੰ ਦੱਸਿਆ ਜਾ ਸਕੇ ਕਿ ਤੁਹਾਡਾ ਹਾਲੇ ਚੇਤਾ ਨਹੀਂ ਭੁੱਲਾ। ਅਮਲੀ ਸਥਿਤੀ ਇਹ ਹੈ ਕਿ ਕਿਸਾਨਾਂ ਦੀਆਂ ਖੁਦਕੁਸ਼ੀਆਂ ਵੀ ਅਕਾਲੀ ਦਲ ਦੇ ਆਗੂਆਂ ਨੂੰ ਹੁਣ ਕੋਈ ਖਾਸ ਗੱਲ ਨਹੀਂ ਲੱਗਦੀਆਂ। ਇਸ ਦਾ ਸਬੂਤ ਇਹ ਹੈ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਰਿਪੋਰਟ ਮੰਗੀ ਤਾਂ ਮਹਾਰਾਸ਼ਟਰ, ਕਰਨਾਟਕਾ, ਕੇਰਲਾ ਅਤੇ ਆਂਧਰਾ ਪ੍ਰਦੇਸ਼ ਨੇ ਅੰਕੜੇ ਭੇਜ ਕੇ ਇਸ ਦੇ ਬਦਲੇ ਕਿਸਾਨਾਂ ਵਾਸਤੇ ਰਾਹਤ ਦੇ ਪੈਕੇਜ ਲੈ ਲਏ, ਪੰਜਾਬ ਸਰਕਾਰ ਨੇ ਰਿਪੋਰਟ ਨਹੀਂ ਭੇਜੀ ਤੇ ਕਿਸਾਨਾਂ ਲਈ ਕੋਈ ਰਾਹਤ ਨਾ ਲੈ ਸਕੀ। ਆਪਣੇ ਵੱਲੋਂ ਪੰਜਾਬ ਸਰਕਾਰ ਨੇ 66 ਕਰੋੜ ਰੁਪਏ ਦੀ ਰਕਮ ਅਜਿਹੇ ਪਰਿਵਾਰਾਂ ਦੀ ਮਦਦ ਲਈ ਰੱਖੀ ਸੀ, ਜਿਸ ਵਿਚੋਂ ਮਸਾਂ ਅੱਧੀ ਖਰਚ ਕੀਤੀ ਗਈ, ਬਾਕੀ ਰਕਮ ਦੇ ਲਈ ਕਿਸਾਨ ਧਰਨੇ ਮਾਰ ਰਹੇ ਹਨ। ਇਹ ਤਸਵੀਰ ਉਦੋਂ ਹੈ, ਜਦੋਂ ਇੱਕੋ ਸਾਲ 'ਚ ਪੰਜਾਬ ਵਿਚ 179 ਕਿਸਾਨਾਂ ਵੱਲੋਂ ਖੁਦਕੁਸ਼ੀਆਂ ਦੀ ਖਬਰ ਆ ਚੁੱਕੀ ਸੀ। ਏਨੀਆਂ ਖੁਦਕੁਸ਼ੀਆਂ ਹੋਣ ਦਾ ਅਰਥ ਇਹ ਬਣਦਾ ਹੈ ਕਿ ਪੰਜਾਬ ਵਿਚ ਇੱਕ ਦਿਨ ਖਾਲੀ ਛੱਡ ਕੇ ਅਗਲੇ ਦਿਨ ਕੋਈ ਨਾ ਕੋਈ ਕਿਸਾਨ ਕਰਜ਼ਾ ਨਾ ਮੋੜ ਸਕਣ ਦੀ ਪੀੜ ਦੇ ਕਾਰਨ ਖੁਦਕੁਸ਼ੀ ਕਰ ਜਾਂਦਾ ਹੈ, ਪਰ ਕਿਸਾਨਾਂ ਦੇ ਇਸ ਦੁੱਖ ਬਾਰੇ ਹੁਣ ਅਕਾਲੀ ਨਹੀਂ ਬੋਲਦੇ।

ਨਵੀਂ ਪੀੜ੍ਹੀ ਦਾ ਆਗੂ ਬਣ ਕੇ ਉਭਰ ਰਹੇ



*ਮੁਕੇਸ਼ ਅੰਬਾਨੀ*

ਅਕਾਲੀ ਦਲ ਦੇ ਨਵੇਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਭਾਸ਼ਣ ਵਿਚ ਵੱਡੇ ਸਪੈਸ਼ਲ ਇਕਨਾਮਿਕ ਜ਼ੋਨ, ਸ਼ਾਪਿੰਗ ਮਾਲ ਤੇ ਸਨਅਤਾਂ ਵਿਚ ਪੰਜਾਬ ਦੀ ਰਵਾਨੀ ਦੀ ਉਹ ਕਹਾਣੀ ਪਾਈ ਜਾਂਦੀ ਹੈ, ਜਿਹੜੀ ਨਰਿੰਦਰ ਮੋਦੀ ਵੀ ਪਾ ਰਿਹਾ ਹੈ, ਮਮਤਾ ਬੈਨਰਜੀ ਅਤੇ ਭੁਪਿੰਦਰ ਸਿੰਘ ਹੁੱਡਾ ਵੀ। ਅਗਲੀ ਚੋਣ ਲਈ ਇਹ ਸਾਰੇ ਲੋਕ ਇਸੇ ਤਰਜ਼ ਉਤੇ ਇਸ ਕਰ ਕੇ ਬੋਲਦੇ ਸੁਣਾਈ ਦੇਂਦੇ ਹਨ ਕਿ ਭਾਰਤੀ ਪੂੰਜੀ ਦਾ ਕਿਰਦਾਰ ਵੀ ਹੁਣ ਬਦਲਦਾ ਜਾ ਰਿਹਾ ਹੈ। ਇਸ ਦੀ ਨੀਤੀ ਵਿਚ ਨਵੀਂ ਰਫਤਾਰ ਦਾ ਮੀਲ ਪੱਥਰ ਸਪੈਸ਼ਲ ਇਕਨਾਮਿਕ ਜ਼ੋਨ ਸਭ ਤੋਂ ਪਹਿਲੀ ਥਾਂ ਆ ਗਏ ਹਨ, ਵੱਡੇ ਸ਼ਾਪਿੰਗ ਮਾਲ ਦੂਸਰੇ ਨੰਬਰ ਉਤੇ ਤੇ ਸਨਅਤਾਂ ਲਾਉਣ ਦਾ ਕੰਮ ਹੁਣ ਪਿੱਛੇ ਰਹਿ ਗਿਆ ਹੈ। ਜਿੱਥੇ ਕਿਤੇ ਕੋਈ ਨਵੀਂ ਸਨਅਤ ਲੱਗਣ ਦੀ ਗੱਲ ਤੁਰਦੀ ਹੈ, ਸਨਅਤ ਲਾਉਣ ਲਈ ਕਿਸਾਨਾਂ ਤੋਂ ਜ਼ਮੀਨ ਖੋਹੀ ਜਾਂਦੀ ਹੈ, ਪਰ ਬਾਅਦ ਵਿਚ ਸਨਅਤ ਲੱਗੇਗੀ, ਇਸ ਦੀ ਕੋਈ ਗਾਰੰਟੀ ਨਹੀਂ। ਗੁਜਰਾਤ ਤੇ ਪੰਜਾਬ ਹੀ ਨਹੀਂ, ਬਹੁਤੇ ਰਾਜਾਂ ਵਿਚ ਇਹੋ ਜਿਹੇ ਅਨੇਕਾਂ ਪ੍ਰਾਜੈਕਟ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਦੇ ਲਈ ਕਿਸਾਨਾਂ ਤੋਂ ਜ਼ਮੀਨ ਛੁਡਾਈ ਗਈ, ਪਰ ਬਾਅਦ ਵਿਚ ਉਥੇ ਪ੍ਰਾਜੈਕਟਾਂ ਦਾ ਕੰਮ ਨੀਂਹ-ਪੱਥਰ ਜੜ ਕੇ ਚਾਰ-ਦੀਵਾਰੀ ਕਰਨ ਤੋਂ ਅੱਗੇ ਨਹੀਂ ਵਧਿਆ ਤੇ ਕੁਝ ਚਿਰ ਪਿੱਛੋਂ ਜਦੋਂ ਜ਼ਮੀਨਾਂ ਮਹਿੰਗੀਆਂ ਹੋ ਗਈਆਂ, ਫਿਰ ਉਨ੍ਹਾਂ ਨੂੰ ਵੇਚ ਕੇ ਮੋਟੀ ਕਮਾਈ ਕਰਨ ਪਿੱਛੋਂ ਇਹ ਲੋਕ ਨਵੇਂ ਥਾਂ ਇਹੋ ਜਿਹਾ 'ਪ੍ਰਾਜੈਕਟ' ਲਾਉਣ ਤੁਰ ਗਏ ਸਨ।

ਇਸ ਵੇਲੇ ਗੁਜਰਾਤ ਦੇ ਪੰਜਾਬੀ ਕਿਸਾਨਾਂ ਦੀ ਜਿਹੜੀ ਜ਼ਮੀਨ ਛੁਡਾਈ ਜਾ ਰਹੀ ਹੈ, ਉਹ ਕਹਾਣੀ ਵੀ ਸਿਰਫ ਸਿੱਖ ਕਿਸਾਨਾਂ ਨਾਲ ਜ਼ਿਆਦਤੀ ਤੱਕ ਸੀਮਤ ਨਹੀਂ। ਸਿੱਖ ਕਿਸਾਨਾਂ ਦੇ ਨਾਲ ਕੁਝ ਹੋਰ ਰਾਜਾਂ ਦੇ ਕਿਸਾਨਾਂ ਨੇ ਵੀ ਉਥੇ ਜ਼ਮੀਨਾਂ ਆਬਾਦ ਕੀਤੀਆਂ ਹਨ। ਇਹੋ ਜਿਹੇ ਸਾਰੇ ਲੋਕਾਂ ਨੂੰ ਉਥੇ 'ਪਰ-ਪ੍ਰਾਂਤੀਆ' ਕਿਹਾ ਜਾਂਦਾ ਹੈ, ਜਿਸ ਦਾ ਭਾਵ ਹੈ ਕਿ ਇਹ ਪਰਾਏ ਪ੍ਰਾਂਤ ਜਾਂ ਦੂਸਰੇ ਰਾਜ ਤੋਂ ਆਏ ਹੋਏ ਪਰਵਾਸੀ ਲੋਕ ਹਨ। ਸਿੱਖ ਕਿਸਾਨਾਂ ਵਾਲੀ ਜ਼ਮੀਨ ਇੱਕ ਲੱਖ ਏਕੜ ਤੋਂ ਵੱਧ ਬਣਦੀ ਹੈ, ਜਿਹੜੀ ਛੁਡਾਈ ਜਾ ਰਹੀ ਹੈ। ਇਸ ਦੀ ਕੀਮਤ ਹੁਣ ਕਾਫੀ ਡਿੱਗ ਪਈ ਹੈ। ਜਦੋਂ ਹਾਲੇ ਕੋਈ ਝਗੜਾ ਨਹੀਂ ਸੀ, ਇਹ ਕਰੀਬ ਪੰਜ ਲੱਖ ਰੁਪਏ ਏਕੜ ਤੱਕ ਵਿਕਦੀ ਸੀ, ਇਸ ਹਿਸਾਬ ਨਾਲ ਇਸ ਜ਼ਮੀਨ ਨੂੰ ਜਿਸ ਸਰਮਾਏਦਾਰ ਨੇ ਖਰੀਦਣਾ ਹੁੰਦਾ, ਕਰੀਬ ਪੰਜ ਹਜ਼ਾਰ ਕਰੋੜ ਰੁਪਏ ਦੀ ਹੋਣੀ ਸੀ, ਪਰ ਹੁਣ ਝਗੜਾ ਪੈਣ ਦੇ ਬਾਅਦ ਇਹ ਅੱਧੇ ਮੁੱਲ ਨਾਲੋਂ ਹੇਠਾਂ ਵਿਕੇਗੀ ਤੇ ਜੇ ਸਮਝੌਤੇ ਵਿਚ ਕਿਸੇ ਵੱਡੀ ਧਿਰ ਨੇ ਪ੍ਰਾਜੈਕਟ ਬਣਾਉਣ ਵਾਸਤੇ ਲੈਣੀ ਹੋਈ ਤਾਂ ਗੁਜਰਾਤ ਦੇ ਮੁੱਖ ਮੰਤਰੀ ਦੀ ਅਜੋਕੀ ਧੱਕੜਸ਼ਾਹੀ ਦਾ ਲਾਹਾ ਲੈ ਕੇ ਉਸ ਨੂੰ ਕਰੀਬ ਅੱਧੇ ਮੁੱਲ ਵਿਚ ਮਿਲ ਜਾਵੇਗੀ।

ਏਦਾਂ ਦੇ ਕਿਰਦਾਰ ਵਾਲੇ ਭਾਰਤੀ ਪੂੰਜੀਪਤੀਆਂ ਦੀ ਇਹੋ ਵੱਡੀ ਧਿਰ ਹੁਣ ਦੇਸ਼ ਦਾ ਤੰਤਰ ਚਲਾ ਰਹੀ ਹੈ। ਇਸ ਧਿਰ ਲਈ ਦੇਸ਼ ਦੀ ਜਨਤਾ ਦਾ ਕੋਈ ਮੁੱਲ ਨਹੀਂ, ਇਖਲਾਕ ਦੀ ਕੋਈ ਕਦਰ ਨਹੀਂ, ਪੈਸਾ ਸੁੱਟ ਕੇ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਕਾਰਿੰਦਿਆਂ ਵਾਂਗ ਵਰਤਦੀ ਹੈ। ਸੋਨੀਆ ਗਾਂਧੀ ਦਾ ਜਵਾਈ ਰਾਬਰਟ ਵਾਡਰਾ ਜਾਂ ਵਾਜਪਾਈ ਦਾ ਜਵਾਈ ਕਿਹਾ ਜਾਂਦਾ ਉਸ ਦੀ ਭਾਣਜੀ ਦਾ ਪਤੀ ਰੰਜਨ ਭੱਟਾਚਾਰੀਆ ਉਸੇ ਖੇਡ ਦਾ ਹਿੱਸਾ ਹਨ, ਜਿਸ ਨੂੰ ਕਿਸੇ ਸਮੇਂ ਇੰਦਰਾ ਗਾਂਧੀ ਨੇ ਆਪ ਉਭਾਰੇ ਧੀਰੂ ਭਾਈ ਅੰਬਾਨੀ ਵਰਗਿਆਂ ਨਾਲ ਸ਼ੁਰੂ ਕੀਤਾ ਸੀ।

ਅਸੀਂ ਵੀ ਪੀ ਸਿੰਘ ਦੀ ਥਾਂ ਚੰਦਰ ਸ਼ੇਖਰ ਨੂੰ ਪ੍ਰਧਾਨ ਮੰਤਰੀ ਬਣਾਏ ਜਾਣ ਵੇਲੇ ਪਹਿਲੀ ਵਾਰੀ ਇਹ ਚਰਚਾ ਸੁਣੀ ਸੀ ਕਿ ਟਾਟੇ-ਬਿਰਲੇ ਵਰਗੇ ਪੁਰਾਣਿਆਂ ਦੀ ਥਾਂ ਨਵੇਂ ਉਠੇ ਅੰਬਾਨੀ ਵਰਗੇ ਪੂੰਜੀਪਤੀਆਂ ਵੱਲੋਂ ਪਾਰਲੀਮੈਂਟ ਦੇ ਮੈਂਬਰਾਂ ਨੂੰ ਉਨ੍ਹਾਂ ਦੀ ਜ਼ਮੀਰ ਦਾ ਮੂੰਹ-ਮੰਗਿਆ ਮੁੱਲ ਪੇਸ਼ ਕੀਤਾ ਗਿਆ ਹੈ। ਫਿਰ ਇਹ ਗੱਲ ਸੁਣੀ ਗਈ ਕਿ ਦੇਸ਼ ਦੀ ਅਫਸਰਸ਼ਾਹੀ ਦਾ ਇੱਕ ਵੱਡਾ ਹਿੱਸਾ ਵੀ ਨੀਲਾਮੀ ਦਾ ਮਾਲ ਬਣੀ ਜਾ ਰਿਹਾ ਹੈ। ਇੱਕ ਵਾਰ ਮੁੱਖ ਚੋਣ ਕਮਿਸ਼ਨਰ ਟੀ ਐਨ ਸੇਸ਼ਨ ਨੇ ਕਿਹਾ ਸੀ ਕਿ ਭਾਰਤ ਦੀ ਅਫਸਰਸ਼ਾਹੀ ਇੱਕ ਵੇਸਵਾ ਦਾ ਰੂਪ ਧਾਰ ਚੁੱਕੀ ਹੈ। ਉਸ ਦੇ ਇਹ ਕਹਿਣ ਨਾਲ ਬੜਾ ਵਿਵਾਦ ਛਿੜਿਆ ਸੀ ਤੇ ਜਦੋਂ ਵੱਡਾ ਅਫਸਰ ਰਹਿ ਚੁੱਕੇ ਸੇਸ਼ਨ ਨੂੰ ਆਪਣੇ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਸਾਫ ਹੀ ਕਹਿ ਦਿੱਤਾ ਸੀ ਕਿ ਅਫਸਰੀ ਦੌਰਾਨ ਮੈਂ ਵੀ ਇਸੇ ਵਰਤਾਰੇ ਦਾ ਹਿੱਸਾ ਹੁੰਦਾ ਸੀ। ਇਹ ਵਰਤਾਰਾ ਭਾਰਤ ਦੀ ਹੁਣ ਵਾਲੀ ਪਾਰਲੀਮੈਂਟ ਚੋਣ ਲਈ ਅਗਾਊਂ ਹੀ ਨਿੱਖਰਨ ਲੱਗ ਪਿਆ ਹੈ।

ਅਸੀਂ ਪਿਛਲੇ ਦਿਨਾਂ ਵਿਚ ਭਾਰਤ ਦੀ ਰਾਜਨੀਤੀ ਵਿਚ ਇੱਕ ਤਰ੍ਹਾਂ ਦਾ ਵੰਨ-ਵੇਅ ਟਰੈਫਿਕ ਚੱਲਦਾ ਵੇਖਿਆ ਹੈ। ਭਾਰਤੀ ਫੌਜ ਦਾ ਮੁਖੀ ਰਹਿ ਚੁੱਕਾ ਜਨਰਲ ਵੀ ਕੇ ਸਿੰਘ ਭਾਰਤੀ ਜਨਤਾ ਪਾਰਟੀ ਵਿਚ ਜਾ ਸ਼ਾਮਲ ਹੋਇਆ। ਉਸ ਦੇ ਪਿੱਛੋਂ ਖਬਰ ਆਈ ਕਿ ਭਾਰਤ ਦੀਆਂ ਦੋ ਬਹੁਤ



*ਨਰਿੰਦਰ ਮੋਦੀ*

ਨਾਜ਼ਕ ਖੁਫੀਆ ਸੇਵਾਵਾਂ; ਰਾਅ ਅਤੇ ਇੰਟੈਲੀਜੈਂਸ ਬਿਊਰੋ ਦੇ ਸਾਬਕਾ ਮੁਖੀ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਭਾਰਤ ਦਾ ਗ੍ਰਹਿ ਸਕੱਤਰ ਪਿਛਲੇ ਸਾਲ ਜੂਨ ਵਿਚ ਸੇਵਾ-ਮੁਕਤ ਹੋਣ ਦੇ ਪੰਜ ਮਹੀਨੇ ਪਿੱਛੋਂ ਤੱਕ ਚੁੱਪ ਰਿਹਾ ਤੇ ਫਿਰ ਭਾਜਪਾ ਵਿਚ ਸ਼ਾਮਲ ਹੋ ਗਿਆ। ਬਾਰਡਰ ਸਕਿਓਰਟੀ ਫੋਰਸ, ਸੀ ਆਰ ਪੀ ਐਫ, ਆਈ ਟੀ ਬੀ ਪੀ, ਆਸਾਮ ਰਾਈਫਲਜ਼ ਵਰਗੇ ਅਰਧ ਫੌਜੀ ਬਲਾਂ ਤੋਂ ਲੈ ਕੇ ਸਾਰੇ ਰਾਜਾਂ ਵਿਚ ਅਮਨ-ਕਾਨੂੰਨ ਦੀ ਮਸ਼ੀਨਰੀ ਗ੍ਰਹਿ ਸਕੱਤਰ ਦੇ ਦਫਤਰ ਤੋਂ ਕੰਟਰੋਲ ਕੀਤੀ ਜਾਂਦੀ ਹੈ। ਪਿਛਲੇ ਕਿਸੇ ਵੀ ਸਮੇਂ ਵਿਚ ਅਫਸਰ ਰਹਿ ਚੁੱਕੇ ਤੇ ਇਹੋ ਜਿਹੇ ਨਾਜ਼ਕ ਮਹਿਕਮਿਆਂ ਦੇ ਮੁਖੀ ਰਹਿ ਚੁੱਕੇ ਲੋਕ ਸਿਰਫ ਇੱਕ ਪਾਰਟੀ ਵੱਲ ਨੂੰ ਦੌੜੇ ਜਾਂਦੇ ਕਦੇ ਨਹੀਂ ਸੀ ਵੇਖੇ ਗਏ। ਵੰਨ-ਵੇਅ ਟਰੈਫਿਕ ਦਾ ਇਹ ਵਿਹਾਰ ਪਹਿਲੀ ਵਾਰ ਹੋ ਰਿਹਾ ਹੈ, ਤੇ ਉਸ ਨਰਿੰਦਰ ਮੋਦੀ ਦੀ ਅਗਵਾਈ ਕਬੂਲਣ ਲਈ ਹੋ ਰਿਹਾ ਹੈ, ਜਿਸ ਨੂੰ ਅਪਰਾਧੀ ਸਾਬਤ ਕਰਨ ਵਾਲੀਆਂ ਫਾਈਲਾਂ ਇਨ੍ਹਾਂ ਵਿਚੋਂ ਬਹੁਤੇ ਅਫਸਰ ਇੱਕ ਜਾਂ ਦੂਸਰੇ ਸਮੇਂ ਆਪਣੀਆਂ ਕੱਛਾਂ ਵਿਚ ਦੱਬੀ ਫਿਰਦੇ ਸਨ। ਗੱਲ ਸਿਰਫ ਲੋਕ ਸਭਾ ਚੋਣਾਂ ਦੀ ਨਹੀਂ, ਰਾਜਸੀ ਖੇਤਰ ਦੇ ਇਸ ਨਵੇਂ ਵਰਤਾਰੇ ਨੂੰ ਸਮਝਣ ਦੀ ਭਾਰਤ ਦੇ ਲੋਕਾਂ ਨੂੰ ਲੋੜ ਹੈ।

ਭਾਰਤ ਵਿਚ ਲੜਾਈ ਇਸ ਵਕਤ ਧਰਮਾਂ ਨਾਲੋਂ ਪੂੰਜੀਪਤੀ ਘਰਾਣਿਆਂ ਦੇ ਹਿੱਤਾਂ ਦੇ ਟਕਰਾਓ ਦੀ ਵੱਧ ਬਣ ਗਈ ਹੈ। ਸਨਅਤ ਅਤੇ ਕਾਰੋਬਾਰ ਵਾਲੀ ਪੁਰਾਣੀ ਪੂੰਜੀ ਦੇ ਹਿੱਤ ਹੋਰ ਤਰ੍ਹਾਂ ਦੇ ਸਨ, ਜਿਨ੍ਹਾਂ ਵਿਚ ਉਸ ਨੂੰ ਦੇਸ਼ ਦੀ ਸਰਕਾਰ ਉਹ ਚਾਹੀਦੀ ਸੀ, ਜਿਹੜੀ ਮਜ਼ਦੂਰ ਦਾ ਮੁੜ੍ਹਕਾ ਲੁੱਟਣ ਦੀ ਖੁੱਲ੍ਹ ਦੇਵੇ ਤੇ ਖਪਤਕਾਰ ਦੀ ਜੇਬ ਕੱਟੀ ਜਾਣ ਵੇਲੇ ਅੱਖਾਂ ਮੀਟ ਕੇ ਫਾਈਲਾਂ ਫੋਲਣ ਰੁੱਝੀ ਰਹੇ। ਨਵੀਂ ਪੂੰਜੀ ਦੇ ਹਿੱਤ ਹੋਰ ਹਨ। ਇਸ ਨੂੰ ਰਾਜਸੀ ਖੇਤਰ ਵਿਚ ਇਹੋ ਜਿਹੇ ਆਗੂ ਚਾਹੀਦੇ ਹਨ, ਜਿਹੜੇ ਅੰਕੜਿਆਂ ਦੀ ਜਾਦੂਗਰੀ ਕਰਨ ਦੇ ਨਾਲ ਰੱਜਵਾਂ ਝੂਠ ਏਨੀ ਸਫਾਈ ਦੇ ਨਾਲ ਬੋਲ ਸਕਦੇ ਹੋਣ ਕਿ ਲੋਕ ਸੁੰਨ ਹੋ ਜਾਣ।

ਭਾਰਤ ਵਿਚ ਹੁਣ ਲੀਡਰਾਂ ਦੀ ਇਹੋ ਜਿਹੀ ਨਵੀਂ ਪੀੜ੍ਹੀ ਅੱਗੇ ਆਉਣੀ ਸ਼ੁਰੂ ਹੋ ਗਈ ਹੈ, ਜਿਹੜੀ ਹੈਲੀਕਾਪਟਰਾਂ ਉਤੇ ਆਉਂਦੀ ਤੇ ਟੁੱਟੀਆਂ ਸੜਕਾਂ ਵਿਚਾਲੇ ਬੈਠੇ ਪਿੰਡਾਂ ਵਾਲੇ ਲੋਕਾਂ ਨੂੰ ਇਹ ਕਹਿ ਦੇਂਦੀ ਹੈ ਕਿ ਵੇਖ ਲਓ, ਅਸੀਂ ਸੜਕਾਂ ਦਾ ਗੰਦ ਕੱਢ ਦਿੱਤਾ ਹੈ। ਪੁਰਾਣੀ ਪੂੰਜੀ ਦੇ ਦੌਰ ਵਿਚ ਦੇਸ਼ ਵਿਚ ਕਿਰਤੀਆਂ ਦੇ ਹੱਕਾਂ ਲਈ ਜਿਹੜੀਆਂ ਸਕੀਮਾਂ ਤੇ ਕਾਨੂੰਨੀ ਸ਼ਰਤਾਂ ਮੌਜੂਦ ਸਨ, ਉਨ੍ਹਾਂ ਸਭ ਦਾ ਫਾਹਾ ਵੱਢ ਕੇ ਨਵਾਂ ਪ੍ਰਬੰਧ ਇਹ ਕੀਤਾ ਜਾ ਰਿਹਾ ਹੈ ਕਿ ਚਾਲੀ ਹਜ਼ਾਰ ਰੁਪਏ ਵਾਲੇ ਮੁਲਾਜ਼ਮ ਦੀ ਥਾਂ ਚਾਰ ਹਜ਼ਾਰ ਰੁਪਏ ਦੇ ਠੇਕੇ ਉਤੇ ਕਾਰਿੰਦਾ ਰੱਖ ਕੇ ਉਸ ਤੋਂ ਇੱਕ ਦੀ ਥਾਂ ਦੋ ਜਣਿਆਂ ਦਾ ਕੰਮ ਲੈ ਲਿਆ ਜਾਵੇ। ਬੱਚਿਆਂ ਦੀ ਖੇਡ ਵਿਚ ਉਹ ਗੁਆਚਾ ਪੈਸਾ ਲੱਭਣ ਲਈ ਅੱਖਾਂ ਮੀਟ ਕੇ ਇਹ ਸੋਚ ਕੇ ਸਿੱਕਾ ਸੁੱਟਦੇ ਹਨ ਕਿ ਪਹਿਲੇ ਸਿੱਕੇ ਦੇ ਕੋਲ ਜਾਵੇਗਾ ਤਾਂ ਉਸ ਨੂੰ ਲੱਭਣ ਦੀ ਸੌਖ ਰਹੇਗੀ। ਨਵੀਂ ਪੂੰਜੀ ਦੇ ਝੰਡਾ ਬਰਦਾਰ ਗੁਆਚਾ ਪੈਸਾ ਲੱਭਣ ਨਹੀਂ ਜਾਂਦੇ, ਲੋਕਾਂ ਕੋਲ ਬਚਿਆ-ਖੁਚਿਆ ਕਢਵਾਉਣ ਵਾਸਤੇ ਰਾਜਨੀਤੀ ਦੀ ਉਸ ਨਵੀਂ ਪੀੜ੍ਹੀ ਤੱਕ ਪਹੁੰਚ ਕਰਦੇ ਹਨ, ਜਿਹੜੀ ਪੈਸੇ ਪਿੱਛੇ ਸਾਰੇ ਨੇਮ-ਕਾਨੂੰਨ ਛਿੱਕੇ ਟੰਗ ਕੇ ਉਨ੍ਹਾਂ ਨੂੰ ਅੱਖਾਂ ਮੀਟ ਕੇ ਕਮਾਈ ਕਰਨ ਦਾ ਮੌਕਾ ਦੇਂਦੀ ਹੈ। ਪੁਰਾਣੀ ਪੂੰਜੀ ਬਾਰੇ ਕਈ ਲੋਕ ਕਹਿੰਦੇ ਸਨ ਕਿ ਉਹ ਘੱਟੋ-ਘੱਟ ਦੇਸ਼ਭਗਤ ਤਾਂ ਹੈ, ਇਸ ਨਵੀਂ ਪੀੜ੍ਹੀ ਬਾਰੇ ਇਹ ਗੱਲ ਵੀ ਕੋਈ ਨਹੀਂ ਕਹਿ ਸਕਦਾ।

...ਤੇ ਪੂੰਜੀ ਦੀ ਇਹ ਨਵੀਂ ਪੀੜ੍ਹੀ, ਜਿਸ ਨੂੰ ਦੇਸ਼ਭਗਤ ਆਖਣ ਵਾਲਾ ਵੀ ਕੋਈ ਨਹੀਂ, ਹੁਣ ਇਹ ਸੋਚ ਕੇ ਚੱਲ ਰਹੀ ਹੈ ਕਿ ਸਾਡੇ ਹਿੱਤਾਂ ਵਾਸਤੇ ਹੁਣ ਤੱਕ ਅੱਗੇ ਲਾਈ ਹੋਈ ਕਾਂਗਰਸ ਦੀ ਅਗਵਾਈ ਹੇਠਲੀ ਟੀਮ ਜ਼ਿਆਦਾ ਬਦਨਾਮ ਹੋ ਚੁੱਕੀ ਹੈ, ਉਸ ਦੀ ਥਾਂ ਨਵੇਂ ਪਿਆਦੇ ਅੱਗੇ ਕਰ ਲਏ ਜਾਣ ਤਾਂ ਠੀਕ ਰਹੇਗਾ। ਪੂੰਜੀਤੰਤਰ ਦੀ ਇਸ ਭੱਦੀ ਖੇਡ ਨੂੰ ਵੀ ਭਾਰਤ ਦੇ ਲੋਕ ਹਾਲੇ ਤੱਕ ਲੋਕਤੰਤਰ ਸਮਝੀ ਜਾ ਰਹੇ ਹਨ, ਵਿਚਾਰੇ!



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਗੁਰੂ ਰਵਿਦਾਸ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਜਿਆ ਮਹਾਨ ਨਗਰ ਕੀਰਤਨ

**ਸੈਕਰਾਮੈਂਟੋ (ਬਿਊਰੋ):** ਸਥਾਨਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰੀਓ ਲਿੰਡਾ ਦੀਆਂ ਸੰਗਤਾਂ ਦੇ ਉਦਮ ਸਦਕਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਕ ਮਹਾਨ ਨਗਰ ਕੀਰਤਨ ਲੰਘੇ ਐਤਵਾਰ ਨੂੰ ਸਜਾਇਆ ਗਿਆ ਜਿਸ ਵਿਚ ਕੈਲੀਫੋਰਨੀਆ ਅਤੇ ਨਾਲ ਲੱਗਦੀਆਂ ਸਟੇਟਾਂ ਤੋਂ ਦੂਰੋਂ-ਨੇੜਿਓਂ ਪਹੁੰਚੀਆਂ ਸੰਗਤਾਂ ਨੇ ਹਾਜ਼ਰੀ ਭਰੀ। ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਜੈਕਾਰਿਆਂ ਦੀ ਗੂੰਜ ਵਿਚ ਅਰੰਭ ਹੋਇਆ। ਗੁਰੂ ਮਹਾਰਾਜ ਦੀ ਪਾਲਕੀ ਦੇ ਪਿਛੇ ਪਿਛੇ ਵੱਖ ਵੱਖ ਗੁਰੂ ਘਰਾਂ ਅਤੇ ਸੰਸਥਾਵਾਂ ਦੇ ਫਲੋਟ ਅਤੇ ਸ਼ਰਧਾਲੂ ਸੰਗਤਾਂ ਚੱਲ ਰਹੀਆਂ ਸਨ।



ਨਗਰ ਕੀਰਤਨ ਉਪਰ ਇਕ ਹੈਲੀਕਾਪਟਰ ਫੁੱਲਾਂ ਦੀ ਵਰਖਾ ਕਰ ਰਿਹਾ ਸੀ ਜੋ ਸੰਗਤਾਂ ਲਈ ਅਦਭੁਤ ਨਜ਼ਾਰਾ ਸੀ। ਆਪਣੇ ਹੱਥੀਂ ਫੁੱਲ ਵਰਾਉਣ ਦਾ ਕਾਰਜ ਗੁਰੂ ਰਵਿਦਾਸ ਸਭਾ ਦੇ



ਚੇਅਰਮੈਨ ਬਲਬੀਰ ਕਲੇਰ ਕਰ ਰਹੇ ਸਨ। ਫੁੱਲ ਵਰਸਾਉਣ ਦੀ ਇਹ ਸੇਵਾ ਹਰਦਿਆਲ ਸਿੰਘ ਬੰਗਾ (ਬੇਏਰੀਆ) ਦੇ ਪਰਿਵਾਰ ਵਲੋਂ ਕੀਤੀ ਗਈ। ਨਗਰ ਕੀਰਤਨ ਦੇ ਰਾਸਤੇ ਵਿਚ ਜਗ੍ਹਾ ਜਗ੍ਹਾ ਸ਼ਰਧਾਲੂਆਂ ਵਲੋਂ ਸੰਗਤਾਂ ਲਈ ਚਾਹ-ਪਾਣੀ ਅਤੇ ਹੋਰ ਭੋਜਨ ਪਦਾਰਥਾਂ ਦੇ ਲੰਗਰ ਲਾਏ ਗਏ ਸਨ। ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੋਂ ਹੁੰਦਾ ਹੋਇਆ ਨਗਰ ਕੀਰਤਨ ਸ਼ਾਮੀ ਕਰੀਬ 4 ਵਜੇ ਅਰਦਾਸ ਉਪਰੰਤ ਸਮਾਪਤ ਹੋਇਆ।

ਨਗਰ ਕੀਰਤਨ ਦੇ ਅਰੰਭ ਤੋਂ ਪਹਿਲਾਂ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਤੇ ਭਾਈ ਜਸਪਾਲ ਸਿੰਘ ਦੇ ਕੀਰਤਨੀ ਜਥੇ ਤੋਂ ਇਲਾਵਾ ਭਾਈ ਮਨਜੀਤ ਸਿੰਘ (ਯੂਬਾ ਸਿਟੀ), ਭਾਈ ਹਰਜਿੰਦਰ ਸਿੰਘ ਰਸੀਆ (ਪਿਟਸਬਰਗ) ਅਤੇ ਗੁਰੂ ਘਰ ਦੇ ਸਾਬਕਾ ਹੈਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਤੇ ਭਾਈ ਅਮਰਜੀਤ ਸਿੰਘ ਦੇ ਕੀਰਤਨੀ ਜਥਿਆਂ ਨੇ ਗੁਰਬਾਣੀ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ।







ਦੀਵਾਨ ਨੂੰ ਸੰਬੋਧਨ ਕਰਦਿਆਂ ਗੁਰੂ ਘਰ ਦੇ ਸਕੱਤਰ ਜੀਵਨ ਰੱਤੂ ਨੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ ਅਤੇ ਮੁੱਖ ਮਹਿਮਾਨ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲਖਾਨੇ ਦੇ ਕੌਂਸਲ ਅਨੰਦ ਝਾਅ ਨੂੰ ਜੀ ਆਇਆਂ ਆਖਿਆ। ਇਸ ਮੌਕੇ ਕਾਂਗਰਸਮੈਨ ਐਮੀ ਬੈਰਾ ਦੇ ਦਫਤਰ ਵਿਚੋਂ ਡਿਸਟ੍ਰਿਕਟ ਡਾਇਰੈਕਟਰ ਫੇਥ ਵਿਟਮੋਰ ਅਤੇ ਅਸੈਂਬਲੀਮੈਨ ਰੋਜ਼ਰ ਡਿਕਨੀ ਦੇ ਸਲਾਹਕਾਰ ਸੂਜ਼ੀ ਬਰੋ ਅਤੇ ਸੈਕਰਾਮੈਂਟੋ ਡਿਸਟ੍ਰਿਕਟ ਅਟਾਰਨੀ ਲਈ ਉਮੀਦਵਾਰ ਐਨੀ ਮੇਰੀ ਨੇ ਗੁਰੂ ਘਰ ਪਹੁੰਚ ਕੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਬਾਅਦ ਵਿਚ ਇਨ੍ਹਾਂ ਸਾਰੇ ਪ੍ਰਸ਼ਾਸਕੀ ਅਧਿਕਾਰੀਆਂ ਦਾ ਪ੍ਰਬੰਧਕੀ ਕਮੇਟੀ ਵਲੋਂ ਪਲੇਕ ਦੇ ਕੇ ਸਨਮਾਨ ਕੀਤਾ ਗਿਆ।

ਡਾ. ਅੰਬੇਦਕਰ ਫਾਉਂਡੇਸ਼ਨ ਦੇ ਪ੍ਰਧਾਨ ਭਜਨ ਸਿੰਘ ਭਿੰਡਰ, ਸੁਪਰੀਮ ਕੌਂਸਲ ਦੇ ਤਜਿੰਦਰ ਕਾਜਲਾ, ਦੇਸ਼ ਦੋਆਬਾ ਅਖਬਾਰ ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ, ਕਰਮ ਸਿੰਘ ਬੰਗੜ (ਫਰਿਜ਼ਨੋ), ਅਨੰਦ ਝਾਅ, ਗੁਰਬਚਨ ਚੋਪੜਾ, ਡਾ. ਹਰਮੇਸ਼ ਕੁਮਾਰ, ਰਾਕੇਸ਼ ਚੰਦਰ, ਵਿਨੋਦ ਚੁੰਬਰ, ਹੰਸ ਰਾਜ ਕਾਜਲਾ, ਦੇਬੋ ਬੈਂਸ (ਚੇਅਰਮੈਨ ਪਿਟਸਬਰਗ ਗੁਰੂ ਘਰ) ਅਤੇ ਰੋਜ਼ਵਿਲ ਗੁਰੂ ਘਰ ਦੇ ਪ੍ਰਧਾਨ ਹਰਜੀਤ ਸਿੰਘ ਸਵੈਚ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਰੋਜ਼ਵਿਲ ਗੁਰੂ ਘਰ ਵਲੋਂ ਗੁਰੂ ਘਰ ਨੂੰ 11,00 ਡਾਲਰ ਭੇਟ ਕੀਤੇ ਗਏ। ਨਿਊ ਯਾਰਕ ਗੁਰੂ ਰਵਿਦਾਸ ਟੈਂਪਲ ਦੇ ਪ੍ਰਧਾਨ ਨਿਰਮਲ ਸਿੰਘ ਅਤੇ ਸਕੱਤਰ ਚਰਨਜੀਤ ਸਿੰਘ ਝੱਲੀ ਵਿਸ਼ੇਸ਼ ਤੌਰ 'ਤੇ ਇਨ੍ਹਾਂ ਸਮਾਗਮਾਂ ਵਿਚ ਹਿੱਸਾ ਲੈਣ ਲਈ ਪਹੁੰਚੇ। ਇਸ ਮੌਕੇ ਭਾਈ ਅਮਰੀਕ ਸਿੰਘ ਵਲੋਂ ਲਿਖੀਆਂ ਪੁਸਤਕਾਂ ਦੀ 'ਸਿੱਖ ਵੇਅ ਆਫ ਮਾਰਸ਼ਲ ਲਿਵਿੰਗ' ਅਤੇ 'ਜਗਤ ਗੁਰੂ ਸਵਾਮੀ' ਪ੍ਰਬੰਧਕ ਕਮੇਟੀ ਵਲੋਂ ਰਿਲੀਜ਼ ਕੀਤੀਆਂ ਗਈਆਂ। ਗੁਰੂ ਰਵਿਦਾਸ ਜੀ ਦੇ ਚਾਲੀ ਸਲੋਕਾਂ ਦੀ ਇਕ ਐਮ ਪੀ-3 ਵੀ ਇਸ ਮੌਕੇ ਰਿਲੀਜ਼ ਕੀਤੀ ਗਈ।

ਇਨ੍ਹਾਂ ਸਮਾਗਮਾਂ ਦੌਰਾਨ ਗੁਰੂ ਕੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ। ਇਨ੍ਹਾਂ ਸੇਵਾਦਾਰਾਂ ਵਿਚ ਸਤਨਾਮ ਸਿੰਘ, ਜੋਗਿੰਦਰ ਸਿੰਘ, ਤਿਲਕ ਚੁੰਬਰ, ਅਮਨਦੀਪ ਸਿੰਘ, ਕਰਨੈਲ ਸਿੰਘ, ਪੀਟਰ ਦੋਸਾਂਝ, ਓਂਕਾਰ ਸਿੰਘ, ਸੁਰਿੰਦਰ ਕੁਮਾਰ, ਹਰਦਿਆਲ ਸਿੰਘ, ਗੁਰਦਿਆਲ ਰੱਲ੍ਹ, ਬਰਿੰਦਰ ਢੱਡਾ ਅਤੇ ਭਾਟੀਆ ਪਰਿਵਾਰ ਸ਼ਾਮਲ ਸਨ। ਮੋਹਨ ਸੈਂਪਲਾ ਦਾ ਮੁੱਖ ਫਲੋਟ ਤਿਆਰ ਕਰਨ ਲਈ ਧੰਨਵਾਦ ਕੀਤਾ ਗਿਆ।

ਸਨਿਚਰਵਾਰ ਵਾਲੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਸ਼ਾਮ ਨੂੰ ਰੈਣ ਸਬਾਈ ਕੀਰਤਨ ਦਰਬਾਰ ਵਿਚ ਗਿਆਨੀ ਹਰਬਿਲਾਸ ਸਿੰਘ (ਫਰਿਜ਼ਨੋ), ਭਾਈ ਮਨਜੀਤ ਸਿੰਘ ਅਤੇ ਗੁਰੂ ਘਰ ਦੇ ਭਾਈ ਨਿਰਮਲ ਸਿੰਘ ਤੇ ਭਾਈ ਜਸਪਾਲ ਸਿੰਘ ਦੇ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਕੱਤਰ ਜੀਵਨ ਰੱਤੂ, ਸੰਗੀਤ ਗਰੁਪ ਦੇ ਭਾਈ ਅਨੂਪ ਸਿੰਘ ਚੀਮਾ ਅਤੇ ਭਾਈ ਤਰਲੋਕ ਸਿੰਘ ਨੇ ਧਾਰਮਿਕ ਗੀਤ ਪੇਸ਼ ਕੀਤੇ। ਇੱਕ ਛੋਟੀ ਬੱਚੀ ਖੁਸ਼ੀ ਰੱਤੂ ਅਤੇ



ਬੀਬੀ ਮਨਦੀਪ ਕੌਰ ਔਜਲਾ ਨੇ ਵੀ ਇਕ ਇਕ ਸ਼ਬਦ ਰਾਹੀਂ ਹਾਜ਼ਰੀ ਭਰੀ। ਪ੍ਰੋ. ਮੋਹਨ ਰਾਮ ਪਾਲ, ਅਮਰ ਬੈਦਵਾਨ ਅਤੇ ਨਿਊ ਯਾਰਕ ਤੋਂ ਆਏ ਭਾਈ ਨਿਰਮਲ ਸਿੰਘ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਗੁਰੂ ਘਰ ਦੇ ਵਾਈਸ ਚੇਅਰਮੈਨ ਬਲਵਿੰਦਰ ਰੱਲ੍ਹ ਦੇ ਸਵਰਗੀ ਮਾਤਾ ਪ੍ਰੀਤਮ ਕੌਰ ਦੇ ਪੈਟਰਨ ਹੋਣ ਦਾ ਸਿਰੋਪਾਓ ਬੀਬੀ ਨਿਰੰਜਣ ਕੌਰ ਨੂੰ ਦਿੱਤਾ ਗਿਆ।

ਗੁਰਪੁਰਬ ਅਤੇ ਨਗਰ ਕੀਰਤਨ ਦੇ ਪ੍ਰੋਗਰਾਮ ਨੂੰ ਨੇਪਰੇ ਚੜ੍ਹਾਉਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਬਲਬੀਰ ਸਿੰਘ ਕਲੇਰ, ਵਾਈਸ ਚੇਅਰਮੈਨ ਬਲਵਿੰਦਰ ਰੱਲ੍ਹ, ਪ੍ਰਧਾਨ ਸਤੀਸ਼ ਰੱਲ੍ਹ, ਮੀਤ ਪ੍ਰਧਾਨ ਸਤਨਾਮ ਮੰਡਾਲੀ ਤੇ ਕਰਨੈਲ ਸਿੰਘ, ਖਜ਼ਾਨਚੀ ਮਹਿੰਦਰ ਸਿੰਘ ਧਾਮੀ, ਦਫਤਰ ਸਕੱਤਰ ਰਾਜ ਬੱਧਣ, ਸਟੇਜ ਸੈਕਟਰੀ ਜੀਵਨ ਰੱਤੂ, ਕੈਸ਼ੀਅਰ ਇੰਦਰਜੀਤ ਪਤਵੱਗਾ ਤੋਂ ਇਲਾਵਾ ਜਸਵਿੰਦਰ ਮਡਾਰਾ, ਦਿਲਬਾਗ ਰਾਣਾ, ਪੀ ਆਰ ਓ ਜਸਵੰਤ ਸ਼ੀਮਾਰ, ਕਿਚਨ ਮੈਨੇਜਰ ਹਰਬੰਸ ਰੱਲ੍ਹ ਤੇ ਸਲਾਹਕਾਰ ਅਜੀਤ ਰਾਮ ਬੰਗੜ, ਬਿਲਡਿੰਗ ਕਮੇਟੀ ਦੇ ਮੈਂਬਰਾਂ-ਦਰਸ਼ਨ ਵਿਰਕ, ਜੋਗਿੰਦਰ ਚੁੰਬਰ, ਜੱਸੀ ਬੰਗਾ, ਮਨਜੀਤ ਸਿੰਘ ਰੱਲ੍ਹ, ਸੁਰਿੰਦਰ ਮੱਲ, ਅਵਤਾਰ ਸਿੱਧੂ, ਮੱਖਣ ਲੋਹਾਰ, ਗੁਰਦਿਆਲ ਮੱਲ ਅਤੇ ਕਸ਼ਮੀਰ ਸਿੰਘ ਰੱਲ੍ਹ ਨੇ ਅਣਥਕ ਸੇਵਾ ਨਿਭਾਈ। ਰਾਜ ਕੁਮਾਰ ਸੂਦ ਅਤੇ ਮਨਜੀਤ ਪਾਲ ਨੇ ਵੀ ਨਗਰ ਕੀਰਤਨ ਦੀਆਂ ਤਿਆਰੀਆਂ ਵਿਚ ਭਰਵਾਂ ਹਿੱਸਾ ਪਾਇਆ। ਕੈਲੀਫੋਰਨੀਆ ਦੀਆਂ ਵੱਖ ਵੱਖ ਗੁਰੂ ਰਵਿਦਾਸ ਸਭਾਵਾਂ ਅਤੇ ਮਹਾਰਿਸ਼ੀ ਵਾਲਮੀਕੀ ਸਭਾ, ਯੂਬਾ ਸਿਟੀ ਨੇ ਵੀ ਨਗਰ ਕੀਰਤਨ ਲਈ ਪੂਰਾ ਸਹਿਯੋਗ ਦਿੱਤਾ।

ਸਪਾਂਸਰ ਜੱਸੀ ਬੰਗਾ ਦੇ ਸਹਿਯੋਗ ਨਾਲ ਗਲੋਬਲ ਪੰਜਾਬ ਟੀ ਵੀ ਵਲੋਂ ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ। ਗਲੋਬਲ ਪੰਜਾਬ ਟੀ ਵੀ ਦੇ ਜਗਦੇਵ ਭੰਡਾਲ ਅਤੇ ਮੰਚ ਸੰਚਾਲਕਾ ਆਸ਼ਾ ਸ਼ਰਮਾ ਤੋਂ ਇਲਾਵਾ ਸੁਖਦੇਵ ਸਾਹਿਲ ਨੇ ਵੀ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।






## Punjabi Pack $24.99

PTC Punjabi, GET ਪੰਜਾਬੀ, jus punjabi, mh, Alpha ETC Punjabi, 9Punjab, JUS one



## Hindi Elite Pack $34.99

Star Plus HD, SONY, Zee TV HD, Life OK, aapka colors, WILLOW HD

**Daily Gurbani Kirtan From Harmandir Sahib**

PROMOTIONAL PRICES START AT $19.99/mo FOR 12 MONTHS NOT ELIGIBLE FOR HOPPER.

# CHOOSE YOUR PACKAGE AND SAVE!

America's Top 120 — 190+ Channels $29.99/mo*

America's Top 200 — 240+ Channels $39.99/mo*

America's Top 250 — 290+ Channels $44.99/mo*

* Promotional prices for 12 months. Monthly DVR and receiver fees apply.



## FREE HOPPER UPGRADE

UNBEATABLE WHOLE-HOME HD DVR

- Watch all your live and recorded TV anywhere*
- Instantly skip commercials*
- Store up to 2,000 hours of your favorite shows
- Record up to 6 different shows at the same time*

*Feature must be enabled by customer.
Available with qualifying American packages. Monthly DVR and receiver fees apply

## ACT NOW AND ALSO GET:

**FREE** PREMIUM CHANNELS for 3 months

HBO, CINEMAX, SHOWTIME, starz, Blockbuster @Home

Offer subject to change based on premium channel availability.

**FREE** INSTALLATION in up to 6 rooms

**FREE** HD for 24 months
Available with qualifying American packages

All offers require 24-month commitment and credit qualification.

**BUNDLE AND SAVE WITH DISH**
Ask how you can save $10/mo.
WITH DISHNET HIGH-SPEED INTERNET

Serving the community since 1995. Call us to get the best entertainment in your house today !

**Satellite Plus**
We Install DISH All Over The US
**1.877.593.1510**

Fresno: 559.226.1510
Modesto: 559.591.1510
Bay Area: 408.260.1510
Bakersfield: 661.395.1510
Sacramento: 916.368.1510

dish AUTHORIZED RETAILER

Important Terms and Conditions: Promotional Offers: International programming requires additional $10/mo International Basic package or any America's Top package. All prices, fees ,charges, packages, programming, features, functionality and offers subject to change without notice. After 12-month promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.. Activation fee may apply. Additional Requirements: HD Free for 24 Months: Additional $10/mo HD fee waived for first 24 months Requires continuous enrollment in AutoPay with Paperless Billing. After promotional period, then-current everyday monthly price applies and is subject to change. Premium Channels: 3-month premium offer value is $165; after promotional period, then-current everyday monthly prices apply and are subject to change. Blockbuster @Home requires Internet to stream content. HD-only channels not available with select packages. Hopper Features: Auto Hop feature is only available with playback the next day of select primetime shows on ABC, CBS, FOX and NBC as part of PrimeTime Anytime feature. Both features are subject to availability. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.



ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਮੀਟਿੰਗ ਤੋਂ ਬਾਅਦ ਅਹੁਦੇਦਾਰ ਤੇ ਵਾਲੰਟੀਅਰ

# ਬਿਨ-ਲਾਦਿਨ ਨੇ ਛੇ ਮਹੀਨੇ ਪਹਿਲਾਂ ਹੀ ਉਲੀਕੀ ਸੀ 9/11 ਹਮਲੇ ਦੀ ਯੋਜਨਾ

**ਨਿਊ ਯਾਰਕ:** ਓਸਾਮਾ ਬਿਨ ਲਾਦਿਨ ਨੇ ਅਫ਼ਗਾਨਿਸਤਾਨ ਵਿਚ ਅਮਰੀਕੀ ਰੰਗਰੂਟਾਂ ਨੂੰ ਸੰਬੋਧਨ ਕਰਦਿਆਂ ਛੇ ਮਹੀਨੇ ਪਹਿਲਾਂ ਹੀ 9/11 ਦੇ ਦਹਿਸ਼ਤੀ ਹਮਲੇ ਦਾ ਇਸ ਦਾ ਇਸ਼ਾਰਾ ਕਰ ਦਿੱਤਾ ਸੀ। 'ਨਿਊਯਾਰਕ ਪੋਸਟ' ਵਿਚ ਛਪੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲਾਦਿਨ ਦੇ ਦਾਮਾਦ ਵਿਰੁੱਧ ਅਮਰੀਕਾ ਵਿਚ ਚੱਲ ਰਹੇ ਮੁਕੱਦਮੇ ਦੌਰਾਨ ਇਕ ਗਵਾਹ ਨੇ ਗਵਾਹੀ ਦਿੱਤੀ ਕਿ 9/11 ਦੇ ਹਮਲਿਆਂ ਤੋਂ ਪਹਿਲਾਂ ਅਲਕਾਇਦਾ ਮੁਖੀ ਨੇ ਅਮਰੀਕੀ 'ਰੰਗਰੂਟਾਂ' ਨੂੰ ਦੱਸਿਆ ਸੀ ਕਿ 'ਇਸਲਾਮਿਕ ਭਰਾ' ਜੇਹਾਦ ਖਾਤਰ ਮਰਨ ਲਈ ਤਿਆਰ ਹਨ। ਲਾਦਿਨ ਨੇ ਕਿਹਾ ਸੀ ਕਿ ਇਹ ਸਮਝ ਲਿਆ ਜਾਵੇ ਕਿ ਇਸਲਾਮਿਕ ਜਹਾਦੀ ਜਾਨ ਤਲੀ 'ਤੇ ਧਰੀ ਫਿਰਦੇ ਹਨ।

41 ਸਾਲਾ ਅਲਵਾਨ ਬਫਲੋ ਇਲਾਕੇ ਦੇ ਉਨ੍ਹਾਂ ਛੇ ਯਮਨੀ-ਅਮਰੀਕੀਆਂ ਵਿਚੋਂ ਇਕ ਸੀ, ਜਿਨ੍ਹਾਂ ਨੂੰ 2003 ਵਿਚ ਅਲਕਾਇਦਾ ਨੂੰ ਇਮਦਾਦ ਦੇਣ ਦੇ ਦੋਸ਼ੀ ਠਹਿਰਾਇਆ ਗਿਆ ਸੀ। ਰਿਪੋਰਟ ਮੁਤਾਬਕ ਇਹ 2001 ਵਿਚ ਕੰਧਾਰ ਨੇੜੇ ਬਿਨ ਲਾਦਿਨ ਦੇ ਦਹਿਸ਼ਤੀ ਟ੍ਰੇਨਿੰਗ ਕੈਂਪ ਵਿਚ ਸ਼ਾਮਲ ਹੋਏ ਸਨ। ਸਾਢੇ ਨੌਂ ਸਾਲ ਦੀ ਸਜ਼ਾ ਭੁਗਤ ਕੇ ਆਜ਼ਾਦ ਹੋਏ ਅਲਵਾਨ ਨੇ ਕੁਵੈਤ ਦੇ ਜੰਮੇ ਇਮਾਨ ਸੁਲਾਇਮਾਨ ਅੱਬੂ ਘੱਬ ਵਿਰੁੱਧ ਗਵਾਹੀ ਦਿੱਤੀ। ਅੱਬੂ ਘੱਬ ਵਿਰੁੱਧ ਇਹ ਸਭ ਤੋਂ ਵੱਧ ਮਾਰੂ ਗਵਾਹੀ ਹੈ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ 14ਵੇਂ ਗਦਰੀ ਮੇਲੇ ਲਈ ਤਿਆਰੀਆਂ ਮੁਕੰਮਲ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਇਥੇ 22 ਅਤੇ 23 ਮਾਰਚ ਸਨਿਚਰ-ਐਤਵਾਰ ਨੂੰ ਕਰਵਾਏ ਜਾ ਰਹੇ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਜਾ ਰਹੇ ਆਪਣੇ 14ਵੇਂ ਮੇਲੇ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਫੋਰਮ ਦੀ ਇਥੇ ਪ੍ਰਧਾਨ ਗੁਰਦੀਪ ਸਿੰਘ ਘੋਲੀਆਂ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਿੰਘ ਸਭਾ ਵਿਖੇ ਹੋਈ ਇਕ ਮੀਟਿੰਗ ਵਿਚ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਆਖਰੀ ਪੜਾਅ ਦੀਆਂ ਡਿਊਟੀਆਂ ਲਗਾਈਆਂ ਗਈਆਂ। ਸਾਕਾ ਕਾਮਾਗਾਟਾਮਾਰੂ ਦੀ ਸ਼ਤਾਬਦੀ ਨੂੰ ਸਮਰਪਿਤ ਇਹ ਮੇਲਾ ਰੀਜੈਂਸੀ ਪੈਲੇਸ ਕਲੋਵਿਸ ਵਿਚ ਕਰਵਾਇਆ ਜਾ ਰਿਹਾ ਹੈ। ਮੇਲੇ ਵਿਚ ਉਚ ਕੋਟੀ ਦੇ ਬੁਲਾਰੇ ਅਤੇ ਗਾਇਕ ਹਿੱਸਾ ਲੈਣਗੇ ਜੋ ਕਿ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਅਤੇ ਇਤਿਹਾਸ ਬਾਰੇ ਜਾਣਕਾਰੀ ਦੇਣਗੇ। ਮੇਲੇ ਦੇ ਮੁੱਖ ਮਹਿਮਾਨ ਬੀ ਸੀ ਕੈਨੇਡਾ ਦੇ ਸਾਬਕਾ ਪ੍ਰੀਮੀਅਰ ਸ੍ਰੀ ਉਜਲ ਦੁਸਾਂਝ ਹੋਣਗੇ।

ਮੇਲੇ ਦੌਰਾਨ 22 ਮਾਰਚ ਨੂੰ ਬੱਚਿਆਂ ਦੇ ਭਾਸ਼ਨ ਮੁਕਾਬਲੇ ਕਰਵਾਏ ਜਾਣਗੇ। 23 ਮਾਰਚ ਨੂੰ ਵਿਦਵਾਨਾਂ ਦੀਆਂ ਤਕਰੀਰਾਂ ਹੋਣਗੀਆਂ, ਗੀਤ-ਸੰਗੀਤ ਦਾ ਪ੍ਰੋਗਰਾਮ ਹੋਵੇਗਾ ਅਤੇ ਬੱਚਿਆਂ ਦਾ ਗਿੱਧਾ ਭੰਗੜਾ ਹੋਵੇਗਾ। ਫੋਰਮ ਦੀ ਇਸ ਮੀਟਿੰਗ ਦੌਰਾਨ ਇਸ ਦੇ ਇਸਤਰੀ ਵਿੰਗ ਵਲੋਂ ਇੰਟਰਨੈਸ਼ਨਲ ਵੂਮੈਨ ਡੇਅ ਵੀ ਮਨਾਇਆ ਗਿਆ।

# ਡੇਢ ਸੌ ਸਾਲ ਦੀ ਹੋਈ 'ਪਹਾੜਾਂ ਦੀ ਰਾਣੀ'

**ਸ਼ਿਮਲਾ:** ਬਰਤਾਨਵੀ ਸ਼ਾਸਕਾਂ ਦੀ ਗਰਮੀਆਂ ਦੀ ਰਾਜਧਾਨੀ ਵਜੋਂ 150 ਵਰ੍ਹੇ ਪੂਰੇ ਕਰਨ 'ਤੇ ਸ਼ਿਮਲੇ ਵਿਚ ਜਸ਼ਨਾਂ ਦਾ ਮਾਹੌਲ ਸ਼ੁਰੂ ਹੋਣ ਜਾ ਰਿਹਾ ਹੈ। ਸ਼ਿਮਲਾ 1864 ਤੋਂ 1939 ਤੱਕ ਭਾਰਤ ਵਿਚ ਬਰਤਾਨਵੀ ਸ਼ਾਸਕਾਂ ਦੀ ਗਰਮੀਆਂ ਦੀ ਰਾਜਧਾਨੀ ਰਿਹਾ ਹੈ। ਬਰਤਾਨਵੀ ਸ਼ਾਸਕਾਂ ਨੇ ਹੀ ਇਸ ਨੂੰ 'ਪਹਾੜਾਂ ਦੀ ਰਾਣੀ' ਦਾ ਨਾਂ ਦਿੱਤਾ ਸੀ ਤੇ ਹਾਲੇ ਵੀ ਇਸ ਸ਼ਹਿਰ ਵਿਚ ਉਸ ਕਾਲ ਦੀਆਂ 91 ਵਿਰਾਸਤੀ ਇਮਾਰਤਾਂ ਮੌਜੂਦ ਹਨ।

ਬੀਤੇ ਨੂੰ ਚੇਤੇ ਕਰਨ ਲਈ ਸੂਬਾ ਸਰਕਾਰ ਤੇ ਨੈਸ਼ਨਲ ਸਕੂਲ ਆਫ ਡਰਾਮਾ ਜਿਹੇ ਸੱਭਿਆਚਾਰਕ ਅਦਾਰੇ ਕਈ ਤਰ੍ਹਾਂ ਦੇ ਪ੍ਰੋਗਰਾਮ



ਕਰ ਰਹੇ ਹਨ। ਅਗਲੇ ਮਹੀਨੇ ਤੋਂ ਇਹ ਜਸ਼ਨ ਸ਼ੁਰੂ ਹੋ ਰਹੇ ਹਨ। ਸੂਤਰਾਂ ਅਨੁਸਾਰ ਇਸ ਮੌਕੇ ਵੱਖੋ-ਵੱਖਰੀ ਤਰ੍ਹਾਂ ਦੇ ਬਹੁਤ ਸਾਰੇ ਪ੍ਰੋਗਰਾਮ ਕਰਾਏ ਜਾ ਰਹੇ ਹਨ ਜਿਨ੍ਹਾਂ ਵਿਚ ਥੀਏਟਰ ਫੈਸਟੀਵਲ, ਮਿਥਿਹਾਸਕ ਬੈਲੇ, ਫ਼ਿਲਮ ਫੈਸਟੀਵਲਾਂ ਤੋਂ ਇਲਾਵਾ ਫੌਜੀ ਬੈਂਡ ਸ਼ਿਮਲਾ ਦੇ ਸ਼ਾਨਾਂਮੱਤੇ ਅਤੀਤ ਦੀ ਝਲਕ ਦਿਖਾਉਣਗੇ। ਉਨ੍ਹਾਂ ਦੱਸਿਆ ਕਿ ਸ਼ਿਮਲਾ ਦੀ ਗਰਮੀਆਂ ਦੀ ਰਾਜਧਾਨੀ ਵਜੋਂ 150 ਵਰ੍ਹੇ ਪੂਰੇ ਹੋਣ ਦੇ ਜਸ਼ਨ 21 ਮਾਰਚ ਤੋਂ ਸ਼ੁਰੂ ਹੋ ਰਹੇ ਹਨ।

ਸੂਬੇ ਦੇ ਸੈਰ-ਸਪਾਟਾ ਵਿਭਾਗ ਵੱਲੋਂ 2010 ਵਿਚ ਛਾਪੀ ਗਈ ਕੌਫੀ ਟੇਬਲ ਪੁਸਤਕ 'ਹਰ ਘਰ ਕੁਝ ਕਹਿਤਾ ਹੈ' ਮੁਤਾਬਕ ਸ਼ਿਮਲਾ ਜੋ ਪਹਿਲਾਂ ਪਿੰਡ ਸੀ, ਦਾ ਪਹਿਲਾ ਘਰ 1822 ਨੂੰ ਬਣਿਆ ਸੀ। ਇਹ ਗਿਣਤੀ 290 ਹੋਣ ਨੂੰ 44 ਸਾਲ ਲੱਗੇ ਸਨ। 1841 ਵਿਚ ਇਥੇ ਸਿਰਫ਼ 100 ਘਰ ਸਨ। 1881 ਵਿਚ ਇਸ ਦੀ ਆਬਾਦੀ 13,258 ਸੀ ਜੋ 1921 ਤੱਕ 4803 (ਯੂਰਪੀ) ਤੇ 38,539 (ਭਾਰਤੀ) ਹੋ ਗਈ ਸੀ।

1822 ਵਿਚ ਇਥੇ ਚਾਰਲਸ ਪ੍ਰੈਟ ਕੈਨੇਡੀ ਦਾ ਘਰ 'ਕੈਨੇਡੀ ਹਾਊਸ' ਬਣਾਇਆ ਗਿਆ ਸੀ। ਉਹ ਪਹਾੜੀ ਸੂਬੇ ਦੇ ਨਵੇਂ ਲਾਏ ਗਏ ਸਿਆਸੀ ਅਧਿਕਾਰੀ ਸਨ। ਇਸ ਮਗਰੋਂ ਇਥੇ ਹੋਰ ਅੰਗਰੇਜ਼ ਅਧਿਕਾਰੀ ਆਉਂਦੇ ਗਏ।

# ਪੰਜਾਬ 'ਚ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਫੰਡਰੇਜ਼ਰ ਵਾਕ

**ਫਰੀਮਾਂਟ (ਬਿਊਰੋ):** ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਰਗਰਮ ਜਥੇਬੰਦੀ 'ਇਨਸਾਫ'





ਵਲੋਂ ਇਥੇ ਐਲਿਜਬੈਥ ਲੇਕ ਉਪਰ ਦੂਜਾ ਫੰਡਰੇਜ਼ਰ ਪੈਦਲ ਮਾਰਚ ਕੀਤਾ ਗਿਆ ਜਿਸ ਦਾ ਮਨੋਰਥ ਪੰਜਾਬ ਵਿਚ 1984 ਤੋਂ 1995 ਦੇ ਸਮੇਂ ਦੌਰਾਨ ਪੁਲਿਸ ਅਤੇ ਸੁਰੱਖਿਆ ਦਸਤਿਆਂ ਵਲੋਂ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾ ਦਿੱਤੇ ਜਾਣ ਜਾਂ ਲਾਪਤਾ ਕਰ ਦਿੱਤੇ ਜਾਣ ਦੀਆਂ ਘਟਨਾਵਾਂ ਦੀ ਜਾਂਚ ਲਈ ਫੰਡ ਇਕੱਠੇ ਕਰਨਾ ਹੈ। ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਜਥੇਬੰਦੀ ਲਾਪਤਾ ਕੀਤੇ ਗਏ ਜਾਂ ਝੂਠੇ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ ਲੋਕਾਂ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਪੂਰੇ ਤੇ ਦਰੁਸਤ ਦਸਤਾਵੇਜ਼ ਬਣਾ ਰਹੀ ਹੈ। ਜਥੇਬੰਦੀ ਪੰਜਾਬ ਦੇ ਛੇ ਹਜ਼ਾਰ ਪਿੰਡਾਂ ਵਿਚ ਜਾ ਚੁੱਕੀ ਹੈ ਤੇ ਬਾਕੀ ਛੇ ਹਜ਼ਾਰ ਪਿੰਡਾਂ 'ਚ ਜਾਣ ਦਾ ਇਸ ਦਾ ਇਰਾਦਾ ਹੈ।

ਇਸ ਪੈਦਲ ਮਾਰਚ ਵਿਚ ਨੌਜਵਾਨਾਂ, ਬੱਚਿਆਂ, ਬਜ਼ੁਰਗਾਂ, ਬੀਬੀਆਂ, ਭੈਣਾਂ ਅਤੇ ਮਾਤਾਵਾਂ ਨੇ ਹਿੱਸਾ ਲਿਆ। ਲਗਪਗ ਇਕ ਘੰਟੇ ਦੀ ਯਾਤਰਾ ਤੋਂ ਬਾਦ ਨੌਜਵਾਨਾਂ ਤੇ ਬੱਚਿਆਂ ਦੇ ਜਥੇ ਜਿਸ ਵਿਚ ਦਮਨ ਸਿੰਘ, ਪੁਨੀਤ ਕੌਰ ਖਾਲਸਾ, ਪੂਜਾ ਕੌਰ, ਸ਼ਾਨ ਸਿੰਘ ਖਾਲਸਾ, ਮਹਿਤਾਬ ਕੌਰ ਖਾਲਸਾ, ਮਨਜੀਵ ਸਿੰਘ ਤੇ ਗੁਰਮੇਹਰ ਸਿੰਘ ਸ਼ਾਮਲ ਸਨ, ਨੇ ਰਬਾਬ, ਦਿਲਰੁਬਾ ਤਾਊਸ ਤੇ ਤਬਲੇ ਨਾਲ ਰਾਗ ਗੁਨਕਲੀ ਵਿਚ ਤੰਤੀ ਸਾਜ਼ਾਂ ਦੀਆਂ ਧੁਨਾਂ 'ਤੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲੁਆਈ। ਉਪਰੰਤ ਤਰਨਤਾਰਨ ਦੇ ਕਵੀਸ਼ਰੀ ਜਥੇ ਨੇ ਸ਼ਹੀਦਾਂ ਦੀਆਂ ਵਾਰਾਂ ਗਾ ਕੇ ਮਾਹੌਲ ਨੂੰ ਬੀਰਰਸੀ ਬਣਾਇਆ। ਇਕੱਠ ਨੂੰ 'ਇਨਸਾਫ' ਦੀ ਆਗੂ ਜਸਕਰਨ ਕੌਰ, ਡਿਵੈਲਪਮੈਂਟ ਡਾਇਰੈਕਟਰ ਅੰਬਰੀ ਪੁਖਰਾਜ, ਡਾ. ਰਾਜਵਿੰਦਰ ਸਿੰਘ, ਬਲਵਿੰਦਰਪਾਲ ਸਿੰਘ ਖਾਲਸਾ, ਭਾਈ ਦਲਜੀਤ ਸਿੰਘ (ਸਕੱਤਰ, ਗੁਰਦੁਆਰਾ ਸਟਾਕਟਨ) ਨੇ ਸੰਬੋਧਨ ਕੀਤਾ ਤੇ ਜਥੇਬੰਦੀ ਦੀ ਮਾਇਕ ਸਹਾਇਤਾ ਲਈ ਬੇਨਤੀ ਕੀਤੀ ਜੋ ਆਨ ਲਾਈਨ Ensaaf.org ਉਤੇ ਜਾ ਕੇ ਕੀਤੀ ਜਾ ਸਕਦੀ ਹੈ।

# ਚੀਨ ਦਾ ਰੱਖਿਆ ਬਜਟ ਭਾਰਤ ਤੋਂ ਚਾਰ ਗੁਣਾ

**ਪੇਇਚਿੰਗ:** ਵਿਸ਼ਵ ਵਿਚ ਸਭ ਤੋਂ ਵੱਡੀ ਫੌਜ ਦੇ ਮਾਲਕ ਚੀਨ ਨੇ ਆਪਣੇ ਰੱਖਿਆ ਬਜਟ ਵਿਚ 12.2 ਫੀਸਦੀ ਵਾਧਾ ਕਰਨ ਦਾ ਐਲਾਨ ਕੀਤਾ। 2011 ਤੋਂ ਲੈ ਕੇ ਹੁਣ ਤੱਕ ਇਹ ਸਭ ਤੋਂ ਵੱਡਾ ਵਾਧਾ ਹੈ। ਭਾਰਤ ਦੇ ਰੱਖਿਆ ਖਰਚੇ ਤੋਂ ਚੀਨ ਦਾ ਇਹ ਫ਼ੌਜੀ ਬਜਟ ਚਾਰ ਗੁਣਾ ਵਧੇਰੇ ਹੈ। ਚੀਨ ਦੇ ਪ੍ਰਧਾਨ ਮੰਤਰੀ ਲੀ ਖਚਿਆਂਗ ਵੱਲੋਂ ਨੈਸ਼ਨਲ ਪੀਪਲਜ਼ ਕਾਂਗਰਸ ਵਿਚ ਪੇਸ਼ ਬਜਟ ਤਜਵੀਜ਼ਾਂ ਮੌਕੇ ਖੁਲਾਸਾ ਕੀਤਾ ਗਿਆ ਕਿ ਇਸ ਸਾਲ ਲਈ ਦੇਸ਼ ਦਾ ਰੱਖਿਆ ਬਜਟ 808.2 ਅਰਬ ਯੁਆਨ ਦਾ ਹੋਵੇਗਾ।

ਜਪਾਨ ਨਾਲ ਚੱਲ ਰਹੀ ਲਾਗਡਾਟ ਤੇ ਅਮਰੀਕਾ ਵੱਲੋਂ ਏਸ਼ੀਆ ਪ੍ਰਸ਼ਾਂਤ ਵਿਚ ਫ਼ੌਜੀ ਪਸਾਰ ਦੇ ਮੱਦੇਨਜ਼ਰ ਚੀਨ ਵੱਲੋਂ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐਲ.ਏ) 'ਤੇ ਖਰਚੇ ਵਧਾਉਣ ਦੀ ਯੋਜਨਾ ਹੈ। ਦਿਲਚਸਪ ਗੱਲ ਹੈ ਕਿ ਚੀਨ ਨੇ ਐਤਕੀਂ ਸਾਰੇ ਸੂਬਿਆਂ ਲਈ ਆਪਣਾ ਘਰੇਲੂ ਸੁਰੱਖਿਆ ਬਜਟ ਨਹੀਂ ਐਲਾਨਿਆ ਜੋ ਪਿਛਲੇ ਸਾਲ 769.1 ਅਰਬ ਯੁਆਨ ਤੈਅ ਕੀਤਾ ਗਿਆ ਸੀ ਜੋ ਰੱਖਿਆ ਬਜਟ ਤੋਂ ਕਿਤੇ ਵੱਧ ਸੀ।

ਬਜਟ ਐਲਾਨ ਵਿਚ ਲੀ ਨੇ ਸਿਰਫ਼ ਕੇਂਦਰੀ ਪੂਲ ਵਿਚੋਂ ਲੋਕ ਸੁਰੱਖਿਆ ਫੰਡਿੰਗ ਦਾ ਹੀ ਜ਼ਿਕਰ ਕੀਤਾ ਸੀ। ਪ੍ਰਾਂਤਕ ਤੇ ਖੇਤਰੀ ਸਰਕਾਰਾਂ ਲਈ ਰਕਮ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਸਾਲ ਅੰਦਰੂਨੀ ਸੁਰੱਖਿਆ 'ਤੇ ਵਧੇਰੇ ਖਰਚੇ ਦੀ ਸੰਭਾਵਨਾ ਸੀ। ਪੇਇਚਿੰਗ ਵੱਲੋਂ ਰੱਖਿਆ ਬਜਟ ਦੀ ਰਕਮ ਵਿਚ ਇੰਨੇ ਵਾਧੇ ਦਾ ਨਵੀਂ ਦਿੱਲੀ ਵਿਚ ਬਣਨ ਵਾਲੀ ਨਵੀਂ ਸਰਕਾਰ 'ਤੇ ਵੀ ਦਬਾਅ ਰਹੇਗਾ।

# ਸਿਟੀ ਕੌਂਸਲ ਉਮੀਦਵਾਰ ਰਮਾ ਕਾਂਤ ਡਾਬਰ ਲਈ ਫੰਡਰੇਜ਼ਰ

**ਫਰਿਜ਼ਨੋ (ਬਿਊਰੋ):** ਫਰਿਜ਼ਨੋ ਸਿਟੀ ਕੌਂਸਲ ਦੇ ਡਿਸਟ੍ਰਿਕਟ ਇਕ ਲਈ ਚੋਣ ਵਿਚ ਕਿਸਮਤ ਅਜ਼ਮਾਈ ਕਰ ਰਹੇ ਪੰਜਾਬੀ ਭਾਈਚਾਰੇ ਦੇ ਉਮੀਦਵਾਰ ਰਮਾ ਕਾਂਤ ਡਾਬਰ ਲਈ ਇਕ ਫੰਡਰੇਜ਼ਰ ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਕੀਤਾ ਗਿਆ। ਇਸ ਸਮੇਂ ਉਹ ਫਰਿਜ਼ਨੋ ਦੇ ਪਲੈਨਿੰਗ ਕਮਿਸ਼ਨਰ ਹਨ। ਇਸ ਮੌਕੇ ਹੋਰਨਾਂ ਤੋ ਇਲਾਵਾ ਫਰਿਜ਼ਨੋ ਕਾਊਂਟੀ ਬੋਰਡ ਦੇ ਉਮੀਦਵਾਰ ਬਲੌਗ ਐਕਸਔਗ, ਜੱਜ ਲਈ ਉਮੀਦਵਾਰ ਚਾਰਲਸ ਚੱਕ ਮਗਾਇਲ ਅਤੇ ਕਾਂਗਰਸ ਲਈ ਉਮੀਦਵਾਰ ਜੌਹਨ ਟਚੇਰੀ ਆਦਿ ਹਾਜ਼ਰ ਸਨ।

ਡਾ. ਕਪੂਰ, ਕੌਂਸਲਮੈਨ ਕਲਾਇੰਟ ਮਾਲੀਵਰ, ਕਾਊਂਟੀ ਸੁਪਵਾਈਜ਼ਰ ਐਂਡਰਿਸ ਬੋਰਗਸ, ਜਿਫ ਰੀਡ ਅਤੇ ਪਾਲ ਕਪਰਾਇਲੋ ਨੇ ਰਮਾ ਕਾਂਤ ਡਾਬਰ ਦੀ ਹਮਾਇਤ ਦਾ ਐਲਾਨ ਕੀਤਾ। ਵਖ ਵਖ ਬੁਲਾਰਿਆਂ ਨੇ ਉਮੀਦ ਜਾਹਰ ਕੀਤੀ ਕਿ ਸ੍ਰੀ ਡਾਬਰ ਫਰਿਜ਼ਨੋ ਸ਼ਹਿਰ ਦੀ ਨੁਹਾਰ ਬਦਲਣ ਵਿਚ ਅਹਿਮ ਭੂਮਿਕਾ ਨਿਭਾਉਣਗੇ। ਅਖੀਰ ਵਿਚ ਰਮਾ ਕਾਂਤ ਡਾਬਰ ਨੇ ਸਮੂਹ ਮਹਿਮਾਨਾਂ ਅਤੇ ਸੰਸਥਾਵਾਂ ਦਾ ਸ਼ੁਕਰੀਆ ਅਦਾ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਸ਼ਹਿਰ ਵਿਚ ਚੋਰੀਆਂ, ਲੁੱਟਾਂ-ਖੋਹਾਂ ਨੂੰ ਨੱਥ ਪਾਉਣ ਲਈ ਸਿਟੀ ਪੁਲਿਸ ਦੇ ਸਹਿਯੋਗ ਨਾਲ ਉਚੇਚੇ ਯਤਨ ਕਰਨਗੇ।



## ਭਾਰਤੀ ਲੇਖਕ ਨੇ ਡੇਢ ਲੱਖ ਡਾਲਰ ਜਿੱਤਿਆ

**ਵਾਸ਼ਿੰਗਟਨ:** ਭਾਰਤੀ ਲੇਖਕ ਪੰਕਜ ਮਿਸ਼ਰਾ ਸੰਸਾਰ ਦੇ ਉਨ੍ਹਾਂ 8 ਲੇਖਕਾਂ ਵਿਚ ਸ਼ੁਮਾਰ ਹਨ ਜਿਨ੍ਹਾਂ ਨੂੰ ਯੇਲ ਯੂਨੀਵਰਸਿਟੀ ਦਾ ਡੇਢ ਲੱਖ ਡਾਲਰ ਦੇ ਇਨਾਮ ਲਈ ਚੁਣਿਆ ਗਿਆ ਹੈ। ਉਨ੍ਹਾਂ ਨੂੰ ਇਹ ਵਿੰਦਮ ਕੈਂਪਬੈਲ ਸਾਹਿਤ ਪੁਰਸਕਾਰ ਵਾਰਤਕ ਦੀ ਵੰਨਗੀ ਵਿਚੋਂ ਮਿਲਿਆ ਹੈ। ਯੂਨੀਵਰਸਿਟੀ ਵੱਲੋਂ ਗਲਪ, ਵਾਰਤਕ ਤੇ ਨਾਟਕ ਲਈ ਡੇਢ-ਡੇਢ ਲੱਖ ਡਾਲਰ ਦਾ ਇਨਾਮ ਦਿੱਤਾ ਜਾਂਦਾ ਹੈ। ਸ੍ਰੀ ਮਿਸ਼ਰਾ ਦੀ ਜਿਸ ਕਿਤਾਬ ਲਈ ਇਨਾਮ ਦਿੱਤਾ ਗਿਆ ਹੈ, ਉਸ ਦਾ ਸਿਰਲੇਖ 'ਫਰੌਮ ਦਿ ਰੂਇਨਜ਼ ਆਫ਼ ਐਂਪਾਇਰ-ਦਿ ਇੰਟੈਲੈਕਚੂਅਲਜ਼ ਹੂ ਰੀਮੇਡ ਏਸ਼ੀਆ' ਹੈ।

## ਦਿੱਲੀ ਵਿਚ ਮੁੜ ਚੱਲਣਗੀਆਂ ਟਰਾਮਾਂ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦੀ ਗਵਾਚ ਚੁੱਕੀ ਵਿਰਾਸਤ ਦੀ ਪੁਨਰ ਸੁਰਜੀਤੀ ਦੇ ਮੰਤਵ ਨੂੰ ਲੈ ਕੇ ਲੈਫਟੀਨੈਂਟ ਗਵਰਨਰ ਨਜੀਬ ਜੰਗ ਨੇ ਇਕ ਤਜਵੀਜ਼ ਮਨਜ਼ੂਰ ਕੀਤੀ ਹੈ ਜਿਸ ਨਾਲ ਦਿੱਲੀ ਦੀਆਂ ਗਲੀਆਂ ਵਿਚ ਟਰਾਮਾਂ ਚਲਾਏ ਜਾਣ ਦਾ ਰਾਹ ਪੱਧਰਾ ਹੋ ਜਾਵੇਗਾ। ਪਹਿਲੀ ਵਾਰ 6 ਮਾਰਚ, 1908 ਨੂੰ ਵਾਇਸਰਾਏ ਲਾਰਡ ਹਾਰਡਿੰਗ ਵੱਲੋਂ ਸ਼ੁਰੂ ਕੀਤੀ ਗਈ ਇਹ ਸੇਵਾ 1960 ਵਿਚ ਬੰਦ ਹੋ ਗਈ ਸੀ ਤੇ ਆਧੁਨਿਕ ਟਰਾਂਸਪੋਰਟ ਨੇ ਇਸ ਦੀ ਜਗ੍ਹਾ ਲੈ ਲਈ ਸੀ।

ਨਵੀਂ ਵਿਕਾਸ ਯੋਜਨਾ ਅਧੀਨ ਸੁਭਾਸ਼ ਮਾਰਗ ਨੂੰ ਫਤਹਿਪੁਰੀ ਮਸਜਿਦ ਨਾਲ ਜੋੜਨ ਲਈ 2.5 ਕਿਲੋਮੀਟਰ ਮਾਰਗ 'ਤੇ ਟਰਾਮਾਂ ਮੁੜ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਸੰਨ 1908 ਤੋਂ 1960 ਤੱਕ ਜਾਮਾ ਮਸਜਿਦ, ਚਾਂਦਨੀ ਚੌਕ ਤੇ ਸਦਰ ਬਾਜ਼ਾਰ ਵਿਚਾਲੇ ਟਰਾਮਾਂ ਚੱਲਦੀਆਂ ਸਨ।

# ਔਰਤਾਂ ਨਾਲ ਉਜਰਤਾਂ 'ਚ ਵਿਤਕਰਾ ਜਾਰੀ

**ਯੋਰੋਸ਼ਲਮ (ਬਿਊਰੋ):** ਕੌਮਾਂਤਰੀ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਔਰਤਾਂ ਦੀਆਂ ਨੌਕਰੀਆਂ, ਮਰਦਾਂ ਦੇ ਮੁਕਾਬਲੇ ਘੱਟ ਪੈਸੇ ਵਾਲੀਆਂ, ਘੱਟ ਲਚਕੀਲੀਆਂ, ਵਧੇਰੇ ਤਣਾਅ ਭਰੀਆਂ ਤੇ ਤਰੱਕੀਆਂ ਦੇ ਘੱਟ ਮੌਕਿਆਂ ਵਾਲੀਆਂ ਹੁੰਦੀਆਂ ਹਨ। ਤਲ ਅਵੀਵ ਯੂਨੀਵਰਸਿਟੀ ਤੋਂ ਪ੍ਰੋਫੈਸਰ ਹਯਾ ਸਤਾਇਰ, ਯੂਨੀਵਰਸਿਟੀ ਆਫ ਹਾਇਫਾ ਇਸਰਾਈਲ ਤੋਂ ਪ੍ਰੋ. ਮੀਰ ਯੈਸ਼ ਨੇ 27 ਮੁਲਕਾਂ ਦੇ 8500 ਪੁਰਸ਼ਾਂ ਤੇ 9000 ਕੰਮਕਾਜੀ ਔਰਤਾਂ 'ਤੇ ਕੀਤੇ ਸਰਵੇਖਣ ਦਾ ਵਿਸ਼ਲੇਸ਼ਣ ਕਰਦਿਆਂ ਇਹ ਤੱਥ ਕੱਢਿਆ ਹੈ।

'ਵਰਕ, ਐਂਪਲਾਇਮੈਂਟ ਐਂਡ ਸੁਸਾਇਟੀ' ਨਾਂ ਦੀ ਪੱਤਰਿਕਾ ਵਿਚ ਅਧਿਐਨਕਰਤਾਵਾਂ ਨੇ ਦੱਸਿਆ ਹੈ ਕਿ ਕਿਵੇਂ ਲੋਕਾਂ ਨੇ ਸਰਵੇਖਣ ਲਈ ਸਬੰਧਤ ਸੁਆਲਾਂ 'ਤੇ ਪ੍ਰਤੀਕਿਰਿਆ ਦਿੱਤੀ। ਇਕ ਤੋਂ ਪੰਜ ਦੇ ਪੈਮਾਨੇ 'ਤੇ ਔਸਤ ਪੁਰਸ਼ਾਂ ਨੇ ਜਿਹੜੇ ਜੁਆਬ ਦਿੱਤੇ ਉਹ ਆਮਦਨ ਤੇ ਤਰੱਕੀ ਦੇ ਮੌਕਿਆਂ ਨੂੰ ਲੈ ਕੇ ਔਰਤਾਂ ਦੇ ਮੁਕਾਬਲੇ 0.215 ਪੁਆਇੰਟ (ਅੱਠ ਫੀਸਦੀ) ਵੱਧ ਸਨ। ਤਣਾਅ ਤੇ ਕੰਮ ਦੇ ਥਕੇਂਵੇ ਦੇ ਮਾਮਲੇ ਵਿਚ 1-5 ਪੈਮਾਨੇ 'ਤੇ ਪੁਰਸ਼ਾਂ ਦੇ ਸੁਆਲਾਂ ਦੇ ਜੁਆਬ 0.59 ਅੰਕ (ਪੰਜ ਫੀਸਦੀ) ਘੱਟ ਸਨ।

ਕੰਮ ਦੇ ਦਿਲਚਸਪ ਹੋਣ, ਆਜ਼ਾਦ ਢੰਗ ਨਾਲ ਕੰਮ ਕਰਨ ਦੀ ਸੰਭਾਵਨਾ ਤੇ ਹੁਨਰ ਨਿਖਾਰਨ ਬਾਰੇ ਸੁਆਲਾਂ ਦੇ ਪੁਰਸ਼ਾਂ ਦੇ ਜੁਆਬ ਔਰਤਾਂ ਨਾਲੋਂ 0.084 (ਦੋ ਫੀਸਦੀ) ਅੰਕ ਵੱਧ ਸਨ। ਇਸੇ ਤਰ੍ਹਾਂ ਸਰਵੇਖਣ ਦੇ ਵਿਸ਼ਲੇਸ਼ਣ ਮੁਤਾਬਕ ਸੁਰੱਖਿਅਤ ਨੌਕਰੀ ਦੇ ਮਾਮਲੇ ਵਿਚ ਵੀ ਪੁਰਸ਼ ਸੁਖਾਲੇ ਪਾਏ ਗਏ। ਪੁਰਸ਼ਾਂ ਨੇ ਸਿਰਫ਼ ਕੰਮ ਵਧੇਰੇ ਔਖ ਭਰਿਆ ਤੇ ਖ਼ਤਰਨਾਕ ਹੋਣ ਵਿਚ ਔਰਤਾਂ ਤੋਂ ਹਾਲਾਤ ਵੱਧ ਮਾੜੇ ਦੱਸੇ।

ਕੰਮ ਦੇ ਲਚਕੀਲੇਪਣ ਵਿਚ ਵੀ ਔਰਤਾਂ ਦੇ ਹਾਲਾਤ ਵਧੇਰੇ ਔਖੇ ਪਾਏ ਗਏ। ਅਧਿਐਨਕਰਤਾਵਾਂ ਮੁਤਾਬਕ ਜੌਬ ਦੀ ਕੁਆਲਟੀ ਦੇ ਬਹੁਤੇ ਪਹਿਲੂਆਂ ਵਿਚੋਂ ਔਰਤਾਂ ਬੰਦਿਆਂ ਨਾਲੋਂ ਪੱਛੜ ਜਾਂਦੀਆਂ ਹਨ। ਉਨ੍ਹਾਂ ਨੂੰ ਤਨਖ਼ਾਹਾਂ ਤੇ ਤਰੱਕੀਆਂ 'ਤੇ ਅੱਗੇ ਵਧਣ ਦੇ ਮੌਕੇ ਘੱਟ ਮਿਲਦੇ ਹਨ।

ਇਸ ਅਧਿਐਨ ਵਿਚ ਆਸਟਰੇਲੀਆ, ਬੈਲਜੀਅਮ, ਬੁਲਗਾਰੀਆ, ਕੈਨੇਡਾ, ਸਾਈਪ੍ਰਸ, ਚੈਕ ਰਿਪਬਲਿਕ, ਡੈਨਮਾਰਕ, ਫਿਨਲੈਂਡ, ਫਰਾਂਸ, ਜਰਮਨੀ, ਹੰਗਰੀ, ਆਇਰਲੈਂਡ, ਇਸਰਾਈਲ, ਜਪਾਨ, ਲਾਤਵੀਆ, ਯੂ.ਕੇ, ਨਿਊਜ਼ੀਲੈਂਡ, ਨਾਰਵੇ, ਪੁਰਤਗਾਲ, ਸਲੋਵੇਨੀਆ, ਦੱਖਣੀ ਅਫਰੀਕਾ, ਸਪੇਨ, ਰੂਸ, ਜਪਾਨ, ਸਵੀਡਨ, ਸਵਿਟਜ਼ਰਲੈਂਡ, ਤਾਇਵਾਨ ਤੇ ਅਮਰੀਕਾ ਦੇ ਲੋਕ ਸ਼ਾਮਲ ਸਨ।



*ਫਰਿਜ਼ਨੋ (ਬਿਊਰੋ): ਪੰਜਾਬ ਦੇ ਪਿੰਡ ਬਿਲਾਸਪੁਰ ਜਿਲ੍ਹਾ ਮੋਗਾ ਦੇ ਵਾਸੀ ਅਤੇ ਇਨ੍ਹੀਂ ਦਿਨੀਂ ਇੰਗਲੈਂਡ ਵਸਦੇ ਪੰਜਾਬੀ ਸਾਹਿਤਕਾਰ ਲੇਖਕ ਮਹਿੰਦਰਪਾਲ ਸਿੰਘ ਧਾਲੀਵਾਲ ਇਨ੍ਹੀਂ ਦਿਨੀਂ ਅਮਰੀਕਾ ਫੇਰੀ 'ਤੇ ਹਨ। ਆਪਣੀ ਇਸ ਫੇਰੀ ਦੌਰਾਨ ਉਹ ਫਰਿਜ਼ਨੋ ਪਹੁੰਚੇ ਤਾਂ ਪੱਤਰਕਾਰ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਦੇ ਪਰਿਵਾਰ ਵਲੋਂ ਉਨ੍ਹਾਂ ਦੇ ਮਾਣ ਵਿਚ ਇਕ ਸਮਾਗਮ ਕੀਤਾ ਗਿਆ। ਜ਼ਿਕਰਯੋਗ ਹੈ ਸ. ਧਾਲੀਵਾਲ 6 ਨਾਵਲ ਅਤੇ ਕੁਝ ਹੋਰ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁਕੇ ਹਨ। ਇਸ ਮੌਕੇ ਦੀ ਇਕ ਤਸਵੀਰ।*


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

We Accept Personal Injury (PI) Cases

Medicare & Most Private Insurances Accepted



Contact:
Dr. Baljit Jammu
Doctor of Chiropractic
Ph: 510-940-8236
1090 La Playa Dr.,
Hayward CA 94545

ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ, ਸਹਾਇਕ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ
ਫੋਨ: 816-806-6065

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

COMMERCIAL GRADE SECURITY SOLUTIONS



MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS

SPECIAL OFFER 4 CAMERAS WITH 4 CH DVR $1349 +Tax
SPECIAL OFFER 8 CAMERAS INSTALLATION INCLUDED $2349 +Tax
SPECIAL OFFER 12 CAMERAS INSTALLATION INCLUDED $3749 +Tax

Buy Online : www.ezchase.com
Email : commvision@sbcglobal.net
Vista CCTV TECHNOLOGY
Call Sukhpal
661-586-5080

ਕਿਸ਼ਤ 10

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

## ਦਾਵਾ ਖ਼ੁਦਾ ਕੀ ਬੰਦਗੀ ਕਾ ਹੈ ਤੁਮ੍ਹੇਂ ਕਮਾਲ

91

ਦਾਵਾ ਖ਼ੁਦਾ ਕੀ ਬੰਦਗੀ ਕਾ ਹੈ ਤੁਮ੍ਹੇਂ ਕਮਾਲ।
ਲੇਕਿਨ ਹੈ ਮੁਸਲਿਮੋਂ ਕਾ ਬਹੁਤ ਆਜ ਗ਼ੈਰ ਹਾਲ।
ਕਬ੍ਰੇਂ ਜੋ ਪੂਜਤੇ ਨਾ ਹੋਂ ਮੋਮਿਨ ਹੈਂ ਖ਼ਾਲ ਖ਼ਾਲ।
ਲਾਯਾ ਜ਼ਵਾਲ ਤੁਮ ਪਿ ਭੀ ਜਭੀ ਸਤਿ ਸ੍ਰੀ ਅਕਾਲ।
ਕਾਯਲ ਫ਼ਕਤ ਜ਼ਬਾਂ ਸੇ ਹੋ ਤੁਮ ਯਾ ਕਰੀਮ ਕੇ।
ਬਨ ਬਨ ਕੇ ਜ਼ੁਲਮ ਢਾਤੇ ਹੋ ਬੰਦੇ ਰਹੀਮ ਕੇ।
(ਗ਼ੈਰ=ਭੈੜਾ, ਖ਼ਾਲ ਖ਼ਾਲ=ਟਾਂਵਾਂ ਟਾਂਵਾਂ)

92

ਸਾਰੇ ਅਮੀਰ ਤਮ ਮੇਂ ਰਊਨਤ-ਪਸੰਦ ਹੈਂ।
ਮਜ਼ਹਬ ਸੇ ਗਿਰ ਗਏ ਵੁਹ ਜਿਤਨੇ ਬਲੰਦ ਹੈਂ।
ਰਸਤੇ ਭੀ ਮਾਰਫ਼ਤ ਕੇ ਜਭੀ ਇਨ ਪਿ ਬੰਦ ਹੈਂ।
ਬੇਸੂਦ ਤੁਮ ਕੋ ਅਪਨੀ ਨਸਾਏਹ ਪਿ ਪੰਦ ਹੈਂ।
ਸੁਨਤਾ ਹੈ ਕੌਨ ਹਿਰਸ-ਓ-ਹਵਾਓਂ ਕੇ ਸ਼ੋਰ ਮੇਂ।
ਇਸਲਾਮ ਦਰ ਕਿਤਾਬ ਮੁਸਲਮਾਂ ਹੈਂ ਗੋਰ ਮੇਂ।
(ਰਊਨਤ-ਪਸੰਦ=ਹੰਕਾਰੀ,
ਮਾਰਫ਼ਤ=ਗਿਆਨ, ਨਸਾਏਹ=ਨਸੀਹਤਾਂ)

93

ਰੋਕਾ ਜੋ ਜ਼ੁਲਮ ਸੇ ਤੋ ਮੁਸਲਮਾਂ ਬਿਗੜ ਗਏ।
ਬੁਤ ਕੋ ਬੁਰਾ ਕਹਾ ਤੋ ਯਿਹ ਹਿੰਦੂ ਬਿਛੜ ਗਏ।
ਤੇਗ਼ਾ ਨਿਕਾਲਾ ਹਮ ਨੇ ਤੋ ਸਬ ਜੋਸ਼ ਝੜ ਗਏ।
ਚਿੜੀਯੋਂ ਸੇ ਬਾਜ਼ ਰਨ ਮੇਂ ਨਦਾਮਤ ਸੇ ਗੜ ਗਏ।
ਫ਼ੌਜੋਂ ਪਿ ਨਿਜ਼ ਇਨ੍ਹੇਂ, ਉਨ੍ਹੇਂ ਦੇਵੀ ਕਮਾਨ ਹੈ।
ਆਸ਼ਿਕ ਹੈਂ ਹਮ ਖ਼ੁਦਾ ਕੇ ਹਥੇਲੀ ਪਿ ਜਾਨ ਹੈ।
(ਨਦਾਮਤ=ਸ਼ਰਮਿੰਦਗੀ)

94

ਮਾਨਾ ਕਿ ਹਮ ਕਲੀਲ ਮੁਖ਼ਾਲਿਫ਼ ਕਸੀਰ ਹੈਂ।
ਤੁਮ ਪਾਤਸ਼ਾਹ ਹੋ ਰਾਜੇ ਹੋ ਔਰ ਹਮ ਫ਼ਕੀਰ ਹੈਂ।
ਤੁਮ ਸੇ ਹਜ਼ਾਰੋਂ ਬੜ੍ਹ ਕੇ ਹੈਂ ਹਮ ਬੇ-ਨਜ਼ੀਰ ਹੈਂ।
ਅਪਨੀ ਨਜ਼ਰ ਮੇਂ ਮਾਲ ਤੁਮ੍ਹਾਰੇ ਹਕੀਰ ਹੈਂ।
ਪਰਵਾਹ ਨਹੀਂ ਹੈ ਬੇਸਰ-ਓ-ਸਾਮਾਂ ਲੜੇਂਗੇ।
ਜ਼ਾਲਿਮ ਸੇ ਬੁਤ-ਪ੍ਰਸਤ ਸੇ ਹਾਂ ਹਾਂ ਲੜੇਂਗੇ।
(ਕਲੀਲ=ਘੱਟ, ਮੁਖ਼ਾਲਿਫ਼=ਦੁਸ਼ਮਣ, ਕਸੀਰ=
ਬਹੁਤ, ਹਕੀਰ=ਘਟੀਆ, ਬੇਸਰ-ਓ-ਸਾਮਾਂ=ਖਾਲੀ ਹੱਥ)

95

ਤੌਬਾ ਕਰੋ ਤੋ ਤਖ਼ਤ ਤੁਮ੍ਹਾਰੇ ਬਨੇ ਰਹੇਂ।
ਅਫ਼ਸਰ ਯਿਹ ਸ਼ਾਹੀ ਰਖ਼ਤ ਤੁਮ੍ਹਾਰੇ ਬਨੇ ਰਹੇਂ।
ਬਿਗੜੋ ਨਾ ਹਮ ਸੇ ਬਖ਼ਤ ਤੁਮ੍ਹਾਰੇ ਬਨੇ ਰਹੇਂ।
ਐ ਵਾਏ ਦਿਲ ਜੋ ਸਖ਼ਤ ਤੁਮ੍ਹਾਰੇ ਬਨੇ ਰਹੇਂ।
ਸਰਕਸ਼ ਸੇ ਬਰ ਕਰਨਾ ਹੈ ਆਦਤ ਗ਼ਫ਼ੂਰ ਕੀ।
ਸਮਝੋ ਤੁਮ੍ਹੇਂ ਸੁਝਾਤੇ ਹੈਂ ਹਮ ਬਾਤ ਦੂਰ ਕੀ।
(ਰਖ਼ਤ=ਸਾਮਾਨ, ਵਾਏ=ਅਫ਼ਸੋਸ, ਗ਼ਫ਼ੂਰ=ਬਖ਼ਸ਼ਣ-ਹਾਰਾ)

96

ਸਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ।
ਡਰਤਾ ਨਹੀਂ ਅਕਾਲ ਸ਼ਹਨਸ਼ਹ ਕੀ ਸ਼ਾਨ ਸੇ।
ਉਪਦੇਸ਼ ਹਮਾਰਾ ਸੁਨ ਲੋ ਜ਼ਰਾ ਦਿਲ ਕੇ ਕਾਨ ਸੇ।
ਹਮ ਕਹ ਰਹੇ ਹੈਂ ਤੁਮ ਕੋ ਖ਼ੁਦਾ ਕੀ ਜ਼ਬਾਨ ਸੇ।
ਬਾਜ਼ ਆਉ ਸ਼ਰ ਸੇ ਹਿੰਦੂ-ਓ-ਮੁਸਲਿਮ ਹੋ ਕੋਈ ਹੋ।
ਪੰਡਿਤ ਹੋ, ਮੌਲਵੀ ਹੋ ਯਾ ਆਲਿਮ ਹੋ ਕੋਈ ਹੋ।
(ਸ਼ਰ=ਝਗੜਾ, ਆਲਿਮ=ਵਿਦਵਾਨ)

97

ਅੰਮ੍ਰਿਤ ਬਜ਼ੋਰ ਤੁਮ ਕੋ ਛਕਾਨਾ ਨਹੀਂ ਹਮੇਂ।
ਹਾਂ ਸਿੱਖ ਬਾਜਬ੍ਰ ਤੁਮ ਕੋ ਬਨਾਨਾ ਨਹੀਂ ਹਮੇਂ।
ਭਾਤਾ ਕਿਸੀ ਕੇ ਦਿਲ ਕੋ ਦੁਖਾਨਾ ਨਹੀਂ ਹਮੇਂ।
ਲੜ ਭਿੜ ਕੇ ਜਮ੍ਹਾ ਕਰਨਾ ਖ਼ਜ਼ਾਨਾ ਨਹੀਂ ਹਮੇਂ।
ਸ਼ਾਹੀ ਹੈਂ ਅਪਨੇ ਠਾਠ ਮਗਰ ਯੋਂ ਫ਼ਕੀਰ ਹੈਂ।
ਨਾਨਕ ਕੀ ਤਰਹ ਹਿੰਦੂ-ਓ-ਮੁਸਲਿਮ ਕੇ ਪੀਰ ਹੈਂ।

98

ਤਕਰੀਰ-ਏ-ਦਿਲ-ਪਜ਼ੀਰ ਸੇ ਗੁਮ ਸਬ ਕੇ ਹੋਸ਼ ਥੇ।
ਨੀਚੀ ਨਜ਼ਰ ਹਰ ਇਕ ਕੀ ਥੀ ਇਸਤਾਦਾ ਗੋਸ਼ ਥੇ।
ਬੱਚੋਂ ਕੇ ਸਾਮਨੇ ਸਭੀ ਦਾਨਾ ਖ਼ਾਮੋਸ਼ ਥੇ।
ਨਾਜ਼ਿਮ ਕੇ ਜੀ ਮੇਂ ਬੁਗਜ਼ ਹੀ ਥਾ ਅਬ ਨਾ ਜੋਸ਼ ਥੇ।
ਇਤਨੇ ਮੇਂ ਸੁੱਚਾ ਨੰਦ ਵੁਹ ਦੀਵਾਨ-ਏ-ਨਾਬਕਾਰ।
ਝੁੰਝਲਾ ਕੇ ਬੋਲਾ ਹਾਇ ਵੁਹ ਸ਼ੈਤਾਨ-ਏ-ਨਾਬਕਾਰ।
(ਦਿਲ-ਪਜ਼ੀਰ=ਦਿਲ ਨੂੰ ਲੁਭਾਉਣ ਵਾਲੀ,
ਇਸਤਾਦਾ=ਖੜ੍ਹੇ, ਗੋਸ਼=ਕੰਨ, ਨਾਬਕਾਰ=ਨਾਲਾਇਕ)

99

ਕਯਾ ਖ਼ੂਬ ਹੈ ਨਵਾਬ ਭੀ ਬਾਤੋਂ ਮੇਂ ਆ ਗਏ।
ਉਸ ਬੁਤ-ਸ਼ਿਕਨ ਕੇ ਬੱਚੋਂ ਕੀ ਘਾਤੋਂ ਮੇਂ ਆ ਗਏ।
ਸਰਦਾਰ ਹੋ ਕੇ ਆਪ ਭੀ ਲਾਤੋਂ ਮੇਂ ਆ ਗਏ।
ਸੰਭਲੋ ਕਹੀਂ ਜ਼ਵਾਲ ਕੇ ਹਾਥੋਂ ਮੇਂ ਆ ਗਏ।
ਕਹਤੇ ਹੈਂ ਯਿਹ ਬੁਰਾ ਸ਼ਹ-ਏ-ਹਿੰਦੋਸਤਾਨ ਕੋ।
ਤੁਮ ਦੇਖਤੇ ਹੋ ਰਹਮ ਸੇ ਕਯੋਂ ਇਨ ਕੀ ਜਾਨ ਕੋ।
(ਜ਼ਵਾਲ=ਪਤਨ)

100

ਖੈਂਚੋ ਜ਼ਬਾਨੇਂ ਬਰ-ਸਰ-ਏ-ਬਰਬਾਰ ਐਸੋਂ ਕੀ।
ਮੇਰਾ ਜੋ ਬਸ ਚਲੇ ਹੈ ਸਜ਼ਾ ਦਾਰ ਐਸੋਂ ਕੀ।
ਦਿੱਲੀ ਮੇਂ ਜੋ ਰਪਟ ਸੁਨੇ ਸਰਕਾਰ ਐਸੋਂ ਕੀ।
ਨਾਹਕ ਕੋ ਹਮ ਪਿ ਆ ਪੜੇ ਫਿਟਕਾਰ ਐਸੋਂ ਕੀ।
ਤਕਦੀਰ ਫਿਰ ਗਈ ਹੈ ਤੋ ਕੁਛ ਅਪਨਾ ਬਸ ਨਹੀਂ।
ਇਨ ਪਰ ਦੁਹਾਈ ਰਾਮ ਕੀ ਖਾਨਾ ਤਰਸ ਨਹੀਂ।
(ਬਰ-ਸਰ-ਏ-ਬਰਬਾਰ=ਭਰੇ ਦਰਬਾਰ ਵਿਚ,
ਦਾਰ=ਫਾਂਸੀ, ਨਾਹਕ=ਫ਼ਜ਼ੂਲ)

**(ਚਲਦਾ)**



### ਸਿੱਖ ਮਨਾਂ ਦਾ ਦਰਦ

*ਹਕੀਮ ਅੱਲਾ ਯਾਰ ਖ਼ਾਂ ਜੋਗੀ ਦੀਆਂ ਲੰਮੀਆਂ ਨਜ਼ਮਾਂ 'ਸ਼ਹੀਦਾਨਿ-ਵਫ਼ਾ' ਅਤੇ 'ਗੰਜਿ-ਸ਼ਹੀਦਾਂ' ਵਿਚ ਸਿੱਖ ਮਨਾਂ ਦੇ ਦਰਦ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤਾ ਗਿਆ ਹੈ। ਉਸ ਨੇ ਪੱਖਪਾਤ ਤੋਂ ਨਿਰਲੇਪ ਰਹਿ ਕੇ ਅਤੇ ਪਿਆਰ ਦੀਆਂ ਘਾਟੀਆਂ ਵਿਚ ਉਤਰ ਕੇ ਇਨ੍ਹਾਂ ਨਜ਼ਮਾਂ ਦੀ ਰਚਨਾ ਕੀਤੀ ਹੈ। ਇਸੇ ਕਰ ਕੇ ਇਹ ਦੋਵੇਂ ਰਚਨਾਵਾਂ ਹਰ ਦਰਦਮੰਦ ਦੇ ਦਿਲ ਵਿਚ ਸਹਿਜੇ ਹੀ ਉਤਰ ਜਾਂਦੀਆਂ ਹਨ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਮਾਰਚ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-108



*ਕੋਸੀ-ਕੋਸੀ ਧੁੱਪ ਵਿਚ ਸੋਚਾਂ ਵਿਚ ਡੁੱਬੀ*
*ਅੰਮਾ ਪੱਥ-ਪੱਥ ਪਾਥੀਆਂ ਧਰੇ।*
*ਜ਼ਿੰਦਗੀ ਦੀ ਧੁੱਪ ਵਿਚੋਂ ਸਾਂਭ-ਸਾਂਭ ਸੇਕ*
*ਦੇਖੋ ਰੋਜ਼ ਸਾਡੇ ਦਿਲਾਂ 'ਚ ਭਰੇ।*

## ਕੈਪਸ਼ਨ ਮੁਕਾਬਲਾ-106



ਵਿਸ਼ਵੀਕਰਨ ਨੇ ਰਲਗੱਡ ਕੀਤਾ
ਨਾ ਵੱਖਰੀ ਰਹੀ ਪਛਾਣ ਕੋਈ।
ਫਿਫਟੀ ਫਿਫਟੀ ਸਭ ਕੁਝ ਹੋਇਆ
ਇਹੋ ਹੀ ਨਾਲ ਪੰਜਾਬੀ ਹੋਈ।
ਮੰਡੀਕਰਨ ਦਾ ਜ਼ੋਰ ਪੈ ਗਿਆ
ਢੰਗ ਬਣਾਏ ਨਵੇਂ ਨਕੋਰ ਜੀ।
ਮਿਰਜ਼ਾ-ਸਾਹਿਬਾਂ ਤੋਂ ਜੱਟ ਜੂਲੀਅਟ ਹੋਏ
ਚਾਰੇ ਪਾਸੇ ਪੈ ਗਿਆ ਸ਼ੋਰ ਜੀ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਕੋਈ ਚੀਜ਼ਾਂ ਵੇਚਣ ਖਾਤਰ ਕਰਦਾ,
ਕੋਈ ਸ਼ੌਕ ਪੁਗਾਵੇ।
ਆਪੋ ਆਪਣੇ ਢੰਗ ਤਰੀਕੇ,
ਮਨ ਮਰਜ਼ੀ ਦੀ ਲਿਖਤ ਲਿਖਾਵੇ।
ਪੰਜਾਬੀ ਵਿਚ ਰਲਾ ਅੰਗਰੇਜ਼ੀ,
ਸਭ ਨੂੰ ਖੁਸ਼ ਕਰ ਜਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮੰਡੀ ਦੀ ਇਸ ਦੁਨੀਆਂ ਅੰਦਰ,
ਪਵੇ ਇਸ਼ਤਿਹਾਰਾਂ ਦਾ ਗਿੱਧਾ,
ਕਦੇ ਨਾ ਰੁਕਦਾ ਕਿਤੇ ਨਾ ਮੁੱਕਦਾ।
ਟੇਢੇ ਢੰਗ ਨਾਲ ਗਾਹਕ ਲੁੱਟਣੇ,
ਧੰਦਾ ਨਹੀਂ ਰਿਹਾ ਹੁਣ ਸਿੱਧਾ,
ਹਰ ਬੰਦੇ ਨੂੰ ਗਾਹਕ ਬਣਾਵੇ,
ਨੇੜੇ ਜਿਹੜਾ ਵੀ ਢੁੱਕਦਾ।
ਰੋਜ਼ ਸਕੀਮਾਂ ਘੜਦੇ ਬਹਿ ਕੇ
ਕਿੰਜ ਕਰੀਏ ਕੋਈ ਹੀਲਾ।
ਡਾਲਰ ਜੇਬਾਂ ਅੰਦਰ ਡਿੱਗਣ,
ਇੱਦਾਂ ਕਰੀਏ ਕੋਈ ਵਸੀਲਾ।
***-ਬੱਲੀ ਸਿੰਘ, ਸੈਨ ਹੋਜ਼ੇ***

---

ਪੰਜਾਬੀ ਅੰਗਰੇਜ਼ੀ ਰਲ ਗਈ ਯਾਰੋ,
ਸੇਲ ਵੀ ਸਾਡੀ ਵਧ ਗਈ ਯਾਰੋ।
ਇਸ ਬਿਨਾ ਨਾ ਕੋਈ ਚਾਰਾ ਯਾਰੋ,
ਹੋਣਾ ਇਸੇ ਤਰ੍ਹਾਂ ਗੁਜ਼ਾਰਾ ਯਾਰੋ।
***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

---

ਹਾਲ-ਚਾਲ ਦੇ ਪੁੱਛਣ ਵਾਂਗੂੰ
ਖੋਲ੍ਹ ਲਈ ਹੱਟੀ ਭਾਈ ਨੇ।
ਚੈਨ ਵੀ ਖੋਹਿਆ ਖੋਹੇ ਹਾਸੇ
ਰੋਜ਼ ਦੀ ਭੱਜ-ਭਜਾਈ ਨੇ।
ਬਾਲ ਉਡੀਕਣ ਐਸਾ ਬਾਪੂ
ਜਿਹੜਾ ਲਾਡ ਲਡਾਵੇ ਜੀ।
ਬਾਪੂ ਨੇ ਪਰ ਦੌੜ ਲਗਾਈ
ਭਰ-ਭਰ ਕਰਮ-ਕਮਾਈ ਦੀ।
***-ਪਲਵਿੰਦਰ ਸਿੰਘ***
***ਮਿਲਪੀਟਸ, ਕੈਲੀਫੋਰਨੀਆ।***

## ਕੈਪਸ਼ਨ ਮੁਕਾਬਲਾ-105

ਦਸਾਂ ਨਹੁੰਆਂ ਦੀ ਕਰਨ
ਜੋ ਕਿਰਤ ਕਮਾਈ,
ਲੱਖ ਸਲਾਮਾਂ ਮੇਰੀਆਂ
ਸਿਰ ਝੁਕਦਾ ਭਾਈ।
ਬਾਬੇ ਨਾਨਕ ਹਲ ਚਲਾ ਕੇ
ਕੀਤੀ ਕਿਰਤ ਕਮਾਈ,
ਮਲਕ ਭਾਗੋ ਨੂੰ ਛੱਡ ਕੇ
ਨਿਵਾਜਿਆ ਲਾਲੋ ਭਾਈ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

## (ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ | ਸੋਜ਼ਿਸ਼ | ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

# ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

## ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

# ਫੋਨ: 1-888-473-0372

# ਸੁਪਰੀਮ ਕੋਰਟ ਦਾ ਜੱਜ ਕਰੇ ਸਿੱਖ ਕਤਲੇਆਮ ਦੀ ਜਾਂਚ: ਬਾਦਲ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਵਿਚ ਦੇਰੀ ਹੋਣ ਦੇ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ। ਵਿਧਾਨ ਸਭਾ ਵਿਚ ਰਾਜਪਾਲ ਦੇ ਭਾਸ਼ਨ 'ਤੇ ਚੱਲ ਰਹੀ ਬਹਿਸ ਨੂੰ ਸਮੇਟਦਿਆਂ ਸ. ਬਾਦਲ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਕਾਰਨ ਪੀੜਤਾਂ ਦੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਦੰਗਿਆਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ) ਦੇ ਵਿਰੋਧੀ ਨਹੀਂ ਪਰ ਐਸ.ਆਈ.ਟੀ ਕਾਂਗਰਸ ਵੱਲੋਂ ਨਹੀਂ ਬਣਾਈ ਜਾਣੀ ਚਾਹੀਦੀ ਬਲਕਿ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕੰਮ ਕਰੇ। ਸ. ਬਾਦਲ ਨੇ ਕਿਹਾ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਫਾਸਟ ਟਰੈਕ ਅਦਾਲਤਾਂ ਵੀ ਬਣਨੀਆਂ ਚਾਹੀਦੀਆਂ ਹਨ।

ਉਧਰ, ਆਮ ਆਦਮੀ ਪਾਰਟੀ ਨੇ (ਆਪ) ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਸੁਪਰੀਮ ਕੋਰਟ ਦੇ ਜੱਜ ਦੀ ਅਗਵਾਈ ਹੇਠ ਵਿਸ਼ੇਸ਼ ਅਦਾਲਤ ਵੱਲੋਂ ਸੁਣਵਾਈ ਕਰਵਾਏ ਜਾਣ ਦੀ ਮੰਗ ਨੂੰ ਗੈਰਕਾਨੂੰਨੀ ਦੱਸਿਆ ਹੈ। 'ਆਪ' ਦੇ ਲੁਧਿਆਣਾ ਤੋਂ ਉਮੀਦਵਾਰ ਐਚ.ਐਸ ਫੂਲਕਾ ਕਿਹਾ ਕਿ ਦੁੱਖ ਦੀ ਗੱਲ ਹੈ ਕੀ ਇਹ ਮੰਗ ਬਿਨਾਂ ਕਿਸੇ ਸੋਚ ਵਿਚਾਰ ਦੇ ਇਕ ਮੁੱਖ ਮੰਤਰੀ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਅਦਾਲਤ ਜ਼ਿਆਦਾ ਕੇਸਾਂ ਦੀ ਸੁਣਵਾਈ ਕਰਨ ਲਈ ਬਣਾਈ ਜਾਂਦੀ ਹੈ ਤੇ ਇਹ ਸੰਸਦ ਜਾਂ ਵਿਧਾਨ ਸਭਾ ਦੀ ਮਨਜ਼ੂਰੀ ਨਾਲ ਬਣਾਈ ਜਾਂਦੀ ਹੈ। ਇਸ ਵੇਲੇ ਸੰਸਦ ਤੇ ਦਿੱਲੀ ਵਿਧਾਨ ਸਭਾ ਦੋਵੇਂ ਹੀ ਮੁਲਤਵੀ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਕੁਝ ਸਮੇਂ ਤੱਕ ਇਸ ਤਰ੍ਹਾਂ ਦਾ ਕੋਈ ਕਾਨੂੰਨ ਪਾਸ ਨਹੀਂ ਹੋ ਸਕਦਾ। ਉਨ੍ਹਾਂ ਆਖਿਆ ਕਿ ਮੌਜੂਦਾ ਸਮੇਂ ਵਿਚ ਅਜਿਹੇ ਤਿੰਨ ਕੇਸਾਂ ਦੀ ਸੁਣਵਾਈ ਹੀ ਬਾਕੀ ਹੈ। ਤਿੰਨ ਕੇਸਾਂ ਲਈ ਇਕ ਵਿਸ਼ੇਸ਼ ਅਦਾਲਤ ਬਣਾਏ ਜਾਣ ਦੀ ਮੰਗ ਦਾ ਕੋਈ ਮਤਲਬ ਹੀ ਨਹੀਂ ਬਣਦਾ। ਮੁੜ ਜਾਂਚ ਕੀਤੇ ਬਿਨਾਂ ਇਹ ਕੇਸ ਦੋਬਾਰਾ ਨਹੀਂ ਖੁੱਲ੍ਹ ਸਕਦੇ। 237 ਪਰਚੇ ਪੁਲਿਸ ਵੱਲੋਂ ਪਹਿਲਾਂ ਹੀ ਬੰਦ ਕਰ ਦਿੱਤੇ ਗਏ ਹਨ। ਇਨ੍ਹਾਂ ਕੇਸਾਂ ਨੂੰ ਹੀ ਦੋਬਾਰਾ ਖੋਲ੍ਹਣ ਲਈ ਕੇਜਰੀਵਾਲ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਬਣਾਉਣ ਦੀ ਗੱਲ ਕੀਤੀ ਸੀ। ਉਨ੍ਹਾਂ ਆਖਿਆ ਕਿ ਉਸ ਵੇਲੇ ਅਕਾਲੀ ਦਲ ਨੇ ਇਸ ਮੰਗ ਦਾ ਵਿਰੋਧ ਕੀਤਾ ਸੀ।

## ਕਾਂਗਰਸ ਨੇ ਤਿੰਨ ਮੰਤਰੀਆਂ ਦੇ ਅਸਤੀਫ਼ੇ ਮੰਗੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਸੀਨੀਅਰ ਆਗੂ ਲਾਲ ਸਿੰਘ ਨੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ, ਜੇਲ੍ਹਾਂ ਬਾਰੇ ਮੰਤਰੀ ਸਰਵਣ ਸਿੰਘ ਫਿਲੌਰ ਤੇ ਅਨਿਲ ਜੋਸ਼ੀ ਤੋਂ ਅਸਤੀਫ਼ਿਆਂ ਦੀ ਮੰਗ ਕਰਦਿਆਂ ਕਿਹਾ ਕਿ ਇਨ੍ਹਾਂ ਮੰਤਰੀਆਂ ਨੂੰ ਇਖਲਾਕੀ ਤੌਰ 'ਤੇ ਅਹੁਦਿਆਂ ਉਪਰ ਬੈਠੇ ਰਹਿਣ ਦਾ ਹੱਕ ਨਹੀਂ ਹੈ। ਰਾਜਪਾਲ ਦੇ ਭਾਸ਼ਨ 'ਤੇ ਚੱਲ ਰਹੀ ਬਹਿਸ ਵਿਚ ਹਿੱਸਾ ਲੈਂਦਿਆਂ ਉਨ੍ਹਾਂ ਕਿਹਾ ਕਿ ਮਾਲ ਮੰਤਰੀ ਤੇ ਜੇਲ੍ਹਾਂ ਬਾਰੇ ਮੰਤਰੀ ਦੇ ਪੁੱਤਰ 'ਤੇ ਲੱਗੇ ਦੋਸ਼ਾਂ ਦੀ ਨਿਰਪੱਖ ਏਜੰਸੀ ਤੋਂ ਜਾਂਚ ਕਰਾਈ ਜਾਵੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਰੋਧੀ ਧਿਰ ਦੇ ਬਾਈਕਾਟ ਨੂੰ ਮੰਦਭਾਗਾ ਦੱਸਿਆ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਕੰਮ ਦੀਆਂ ਗੱਲਾਂ ਕਰਨੀਆਂ ਸਨ ਤਾਂ ਵਿਰੋਧੀ ਧਿਰ ਸਦਨ ਤੋਂ ਬਾਹਰ ਚਲੀ ਗਈ। ਇਸ ਤੋਂ ਸਪਸ਼ਟ ਹੈ ਕਿ ਕਾਂਗਰਸ ਵਿਚ ਸਚਾਈ ਸੁਣਨ ਦੀ ਜੁਰਅਤ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਵੀ ਬੋਲ ਕੇ ਤਸੱਲੀ ਨਹੀਂ ਮਿਲ ਰਹੀ ਕਿਉਂਕਿ ਵਿਰੋਧੀ ਧਿਰ ਦੀ ਗੈਰਹਾਜ਼ਰੀ ਵਿਚ ਬੋਲ ਕੇ ਸੁਆਦ ਨਹੀਂ ਆਉਂਦਾ।

## ਮੋਦੀ ਦੇ ਵੀਜ਼ੇ ਬਾਰੇ ਅਮਰੀਕਾ ਦੀ ਅੜੀ ਬਰਕਰਾਰ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਵੀਜ਼ੇ ਬਾਰੇ ਸਟੈਂਡ ਵਿਚ ਕੋਈ ਤਬਦੀਲੀ ਨਹੀਂ ਆਈ। ਵਿਦੇਸ਼ ਵਿਭਾਗ ਦੇ ਬੁਲਾਰੇ ਜੇਨ ਸੇਕੀ ਨੇ ਕਿਹਾ ਕਿ ਜ਼ਾਹਿਰ ਹੈ ਕਿ ਇਸ ਮੌਕੇ ਚੋਣਾਂ ਨਹੀਂ ਹੋ ਰਹੀਆਂ ਪਰ ਸਾਡੀ ਪੁਜ਼ੀਸ਼ਨ ਵਿਚ ਕੋਈ ਤਬਦੀਲੀ ਨਹੀਂ ਆਈ। ਸ੍ਰੀਮਤੀ ਸੇਕੀ ਦੱਖਣੀ ਤੇ ਮੱਧ ਏਸ਼ੀਆ ਲਈ ਸਹਾਇਕ ਵਿਦੇਸ਼ ਮੰਤਰੀ ਨਿਸ਼ਾ ਦੇਸਾਈ ਬਿਸਵਾਲ ਦੇ ਬਿਆਨ ਬਾਰੇ ਪੁੱਛੇ ਗਏ ਇਕ ਸਵਾਲ ਦਾ ਜੁਆਬ ਦੇ ਰਹੇ ਸਨ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ ਲੋਕਤੰਤਰੀ ਦੇਸ਼ ਖਾਸ ਕਰਕੇ ਭਾਰਤ ਦੇ ਲੋਕਤੰਤਰੀ ਢੰਗ ਨਾਲ ਚੁਣੇ ਗਏ ਕਿਸੇ ਆਗੂ ਦਾ ਸਵਾਗਤ ਕਰਦਾ ਹੈ।



## ਪੁਲਿਸ ਮੁਕਾਬਲਿਆਂ ਬਾਰੇ ਜਾਂਚ ਦਾ ਵਾਅਦਾ ਭੁੱਲ ਗਏ ਬਾਦਲ: ਪੀਰ ਮੁਹੰਮਦ

**ਮੁਹਾਲੀ (ਪੰਜਾਬ ਟਾਈਮਜ਼ ਬਿਊਰੋ):** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਵੱਲੋਂ 1997 ਵਿਚ ਆਪਣੇ ਚੋਣ ਮੈਨੀਫੈਸਟੋ ਵਿਚ ਪੰਜਾਬ ਦੇ ਲੋਕਾਂ ਨਾਲ ਸੂਬੇ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਵਾਸਤੇ ਫੌਰੀ ਸੱਚ ਕਮਿਸ਼ਨ ਦਾ ਗਠਨ ਕਰਨ ਦਾ ਵਾਅਦਾ ਕੀਤਾ ਸੀ ਪਰ ਬਾਦਲ ਪਰਿਵਾਰ ਸੱਤਾ 'ਤੇ ਕਾਬਜ਼ ਹੋਣ ਮਗਰੋਂ ਆਪਣੇ ਇਕਰਾਰ ਨੂੰ ਭੁੱਲ ਗਿਆ।

ਕਰਨੈਲ ਸਿੰਘ ਪੀਰ ਮੁਹੰਮਦ ਨੇ ਸ. ਬਾਦਲ ਤੋਂ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦੀ ਸੁਪਰੀਮ ਕੋਰਟ ਦੇ ਕਿਸੇ ਮੌਜੂਦਾ ਜੱਜ ਤੋਂ ਜਾਂਚ ਕਰਵਾਉਣ ਦੀ ਵਕਾਲਤ ਕੀਤੀ ਹੈ, ਉਸੇ ਤਰ੍ਹਾਂ ਪੰਜਾਬ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਵਾਸਤੇ ਵੀ ਫੌਰੀ ਸੱਚ ਕਮਿਸ਼ਨ ਦਾ ਗਠਨ ਕੀਤਾ ਜਾਵੇ।

ਪੀਰ ਮੁਹੰਮਦ ਨੇ ਕਿਹਾ ਹੈ ਕਿ ਪੰਜਾਬ ਵਿਚ ਖੇਡੀ ਗਈ ਖੂਨੀ ਹੋਲੀ ਦਾ ਸੱਚ ਜਾਣਨ ਲਈ ਸੂਬੇ ਦੇ ਲੋਕ ਉਤਾਵਲੇ ਹਨ। ਇਸ ਲਈ ਸਮੁੱਚੇ ਘਟਨਾਕ੍ਰਮ ਦੀ ਤਹਿ ਤੱਕ ਜਾਣ ਲਈ ਟਰੁੱਥ ਕਮਿਸ਼ਨ (ਸੱਚ ਕਮਿਸ਼ਨ) ਬਣਾਉਣ ਦੀ ਲੋੜ ਹੈ। ਫੈਡਰੇਸ਼ਨ ਆਗੂ ਨੇ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਤੁਰੰਤ ਪੰਜਾਬ ਤੇ ਹਰਿਆਣਾ ਦੇ ਹਾਈ ਕੋਰਟ ਦੇ ਮੌਜੂਦਾ ਜੱਜਾਂ ਜਾਂ ਸੇਵਾਮੁਕਤ ਜੱਜਾਂ ਜਸਟਿਸ ਕੁਲਦੀਪ ਸਿੰਘ, ਜਸਟਿਸ ਅਜੀਤ ਸਿੰਘ ਬੈਂਸ, ਜਸਟਿਸ ਆਰ.ਐਸ ਸੋਢੀ ਦੀ ਅਗਵਾਈ ਹੇਠ ਕਮਿਸ਼ਨ ਬਣਾਉਣ।



ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਵੱਲੋਂ ਲੋਕ ਸਭਾ ਦੀਆਂ ਚੋਣਾਂ ਬਾਰੇ ਪਾਰਟੀ ਟਿਕਟ ਦੀ ਦਾਅਵੇਦਾਰੀ ਤੋਂ ਪਿੱਛੇ ਹਟਣਾ ਸਿੱਖ ਕੌਮ ਦੀ ਵੱਡੀ ਜਿੱਤ ਹੈ।

## ਭਾਰਤੀ ਮੂਲ ਦੇ ਡਰਾਈਵਰ ਨੂੰ ਮਿਲੀ ਜ਼ਮਾਨਤ

**ਮੈਲਬਰਨ:** ਆਸਟਰੇਲੀਆ ਵਿਚ ਭਾਰਤੀ ਮੂਲ ਦੇ ਟਰੱਕ ਡਰਾਈਵਰ ਨੂੰ ਅਦਾਲਤ ਨੇ ਪੁਲਿਸ ਦੇ ਇਤਰਾਜ਼ ਦੇ ਬਾਵਜੂਦ ਜ਼ਮਾਨਤ ਦੇ ਦਿੱਤੀ ਹੈ।

ਡਰਾਈਵਰ ਜੋਬਨਦੀਪ ਗਿੱਲ 'ਤੇ ਸੜਕ ਹਾਦਸੇ ਵਿਚ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਮਾਰਨ ਦਾ ਦੋਸ਼ ਲੱਗਾ ਹੈ। 'ਦਿ ਮੈਲਬਰਨ ਏਜ' ਮੁਤਾਬਕ ਪੁਲਿਸ ਨੇ ਪੁਨੀਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਉਹ ਪੰਜ ਸਾਲ ਪਹਿਲਾਂ ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਦੋਸਤ ਦੇ ਪਾਸਪੋਰਟ 'ਤੇ ਮੁਲਕ ਤੋਂ ਬਾਹਰ ਚਲਾ ਗਿਆ ਸੀ, ਉਸੇ ਤਰ੍ਹਾਂ ਜੋਬਨਦੀਪ ਆਸਟਰੇਲੀਆ ਛੱਡ ਕੇ ਜਾ ਸਕਦਾ ਹੈ। ਪੁਨੀਤ 'ਤੇ ਨਸ਼ੇ ਵਿਚ ਕਾਰ ਦੀ ਟੱਕਰ ਨਾਲ 2008 ਵਿਚ ਇਕ ਵਿਅਕਤੀ ਦੀ ਜਾਨ ਲੈਣ ਤੇ ਦੂਜੇ ਨੂੰ ਜ਼ਖ਼ਮੀ ਕਰਨ ਦਾ ਦੋਸ਼ ਲੱਗਾ ਹੈ। ਉਸ 'ਤੇ ਦਿੱਲੀ ਅਦਾਲਤ ਵਿਚ ਕੇਸ ਚੱਲ ਰਿਹਾ ਹੈ। ਪੁਲਿਸ ਨੇ ਸੁਣਵਾਈ ਦੌਰਾਨ ਕਿਹਾ ਕਿ ਜੋਬਨਦੀਪ ਦੀ ਸ਼ਕਲ ਆਪਣੇ ਭਰਾ ਨਾਲ ਮਿਲਦੀ ਹੈ ਤੇ ਉਹ ਇਸ ਦਾ ਫਾਇਦਾ ਚੁੱਕ ਕੇ ਭਰਾ ਦੇ ਪਾਸਪੋਰਟ 'ਤੇ ਭੱਜ ਸਕਦਾ ਹੈ ਪਰ ਚੀਫ ਮੈਜਿਸਟਰੇਟ ਪੀਟਰ ਲੌਰੀਟਸਨ ਨੇ ਕਿਹਾ ਕਿ ਪੁਲਿਸ ਤੇ ਇਸਤਗਾਸਾ ਧਿਰ ਜ਼ਮਾਨਤ ਦੇ ਵਿਰੋਧ ਵਿਚ ਠੋਸ ਦਲੀਲ ਤੇ ਸਬੂਤ ਨਹੀਂ ਦੇ ਸਕੇ ਹਨ।

## ਕਤਲ ਕੇਸ ਵਿਚ ਲੋੜੀਂਦਾ ਅਮਨਦੀਪ ਧਾਮੀ ਅਮਰੀਕਾ ਹਵਾਲੇ

**ਸੈਕਰਾਮੈਂਟੋ:** ਤਕਰੀਬਨ ਪੰਜ ਸਾਲ ਪਹਿਲਾਂ ਇਥੇ ਗੁਰਦੁਆਰਾ ਬਰਾਡਸ਼ਾਹ ਰੋਡ ਵਿਖੇ ਹੋਏ ਕਤਲ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਅਮਰੀਕਾ ਛੱਡ ਕੇ ਭਾਰਤ ਭੱਜੇ ਅਮਨਦੀਪ ਸਿੰਘ ਧਾਮੀ ਨੂੰ ਹਿਰਾਸਤ ਵਿਚ ਲੈ ਕੇ ਵਾਪਸ ਅਮਰੀਕਾ ਲਿਆਂਦਾ ਗਿਆ ਹੈ।

ਜ਼ਿਕਰਯੋਗ ਹੈ ਕਿ 31 ਅਗਸਤ 2008 ਨੂੰ ਗੁਰਦੁਆਰਾ ਸਾਹਿਬ ਦੇ ਮੈਦਾਨਾਂ ਵਿਚ ਹੋ ਰਹੇ ਕ੍ਰਿਕਟ ਟੂਰਨਾਮੈਂਟ ਦੌਰਾਨ 26 ਸਾਲਾ ਪਰਮਜੀਤ ਸਿੰਘ ਪੰਮਾ ਨਾਂ ਦੇ ਨੌਜਵਾਨ ਦਾ ਕਤਲ ਹੋ ਗਿਆ ਸੀ। ਮੌਕੇ ਤੋਂ ਗੁਰਪ੍ਰੀਤ ਸਿੰਘ ਗੋਸਲ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ ਤੇ ਅਮਨਦੀਪ ਸਿੰਘ ਧਾਮੀ ਫਰਾਰ ਹੋ ਗਿਆ ਅਤੇ ਕਿਸੇ ਤਰੀਕੇ ਨਾਲ ਜਲੰਧਰ ਪਹੁੰਚ ਗਿਆ।

ਜਲੰਧਰ ਪੁਲਿਸ ਨੇ ਨਵੰਬਰ 2013 ਵਿਚ ਅਮਨਦੀਪ ਸਿੰਘ ਧਾਮੀ ਨੂੰ ਕਿਸੇ ਹੋਰ ਕੇਸ ਵਿਚ ਹਿਰਾਸਤ ਵਿਚ ਲਿਆ ਸੀ, ਪਰ ਤਫਤੀਸ਼ ਕਰਨ 'ਤੇ ਪਤਾ ਲੱਗਿਆ ਕਿ ਅਮਨਦੀਪ ਸਿੰਘ ਐਫ.ਬੀ.ਆਈ ਨੂੰ ਲੋੜੀਂਦਾ ਸੀ। ਪੰਜਾਬ ਪੁਲਿਸ ਨੇ ਐਫ.ਬੀ.ਆਈ ਨੂੰ ਇਸ ਦੀ ਇਤਲਾਹ ਦਿੱਤੀ ਤੇ ਕਰੀਬ 3 ਮਹੀਨੇ ਬਾਅਦ ਜਲੰਧਰ ਪੁਲਿਸ ਨੇ ਉਸ ਨੂੰ ਅਮਰੀਕਾ ਹਵਾਲੇ ਕਰ ਦਿੱਤਾ।

## ਟਰੈਵਲ ਏਜੰਟਾਂ ਨੂੰ ਨਾ ਮਿਲੀ ਰਾਹਤ

**ਚੰਡੀਗੜ੍ਹ:** ਹਾਈਕੋਰਟ ਨੇ ਪੰਜਾਬ ਦੇ ਟਰੈਵਲ ਏਜੰਟਾਂ ਨੂੰ ਪੰਜਾਬ ਮਨੁੱਖੀ ਸਮਗਲਿੰਗ ਰੋਕੂ ਐਕਟ ਤਹਿਤ ਰਜਿਸਟ੍ਰੇਸ਼ਨ ਕਰਵਾਏ ਜਾਣ ਤੋਂ ਛੋਟ ਦਿੱਤੇ ਜਾਣ ਸਣੇ ਕੁਝ ਹੋਰਨਾਂ ਮੁੱਦਿਆਂ 'ਤੇ ਹਾਲ ਦੀ ਘੜੀ ਕੋਈ ਰਾਹਤ ਨਹੀਂ ਦਿੱਤੀ ਹੈ।

ਇਸ ਬਾਰੇ ਵੱਖ-ਵੱਖ ਟ੍ਰੈਵਲ ਏਜੰਟਾਂ, ਇੰਮੀਗ੍ਰੇਸ਼ਨ ਤੇ ਸਟੱਡੀ ਸਲਾਹਕਾਰ ਏਜੰਸੀਆਂ ਆਦਿ ਵੱਲੋਂ ਹਾਈਕੋਰਟ ਵਿਚ ਦਾਇਰ ਪਟੀਸ਼ਨ 'ਤੇ ਸੁਣਵਾਈ ਹੋਈ। ਇਸ ਬਾਰੇ ਹਾਈਕੋਰਟ ਵੱਲੋਂ ਪੀੜਤਾਂ ਨੂੰ ਆਪਣੇ ਮਸਲੇ ਪਹਿਲਾਂ ਪੰਜਾਬ ਸਰਕਾਰ ਦੇ ਪੱਧਰ 'ਤੇ ਵਿਚਾਰਨ ਦੀ ਖੁੱਲ੍ਹ ਦਿੱਤੀ ਹੋਈ ਹੈ ਤੇ ਸੂਬਾ ਸਰਕਾਰ ਨੂੰ ਸੰਵਿਧਾਨ ਤੇ ਨਿਯਮਾਂ ਮੁਤਾਬਕ ਬਣਦੀ ਰਾਹਤ ਪ੍ਰਦਾਨ ਕਰਨ ਲਈ ਕਿਹਾ ਹੋਇਆ ਹੈ ਪਰ ਇਸ ਬਾਰੇ ਸਰਕਾਰ ਵੱਲੋਂ ਹਾਈਕੋਰਟ ਕੋਲੋਂ ਹੋਰ ਸਮੇਂ ਦੀ ਮੰਗ ਕਰ ਲਈ ਗਈ। ਦੂਜੇ ਪਾਸੇ ਪੰਜਾਬ ਵਿਧਾਨ ਸਭਾ ਵਿਚ ਪੰਜਾਬ ਮਨੁੱਖੀ ਤਸਕਰੀ 'ਤੇ ਰੋਕ ਸੋਧ ਬਿਲ 2014 ਵੀ ਪਾਸ ਕਰ ਦਿੱਤਾ ਗਿਆ, ਜਿਸ ਬਾਰੇ ਬੋਲਦਿਆਂ ਵਿਧਾਇਕ ਤੇ ਸੀਨੀਅਰ ਬੀ.ਜੇ.ਪੀ ਆਗੂ ਮਨੋਰੰਜਨ ਕਾਲੀਆ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਕੰਮ ਨਾ ਹੋਣ 'ਤੇ ਦਿੱਤੇ ਪੈਸੇ ਵਾਪਸ ਕਰਾਉਣ ਲਈ ਪ੍ਰਬੰਧ ਕੀਤੇ ਜਾਣ। ਜਿਸ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਠੋਸ ਕਦਮ ਚੁੱਕੇ ਜਾਣ ਦਾ ਭਰੋਸਾ ਦਿੱਤਾ ਗਿਆ।

## ਅਮਰੀਕਾ ਵਿਚ ਭਾਰਤੀ ਮੂਲ ਦੇ ਦੋ ਵਿਦਿਆਰਥੀ ਲਾਪਤਾ

**ਹਿਊਸਟਨ:** ਅਮਰੀਕਾ ਵਿਚ ਭਾਰਤੀ ਮੂਲ ਦੇ ਦੋ ਵਿਦਿਆਰਥੀ ਲਾਪਤਾ ਹਨ। ਇਕ ਵਿਦਿਆਰਥੀ ਫਲੋਰਿਡਾ ਵਿਚ ਦੋਸਤਾਂ ਨਾਲ ਛੁੱਟੀਆਂ ਮਨਾਉਣ ਸਮੇਂ ਗਾਇਬ ਹੋ ਗਿਆ ਜਦਕਿ 24 ਫਰਵਰੀ ਨੂੰ ਨਿਊ ਯਾਰਕ ਤੋਂ ਲਾਪਤਾ ਹੋਈ ਨਰਸਿੰਗ ਵਿਦਿਆਰਥਣ ਦਾ ਅਜੇ ਤੱਕ ਥਹੁ-ਪਤਾ ਨਹੀਂ ਲੱਗ ਸਕਿਆ।

ਮਕੈਨੀਕਲ ਇੰਜੀਨੀਅਰਿੰਗ ਕਰ ਰਹੇ ਰੇਨੀ ਜੋਸ ਦੇ ਕੱਪੜੇ, ਮੋਬਾਈਲ ਫੋਨ ਤੇ ਹੋਰ ਸਾਮਾਨ ਘਰ ਨੇੜਿਓਂ ਕੂੜੇਦਾਨ ਵਿਚੋਂ ਮਿਲੇ ਹਨ। ਉਧਰ 22 ਸਾਲ ਦੀ ਜੈਸਮਿਨ ਜੋਸਫ ਦਾ 10 ਦਿਨਾਂ ਬਾਅਦ ਵੀ ਕੁਝ ਪਤਾ ਨਹੀਂ ਲੱਗ ਸਕਿਆ ਹੈ। ਉਸ ਨੇ 24 ਫਰਵਰੀ ਨੂੰ ਮਾਪਿਆਂ ਨੂੰ ਫੋਨ ਕਰਕੇ ਕਿਹਾ ਸੀ ਕਿ ਉਹ ਕਾਲਜ ਦੀ ਲਾਇਬਰੇਰੀ ਵਿਚ ਹੈ ਪਰ ਉਸ ਤੋਂ ਬਾਅਦ ਉਹ ਗਾਇਬ ਹੈ। ਨਿਊਯਾਰਕ ਇੰਸਟੀਚਿਊਟ ਤਕਨਾਲੋਜੀ ਦਾ ਕਹਿਣਾ ਹੈ ਕਿ ਉਹ ਮਈ 2013 ਤੋਂ ਉਨ੍ਹਾਂ ਦੇ ਅਦਾਰੇ ਵਿਚ ਦਾਖਲ ਨਹੀਂ ਹੈ। ਪਿਛਲੇ ਕੁਝ ਹਫਤਿਆਂ ਵਿਚ ਭਾਰਤੀ-ਅਮਰੀਕਨ ਵਿਦਿਆਰਥੀਆਂ ਦੇ ਗਾਇਬ ਹੋਣ ਦੀ ਇਹ ਤੀਜੀ ਘਟਨਾ ਹੈ। ਪਿਛਲੇ ਮਹੀਨੇ ਛੇ ਦਿਨਾਂ ਤੱਕ ਗਾਇਬ ਰਹਿਣ ਦੇ ਬਾਅਦ ਇਲੀਨਾਇਸ ਯੂਨੀਵਰਸਿਟੀ ਦੇ ਵਿਦਿਆਰਥੀ ਪਰਵੀਨ ਵਰਗੀਜ਼ ਦੀ ਲਾਸ਼ ਮਿਲੀ ਸੀ।

## ਬਰਤਾਨਵੀ ਸਿੱਖ ਅਧਿਆਪਕ ਨੂੰ ਛੱਡਣੀ ਪਈ ਨੌਕਰੀ

**ਲੰਡਨ:** ਬਰਤਾਨੀਆ ਦੇ ਇਕ ਸਿੱਖ ਸਕੂਲ ਅਧਿਆਪਕ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਸਕੂਲ ਦੇ ਮੁਸਲਿਮ ਪ੍ਰਬੰਧਕਾਂ ਨੇ ਮਹਿਜ਼ ਇਸ ਲਈ ਨੌਕਰੀ ਤੋਂ ਫਾਰਗ ਕਰਨ ਦਾ ਦਬਾਅ ਬਣਾਇਆ ਕਿਉਂਕਿ ਉਸ ਨੇ ਪ੍ਰਬੰਧਕਾਂ ਦੇ ਸਕੂਲ ਵਿਚ ਯੌਨ ਸਿੱਖਿਆ ਦੀਆਂ ਜਮਾਤਾਂ ਨਾ ਲਾਉਣ ਦੇਣ ਤੇ ਹਲਾਲ ਖਾਣਾ ਹੀ ਦਿੱਤੇ ਜਾਣ ਦਾ ਵਿਰੋਧ ਕੀਤਾ ਸੀ।

ਸਿੱਖ ਅਧਿਆਪਕਾਂ ਬਲਵੰਤ ਬੈਂਸ ਨੇ ਦਾਅਵਾ ਕੀਤਾ ਕਿ ਸਕੂਲ ਪ੍ਰਬੰਧਕਾਂ ਵੱਲੋਂ ਉਸ 'ਤੇ ਉਪਰੋਕਤ ਚਿੰਤਾਵਾਂ ਨੂੰ ਜੱਗ ਜ਼ਾਹਿਰ ਨਾ ਕਰਨ ਲਈ ਇਕਰਾਰਨਾਮਾ ਕਰਨ ਲਈ ਦਬਾਅ ਪਾਇਆ ਗਿਆ ਪਰ ਅੰਤ ਨੂੰ ਉਸ ਨੇ ਨਵੰਬਰ 2013 ਵਿਚ ਬਰਮਿੰਘਮ ਸਥਿਤ ਸਾਲਟਲੇਅ ਸਕੂਲ ਛੱਡ ਦਿੱਤਾ। ਬੈਂਸ ਦੇ ਇਕ ਦੋਸਤ ਨੇ 'ਸੰਡੇ ਟਾਈਮਜ਼' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਟਲੇਅ ਸਕੂਲ ਵਿਚਲਾ ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਪ੍ਰਬੰਧਕਾਂ ਨੇ ਬੈਂਸ ਨੂੰ ਸਕੂਲ ਨਾਲ ਸਬੰਧਤ ਕਰੀਕੁਲਮ ਵਿਚ ਕਈ ਬਦਲਾਅ ਕਰਨ ਲਈ ਕਿਹਾ।



ਉਸ ਦੇ ਦੱਸਿਆ ਕਿ ਪ੍ਰਬੰਧਕਾਂ ਨੇ ਇਹ ਮੰਗ ਕੀਤੀ ਕਿ ਉਹ (ਬੈਂਸ) ਯੌਨ ਸਿੱਖਿਆ ਤੇ ਸਿਟੀਜ਼ਨਸ਼ਿਪ ਜਮਾਤਾਂ ਤੋਂ ਆਪਣਾ ਖਹਿੜਾ ਛੁਡਾ ਲਏ ਕਿਉਂਕਿ ਇਹ ਸਭ ਗੈਰ-ਇਸਲਾਮੀ ਹੈ। ਇਥੋਂ ਤਕ ਕਿ ਸਕੂਲ ਦਾ ਕਿਸੇ ਇਕ ਧਰਮ ਵਿਚ ਵਿਸ਼ਵਾਸ ਨਾ ਹੋਣ ਦੇ ਬਾਵਜੂਦ ਉਸ ਨੂੰ ਇਸਲਾਮ ਦੀ ਪੜ੍ਹਾਈ ਸਕੂਲ ਦੇ ਕਰੀਕੁਲਮ ਵਿਚ ਸ਼ਾਮਲ ਕਰਨ ਲਈ ਜ਼ੋਰ ਪਾਇਆ ਗਿਆ ਪਰ ਬੈਂਸ ਨੇ ਇਨ੍ਹਾਂ ਮੰਗਾਂ ਨੂੰ ਮੰਨਣ ਤੋਂ ਸਾਫ਼ ਨਾਂਹ ਕਰ ਦਿੱਤੀ।

ਉਧਰ ਪਿਛਲੇ ਹਫ਼ਤੇ ਯੂਕੇ ਵਿਚਲੀ ਔਫਸਟੈਡ ਸੰਸਥਾ ਦੇ ਸਕੂਲ ਇੰਸਪੈਕਟਰ ਵੱਲੋਂ ਪਾਰਕ ਵਿਊ ਅਕੈਡਮੀ ਦਾ ਨਿਰੀਖਣ ਕੀਤਾ ਗਿਆ। ਇਹ ਕਾਰਵਾਈ ਸਕੂਲ ਦੇ ਮੁਸਲਿਮ ਪ੍ਰਬੰਧਕਾਂ ਵੱਲੋਂ ਸਕੂਲ ਦੇ ਗ਼ੈਰ-ਮੁਸਲਿਮ ਸਟਾਫ਼ ਮੈਂਬਰਾਂ ਨੂੰ ਨਜ਼ਰਅੰਦਾਜ਼ ਕੀਤੇ ਜਾਣ ਦੇ ਦਾਅਵਿਆਂ ਮਗਰੋਂ ਕੀਤੀ ਗਈ ਸੀ। ਪਿਛਲੇ ਸਾਲ ਨਵੰਬਰ ਵਿਚ ਇਸੇ ਸੰਸਥਾ (ਔਫਸਟੈਡ) ਵੱਲੋਂ ਦਿੱਤੀ ਰਿਪੋਰਟ ਕਿ ਬੈਂਸ ਦੇ ਸਕੂਲ ਪ੍ਰਬੰਧਕਾਂ ਨਾਲ ਸਬੰਧ ਠੀਕ ਨਹੀਂ ਸੀ, ਮਗਰੋਂ ਬੈਂਸ ਛੁੱਟੀ 'ਤੇ ਚਲਾ ਗਿਆ ਸੀ। ਉਧਰ ਸਾਲਟਲੇਅ ਸਕੂਲ ਦੇ ਮੁੱਖ ਅਧਿਆਪਕ ਨੇ ਸਪਸ਼ਟ ਕੀਤਾ ਹੈ ਕਿ ਸਕੂਲ ਕੰਟੀਨ ਵਿਚ ਹਲਾਲ ਖਾਣਾ ਦੇਣ ਦਾ ਫੈਸਲਾ ਵਿਦਿਆਰਥੀਆਂ ਦੀ ਮੰਗ ਮੁਤਾਬਕ ਸੀ। ਇਸ ਵਿਚ ਸਕੂਲ ਦੀ ਕੋਈ ਭੂਮਿਕਾ ਨਹੀਂ ਸੀ।

## ਇੰਗਲੈਂਡ ਦੇ ਹੋਟਲ ਵਿਚੋਂ ਮਿਲੀ ਪੰਜਾਬੀ ਮੂਲ ਦੀ ਔਰਤ ਦੀ ਲਾਸ਼

**ਲੰਡਨ:** ਇੰਗਲੈਂਡ ਵਿਚ ਪੰਜਾਬੀ ਮੂਲ ਦੀ 29 ਸਾਲਾ ਅਮਨਦੀਪ ਕੌਰ ਹੋਠੀ ਨਾਂਅ ਦੀ ਔਰਤ ਦਾ ਕਤਲ ਹੋ ਗਿਆ ਹੈ। ਵੈਸਟ ਮਿਡਲੈਂਡ ਦੀ ਪੁਲਿਸ ਮੁਤਾਬਕ ਵੁਲਵਰਹੈਂਪਟਨ ਦੇ ਲਿਚਫੀਲਡ ਇਲਾਕੇ ਦੇ ਬਰਤਾਨੀਆ ਹੋਟਲ ਵਿਚ ਪੁਲਿਸ ਨੂੰ 29 ਸਾਲਾ ਅਮਨਦੀਪ ਕੌਰ ਹੋਠੀ ਦੀ ਲਾਸ਼ ਬਰਾਮਦ ਹੋਈ ਹੈ। ਸੂਚਨਾ ਮੁਤਾਬਕ ਅਮਨਦੀਪ ਕੌਰ ਵੁਲਵਰਹੈਂਪਟਨ ਦੀ ਹੀ ਰਹਿਣ ਵਾਲੀ ਹੈ। ਪੁਲਿਸ ਨੇ ਇਸ ਮਾਮਲੇ ਵਿਚ ਇਕ 41 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

## ਜਗਦੀਸ਼ ਟਾਈਟਲਰ ਹੋਇਆ ਚੋਣ ਮੈਦਾਨ ਵਿਚੋਂ ਲਾਂਭੇ

**ਨਵੀਂ ਦਿੱਲੀ:** ਸਾਬਕਾ ਸੰਸਦ ਮੈਂਬਰ ਜਗਦੀਸ਼ ਟਾਈਟਲਰ ਨੇ ਉੱਤਰੀ ਪੂਰਬੀ ਦਿੱਲੀ ਸੰਸਦੀ ਹਲਕੇ ਤੋਂ ਪਾਰਟੀ ਦੀਆਂ ਅੰਦਰੂਨੀ ਚੋਣਾਂ ਲਈ ਉਮੀਦਵਾਰੀ ਬਾਰੇ ਆਪਣੀ ਨਾਮਜ਼ਦਗੀ ਵਾਪਸ ਲੈ ਲਈ ਹੈ। ਪਾਰਟੀ ਸੂਤਰਾਂ ਮੁਤਾਬਕ ਟਾਈਟਲਰ ਨੇ ਪਾਰਟੀ ਹਾਈ ਕਮਾਂਡ ਦੇ ਦਖ਼ਲ ਪਿੱਛੋਂ ਪ੍ਰਾਇਮਰੀ ਚੋਣ ਤੋਂ ਆਪਣਾ ਨਾਂਅ ਵਾਪਸ ਲੈ ਲਿਆ ਹੈ। 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਟਾਈਟਲਰ ਦਾ ਨਾਂਅ ਜੁੜਿਆ ਹੋਣ ਕਾਰਨ ਪਾਰਟੀ ਦੀ ਵੱਡੀ ਅਲੋਚਨਾ ਹੋਣ ਦਾ ਖ਼ਦਸ਼ਾ ਸੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਤੋਂ ਬਾਅਦ ਟਾਈਟਲਰ ਨੇ ਮੈਦਾਨ ਵਿਚੋਂ ਹਟਣ ਦਾ ਫੈਸਲਾ ਕੀਤਾ। ਪਾਰਟੀ ਦੇ ਪ੍ਰਾਇਮਰੀਜ਼ ਪ੍ਰਾਜੈਕਟ ਦੇ ਇੰਚਾਰਜ ਪ੍ਰਦੀਪ ਸ਼ਰਮਾ ਨੇ ਦੱਸਿਆ ਕਿ ਜਗਦੀਸ਼ ਟਾਈਟਲਰ ਨੇ ਉੱਤਰ ਪੂਰਬੀ ਲੋਕ ਸਭਾ ਸੀਟ ਤੋਂ ਆਪਣੀ ਨਾਮਜ਼ਦਗੀ ਵਾਪਸ ਲੈ ਲਈ ਹੈ।

# ਅਨੀਤਾ+ਸ਼ਬਦੀਸ਼=ਰੌਸ਼ਨ ਖਿਆਲ

ਹੁਸੀਨ ਮੁਲਾਕਾਤ

**ਸੁਰਿੰਦਰ ਸੋਹਲ**

ਅਨੀਤਾ ਸ਼ਬਦੀਸ਼ ਨੇ ਬੜੇ ਉਤਸ਼ਾਹ ਨਾਲ ਦੱਸਿਆ, "ਭਾਜੀ ਤੁਹਾਨੂੰ ਪਤੈ, ਮੈਨੂੰ ਪਿਛਲੇ ਸਾਲ ਨੈਸ਼ਨਲ ਐਵਾਰਡ ਮਿਲਿਐ।"

ਇਹ ਗੱਲ ਸੁਣ ਕੇ ਮੈਂ ਬਹੁਤ ਪਿਛਾਂਹ ਵੱਲ ਪਰਤ ਗਿਆ।

ਅਨੀਤਾ ਸ਼ਬਦੀਸ਼ ਉਦੋਂ ਅਨੀਤਾ ਭਾਰਦਵਾਜ ਹੁੰਦੀ ਸੀ ਅਤੇ ਅੱਜ ਦਾ ਸ਼ਬਦੀਸ਼, ਜਗਦੀਸ਼ ਦਰਦੀ ਹੁੰਦਾ ਸੀ।

ਅਸਲ ਵਿਚ ਮੇਰੀ ਸਾਂਝ ਜਗਦੀਸ਼ ਦਰਦੀ ਨਾਲ ਹੀ ਸੀ। ਉਸ ਨੂੰ ਸਭ ਤੋਂ ਪਹਿਲਾਂ ਮੈਂ ਕਰਨੈਲ ਸਿੰਘ ਨਿੱਝਰ ਦੇ ਪਿੰਡ ਇਕ ਸਾਹਿਤਕ ਸਮਾਗਮ ਵਿਚ ਗਾਉਂਦੇ ਸੁਣਿਆ ਸੀ, 'ਸਾਡੀ ਅਜ਼ਲਾਂ ਤੋਂ ਦੋਸਤੀ ਸਵੇਰਿਆਂ ਦੇ ਨਾਲ।'

ਉਹ ਉਦੋਂ 'ਲੋਕ ਲਹਿਰ' ਵਿਚ ਕੰਮ ਕਰਦਾ ਸੀ। ਮੋਹ ਨਾਲ ਲਬਾ ਲਬ ਦਰਦੀ ਨਾਲ ਗਹਿਰੀ ਦੋਸਤੀ ਪੈਂਦੀ ਨੂੰ ਕੁਝ ਦਿਨ ਹੀ ਲੱਗੇ। ਮੈਂ ਅਕਸਰ ਉਸ ਕੋਲ ਲੋਕ ਲਹਿਰ ਦੇ ਦਫ਼ਤਰ ਜਾਣ ਲੱਗ ਪਿਆ। ਸੁਹੇਲ ਸਿੰਘ ਅਖਬਾਰ ਦਾ ਸੰਪਾਦਕ ਹੁੰਦਾ ਸੀ। ਅਖਬਾਰਾਂ ਵਾਲੇ ਕਿੰਨੇ ਮੋਹ ਖੋਰੇ ਹੁੰਦੇ ਨੇ ਸੁਹੇਲ ਸਿੰਘ, ਮਾਸਟਰ ਜੋਧ ਸਿੰਘ ਅਤੇ ਜਗਦੀਸ਼ ਦਰਦੀ ਨੂੰ ਮਿਲ ਕੇ ਪਹਿਲੀ ਵਾਰ ਪਤਾ ਲੱਗਿਆ।

ਮੇਰਾ ਵਿਆਹ ਹੋ ਗਿਆ ਤਾਂ ਮੇਰੀ ਬੀਬੀ ਅਕਸਰ ਦਰਦੀ ਨੂੰ ਕਹਿੰਦੀ ਰਹਿੰਦੀ, "ਵੇ ਹੁਣ ਤੂੰ ਵੀ ਵਿਆਹ ਕਰਾ ਲੈ।"

ਉਹ ਦੰਦੀਆਂ ਕੱਢਦਾ ਆਖਦਾ, "ਬੀਬੀ ਕੋਈ ਕੁੜੀ ਮੰਨਦੀ ਨ੍ਹੀਂ।"

ਇਕ ਵਾਰ ਮੈਂ ਰੇਡੀਓ ਸਟੇਸ਼ਨੋਂ ਨਿਕਲਿਆ। ਧੁੰਦ ਪਈ ਹੋਈ ਸੀ। ਲੋਈਆਂ ਦੀਆਂ ਬੁੱਕਲਾਂ ਵਿਚ ਮੂੰਹ ਲਪੇਟੀ ਦੋ ਰਾਸ਼ੇ ਸਿੱਧੇ ਹੀ ਮੇਰੇ ਸਕੂਟਰ ਵੱਲ ਆ ਰਹੇ ਸਨ। ਮੇਰੇ ਕੋਲ ਆ ਕੇ ਖੜ੍ਹ ਗਏ। ਪੰਜਾਬ ਵਿਚ ਉਂਜ ਹੀ ਖੌਫ, ਸ਼ੱਕ, ਅਨਿਸਚਿਤਤਾ ਦਾ ਕੋਰਾ ਪੈ ਰਿਹਾ ਸੀ। ਤੇ ਫੇਰ ਰਾਸ਼ਿਆਂ ਨੇ ਖਿੜਖਿੜਾ ਕੇ ਮੂੰਹ ਨੰਗੇ ਕੀਤੇ-ਇੰਦਰਜੀਤ ਚੁਗਾਵਾਂ ਅਤੇ ਜਗਦੀਸ਼ ਦਰਦੀ।

ਮੈਂ ਪੁੱਛਿਆ, "ਆਹ ਕੀ ਬਈ ਰਾਸ਼ਿਆਂ ਦਾ ਭੇਸ।"

ਜਗਦੀਸ਼ ਨੇ ਕਿਹਾ, "ਕਰਨਾ ਪੈਂਦਾ ਬਈ, ਕਾਮਰੇਡਾਂ ਨੂੰ ਅਗਲੇ ਫੁੰਡੀ ਜਾ ਰਹੇ ਐ।"

ਫੇਰ ਦਰਦੀ 'ਲੋਕ ਲਹਿਰ' ਛੱਡ ਕੇ 'ਦੇਸ਼ ਭਗਤ ਯਾਦਗਾਰ ਹਾਲ' ਵਿਚ ਸੇਵਾਵਾਂ ਮੁਹੱਈਆ ਕਰਨ ਲੱਗਾ। ਉਸ ਨੇ ਆਪਣਾ ਨਾਮ ਸ਼ਬਦੀਸ਼ ਰੱਖ ਲਿਆ ਸੀ ਪਰ ਉਹ ਮੇਰੇ ਲਈ ਅੱਜ ਵੀ ਜਗਦੀਸ਼ ਦਰਦੀ ਹੀ ਹੈ।

ਦਰਦੀ ਅਕਸਰ ਮੇਰੇ ਕੋਲ ਆਉਂਦਾ ਰਹਿੰਦਾ। ਇਕ ਦਿਨ ਸਵੇਰੇ ਮੇਰੀ ਪਤਨੀ ਕੋਲ ਚੁੱਲ੍ਹੇ ਕੋਲ ਬੈਠਾ ਸੀ।

ਬਾਦ ਵਿਚ ਮੇਰੀ ਪਤਨੀ ਨੇ ਦੱਸਿਆ, "ਕਿਸੇ ਕੁੜੀ ਦੀ ਫੋਟੋ ਦਿਖਾ ਕੇ ਪੁੱਛ ਰਿਹਾ ਸੀ, ਕੁੜੀ ਕਿਹੋ ਜਿਹੀ ਐ। ਕੁੜੀ ਤਾਂ ਬਹੁਤ ਸੋਹਣੀ ਦੀ ਫੋਟੋ ਲਈ ਫਿਰਦਾ।"

ਤੇ ਫੇਰ ਕੁਝ ਦਿਨਾਂ ਬਾਦ ਮੈਨੂੰ ਦੱਸਿਆ, "ਗੁਰਸ਼ਰਨ ਭਾਅ ਜੀ ਵਿਚੋਲੇ ਬਣੇ ਆ। ਛੇਤੀ ਤੈਨੂੰ ਆਪਣੇ ਵਿਆਹ ਦਾ ਸੱਦਾ ਦੇਊਂਗਾ।"

ਦਰਦੀ ਦਾ ਵਿਆਹ। ਸਾਡੀ ਬੀਬੀ ਨੂੰ ਬਹੁਤ ਚਾਅ ਸੀ।

ਮੇਰੇ ਖਿਆਲ ਵਿਚ ਦਰਦੀ ਦੇ ਦੋਸਤਾਂ ਦਾ ਘੇਰਾ ਬਹੁਤ ਵਿਸ਼ਾਲ ਸੀ ਪਰ ਜਦੋਂ ਮੈਂ ਵਿਆਹ 'ਤੇ ਗਿਆ ਤਾਂ ਉਸ ਦੇ ਸਾਹਿਤਕ ਘੇਰੇ ਵਿਚੋਂ ਮੈਂ ਇਕੱਲਾ ਹੀ ਸਾਂ।



*ਜਗਦੀਸ਼ ਦਰਦੀ*

ਅਸਲ ਵਿਚ ਵਿਆਹ ਦੀ ਬਿਲਕੁਲ ਸਾਦਾ ਰਸਮ ਇਕ ਦਿਨ ਪਹਿਲਾਂ ਹੋ ਗਈ ਸੀ। ਇਹ 'ਰਿਸੈਪਸ਼ਨ ਪਾਰਟੀ' ਯਾਦਗਾਰ ਹਾਲ ਵਿਚ ਰੱਖੀ ਹੋਈ ਸੀ। ਰਵਾਇਤ ਤੋਂ ਬਿਲਕੁਲ ਹਟਵੀਂ। ਜਿਵੇਂ ਕੋਈ ਸਾਹਿਤਕ ਮੀਟਿੰਗ ਹੋ ਰਹੀ ਹੋਵੇ।

ਦਰਦੀ ਅਤੇ ਉਸ ਦੀ ਪਤਨੀ ਅਨੀਤਾ ਸਾਹਮਣੇ ਕੁਰਸੀਆਂ 'ਤੇ ਬੈਠੇ ਸਨ। ਅਸੀਂ ਸਾਰੇ ਉਨ੍ਹਾਂ ਵੱਲ ਮੂੰਹ ਕਰੀ ਪਈਆਂ ਕੁਰਸੀਆਂ 'ਤੇ।

ਇਕ ਛੋਟੇ ਜਿਹੇ ਮੁੰਡੇ ਨੇ ਸਵਾਲ ਕੀਤਾ, "ਦੀਦੀ, ਸ਼ਬਦੀਸ਼ ਭਾਜੀ ਨਾਲ ਵਿਆਹ ਕਰਵਾ ਕੇ ਤੁਸੀਂ ਖੁਸ਼ ਮਹਿਸੂਸ ਕਰਦੇ ਹੋ ਕਿ ਦੁੱਖ।"

ਸਟੇਜ ਦੀ ਸਫ਼ਲ ਐਕਟਰੈਸ ਅਨੀਤਾ ਨੇ ਬੜੇ ਆਤਮਵਿਸ਼ਵਾਸ ਨਾਲ ਜਵਾਬ ਦਿੱਤਾ, "ਬਹੁਤ ਖ਼ੁਸ਼।"

"ਅੱਛਾ!" ਉਸੇ ਮੁੰਡੇ ਨੇ ਫਿਰ ਕਿਹਾ, "ਜੇ ਖੁਸ਼ ਮਹਿਸੂਸ ਕਰਦੇ ਹੋ ਤਾਂ ਕੱਲ੍ਹ ਵਿਦਾਇਗੀ ਵੇਲੇ ਰੋ ਕਿਉਂ ਰਹੇ ਸੀ?"

ਮਹਿਫਿਲ ਵਿਚ ਹਾਸਿਆਂ ਦੀਆਂ ਫੁੱਲਝੜੀਆਂ ਚੱਲਣ ਲੱਗ ਪਈਆਂ।

ਇਕ ਲੜਕੀ ਨੇ ਦਰਦੀ ਨੂੰ ਸਵਾਲ ਕੀਤਾ, "ਸ਼ਬਦੀਸ਼ ਤੁਹਾਨੂੰ ਪਤਾ, ਅਨੀਤਾ ਸਟੇਜ ਕਰਦੀ ਹੈ। ਨਾਟਕਾਂ ਕਰਕੇ ਇਸ ਨੂੰ ਕਈ ਕਈ ਦਿਨ ਘਰੋਂ ਬਾਹਰ ਵੀ ਰਹਿਣਾ ਪਵੇਗਾ। ਹੁਣ ਵਿਆਹ ਤੋਂ ਬਾਦ ਤੁਸੀਂ ਕਿਤੇ ਇਸ ਦੇ ਪਰ ਕੁਤਰ ਤਾਂ ਨਹੀਂ ਦੇਵੋਗੇ?"

ਦਰਦੀ ਨੇ ਛਾਤੀ ਚੌੜੀ ਕਰਕੇ ਕਿਹਾ ਸੀ, "ਮੈਂ ਇਸ ਦੇ ਪਰਾਂ ਵਿਚ ਪਰਵਾਜ਼ ਭਰ ਦਿਆਂਗਾ।"

ਉਦੋਂ ਉਠੀ ਤਾੜੀਆਂ ਦੀ ਗੂੰਜ ਮੇਰੇ ਕੰਨਾਂ ਵਿਚ ਇਕ ਵਾਰ ਫੇਰ ਤਾਜ਼ਾ ਹੋ ਗਈ ਜਦੋਂ ਅਨੀਤਾ ਨੇ ਕਿਹਾ, "ਭਾਜੀ ਤੁਹਾਨੂੰ ਪਤੈ, ਮੈਨੂੰ ਪਿਛਲੇ ਸਾਲ ਨੈਸ਼ਨਲ ਐਵਾਰਡ ਮਿਲਿਐ।"

ਸੱਚ ਮੁੱਚ ਸ਼ਬਦੀਸ਼ ਦਾ ਸਾਥ ਉਸ ਦੀ ਕਲਾ ਦੇ ਪਰਾਂ ਲਈ ਅਨੁਕੂਲ ਹਵਾ ਦੇ ਬੁੱਲੇ ਸਾਬਿਤ ਹੋਇਆ ਹੈ।

ਮੈਂ ਅਨੀਤਾ ਦੀ ਅਦਾਕਾਰੀ ਫਿਲਮਾਂ ਵਿਚ ਦੇਖੀ ਹੈ। ਪਿਛਲੀ ਵਾਰ ਗੁਰਸ਼ਰਨ ਭਾਅ ਜੀ ਨਾਲ ਜਦੋਂ ਸ਼ਬਦੀਸ਼ ਤੇ ਅਨੀਤਾ ਆਏ ਸਨ, ਉਦੋਂ 'ਇਹ ਲਹੂ ਕਿਸ ਦਾ ਹੈ' ਨਾਟਕ ਵਿਚ ਅਨੀਤਾ ਨੇ ਅਦਾਕਾਰੀ ਦੀਆਂ ਸਿਖਰਾਂ ਨੂੰ ਛੋਹ ਲਿਆ ਸੀ। ਮੇਰੇ ਦਿਮਾਗ਼ ਵਿਚ ਅਨੀਤਾ ਦਾ ਐਕਟਰੈਸ ਵਜੋਂ ਵੱਡਾ ਸਥਾਨ ਹੈ।

ਪਰ ਉਹ ਕਾਰ ਦੇ ਪਿਛੇ ਬੈਠੀ ਮੇਰੀ ਪਤਨੀ ਨਾਲ ਬਿਲਕੁਲ ਘਰੇਲੂ ਔਰਤ ਵਾਂਗ ਗੱਲਾਂ ਕਰ ਰਹੀ ਸੀ। ਮੈਨੂੰ ਬੜਾ ਚੰਗਾ ਲੱਗ ਰਿਹਾ ਸੀ। ਉਨ੍ਹਾਂ ਦਾ ਵਿਸ਼ਾ ਸੀ, 'ਪਤੀ ਘਰ ਚੰਗੇ ਪਤੀ ਕਿਉਂ ਨਹੀਂ ਹੁੰਦੇ, ਜਦੋਂ ਕਿ ਬਾਹਰ ਲੋਕਾਂ ਵਿਚ ਉਹ ਬਹੁਤ ਹਰਮਨ ਪਿਆਰੇ ਹੁੰਦੇ ਹਨ।' ਅਨੀਤਾ ਪੁੱਛ ਰਹੀ ਸੀ, 'ਸੋਹਲ ਭਾਜੀ ਤਾਂ ਨਹੀਂ ਲੜਦੇ ਹੋਣੇ ਤੁਹਾਡੇ ਨਾਲ।'

ਮੇਰੀ ਪਤਨੀ ਬੁੱਲ੍ਹਾਂ ਵਿਚ ਹੱਸਦੀ ਮੈਨੂੰ ਸ਼ੀਸ਼ੇ ਵਿਚੋਂ ਦਿਸ ਰਹੀ ਸੀ।

ਮੈਂ ਕਿਹਾ, "ਅਨੀਤਾ ਦਰਦੀ ਤਾਂ ਬਹੁਤ ਠੰਢੇ ਸੁਭਾਅ ਦੈ।"

"ਭਾਜੀ ਤੁਹਾਨੂੰ ਹੀ ਨਹੀਂ ਹੋਰ ਵੀ ਬਹੁਤ ਸਾਰੇ ਲੋਕਾਂ ਨੂੰ ਇਹ ਗਲਤਫਹਿਮੀ ਹੈ।" ਅਨੀਤਾ ਦੀ ਗੱਲ ਨਾਲ ਅਸੀਂ ਖਿੜਖਿੜਾ ਕੇ ਹੱਸੇ।

ਦਰਦੀ ਅਤੇ ਗੁੱਸਾ! ਦਰਦੀ ਨੂੰ ਤਾਂ ਉਦੋਂ ਵੀ ਗੁੱਸਾ ਨਹੀਂ ਸੀ ਆਇਆ ਜਦੋਂ ਉਸ ਨੇ ਆਪਣੇ ਖਰੜੇ 'ਟਾਪੂ ਤੋਂ ਆਇਆ ਖ਼ਤ' ਬਾਰੇ ਗੋਸ਼ਟੀ ਰੱਖੀ ਸੀ ਫਗਵਾੜੇ।

ਦਰਦੀ ਜਲੰਧਰੋਂ ਫਗਵਾੜੇ ਨੂੰ ਗਿਆ। ਹਰਭਜਨ ਹੁੰਦਲ ਆਪਣੇ ਪਿੰਡ ਫੱਤੂ ਚੱਕ ਤੋਂ। ਇਹ ਘਟਨਾ ਦਰਦੀ ਨੇ ਮੈਨੂੰ ਹੱਸ ਹੱਸ ਕੇ ਸੁਣਾਈ ਸੀ। ਖਰੜੇ ਬਾਰੇ ਬਹੁਤ ਸਾਰੇ ਲੋਕਾਂ ਨੇ ਵਿਚਾਰ ਦਿੱਤੇ। ਹਰਭਜਨ ਹੁੰਦਲ ਦਾ ਵਿਚਾਰ ਬਹੁਤ ਦਿਲਚਸਪ ਸੀ, "ਦਰਦੀ ਦੀਆਂ ਗ਼ਜ਼ਲਾਂ ਬੇਬਹਿਰੀਆਂ ਨੇ, ਗੀਤ ਝੋਲ ਮਾਰਦੇ ਨੇ ਤੇ ਕਵਿਤਾ ਦੀ ਇਹਨੂੰ ਸਮਝ ਨਹੀਂ।"

ਹੁੰਦਲ ਤੋਂ ਬਾਦ ਇਕ ਹੋਰ ਬੰਦਾ ਬੋਲਿਆ, "ਦਰਦੀ ਗੱਲ ਸੁਣ। ਹੁੰਦਲ ਸਾਹਿਬ ਕਿੱਥੋਂ ਫੱਤੂ ਚੱਕ ਤੋਂ ਚੱਲ ਕੇ ਫਗਵਾੜੇ ਆਏ ਐ। ਤੂੰ ਜਲੰਧਰੋਂ ਆਇਐਂ। ਬਾਕੀ ਵੀ ਕਿੱਡੀ ਦੂਰੋਂ ਦੂਰੋਂ ਆਏ ਆ। ਜਲੰਧਰ ਫਗਵਾੜੇ ਦੇ ਰਾਹ ਵਿਚ ਪੈਂਦਾ। ਤੂੰ ਹੁੰਦਲ ਸਾਹਿਬ ਨੂੰ ਜਲੰਧਰ ਸੱਦ ਕੇ ਉਥੇ ਹੀ ਆਪਣੀ ਏਨੀ ਖਾਤਰ ਕਰਵਾ ਲੈਂਦਾ। ਬਾਕੀ ਲੋਕਾਂ ਦਾ ਟਾਈਮ ਤਾਂ ਬਚਦਾ।"

ਦਰਦੀ ਗੱਲ ਦਸਦਾ ਦੂਹਰਾ ਹੁੰਦਾ ਜਾ ਰਿਹਾ ਸੀ। ਕੀ ਉਸ ਦਰਦੀ ਨੂੰ ਗੁੱਸਾ ਆ ਸਕਦਾ ਹੈ!

ਤੇ ਜਦੋਂ ਉਸ ਦੀ ਕਿਤਾਬ 'ਟਾਪੂ ਤੋਂ ਆਇਆ ਖ਼ਤ' ਛਪੀ ਤਾਂ ਕਿਸੇ ਨੇ ਪੁੱਛਿਆ ਸੀ, "ਭਾਜੀ ਟਾਪੂ 'ਤੇ ਤੁਹਾਡਾ ਕੋਈ ਰਿਸ਼ਤੇਦਾਰ ਰਹਿੰਦੈ।"



*ਅਨੀਤਾ ਸ਼ਬਦੀਸ਼*

ਗੱਲ ਦਸਦੇ ਦਸਦੇ ਦਰਦੀ ਦਾ ਸਾਹ ਉਖੜ ਗਿਆ ਸੀ।

ਅਨੀਤਾ ਆਪਣੇ ਭਰਾ ਪਵਨ ਕੋਲ ਓਹਾਇਓ ਆਈ ਹੋਈ ਸੀ। ਨਿਊ ਯਾਰਕ ਵਿਚ ਉਸ ਨੇ ਪਵਨ ਦੇ ਦੋਸਤ ਨੂੰ ਮਿਲਣਾ ਸੀ ਤੇ ਸਾਨੂੰ। ਮੈਂ ਤੇ ਮੇਰੀ ਪਤਨੀ ਯੌਂਕਰ ਤੋਂ ਉਸ ਨੂੰ ਨਿਊ ਯਾਰਕ ਲਿਆ ਰਹੇ ਸਾਂ।

ਅਨੀਤਾ ਨੇ ਮੰਨਤ, ਬਾਗ਼ੀ, ਲੱਗਦਾ ਇਸ਼ਕ ਹੋ ਗਿਆ, ਕਬੱਡੀ ਵਨਸ ਅਗੇਨ, ਚੰਨਾ ਸੱਚੀ-ਮੁੱਚੀ, ਏਕਮ, ਯਾਰ ਪਰਦੇਸੀ, ਪੂਜਾ ਕਿਵੇਂ ਆਂ ਆਦਿ ਪੰਜਾਬੀ ਫਿਲਮਾਂ ਵਿਚ ਆਪਣੀ ਅਦਾਕਾਰੀ ਦੀ ਵਿਲੱਖਣ ਛਾਪ ਛੱਡੀ ਹੈ। 'ਦਾ ਲੀਜੈਂਡ ਆਫ ਭਗਤ ਸਿੰਘ' ਅਤੇ 'ਕਾਫ਼ੀ ਹਾਊਸ' ਹਿੰਦੀ ਫਿਲਮਾਂ ਦੇ ਨਾਲ ਨਾਲ ਸਰੱਹਦ, ਮਨ ਜੀਤੇ ਜਗਜੀਤ, ਭਾਗਾਂ ਵਾਲੀਆਂ, ਗਾਉਂਦੀ ਧਰਤੀ, ਅੱਖੀਆਂ ਤੋਂ ਦੂਰ ਜਾਈਂ ਨਾ, ਕੱਚ ਦੀਆਂ ਵੰਗਾਂ ਟੀ ਵੀ ਨਾਟਕਾਂ ਵਿਚ ਜ਼ਿਕਰਯੋਗ ਭੂਮਿਕਾ ਨਿਭਾਈ ਹੈ।

ਸਟੇਜ ਨਾਲ ਤਾਂ ਅਨੀਤਾ 1988 ਦੀ ਜੁੜੀ ਹੋਈ ਹੈ।

---

ਘਰੋਂ ਮੈਂ, ਮੇਰਾ ਬੇਟਾ ਤੇ ਬੇਟੀ ਅਨੀਤਾ ਨੂੰ ਲੈ ਕੇ ਮੈਨਹਟਨ ਦਿਖਾਉਣ ਚਲੇ ਗਏ। ਰਾਤ ਦੀਆਂ ਲਾਈਟਾਂ ਵਿਚ ਜੱਗ ਮਗ ਕਰਦਾ ਮੈਨਹਟਨ ਦਿਲ ਨੂੰ ਧੂਹ ਪਾ ਰਿਹਾ ਸੀ।

ਮੈਂ ਕਿਹਾ, "ਦੇਖ ਅਨੀਤਾ ਰੌਸ਼ਨੀਆਂ, ਕਿੰਨੇ ਲੋਕਾਂ ਨੂੰ ਰੋਜ਼ੀ ਦਿੰਦਾ ਇਹ ਸ਼ਹਿਰ।"

ਆਪਣੀ ਵਿਚਾਰਧਾਰਕ ਤਿੱਖੀ ਨਜ਼ਰ ਵਿਚੋਂ ਦੀ ਦੇਖਦੀ ਅਨੀਤਾ ਨੇ ਜਵਾਬ ਦਿੱਤਾ, "ਪਰ ਇਹਦੀ ਵਾਲ ਸਟਰੀਟ ਦੁਨੀਆਂ ਦੇ ਕਿੰਨੇ ਲੋਕਾਂ ਦੀ ਰੋਜ਼ੀ ਖੋਹ ਵੀ ਰਹੀ ਹੈ।"

"ਵੈਸੇ ਨਜ਼ਰੀਆ ਹੋਣਾ ਏਨਾ ਹੀ ਪਰਪੱਕ ਚਾਹੀਦਾ ਹੈ।" ਮੈਂ ਕਿਹਾ, "ਚੱਲ ਫਿਰ ਆਪਾਂ ਵਾਲ ਸਟਰੀਟ ਵੀ ਦੇਖ ਆਉਂਦੇ ਹਾਂ।

ਰਾਤ ਨੂੰ ਸ਼ਹਿਰ ਖ਼ਾਲੀ ਸੀ। ਬਰਾਡਵੇਅ 'ਤੇ ਲੱਗੇ ਵੱਡੇ ਸਾਰੇ ਬਲਦ ਦੇ ਬੁੱਤ ਕੋਲ ਅਸੀਂ ਗੱਡੀ ਰੋਕ ਲਈ। ਮੈਂ ਕਿਹਾ, "ਪਛਾਣਿਆ ਇਹ ਬਲਦ, ਸਰਮਾਏਦਾਰੀ ਦਾ ਪ੍ਰਤੀਕ। ਦੇਖ ਕਿੱਦਾਂ ਫੁੰਕਾਰੇ ਮਾਰਦੈ। ਇਹਦਾ ਜ਼ਿਕਰ ਕੇਸਰਾ ਰਾਮ ਦੀ ਕਹਾਣੀ 'ਬੁਲਬਲਿਆਂ ਦੀ ਕਾਸ਼ਤ' ਵਿਚ ਬੜੀ ਸ਼ਿੱਦਤ ਨਾਲ ਆਇਆ। ਕਹਾਣੀ ਵਿਚ ਕਈ ਵਾਰ ਇਹਦੇ ਫੁੰਕਾਰੇ ਸੁਣਦੇ ਹਨ।"

ਬਲਦ ਨਾਲ ਅਨੀਤਾ ਦੀ ਤਸਵੀਰ ਖਿਚਦੇ ਸਮੇਂ ਮੈਨੂੰ ਮਹਿਸੂਸ ਹੋ ਰਿਹਾ ਸੀ ਮੈਂ ਜਿਵੇਂ ਗਹਿਰੇ ਹਨ੍ਹੇਰੇ ਦੇ ਕੋਲ ਲਟ ਲਟ ਬਲਦੀ ਲਾਟ ਦੇਖ ਰਿਹਾ ਹੋਵਾਂ।

ਅਨੀਤਾ ਦੀ ਗੱਲਬਾਤ ਵਿਚ ਗੁਰਸ਼ਰਨ ਭਾਅ ਜੀ ਦਾ ਜ਼ਿਕਰ ਵਾਰ ਵਾਰ ਆ ਰਿਹਾ ਸੀ। ਉਹ ਗੁਰਸ਼ਰਨ ਸਿੰਘ ਬਾਰੇ ਬਣਾਈ ਡਾਕੂਮੈਂਟਰੀ ਫਿਲਮ 'ਕ੍ਰਾਂਤੀ ਦਾ ਕਲਾਕਾਰ' ਦੇ ਨਿਰਮਾਣ ਵੇਲੇ ਆਈਆਂ ਦੁਸ਼ਵਾਰੀਆਂ ਦੀ ਚਰਚਾ ਕਰ ਰਹੀ ਸੀ।

"ਇਹ ਫਿਲਮ ਅਸੀਂ ਆਪਣੇ ਸਿਰ ਖੁਦ ਬਣਾਈ। ਭਾਅ ਜੀ ਨੂੰ ਜਿਉਂਦੇ ਜੀ ਅਸੀਂ ਕੈਪਚਰ ਕਰਨਾ ਚਾਹੁੰਦੇ ਸਾਂ। ਕਿਸੇ ਨੇ ਸਾਡੀ ਮਦਦ ਨਹੀਂ ਕੀਤੀ। ਇਤਫ਼ਾਕ ਦੇਖੋ ਜਦੋਂ ਫਿਲਮ ਦੀ ਐਡਿਟਿੰਗ ਹੋ ਰਹੀ ਸੀ, ਇੰਗਲੈਂਡ ਤੋਂ ਇਕ ਬੰਦੇ ਨੇ ਸਾਡੀ ਮਦਦ ਕੀਤੀ। ਜਦੋਂ ਭਾਅ ਜੀ ਦੁਨੀਆ ਤੋਂ ਚਲੇ ਗਏ, ਕਿਸੇ ਟੀ ਵੀ ਵਾਲੇ ਕੋਲ ਖਬਰਾਂ ਦੇ ਨਾਲ ਦਿਖਾਉਣ ਲਈ ਭਾਅ ਜੀ ਦਾ ਕੋਈ ਕਲਿਪ ਨਹੀਂ ਸੀ। ਫਿਰ ਉਨ੍ਹਾਂ ਸਾਡੀ ਫਿਲਮ ਨੂੰ ਇਸਤੇਮਾਲ ਕੀਤਾ। ਏਡਾ ਵੱਡਾ ਕਲਾਕਾਰ ਤੇ ਇਹ ਹਾਲ!"

ਗੁਰਸ਼ਰਨ ਸਿੰਘ ਦੀ ਯਾਦ ਵਿਚ ਅਨੀਤਾ ਨੇ ਆਪਣੀ ਸਮਰੱਥਾ ਮੁਤਾਬਕ ਮਿਊਜ਼ੀਅਮ ਕਾਇਮ ਕਰਨ ਦਾ ਫ਼ੈਸਲਾ ਕੀਤਾ ਹੋਇਆ ਹੈ। ਉਨ੍ਹਾਂ ਦੀਆਂ ਚੀਜ਼ਾਂ ਨੂੰ ਯਾਦਗਾਰ ਦੇ ਤੌਰ 'ਤੇ ਸੰਭਾਲਣ ਦਾ ਉਪਰਾਲਾ ਉਹ ਬੜੀ ਨਿਹਚਾ ਨਾਲ ਕਰ ਰਹੀ ਹੈ। ਉਸ ਦੀ ਦ੍ਰਿੜਤਾ, ਨਿਸ਼ਠਾ, ਨਿਹਚਾ, ਸਿਦਕ ਦਿਲੀ, ਆਤਮ-ਵਿਸ਼ਵਾਸ ਉਸ ਵੇਲੇ ਦੁਗਣਾ, ਚੌਗਣਾ ਸਗੋਂ ਕਈ ਗੁਣਾ ਵੱਧ ਜਾਂਦਾ ਪ੍ਰਤੀਤ ਹੁੰਦਾ ਹੈ, ਜਦੋਂ ਮੈਨੂੰ ਜਗਦੀਸ਼ ਦਰਦੀ ਦੇ ਬੋਲ ਚੇਤੇ ਆਉਂਦੇ ਹਨ, "ਮੈਂ ਇਹਦੇ ਪਰਾਂ ਵਿਚ ਪਰਵਾਜ਼ ਭਰ ਦਿਆਂਗਾ।"


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪੰਜਾਬ ਕਾਂਗਰਸ 'ਚ ਕਲੇਸ਼ ਮੁੜ ਵਧਣ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਮੁੜ ਕਲੇਸ਼ ਵਧਣ ਦੇ ਆਸਾਰ ਬਣ ਗਏ ਹਨ। ਸੂਤਰਾਂ ਅਨੁਸਾਰ ਅਹੁਦੇਦਾਰੀਆਂ ਦੇਣ ਵਿਚ ਵਿਤਕਰੇ ਕਰਨ ਦੇ ਦੋਸ਼ਾਂ ਤੋਂ ਬਾਅਦ ਪੰਜਾਬ ਕਾਂਗਰਸ ਦੇ ਕੁਝ ਜ਼ਿਲ੍ਹਾ ਪ੍ਰਧਾਨਾਂ ਦੀ ਛਾਂਟੀ ਤੇ ਕਈ ਆਗੂਆਂ ਦੇ ਅਹੁਦਿਆਂ ਵਿਚ ਰੱਦੋਬਦਲ ਹੋ ਸਕਦੀ ਹੈ। ਕਾਂਗਰਸ ਹਾਈ ਕਮਾਂਡ ਵੱਲੋਂ ਘੱਟੋ ਘੱਟ ਚਾਰ ਜ਼ਿਲ੍ਹਾ ਪ੍ਰਧਾਨਾਂ ਤੇ ਕੁਝ ਅਹੁਦੇਦਾਰਾਂ ਦੀ ਅਦਲਾ-ਬਦਲੀ ਕੀਤੇ ਜਾਣ ਦੀ ਸੰਭਾਵਨਾ ਹੈ ਜਿਸ ਨਾਲ ਪਾਰਟੀ ਅੰਦਰਲੀ ਖਿੱਚੋਤਾਣ ਵਧ ਸਕਦੀ ਹੈ।



ਇਸ ਰੱਦੋਬਦਲ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ (ਸ਼ਹਿਰੀ) ਕਾਂਗਰਸ ਦੇ ਪ੍ਰਧਾਨ ਰਾਜੀਵ ਭਗਤ, ਰੋਪੜ ਦੇ ਪ੍ਰਧਾਨ ਹਰਭਾਗ ਸਿੰਘ ਸੈਣੀ ਤੇ ਫਾਜ਼ਿਲਕਾ ਦੇ ਪ੍ਰਧਾਨ ਕੌਸ਼ਲ ਕੁਮਾਰ ਨੂੰ ਬਦਲਿਆ ਜਾ ਸਕਦਾ ਹੈ। ਸੂਤਰਾਂ ਮੁਤਾਬਕ ਇਨ੍ਹਾਂ ਜ਼ਿਲ੍ਹਿਆਂ ਦੇ ਕੁਝ ਕਾਂਗਰਸੀ ਵਿਧਾਇਕਾਂ ਤੇ ਹੋਰ ਆਗੂਆਂ ਨੇ ਇਨ੍ਹਾਂ ਪ੍ਰਧਾਨਾਂ ਦੀਆਂ ਨਿਯੁਕਤੀਆਂ ਸਮੇਂ ਮੈਰਿਟ ਨੂੰ ਅੱਖੋਂ-ਪਰੋਖੇ ਕਰਨ ਵਰਗੇ ਇਤਰਾਜ਼ ਉਠਾਏ ਹਨ। ਖਾਸ ਕਰਕੇ ਰੋਪੜ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਹਰਭਾਗ ਸਿੰਘ ਸੈਣੀ ਉਪਰ ਜ਼ਿਲ੍ਹੇ ਦਾ ਬਾਹਰੀ ਆਗੂ ਹੋਣ ਦੇ ਦੋਸ਼ ਲੱਗ ਰਹੇ ਹਨ। ਰੋਪੜ ਜ਼ਿਲ੍ਹੇ ਦੇ ਆਗੂ ਸ੍ਰੀ ਸੈਣੀ ਦੀ ਨਿਯੁਕਤੀ ਵਿਰੁੱਧ ਖੁੱਲ੍ਹੀ ਬਗਾਵਤ ਵੀ ਕਰ ਚੁੱਕੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਕਾਂਗਰਸ ਕਮੇਟੀ (ਦਿਹਾਤੀ) ਲੁਧਿਆਣਾ ਦੇ ਪ੍ਰਧਾਨ ਮਲਕੀਅਤ ਸਿੰਘ ਦਾਖਾ ਨੂੰ ਵੀ ਬਦਲਿਆ ਜਾ ਸਕਦਾ ਹੈ।

ਸੂਤਰਾਂ ਮੁਤਾਬਕ ਪਿਛਲੇ ਸਮੇਂ ਹਾਈ ਕਮਾਂਡ ਵੱਲੋਂ ਪੰਜਾਬ ਕਾਂਗਰਸ ਦੇ ਅਹੁਦੇਦਾਰ ਥਾਪਣ ਵੇਲੇ ਵਿਆਪਕ ਪੱਧਰ 'ਤੇ ਉੱਠੀਆਂ ਬਗਾਵਤੀ ਸੁਰਾਂ ਨੂੰ ਠੰਢਾ ਕਰਨ ਲਈ ਕਾਂਗਰਸ ਵਰਕਿੰਗ ਕਮੇਟੀ ਦੇ ਸਪੈਸ਼ਲ ਇਨਵਾਈਟੀ ਤੇ ਸੰਸਦ ਮੈਂਬਰ ਮਹਿੰਦਰ ਸਿੰਘ ਕੇ.ਪੀ ਦੀ ਅਗਵਾਈ ਹੇਠ ਬਣਾਈ ਕਮੇਟੀ ਨੇ ਅਜਿਹੀਆਂ ਸਿਫਾਰਸ਼ਾਂ ਕੀਤੀਆਂ ਹਨ। ਪਿਛਲੇ ਦਿਨੀਂ ਕਮੇਟੀ ਨੇ ਆਪਣੀ ਰਿਪੋਰਟ ਹਾਈ ਕਮਾਂਡ ਨੂੰ ਸੌਂਪ ਦਿੱਤੀ ਹੈ। ਇਸ ਕਮੇਟੀ ਵਿਚ ਸੀਨੀਅਰ ਕਾਂਗਰਸੀ ਆਗੂ ਤੇ ਵਿਧਾਇਕ ਲਾਲ ਸਿੰਘ, ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਪ੍ਰਧਾਨ ਡਾਕਟਰ ਮਾਲਤੀ ਥਾਪਰ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਕੇ.ਐਲ ਸ਼ਰਮਾ ਸ਼ਾਮਲ ਹਨ। ਇਸ ਕਮੇਟੀ ਵੱਲੋਂ ਚਾਰ ਜ਼ਿਲ੍ਹਿਆਂ ਦੇ ਪ੍ਰਧਾਨਾਂ ਤੇ ਕੁਝ ਅਹੁਦੇਦਾਰਾਂ ਦੀ ਵੀ ਅਦਲਾ-ਬਦਲੀ ਕਰਨ ਦੀਆਂ ਸਿਫਾਰਸ਼ਾਂ ਕੀਤੀਆਂ ਹਨ। ਸੀਨੀਅਰ ਕਾਂਗਰਸੀ ਆਗੂ ਤੇ ਵਿਧਾਇਕ ਜਗਮੋਹਨ ਸਿੰਘ ਕੰਗ ਨੂੰ ਜਨਰਲ ਸਕੱਤਰ ਦੀ ਥਾਂ ਮੀਤ ਪ੍ਰਧਾਨ ਬਣਾਉਣ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਦੱਸਣਯੋਗ ਹੈ ਕਿ ਜਦੋਂ ਸ੍ਰੀ ਕੰਗ ਨੂੰ ਹਾਈ ਕਮਾਂਡ ਨੇ ਜਨਰਲ ਸਕੱਤਰ ਨਿਯੁਕਤ ਕੀਤਾ ਸੀ ਤਾਂ ਉਨ੍ਹਾਂ ਨੇ ਰੋਸ ਵਜੋਂ ਇਸ ਅਹੁਦੇ ਤੋਂ ਅਸਤੀਫਾ ਦਿੰਦਿਆਂ ਦੋਸ਼ ਲਾਇਆ ਸੀ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਉਨ੍ਹਾਂ ਨੂੰ ਮੈਰਿਟ ਮੁਤਾਬਕ ਅਹੁਦਾ ਨਾ ਦੇ ਕੇ ਉਨ੍ਹਾਂ ਦੀ ਹੇਠੀ ਕੀਤੀ ਹੈ। ਇਸੇ ਤਰ੍ਹਾਂ ਹੋਰ ਕਈ ਕਾਂਗਰਸੀ ਆਗੂਆਂ ਨੇ ਵੀ ਅਹੁਦੇਦਾਰਾਂ ਦੀ ਸੂਚੀ ਵਿਰੁੱਧ ਆਵਾਜ਼ ਉਠਾਈ ਸੀ ਤੇ ਕਈਆਂ ਨੇ ਤਾਂ ਅਸਤੀਫੇ ਵੀ ਦੇ ਦਿੱਤੇ ਸਨ।

# ਐਂਬੂਲੈਂਸਾਂ ਤੋਂ ਬਾਦਲ ਦੀ ਫੋਟੋ ਲਾਹੁਣ ਦਾ ਹੁਕਮ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਨੇ ਹੁਕਮ ਦਿੱਤੇ ਹਨ ਕਿ ਪੰਜਾਬ ਸਰਕਾਰ ਦੀਆਂ ਐਂਬੂਲੈਂਸ ਗੱਡੀਆਂ, ਆਟਾ ਦਾਲ ਸਕੀਮ ਨਾਲ ਸਬੰਧਤ ਕਾਰਡਾਂ ਤੇ ਸਰਕਾਰੀ ਦਫ਼ਤਰਾਂ ਵਿਚੋਂ ਉਹ ਕੈਲੰਡਰ ਤੁਰੰਤ ਹਟਾ ਦਿੱਤੇ ਜਾਣ ਜਿਨ੍ਹਾਂ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚਿੱਤਰ ਲੱਗੇ ਹੋਏ ਹਨ। ਚੋਣ ਕਮਿਸ਼ਨ ਦੇ ਬੁਲਾਰੇ ਮੁਤਾਬਕ ਇਹ ਚਿੱਤਰ ਉਤਾਰ ਦੇਣ ਬਾਰੇ ਸੂਬੇ ਦੀ ਪ੍ਰਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਸ਼ਿਕਾਇਤ ਕੀਤੀ ਸੀ।




ਉਨ੍ਹਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਫ਼ਤਰਾਂ ਵਿਚ ਲਾਏ ਸਾਲ 2014 ਦੇ ਉਹ ਕੈਲੰਡਰ ਉਤਾਰ ਦਿੱਤੇ ਗਏ ਹਨ ਜਿਨ੍ਹਾਂ 'ਤੇ ਸ. ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਕੁਝ ਹੋਰ ਮੰਤਰੀਆਂ ਦੇ ਚਿੱਤਰ ਲਾਏ ਗਏ ਸਨ। ਬੁਲਾਰੇ ਦਾ ਕਹਿਣਾ ਹੈ ਕਿ ਕਾਨੂੰਨੀ ਤੌਰ 'ਤੇ ਜਾਇਜ਼ਾ ਲੈਣ ਤੋਂ ਬਾਅਦ ਇਹ ਗੱਲ ਪਾਈ ਗਈ ਹੈ ਕਿ ਐਂਬੂਲੈਂਸ ਗੱਡੀਆਂ, ਸਰਕਾਰੀ ਕੈਲੰਡਰਾਂ ਤੇ ਆਟਾ-ਦਾਲ ਸਕੀਮ ਦੇ ਕਾਰਡਾਂ 'ਤੇ ਮੰਤਰੀਆਂ ਤੇ ਮੁੱਖ ਮੰਤਰੀਆਂ ਦੇ ਚਿੱਤਰ ਲਾਉਣਾ ਚੋਣ ਜ਼ਾਬਤੇ ਦੀ ਉਲੰਘਣਾ ਹੈ।

ਉਨ੍ਹਾਂ ਇਹ ਵੀ ਦੱਸਿਆ ਗਿਆ ਕਿ ਜਦੋਂ ਲੋਕ ਸਭਾ ਦੀਆਂ ਮਈ ਮਹੀਨੇ ਹੋਣ ਵਾਲੀਆਂ ਚੋਣਾਂ ਦਾ ਅਮਲ ਮੁਕੰਮਲ ਹੋ ਜਾਵੇਗਾ ਤਾਂ ਉਸ ਤੋਂ ਪਿੱਛੋਂ ਇਹ ਚਿੱਤਰ ਫਿਰ ਤੋਂ ਲਾਏ ਜਾ ਸਕਦੇ ਹਨ। ਹਰਿਆਣਾ ਸਰਕਾਰ ਨੂੰ ਵੀ ਨਵੇਂ ਸਾਲ ਦੇ ਕੈਲੰਡਰਾਂ ਜਿਨ੍ਹਾਂ 'ਤੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਜਾਂ ਕਿਸੇ ਹੋਰ ਮੰਤਰੀ ਦੇ ਚਿੱਤਰ ਲੱਗੇ ਹੋਏ ਹਨ, ਨੂੰ ਵੀ ਹਟਾਉਣ ਦੇ ਹੁਕਮ ਦਿੱਤੇ ਗਏ ਹਨ।

# ਆਪਣਾ ਸੰਤਾ ਸਿੰਘ ਹੈ 471 ਨਿਆਣਿਆਂ ਦਾ ਪਿਉ!

**ਚੰਡੀਗੜ੍ਹ:** ਲੋਕ ਸਭਾ ਹਲਕਾ ਬਠਿੰਡਾ ਵਿਚ ਮੌਜੂਦਾ ਵੋਟਰ ਸੂਚੀ ਨੂੰ ਲੈ ਕੇ ਇਕ ਅਜੀਬ 'ਇਤਫ਼ਾਕ' ਸਾਹਮਣੇ ਆਇਆ ਹੈ। ਜ਼ਿਲ੍ਹੇ ਦੇ ਤਲਵੰਡੀ ਸਾਬੋ ਤਹਿਤ ਵਿਧਾਨ ਸਭਾ ਖੇਤਰ 94ਵੇਂ ਦੇ 92ਵੇਂ ਨੰਬਰ ਹਿੱਸੇ ਵਿਚ ਸਾਲ 2012 ਦੀ ਵੋਟਰ ਸੂਚੀ ਮੁਤਾਬਕ ਇਥੇ 471 ਵੋਟਰ ਅਜਿਹੇ ਹਨ ਜੋ ਸੰਤਾ ਸਿੰਘ ਨਾਂ ਦੇ ਕਿਸੇ ਸ਼ਖ਼ਸ ਦੇ ਹੀ ਧੀਆਂ-ਪੁੱਤਰ ਹਨ। ਇਹ ਖੇਤਰ ਮੌਜੂਦਾ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਅਸਰ-ਰਸੂਖ ਵਾਲਾ ਮੰਨਿਆ ਜਾਂਦਾ ਹੈ।

ਇਕ ਜਨਵਰੀ 2012 ਨੂੰ ਕੁੱਲ 914 (714 ਮਰਦ+200 ਔਰਤਾਂ) ਵਿਚੋਂ ਇਨ੍ਹਾਂ 471 (ਸੀਰੀਅਲ ਨੰ. 263 ਤੋਂ 734 ਤੱਕ) ਤੋਂ ਇਲਾਵਾ ਇਸੇ ਸੂਚੀ ਦੇ ਸੀਰੀਅਲ ਨੰ. 756 ਤੋਂ 772 ਤੱਕ ਦੇ 16 ਸਣੇ, 775 ਤੋਂ 788 ਤੱਕ ਦੇ 13 ਤੇ 790 ਤੋਂ 819 ਤੱਕ ਦੇ 29 ਵੋਟਰ (ਕੁੱਲ 58 ਮਰਦ ਤੇ ਔਰਤਾਂ) ਕਿਸੇ ਇਕੋ ਸੰਤ ਅਤਰ ਸਿੰਘ ਨਾਂ ਦੇ ਸ਼ਖ਼ਸ ਦੇ ਹੀ ਧੀਆਂ-ਪੁੱਤਰ ਵਜੋਂ ਦਰਜ ਕੀਤੇ ਹਨ। ਸਾਲ 2012 ਵਿਚ ਇਨ੍ਹਾਂ ਦੀਆਂ ਬਾਕਾਇਦਾ ਵੋਟਾਂ ਬਣ ਚੁੱਕੀਆਂ ਹਨ ਤੇ ਸੂਚੀਆਂ ਵਿਚ ਕੁੱਲ 914 ਵਿਚੋਂ ਇਹ 529 ਜਣੇ ਸੰਤਾ ਸਿੰਘ ਤੇ ਅਤਰ ਸਿੰਘ ਦੀ ਹੀ ਔਲਾਦ ਵਜੋਂ ਅੰਕਿਤ ਕੀਤੇ ਹੋਏ ਹਨ ਤੇ ਇਨ੍ਹਾਂ ਨੂੰ ਵੋਟ ਨੰਬਰ ਦੇ ਨਾਲ-ਨਾਲ ਇਨ੍ਹਾਂ ਦੇ ਮਕਾਨ ਨੰਬਰ, ਉਮਰ ਅਤੇ ਲਿੰਗ ਤੱਕ ਦੇ ਵੇਰਵੇ ਵੋਟਰ ਸੂਚੀ 2012 ਵਿਚ ਸਪੱਸ਼ਟ ਤੌਰ 'ਤੇ ਨਸ਼ਰ ਕੀਤੇ ਜਾ ਚੁੱਕੇ ਹਨ।

ਇਹ ਮਾਮਲਾ ਹੁਣ ਭਾਰਤੀ ਚੋਣ ਕਮਿਸ਼ਨ ਦੇ ਸਨਮੁੱਖ ਹੀ ਨਹੀਂ ਬਲਕਿ ਕਾਨੂੰਨੀ ਘੇਰੇ ਵਿਚ ਵੀ ਆ ਚੁੱਕਾ ਹੈ। ਦਿਲਚਸਪ ਗੱਲ ਇਹ ਹੈ ਕਿ ਭਾਰਤੀ ਦੰਡਾਵਲੀ ਦੀ ਧਾਰਾ 171ਡੀ ਸਣੇ ਧਾਰਾ 464,465 ਤੇ 466 ਤਹਿਤ ਗਲਤ ਤਰੀਕੇ ਨਾਲ ਵੋਟਾਂ ਬਣਵਾਉਣ ਵਾਲਿਆਂ, ਗਲਤ ਦਸਤਾਵੇਜ਼ ਪੇਸ਼ ਕਰਨ ਤੇ ਸਰਕਾਰੀ ਰਜਿਸਟਰਾਂ ਵਿਚ ਗਲਤ ਇੰਦਰਾਜ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ 'ਤੇ ਸੱਤ ਸਾਲ ਤੱਕ ਦੀ ਸਜ਼ਾ ਤੱਕ ਦੇ ਪ੍ਰਾਵਧਾਨ ਹਨ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਸਰਦਵਿੰਦਰ ਗੋਇਲ ਵੱਲੋਂ ਭਾਰਤੀ ਚੋਣ ਕਮਿਸ਼ਨ, ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਣੇ ਬਠਿੰਡਾ ਦੇ ਜ਼ਿਲ੍ਹਾ ਚੋਣ ਅਧਿਕਾਰੀ ਕਮ ਡਿਪਟੀ ਕਮਿਸ਼ਨਰ ਨੂੰ ਉਕਤ ਕਾਨੂੰਨੀ ਪ੍ਰਾਵਧਾਨਾਂ ਤਹਿਤ ਕਾਰਵਾਈ ਲਈ 15 ਦਿਨਾਂ ਦਾ ਕਾਨੂੰਨੀ ਨੋਟਿਸ ਭੇਜਿਆ ਹੈ ਤੇ ਇਸ ਦੇ ਨਾਲ ਹੀ ਉਕਤ ਵਿਧਾਨ ਸਭਾ ਖੇਤਰ 94ਵੇਂ ਦੇ ਹਿੱਸਾ 92ਵੇਂ (ਤਲਵੰਡੀ ਸਾਬੋ) ਦੀ ਸਬੰਧਤ ਸੰਜਰੀ ਵੋਟਰ ਸੂਚੀ ਵੀ ਨੱਥੀ ਕਰ ਦਿੱਤੀ ਗਈ ਹੈ।

# ਸੰਸਾਰ ਦੀਆਂ 100 ਯੂਨੀਵਰਸਿਟੀਆਂ 'ਚੋਂ ਭਾਰਤ ਗਾਇਬ

**ਲੰਡਨ:** ਭਾਰਤ ਦੀਆਂ ਉਚੇਰੀ ਵਿਦਿਆ ਦੀਆਂ ਸੰਸਥਾਵਾਂ ਵਿਸ਼ਵ ਭਰ ਦੀਆਂ ਯੂਨੀਵਰਸਿਟੀਆਂ ਨੂੰ ਮਾਤ ਕਰਨ ਵਿਚ ਇਕ ਵਾਰ ਫਿਰ ਨਾਕਾਮ ਰਹੀਆਂ। ਇਥੇ 'ਟਾਈਮਜ਼ ਹਾਇਰ ਐਜੂਕੇਸ਼ਨ' ਰਸਾਲੇ ਦੇ ਜਾਰੀ 2014 ਵਿਸ਼ਵ ਰੈਪੂਟੇਸ਼ਨ ਰੈਂਕਿੰਗਜ਼ ਵਿਚ ਅਮਰੀਕਾ ਦੀ ਹਾਰਵਾਰਡ ਯੂਨੀਵਰਸਿਟੀ ਪਹਿਲੇ ਨੰਬਰ 'ਤੇ ਰਹੀ।

ਇਸ ਰੈਂਕਿੰਗ ਵਿਚ ਹਾਰਵਾਰਡ ਤੋਂ ਬਾਅਦ ਦੂਜਾ ਸਥਾਨ ਮੈਸਚੂਸੈਟਸ ਤਕਨਾਲੋਜੀ ਇੰਸਟੀਚਿਊਟ, ਸਟੈਨਫੋਰਡ ਯੂਨੀਵਰਸਿਟੀ ਨੂੰ ਤੀਜਾ, ਕੈਂਬਰਿਜ ਨੂੰ ਚੌਥਾ, ਆਕਸਫੋਰਡ ਨੂੰ ਪੰਜਵਾਂ ਤੇ ਯੂਨੀਵਰਸਿਟੀ ਆਫ ਕੈਲਫਾਰਨੀਆਂ, ਬਾਰਕਲੇ ਨੂੰ ਛੇਵਾਂ ਸਥਾਨ ਮਿਲਿਆ। ਅਖੌਤੀ ਬਰਿਕਸ ਸੰਗਠਨ ਜਿਸ ਵਿਚ ਬਰਾਜ਼ੀਲ, ਭਾਰਤ, ਚੀਨ ਤੇ ਰੂਸ ਸ਼ਾਮਲ ਹਨ, ਵਿਚੋਂ ਸਿਰਫ ਇਕੱਲਾ ਭਾਰਤੀ ਹੀ ਹੈ ਜਿਸ ਦੀ ਕੋਈ ਵੀ ਯੂਨੀਵਰਸਿਟੀ ਪਹਿਲੀਆਂ 100 ਯੂਨੀਵਰਸਿਟੀਆਂ ਦੀ ਸੂਚੀ ਵਿਚ ਸ਼ਾਮਲ ਨਹੀਂ ਜਦਕਿ ਪਹਿਲੀਆਂ 50 ਯੂਨੀਵਰਸਿਟੀਆਂ ਦੀ ਸੂਚੀ ਵਿਚ ਚੀਨ ਦੀਆਂ ਦੋ ਤੇ ਰੂਸ ਤੇ ਬਰਾਜ਼ੀਲ ਦੀ ਇਕ-ਇਕ ਯੂਨੀਵਰਸਿਟੀ ਸ਼ਾਮਲ ਹੈ। ਰੈਂਕਿੰਗ ਦੇ ਸੰਪਾਦਕ ਫਿਲ ਬੈਟੀ ਮੁਤਾਬਕ ਇਹ ਗੱਲ ਭਾਰਤ ਲਈ ਚਿੰਤਾ ਦਾ ਵਿਸ਼ਾ ਹੋਣੀ ਚਾਹੀਦੀ ਹੈ।

# ਜ਼ਮਾਨਤ 'ਤੇ ਆਏ ਨੌਜਵਾਨ ਦੀ ਦਿਨ-ਦਿਹਾੜੇ ਹੱਤਿਆ

**ਹੁਸ਼ਿਆਰਪੁਰ:** ਕੁਝ ਹਥਿਆਰਬੰਦ ਵਿਅਕਤੀਆਂ ਨੇ ਸ਼ਹਿਰ ਦੇ ਬਸੰਤ ਨਗਰ ਇਲਾਕੇ ਵਿਚ ਦਿਨ ਦਿਹਾੜੇ ਨਰੇਸ਼ ਕੁਮਾਰ (35) ਨਾਂ ਦੇ ਇਕ ਵਿਅਕਤੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਸ਼ੀ ਕਾਰ ਵਿਚ ਫਰਾਰ ਹੋ ਗਏ। ਪੁਲਿਸ ਨੇ ਅੱਠ ਵਿਅਕਤੀਆਂ ਖ਼ਿਲਾਫ਼



ਕਤਲ ਦਾ ਮਾਮਲਾ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਹਮਲਾਵਰਾਂ ਨੇ ਅਚਾਨਕ ਨਰੇਸ਼ ਕੁਮਾਰ ਦੇ ਘਰ 'ਤੇ ਧਾਵਾ ਬੋਲ ਦਿੱਤਾ। ਉਹ ਆਪਣੀ ਜਾਨ ਬਚਾਉਣ ਲਈ ਦੌੜਿਆ ਪਰ ਹਮਲਾਵਰਾਂ ਨੇ ਉਸ ਨੂੰ ਘਰ ਤੋਂ ਤਕਰੀਬਨ ਸੌ ਮੀਟਰ ਦੂਰ ਖਾਲੀ ਪਏ ਇਕ ਪਲਾਟ ਵਿਚ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਵੱਢ-ਟੁੱਕ ਕੀਤੀ ਤੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਨਰੇਸ਼ ਕੁਝ ਦਿਨ ਪਹਿਲਾਂ ਹੀ ਜ਼ਮਾਨਤ 'ਤੇ ਜੇਲ੍ਹ ਵਿਚੋਂ ਬਾਹਰ ਆਇਆ ਸੀ।

ਉਸ 'ਤੇ 3-4 ਸਾਲ ਪਹਿਲਾਂ ਪੱਪੂ ਗੁੱਜਰ ਨਾਂ ਦੇ ਵਿਅਕਤੀ ਦੇ ਕਤਲ ਦਾ ਕੇਸ ਚੱਲ ਰਿਹਾ ਸੀ। ਮ੍ਰਿਤਕ ਦੇ ਪਿਤਾ ਬਲਵੀਰ ਸਿੰਘ ਵੱਲੋਂ ਪੁਲਿਸ ਨੂੰ ਦਿੱਤੇ ਬਿਆਨ 'ਤੇ ਪੱਪੂ ਗੁੱਜਰ ਦੇ ਲੜਕੇ ਦੀਪਕ ਕੁਮਾਰ ਉਰਫ਼ ਬਿੰਨੀ ਵਾਸੀ ਸਕੀਮ ਨੰਬਰ-2 ਇੰਪਰੂਵਮੈਂਟ ਟਰੱਸਟ, ਉਸ ਦੀ ਮਾਂ ਕਮਲੇਸ਼ ਕੁਮਾਰੀ, ਰਾਕੇਸ਼ ਕੁਮਾਰ ਤੇ ਹਿੰਮਤ ਕੁਮਾਰ ਵਾਸੀ ਮਾਡਲ ਟਾਊਨ, ਸ਼ੇਰੂ ਵਾਸੀ ਅਲਾਵਲਪੁਰ, ਸੁੱਖੀ ਵਾਸੀ ਆਦਮਪੁਰ, ਗੋਲਡੀ ਵਾਸੀ ਚੱਕ ਗੁੱਜਰਾਂ ਤੇ ਬੈਚਾ ਵਾਸੀ ਕਪੂਰਥਲਾ ਖ਼ਿਲਾਫ਼ ਦਫ਼ਾ 302 ਅਤੇ 120 ਬੀ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਸੂਤਰਾਂ ਮੁਤਾਬਕ ਦੋਹਾਂ ਗੁੱਟਾਂ ਵਿਚ ਪੁਰਾਣੀ ਰੰਜਿਸ਼ ਚੱਲਦੀ ਆ ਰਹੀ ਹੈ।

ਸਾਲ 2010 ਵਿਚ ਨਰੇਸ਼ ਕੁਮਾਰ ਦੇ ਭਰਾ ਰਾਜੇਸ਼ ਤੇ ਜੀਜੇ ਅਰਜੁਨ ਦਾ ਕਤਲ ਹੋਇਆ ਸੀ ਜਿਸ ਬਾਰੇ ਬਿੰਨੀ ਗੁੱਜਰ ਤੇ ਹੋਰਾਂ ਖ਼ਿਲਾਫ਼ ਮਾਮਲਾ ਦਰਜ ਹੋਇਆ ਸੀ। ਫਰਵਰੀ 2011 ਵਿਚ ਦੂਜੇ ਗੁੱਟ 'ਤੇ ਪੱਪੂ ਗੁੱਜਰ ਦੀ ਹੱਤਿਆ ਕਰਨ ਦਾ ਕੇਸ ਦਰਜ ਹੋਇਆ ਸੀ।

# ਪੰਜਾਬ ਸਰਕਾਰ ਨੂੰ ਭੰਗ ਤੋਂ ਵੀ ਮੋਟੀ ਕਮਾਈ

**ਚੰਡੀਗੜ੍ਹ:** ਸ਼ਰਾਬ ਦੇ ਠੇਕਿਆਂ ਦੇ ਨਾਲ-ਨਾਲ ਭੰਗ ਵੀ ਪੰਜਾਬ ਸਰਕਾਰ ਲਈ ਮੋਟੀ ਕਮਾਈ ਦਾ ਸਾਧਨ ਬਣੀ ਹੋਈ ਹੈ। ਸੂਬਾ ਸਰਕਾਰ ਹਰ ਸਾਲ ਬਾਕਾਇਦਾ ਨਿਲਾਮੀ ਕਰਵਾ ਕੇ ਭੰਗ ਦੇ ਠੇਕੇ ਲਈ ਲਾਇਸੰਸ ਜਾਰੀ ਕਰਦੀ ਹੈ। ਇਸ ਤੋਂ ਵੀ ਵੱਧ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਰਕਾਰ ਨੇ ਪੰਜਾਬ ਵਿਚ ਭੰਗ ਦੀ ਵਿਕਰੀ 'ਤੇ ਪਾਬੰਦੀ ਲਾਈ ਹੋਈ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਵੇਲੇ ਪੰਜਾਬ ਵਿਚ ਭੰਗ ਦਾ ਇਕੋ-ਇਕ ਠੇਕਾ ਹੁਸ਼ਿਆਰਪੁਰ ਨਜ਼ਦੀਕ ਫਗਵਾੜਾ ਰੋਡ 'ਤੇ ਸਥਿਤ ਹੈ, ਜਿਥੇ ਸਰਕਾਰ ਵੱਲੋਂ ਤੈਅ ਨਿਯਮਾਂ ਮੁਤਾਬਕ ਭੰਗ ਤਿਆਰ ਕੀਤੀ ਜਾਂਦੀ ਹੈ ਪਰ ਤਿਆਰ ਕਰਨ ਮਗਰੋਂ ਇਹ ਭੰਗ ਕਿਥੇ ਜਾਂਦੀ ਹੈ, ਇਸ ਬਾਰੇ ਪੰਜਾਬ ਦੇ ਆਬਕਾਰੀ ਵਿਭਾਗ ਦਾ ਕਹਿਣਾ ਹੈ ਕਿ ਭੰਗ ਪੰਜਾਬ ਵਿਚ ਨਹੀਂ, ਬਲਕਿ ਹੋਰਾਂ ਸੂਬਿਆਂ ਨੂੰ ਸਪਲਾਈ ਕੀਤੀ ਜਾਂਦੀ ਹੈ। ਵਿਭਾਗ ਮੁਤਾਬਕ ਹਰ ਸਾਲ ਭੰਗ ਦੀ ਥੋਕ ਵਿਕਰੀ ਲਈ ਸਰਕਾਰ ਇਛੁੱਕ ਵਿਅਕਤੀਆਂ ਤੋਂ ਬਿਨੈ-ਪੱਤਰਾਂ ਦੀ ਮੰਗ ਕਰਦੀ ਹੈ।

ਠੇਕੇ ਦੀ ਨਿਲਾਮੀ ਲਈ ਰਾਖਵੀਂ ਕੀਮਤ ਤਕਰੀਬਨ ਤਿੰਨ ਤੋਂ ਸਾਢੇ ਤਿੰਨ ਲੱਖ ਰੁਪਏ ਰੱਖੀ ਜਾਂਦੀ ਹੈ। ਵਿਭਾਗੀ ਅਧਿਕਾਰੀ ਦਲੀਲ



ਦਿੰਦੇ ਹਨ ਕਿ ਪੰਜਾਬ ਵਿਚ ਤਾਂ ਭੰਗ ਦੀ ਵਿਕਰੀ 'ਤੇ ਪਾਬੰਦੀ ਹੈ, ਇਸ ਲਈ ਪੰਜਾਬ ਵਿਚ ਭੰਗ ਨਹੀਂ ਵੇਚੀ ਜਾ ਸਕਦੀ ਹੈ। ਮਿਲੀ ਜਾਣਕਾਰੀ ਮੁਤਾਬਕ ਪੰਜਾਬ ਵਿਚ ਤਾਂ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਤੇ ਸਕੂਲੀ ਵਿਦਿਆਰਥੀਆਂ ਨੂੰ ਸ਼ਰਾਬ ਵੇਚਣ 'ਤੇ ਪਾਬੰਦੀ ਹੈ।

ਪੰਜਾਬ ਸਰਕਾਰ ਵੱਲੋਂ ਹਰ ਸਾਲ ਆਪਣੀ ਆਬਕਾਰੀ ਨੀਤੀ ਵਿਚ ਅਜਿਹਾ ਹੋਣ 'ਤੇ ਚਲਾਨ/ਜੁਰਮਾਨੇ ਦਾ ਨਿਯਮ ਵੀ ਘੜਿਆ ਗਿਆ ਹੈ, ਪਰ ਪਿਛਲੇ 1-2 ਸਾਲਾਂ ਵਿਚ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਸ਼ਰਾਬ ਵੇਚਣ ਲਈ ਕਿੰਨੇ ਠੇਕਿਆਂ ਦੇ ਚਲਾਨ ਕੱਟੇ ਹਨ ਜਾਂ ਜੁਰਮਾਨਾ ਕੀਤਾ ਹੈ, ਇਸ ਬਾਰੇ ਕੋਈ ਰਿਕਾਰਡ ਆਬਕਾਰੀ ਵਿਭਾਗ ਕੋਲ ਮੌਜੂਦ ਨਹੀਂ। ਵਿਭਾਗ ਦੇ ਇਕ ਇੰਸਪੈਕਟਰ ਦਾ ਕਹਿਣਾ ਸੀ ਕਿ ਪੰਜਾਬ ਵਿਚ ਸ਼ਰਾਬ ਦੇ ਇੰਨੇ ਠੇਕੇ ਹਨ ਤੇ ਹਰ ਠੇਕੇ 'ਤੇ ਆਉਂਦੇ ਗਾਹਕ ਦਾ ਹਿਸਾਬ ਰੱਖਣਾ ਅਸੰਭਵ ਹੈ। ਠੇਕੇ ਵਾਲਿਆਂ ਲਈ ਵੀ ਇਹ ਅਸੰਭਵ ਹੈ ਕਿ ਉਹ ਸ਼ਰਾਬ ਦੀ ਹਰ ਬੋਤਲ ਲਿਜਾਣ ਵਾਲੇ ਵਿਅਕਤੀ ਦੀ ਉਮਰ ਰਜਿਸਟਰ ਵਿਚ ਦਰਜ ਕਰਨ।

## ਸੜਕ ਹਾਦਸਿਆਂ ਦੀ ਜੜ੍ਹ ਸ਼ਰਾਬ

**ਸੰਗਰੂਰ:** ਦੁਨੀਆਂ ਵਿਚ ਹਰ ਰੋਜ਼ 3400 ਵਿਅਕਤੀ ਸੜਕ ਹਾਦਸਿਆਂ ਕਾਰਨ ਆਪਣੀ ਜ਼ਿੰਦਗੀ ਗੁਆ ਲੈਂਦੇ ਹਨ ਤੇ ਭਾਰਤ ਵਿਚ ਵੀ ਤਕਰੀਬਨ ਡੇਢ ਲੱਖ ਲੋਕ ਹਰ ਸਾਲ ਸੜਕ ਹਾਦਸਿਆਂ ਕਾਰਨ ਮੌਤ ਦਾ ਸ਼ਿਕਾਰ ਹੋ ਰਹੇ ਹਨ। ਸਾਢੇ ਪੰਜ ਲੱਖ ਤੋਂ ਵੱਧ ਲੋਕ ਸੜਕ ਹਾਦਸਿਆਂ ਕਾਰਨ ਜ਼ਖ਼ਮੀ ਜਾਂ ਅਪਾਹਜ ਹੋ ਜਾਂਦੇ ਹਨ। ਜ਼ਿਆਦਾਤਰ ਸੜਕ ਹਾਦਸਿਆਂ ਦਾ ਕਾਰਨ ਸ਼ਰਾਬ ਪੀ ਕੇ ਗੱਡੀ ਚਲਾਉਣਾ ਬਣਦਾ ਹੈ।

ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਰਾਸ਼ਟਰੀ ਮਾਰਗਾਂ 'ਤੇ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਦੇ ਹੁਕਮ ਦਿੱਤੇ ਹਨ। ਸੰਗਰੂਰ ਸ਼ਹਿਰ ਰਾਸ਼ਟਰੀ ਮਾਰਗ-64 ਅਤੇ 71 ਨਾਲ ਜੁੜਿਆ ਹੋਇਆ ਹੈ ਤੇ ਸ਼ਰਾਬ ਦੇ ਕਈ ਠੇਕੇ ਇਸ ਸੜਕ 'ਤੇ ਪਹਿਲਾਂ ਹੀ ਕਾਇਮ ਹਨ। ਸਾਇੰਟੇਫਿਕ ਅਵੇਅਰਨੈਸ ਐਂਡ ਸੋਸ਼ਲ ਵੈਲਫੇਅਰ ਫੋਰਮ ਦੇ ਪ੍ਰਧਾਨ ਡਾ. ਏ.ਐਸ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਆਬਕਾਰੀ ਵਿਭਾਗ ਨੂੰ ਪੱਤਰ ਲਿਖ ਕੇ ਸੂਚੇਤ ਕੀਤਾ ਹੈ ਕਿ ਇਸ ਕੌਮੀ ਰਾਹ 'ਤੇ 2014 ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹੇ ਜਾਣ।



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਹੈ ਕੋਈ ਅੰਤ?

***ਕਾਨਾ ਸਿੰਘ ਦੇ ਇਸ ਵਾਰ ਛਾਪੇ ਜਾ ਰਹੇ ਲੇਖ 'ਹੈ ਕੋਈ ਅੰਤ?' ਵਿਚ ਜਾਤ-ਬਰਾਦਰੀ ਬਾਰੇ ਚਰਚਾ ਕੀਤੀ ਗਈ ਹੈ। ਮੁੰਬਈ ਵਰਗੇ ਵਿਸ਼ਾਲ ਸ਼ਹਿਰ ਨੂੰ ਛੱਡ ਕੇ ਜਦੋਂ ਉਹ ਪੰਜਾਬ ਪੁੱਜੀ ਤਾਂ ਆਪਣੇ ਆਲੇ-ਦੁਆਲੇ ਨੂੰ ਦੇਖ ਕੇ ਦੰਗ ਹੀ ਰਹਿ ਗਈ। ਬੰਦਿਆਂ ਦੀ ਸ਼ਨਾਖਤ ਲਈ ਕਿਹੜੇ-ਕਿਹੜੇ ਮੀਟਰ ਲੱਗ ਰਹੇ ਸਨ, ਇਹ ਸੋਚ-ਸੋਚ ਕੇ ਉਸ ਨੂੰ ਬਹੁਤ ਅਚੰਭਾ ਵੀ ਹੋ ਰਿਹਾ ਸੀ। ਇਸ ਲੇਖ ਵਿਚ ਜਾਤ-ਬਰਾਦਰੀ ਬਾਰੇ ਇਹ ਗੱਲਾਂ ਕਾਨਾ ਸਿੰਘ ਨੇ ਬੜੇ ਸਹਿਜ ਨਾਲ, ਪਰ ਰਤਾ ਕੁ ਘਰੋੜ ਕੇ ਕੀਤੀਆਂ ਹਨ। ਉਸ ਦੇ ਇਸ ਬਿਰਤਾਂਤ ਵਿਚ ਸ਼ਬਦਾਂ ਦੀ ਚਿਣਾਈ ਦਾ ਆਪਣਾ ਹੀ ਰੰਗ ਹੈ। ਇਹ ਗੱਲਾਂ ਕਰਦੀ ਉਹ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦੀ ਹੈ। -ਸੰਪਾਦਕ***

ਦਿੱਲੀ ਬੋਰਡ ਤੋਂ ਮੈਟ੍ਰਿਕ ਪਾਸ ਕਰ ਲੈਣ ਮਗਰੋਂ ਮਾਂ ਤੇ ਦਾਦੀ ਮੇਰੀ ਅਗਲੇਰੀ ਪੜ੍ਹਾਈ ਲਈ ਰਾਜ਼ੀ ਨਾ ਹੋਈਆਂ। ਮੇਰੀ ਸ਼ੋਖ ਤਬੀਅਤ ਅਤੇ 9ਵੀਂ ਵਿਚ ਪੜ੍ਹਦਿਆਂ ਹੀ ਅੱਲੜ੍ਹ ਉਮਰ ਦੇ ਪਹਿਲੇ ਪਿਆਰ ਦੀ ਗੁਸਤਾਖ਼ੀ ਤੋਂ ਉਹ ਡਰ ਗਈਆਂ ਸਨ। ਗਾਂਧੀਵਾਦੀ ਪਿਤਾ ਜੀ ਤਾਂ ਮੈਨੂੰ ਜੱਜ-ਮੈਜਿਸਟਰੇਟ ਵੇਖਣਾ ਚਾਹੁੰਦੇ ਸਨ। ਮੇਰੀ ਅਗਲੇਰੀ ਪੜ੍ਹਾਈ ਲਈ ਉਨ੍ਹਾਂ ਨੂੰ ਇਕਮਾਤਰ ਰਾਹ ਦਿਸਿਆ। ਮੈਨੂੰ ਸ਼ਾਹਦਰੇ ਵਿਚ ਹੀ ਨਵੇਂ ਖੁੱਲ੍ਹੇ ਪੂਰਬੀ ਪੰਜਾਬ ਕਾਲਜ ਵਿਚ ਗਿਆਨੀ ਲਈ ਦਾਖ਼ਲ ਕਰਾਉਣ ਦਾ।

ਖੱਬੇ-ਪੱਖੀ, ਪ੍ਰਸਿੱਧ ਸਾਹਿਤ ਪੜਚੋਲੀਏ ਕਿਰਪਾਲ ਸਿੰਘ ਆਜ਼ਾਦ ਨੇ ਖੋਲ੍ਹਿਆ ਸੀ ਇਹ ਕਾਲਜ ਅਤੇ ਮੈਂ ਉਸ ਦੇ ਪਹਿਲੇ ਪੂਰ ਦੀ ਪਹਿਲੀ ਵਿਦਿਆਰਥਣ ਸਾਂ। ਉਮਰ 17 ਸਾਲ, ਸੁਪਨਸਾਜ਼ ਅਤੇ ਸ਼ੋਖ ਤਬੀਅਤ। ਮਾਰਕਸਵਾਦ ਦੇ ਰੰਗ ਵਿਚ ਰੰਗੇ ਸਾਹਿਤ ਨਾਲ ਲਬਰੇਜ਼। ਧਰਮ, ਰੰਗ, ਜਾਤ-ਪਾਤ ਜਾਂ ਦੇਸ਼-ਪਰਦੇਸ ਦੇ ਸਾਰੇ ਭੇਦ-ਭਾਵ ਮੈਨੂੰ ਬੇਕਾਰ ਲੱਗਦੇ; ਬਿਲਕੁਲ ਫਾਲਤੂ। ਆਪਾਂ ਇਨ੍ਹਾਂ ਗੱਲਾਂ ਤੋਂ ਉਪਰ ਉੱਠਣਾ ਹੈ, ਕੁਝ ਕਰਨਾ ਹੈ, ਕਰ ਕੇ ਵਿਖਾਣਾ ਹੈ ਆਦਿ ਆਦਿ। ਕਿਸ਼ੋਰ ਉਮਰ ਦੇ ਵੱਡੇ-ਵੱਡੇ ਨਾਅਰੇ ਅਤੇ ਦਾਅਵੇ।

ਗਿਆਨੀ ਕਾਲਜ ਵਿਚ ਹੀ ਮੇਰਾ ਸਹਿਪਾਠੀ ਹੁੰਦਾ ਸੀ ਸੁਖਦੇਵ ਸੈਣੀ। ਬੜਾ ਹੀ ਦੁਬਲਾ-ਪਤਲਾ, ਹਲੀਮ ਤੇ ਸ਼ਰਮੀਲਾ। ਮੇਰੇ ਸਾਹਮਣੇ ਆਉਂਦਿਆਂ ਹੀ ਕੰਬ ਜਿਹਾ ਜਾਂਦਾ। ਜੇ ਉਸ ਨਾਲ ਗੱਲ ਕਰ ਲਾਂ, ਤਾਂ ਉਸ ਦਾ ਗਲਾ ਖੁਸ਼ਕ ਹੋ ਜਾਂਦਾ। ਮੇਰੇ ਨਾਂ ਨਾਲ ਜੁੜਿਆ ਉਸ ਦਾ ਕੁੜਿੱਅਮ ਅਤੇ ਸ਼ਰਮੀਲਾਪਣ ਸਾਰੀ ਜਮਾਤ ਦੇ ਸ਼ੁਗਲ ਦਾ ਚਰਚਾ ਬਣ ਗਿਆ।

ਮੈਨੂੰ ਸੁਖਦੇਵ ਉਤੇ ਬੜਾ ਤਰਸ ਆਉਂਦਾ। ਉਸ ਦੀ ਪੰਜਾਬੀ ਬੜੀ ਕਮਜ਼ੋਰ ਸੀ ਤੇ ਸਟੇਸ਼ਨ ਮਾਸਟਰ ਦੀ ਨੌਕਰੀ ਕਾਰਨ ਬਦਲਦੀਆਂ ਡਿਊਟੀਆਂ ਵੀ। ਬੜੇ ਨਾਗੇ ਪੈ ਜਾਂਦੇ ਉਸ ਦੇ। ਅਕਸਰ ਸਾਡੇ ਘਰ ਆ ਕੇ ਮੇਰੇ ਨੋਟ ਜਾਂ ਕਿਤਾਬਾਂ ਲੈ ਜਾਂਦਾ। ਮਾਂ ਨੂੰ ਵੀ ਉਸ ਸ਼ਰਮੀਲੇ ਜਿਹੇ ਸ਼ਰੀਫ਼ ਮੁੰਡੇ ਉਤੇ ਬੜਾ ਤਰਸ ਆਉਂਦਾ। ਮਾਂ-ਮਹਿੱਟਰ ਤਾਂ ਉਹ ਜਨਮ ਤੋਂ ਹੀ ਸੀ, ਤੇ ਕੁਝ ਸਾਲਾਂ ਤੋਂ ਉਸ ਦੇ ਸਿਰ 'ਤੇ ਪਿਉ ਦਾ ਸਾਇਆ ਵੀ ਨਹੀਂ ਸੀ ਰਿਹਾ।

ਏਧਰ ਮੈਂ ਤਾਂ ਗਿਆਨੀ ਦੇ ਇਮਤਿਹਾਨ 'ਚੋਂ ਪੰਜਾਬ ਵਿਚੋਂ ਸੈਕਿੰਡ ਆਈ, ਪਰ ਉਹ ਫੇਲ੍ਹ ਹੋ ਗਿਆ। ਸਾਲ ਵਿਚ ਮੈਂ ਹੈਪੀ ਟੀਚਰ ਟਰੇਨਿੰਗ ਕਰ ਕੇ ਨਗਰਪਾਲਿਕਾ ਦੇ ਸਕੂਲ ਵਿਚ ਅਧਿਆਪਕਾ ਲੱਗ ਗਈ। ਉਹ ਮੇਰੀ ਮਦਦ ਅਤੇ ਆਪਣੇ ਸਿਰੜ ਸਦਕਾ ਅਗਲੇ ਸਾਲ ਪਾਸ ਹੋ ਕੇ ਅਗੇਰੀ ਪੜ੍ਹਾਈ ਵੀ ਕਰਨ ਲੱਗਾ। ਬਾਈ ਪਾਰਸ ਬੀ.ਏ. ਪਾਸ ਕਰ ਕੇ ਇਤਿਹਾਸ ਦੀ ਐਮ.ਏ. ਵੀ ਪਾਸ ਕਰ ਲਈ ਉਸ, ਮੇਰੀ ਪੰਜਾਬੀ ਦੀ ਐਮ.ਏ. ਤੋਂ ਪਹਿਲਾਂ। ਘਰ ਵਿਚ ਸੁਖਦੇਵ ਦਾ ਆਉਣਾ-ਜਾਣਾ ਕਾਇਮ ਰਿਹਾ। ਮੈਂ ਘਰ ਹੋਵਾਂ ਜਾਂ ਨਾ, ਮਾਂ ਉਸ 'ਤੇ ਮਮਤਾ ਨਿਛਾਵਰ ਕਰਦੀ ਰਹੀ।

ਇਹ ਨਹੀਂ ਕਿ ਮਾਂ ਨੂੰ ਸੁਖਦੇਵ ਵਰ ਵਜੋਂ ਮੇਰੇ ਯੋਗ ਜਾਪਦਾ ਸੀ; ਬਸ ਉਸ ਦੀ ਸ਼ਰਾਫ਼ਤ, ਮੇਰੇ ਲਈ ਮੂਕ ਪਿਆਰ ਅਤੇ ਉਸ ਦਾ ਸਿੱਖੀ ਸਰੂਪ ਮਾਂ ਦੇ ਅੰਦਰਲੇ ਤੌਖਲੇ ਲਈ ਸਹਾਰਾ ਜਿਹਾ ਸੀ ਕਿ, 'ਹਾਇ ਜੇ ਇਹ ਕੁੜੀ ਕਿਸੇ ਗੈਰ-ਮਜ਼੍ਹਬ ਦੇ ਬੰਦੇ ਨਾਲ ਜੁੜ ਗਈ ਤਾਂ... ਚੰਗਾ ਹੈ ਜੇ ਇਸੇ ਲਈ ਹਾਂ ਕਰ ਦਏ...।'

ਸੁਖਦੇਵ ਪ੍ਰਤੀ ਮੇਰੇ ਰੁੱਖੇਪਣ ਨੂੰ ਦੱਬੀ ਜ਼ੁਬਾਨ ਵਿਚ ਕਦੇ-ਕਦੇ ਕੋਸਦੀ ਵੀ ਸੀ ਮਾਂ।

ਵਿਆਹ ਤਾਂ ਕਰਨਾ ਹੀ ਪੈਣਾ ਹੈ, ਤੇ ਕਰਾਉਣਾ ਵੀ ਸਿੱਖ ਸਰਦਾਰ ਨਾਲ... ਸਾਹਮਣੇ ਪਾਸਿਉਂ ਕੋਈ ਡਰ-ਚੁਣੌਤੀ ਵੀ ਕੋਈ ਨਹੀਂ; ਫਿਰ ਵੱਢ ਹੀ ਦਿਆਂ ਫਸਤਾ...। ਮੈਂ ਵੀ ਕਦੇ ਕਦੇ ਇੰਜ ਸੋਚ ਲੈਂਦੀ।

ਦੋ ਦਲੀਲੀਆਂ ਵਿਚ ਹੀ ਸਾਂ ਕਿ ਸਕੂਲ ਵਿਚ ਦਾਖ਼ਲੇ ਲਈ ਨਗਰਪਾਲਿਕਾ ਦੇ ਦਫ਼ਤਰ ਤੋਂ ਆਏ ਨੇਮਾਂ ਨੂੰ ਪੜ੍ਹਨ ਦਾ ਸਬੱਬ ਬਣ ਗਿਆ। ਜਮਾਤ ਵਿਚ ਪਛੜੀਆਂ ਜਾਤਾਂ ਦੇ ਵਿਦਿਆਰਥੀਆਂ ਦੇ ਨਾਂਵਾਂ ਦਾ ਵੇਰਵਾ ਭੇਜਣਾ ਸੀ, ਉਨ੍ਹਾਂ ਵਿਚ ਇਕ ਜਾਤ ਸੈਣੀ ਵੀ ਸੀ।

'ਗੁਰਸਿੱਖ ਦੀ ਜਾਤ ਗੁਰਸਿੱਖੀ ਹੀ ਹੈ। ਹੋਰ ਜਾਤ-ਪਾਤ ਦਾ ਕੀ ਮਤਲਬ।' ਆਮ ਗੱਲਬਾਤ ਵਿਚ ਪਿਤਾ ਜੀ ਦੇ ਇਹ ਲਫ਼ਜ਼ ਕਈ ਵੇਰਾਂ ਮੇਰੇ ਕੰਨੀਂ ਪੈ ਚੁੱਕੇ ਸਨ।

ਅਗਾਂਹਵਧੂ, ਮੇਰੇ ਭਾਪਾ ਜੀ ਕਹਿਣ ਨੂੰ ਤਾਂ ਇੰਜ ਹੀ ਕਹਿੰਦੇ ਸਨ, ਪਰ ਜੇ ਮੈਂ ਇਸ ਰਿਸ਼ਤੇ ਬਾਰੇ ਸੋਚ ਲੈਂਦੀ ਤਾਂ ਉਹ ਧਰਮ ਸੰਕਟ ਵਿਚ ਪੈਂਦੇ ਕਿ ਨਾਂਹ ਕਹਿ ਨਹੀਂ ਸਕਦੀ।

ਮਹਾਂਨਗਰ, ਮੁੰਬਈ ਦੇ 25 ਸਾਲਾ ਜੀਵਨ ਦੌਰਾਨ ਆਲੇ-ਦੁਆਲੇ ਭਾਂਤ-ਭਾਂਤ ਦੇ ਲੋਕ। ਇਕ ਕੋ-ਆਪਰੇਟਿਵ ਸੁਸਾਇਟੀ ਵਿਚ ਸਾਰਾ ਹਿੰਦੁਸਤਾਨ। ਉਥੇ ਪ੍ਰਦੇਸ਼ਿਕ ਅੰਤਰ ਤਾਂ ਗੌਲਿਆ ਜਾਂਦਾ, ਪਰ ਜਾਤ-ਪਾਤ ਦਾ ਕੋਈ ਜ਼ਿਕਰ ਨਾ ਹੁੰਦਾ। ਪਤਾ ਨਾ ਲੱਗਦਾ ਕਿ ਸ਼ਾਹ, ਪਟੇਲ, ਥਾਨਕੀ, ਪਾਰੇਖ ਸਾਰੇ ਗੁਜਰਾਤੀ ਤਾਂ ਹਨ, ਪਰ ਕਿਹੜਾ ਬ੍ਰਾਹਮਣ ਹੈ ਤੇ ਕਿਹੜਾ ਖੱਤਰੀ। ਜੇ ਕੋਈ ਮਰਾਠੀ, ਇਸਤਰੀ, ਸ੍ਰੀਮਤੀ ਪਟੇਲ, ਬੋਰਡੇ, ਪਾਡੀਆ, ਸੌਂਡੇ ਜਾਂ ਜੁਗਲੇਕਰ ਹੈ ਤਾਂ ਕੌਣ ਉਚੇਰੀ ਤੇ ਕੌਣ ਨੀਵੀਂ ਜਾਤ ਦੀ?

ਸਿੱਖ ਸਾਰੇ 'ਪਾਪਾ ਜੀ' ਕਰ ਕੇ ਸੰਬੋਧੇ ਜਾਂਦੇ ਹਨ ਸਾਰੀ ਮੁੰਬਈ ਵਿਚ। ਕਿਹੜਾ ਧੰਨ-ਪੋਠੋਹਾਰੀ ਖੱਤਰੀ ਜਾਂ ਅਰੋੜਾ ਹੈ, ਕੌਣ ਜੱਟ, ਰਾਮਗੜ੍ਹੀਆ ਜਾਂ ਰਾਮਦਾਸੀਆ, ਕੋਈ ਭੇਦ-ਭਾਵ ਜਾਂ ਵਿਤਕਰਾ ਨਾ ਵੇਖਿਆ, ਨਾ ਸੁਣਿਆ। ਹਾਂ, ਰਿਸ਼ਤੇ ਨਾਤੇ ਆਪੋ-ਆਪਣੀ ਜਾਤ ਬਿਰਾਦਰੀ, ਧਰਮ ਜਾਂ ਖੇਤਰ ਵਿਚ ਹੋਣੇ ਸੁਭਾਵਕ ਹੀ ਨੇ, ਪਰ ਜੇ ਵਿਚ-ਵਿਚਾਲੇ ਕਿਧਰੇ ਖੁੱਲ੍ਹ ਵੀ ਵਰਤ ਲਈ ਗਈ ਤਾਂ ਉਹ ਕੋਈ ਅਨਰਥ ਜਾਂ ਧਰਤ-ਪਾਟ ਵਰਗੀ ਗੱਲ ਨਹੀਂ ਸੀ ਹੁੰਦੀ।

ਪੰਜਾਬ ਵਿਚ ਆ ਕੇ ਸ਼ੁਰੂ ਸ਼ੁਰੂ ਵਿਚ ਜੋ ਵਿਤਕਰਾ ਮੈਨੂੰ ਅੱਖਰਿਆ, ਤੇ ਰੜਕਿਆ ਉਹ ਸੀ ਜੱਟ-ਭਾਪੇ ਦਾ ਭੇਦ-ਭਾਵ। ਜੇ ਮੁੰਬਈ ਵਿਚ ਹਰ ਸਰਦਾਰ 'ਪਾਪਾ ਜੀ' ਅਖਵਾਉਂਦਾ ਸੀ ਤਾਂ ਪੰਜਾਬ ਵਿਚ 'ਇਕ ਭਾਪਾ ਸੌ ਸਿਆਪਾ' ਦਾ ਅਲਾਪ।

ਜ਼ਿਆਦਾ ਉੱਠਣ-ਬੈਠਣ ਸਾਹਿਤਕ ਪਿੜ ਵਿਚ ਹੀ ਰਿਹਾ ਹੈ ਮੇਰਾ, ਤੇ ਇਸੇ ਬੁੱਧੀਜੀਵੀ ਸੰਸਾਰ ਵਿਚ ਹੀ ਅਕਸਰ ਸੁਣਨ ਨੂੰ ਮਿਲਦਾ ਕਿ ਫਲਾਣਾ ਸੰਧੂ ਆਈ.ਏ.ਐਸ. ਤਾਂ ਹੈ, ਪਰ ਜੱਟ ਨਹੀਂ; ਤੇ ਫਲਾਣਾ ਲੇਖਕ ਮਜ਼੍ਹਬੀ, ਛੀਂਬਾ, ਧੋਬੀ, ਦਰਜੀ ਜਾਂ ਰਾਮਦਾਸੀਆ ਹੈ। ਦਲਿਤਾਂ ਅਤੇ ਦਲਿਤ ਸਾਹਿਤ ਦਾ ਰੌਲਾ ਸੁਣ-ਸੁਣ ਮੈਂ ਦਹਿਲ ਜਿਹੀ ਜਾਂਦੀ।

ਕਿੱਥੇ ਹੈ ਗੁਰੂ ਨਾਨਕ ਦਾ ਉਹ ਪੰਜਾਬ? ਕੀ ਉਹ ਵੀ ਭਾਪਾ ਸੀ? ਗੁਰੂਆਂ ਦੇ ਨਾਂ ਤੋਂ ਕੁਰਬਾਨ ਹੋਣ ਵਾਲਾ ਪੰਜਾਬ ਕਿੱਥੇ ਹੈ? ਕਿੱਥੇ ਹੈ?

ਇਕ ਇਸਤਰੀ ਨਾਲ ਉੱਠਣ-ਬੈਠਣ ਦਾ ਸਬੱਬ ਬਣਿਆ। ਉਹ ਸੈਣੀਆਂ ਦੀ ਧੀ ਸੀ, ਤੇ ਵਿਆਹ ਉਸ ਕੀਤਾ ਮਨਮਰਜ਼ੀ ਨਾਲ ਦਲਿਤ ਜਾਤ ਦੇ ਇਕ ਉਚ ਅਧਿਕਾਰੀ ਨਾਲ। ਵਿਆਹੁਤਾ ਜੀਵਨ ਵਿਚ ਅਸਾਵਾਂਪਣ ਹੋਣਾ ਕੋਈ ਅਸੁਭਾਵਕ ਗੱਲ ਨਹੀਂ। ਜਾਤ ਬਰਾਦਰੀ ਵਿਚ ਬੱਧੇ ਰਿਸ਼ਤੇ ਵੀ ਕਿਹੜਾ ਅਸੁਖਾਵੇਂ ਜਾਂ ਅਸਾਵੇਂ ਨਹੀਂ ਹੁੰਦੇ, ਪਰ ਉਹ ਇਸਤਰੀ ਆਪਣੇ ਪਤੀ ਦੀ ਸ਼ਰਾਬਨੋਸ਼ੀ, ਗਾਲ੍ਹਾਂ ਜਾਂ ਹੋਰ ਕੋਈ ਵੀ ਅਣਭਾਉਂਦਾ ਵਿਹਾਰ ਉਸ ਦੀ ਨੀਵੀਂ ਜਾਤ ਕਰ ਕੇ ਹੀ ਸਮਝਦੀ, ਦੱਸਦੀ।

'ਇਹ ਤਾਂ ਕੰਮੀ-ਕਮੀਣ ਉਸ ਜਾਤ ਦਾ ਹੈ ਜਿਸ ਦੀਆਂ ਤੀਵੀਆਂ ਸਾਡੇ ਖੇਤਾਂ ਵਿਚ ਮਟਰ ਚੁਗਣ ਦਾ ਕੰਮ ਕਰਦੀਆਂ ਨੇ, ਤੇ ਜਿਨ੍ਹਾਂ ਨੂੰ ਰੋਟੀ ਵੀ ਅਸੀਂ ਹੱਥਾਂ ਉਤੇ ਹੀ ਦਿੰਦੇ ਹਾਂ, ਥਾਲੀ ਵਿਚ ਨਹੀਂ...।' ਆਖਦੀ ਉਸ ਤੀਵੀਂ ਦੇ ਹਰ ਨੈਣ-ਨਕਸ਼ ਤੋਂ ਘਿਰਣਾ ਟਪਕਦੀ ਮੈਂ ਵੇਖਦੀ।

'ਪਰ ਤੇਰੀ ਉੱਚੀ ਜਾਤ ਨੂੰ ਤਾਂ ਤੇਰੇ ਸਹੁਰਿਆਂ ਨੇ ਬੜੇ ਫਖ਼ਰ ਨਾਲ ਲਿਆ ਹੋਣੈ?' ਮੈਂ ਆਪਣੇ ਤਜਰਬੇ ਦੇ ਆਧਾਰ ਉਤੇ ਪੁੱਛਦੀ।

ਮੇਰੇ ਵੱਲ ਸੈਨਤ ਕਰ ਕੇ ਮੇਰੀ ਅਰੋੜਾ ਸੱਸ ਬੜੇ ਫ਼ਖ਼ਰ ਨਾਲ ਆਪਣੇ ਗੁਆਂਢੀਆਂ-ਸਨੇਹੀਆਂ ਨੂੰ ਕਿਹਾ ਕਰਦੀ ਸੀ: 'ਅਸਾਂ ਖੱਤਰੀਆਂ ਦੀ ਧੀ ਲਿਆਂਦੀ ਹੈ। ਮੇਰੀ ਨੂੰਹ ਖੁਖਰੈਣ ਹੈ, ਖੁਖਰੈਣ।'

'ਨਹੀਂ, ਮੇਰੇ ਸਹੁਰਿਆਂ ਨੇ ਵੀ ਮੈਨੂੰ ਕਬੂਲ ਨਹੀਂ ਕੀਤਾ', ਉਹ ਦੱਸਦੀ।

'ਉੱਚੀ ਜਾਤ ਤੇ ਅਣਕਬੂਲ?'

ਮੇਰੇ ਪੁੱਛਣ 'ਤੇ ਉਸ ਇਸਤਰੀ ਦਾ ਕਹਿਣਾ ਸੀ ਕਿ ਉਸ ਦੇ ਦਲਿਤ ਸਹੁਰੇ-ਕਬੀਲੇ ਨੂੰ ਵੀ ਉਸ ਪ੍ਰਤੀ ਵੱਟ ਸੀ ਕਿ ਉਸ ਨੇ ਉਨ੍ਹਾਂ ਦੀ ਜਾਤ-ਬਰਾਦਰੀ ਦੀ ਇਕ ਕੁੜੀ ਦਾ ਹੱਕ ਮਾਰਿਆ ਹੈ।... ਵੱਡੇ ਅਫ਼ਸਰ ਦੀ ਬੀਵੀ ਹੋਣ ਦਾ ਹੱਕ।

'ਪਰ ਸੈਣੀ ਵੀ ਤਾਂ ਜੱਟ ਨਹੀਂ ਹੁੰਦੇ?' ਮੈਂ ਆਖਿਆ ਹੀ ਸੀ ਕਿ ਉਹ ਬਿਫ਼ਰ ਕੇ ਪਈ: 'ਸੈਣੀ ਤਾਂ ਬੜੀ ਉੱਚੀ ਜਾਤ ਹੈ, ਕਿਸੇ ਪਾਸਿਉਂ ਵੀ ਜੱਟਾਂ ਤੋਂ ਘੱਟ ਨਹੀਂ।'

---

ਗੱਲ ਏਨੀ ਜਾਤ-ਬਰਾਦਰੀ ਦੀ ਨਹੀਂ, ਜਿਤਨੀ ਸਭਿਆਚਾਰ ਦੀ ਹੈ। ਬੋਲੀ, ਰਸਮ-ਰਿਵਾਜ, ਆਮ ਵਰਤਾਰਾ ਤੇ ਜੀਵਨ ਜਾਚ ਹਰ ਖੇਤਰ ਜਾਂ ਬਰਾਦਰੀ ਦੇ ਆਪੋ-ਆਪਣੇ ਹੁੰਦੇ ਹਨ। ਉਨ੍ਹਾਂ ਮੁਤਾਬਕ ਹੀ ਰਹਿਣ, ਵੱਸਣ ਅਤੇ ਵਰਤਣ ਨਾਲ ਬੰਦੇ ਨੂੰ ਖੁੱਲ੍ਹ ਦਾ ਅਹਿਸਾਸ ਹੁੰਦਾ ਹੈ। ਓਪਰੇ ਵਾਤਾਵਰਨ ਵਿਚ ਉਹ ਕੈਦ ਅਤੇ ਹੁਸੜਿਆ-ਹੁਸੜਿਆ ਮਹਿਸੂਸ ਕਰਦਾ ਹੈ।

ਵੰਡ ਪਿੱਛੋਂ ਪੱਛਮੀ ਪੰਜਾਬ 'ਚੋਂ ਕੂਚ ਕਰਦਿਆਂ ਅਸਾਂ ਸਾਰਿਆਂ ਦਾ ਪਹਿਲਾ ਪੜਾਅ ਤਾਂ ਪੂਰਬੀ ਪੰਜਾਬ ਹੀ ਸੀ, ਪਰ ਏਧਰ ਦੇ ਖੇਤੀ ਪ੍ਰਧਾਨ ਸਭਿਆਚਾਰ ਨੂੰ ਸਾਡਾ ਵਪਾਰੀ-ਦੁਕਾਨਦਾਰੀ ਵਿਹਾਰ ਰਾਸ ਨਾ ਆਇਆ। ਸਾਡੀ ਲਹਿੰਦੀ-ਪੋਠੋਹਾਰੀ ਬੋਲੀ ਏਧਰ ਪੇਂਡੂ ਕਰ ਕੇ ਜਾਣੀ ਗਈ।

ਪੋਠੋਹਾਰ ਵਿਚ ਪਿਉ ਨੂੰ ਭਾਪਾ ਜੀ ਆਖਦੇ ਸਨ ਤੇ ਭੇਰੇ, ਸਰਗੋਧੇ ਵੱਲ ਵੱਡੇ ਵੀਰ ਨੂੰ। ਪੂਰਬੀ ਪੰਜਾਬ ਵਿਚ ਆ ਕੇ ਇਹ ਸਾਰੇ 'ਭਾਪੇ' ਹੋ ਗਏ। ਛੇਤੀ ਹੀ ਬਾਹਲੇ 'ਸ਼ਰਨਾਰਥੀ' ਪਰਵਾਸ ਕਰ ਕੇ ਅੱਗੇ ਲੰਘ ਗਏ। ਦਿੱਲੀ, ਉੱਤਰ ਪ੍ਰਦੇਸ਼, ਬੰਗਾਲ ਜਾਂ ਬਿਹਾਰ ਜਿੱਥੇ-ਕਿੱਥੇ ਵੀ ਕਿਸੇ ਦੀ ਕੋਈ ਠਾਹਰ, ਰਿਸ਼ਤੇਦਾਰ ਜਾਂ ਜਾਣੂੰ ਸੀ, ਚਲਾ ਗਿਆ। ਪੰਜਾਬ ਵਿਚ ਆਟੇ ਵਿਚ ਲੂਣ ਬਰਾਬਰ ਹੀ ਰਹੇ-ਟਿਕੇ। ਇਥੇ ਜ਼ਿਆਦਾ ਕਰ ਕੇ ਕਾਸ਼ਤਕਾਰ ਅਤੇ ਚੱਕਾਂ-ਜ਼ਮੀਨਾਂ ਵਾਲੇ ਹੀ ਟਿਕੇ, ਬਾਹਲੇ ਜੱਟ ਹੀ।

ਜਾਤ-ਬਰਾਦਰੀ ਦੀ ਗੱਲ ਤਾਂ ਛੱਡੋ, ਇਕੋ ਬਰਾਦਰੀ ਦੇ ਹੁੰਦਿਆਂ ਸੁੰਦਿਆਂ ਵੀ ਵਪਾਰੀ ਜਾਂ ਉਦਯੋਗਪਤੀ ਲੋਕਾਂ ਦੀ ਸੋਚ ਨੌਕਰੀ-ਪੇਸ਼ਾ ਲੋਕਾਂ ਨਾਲੋਂ ਵੱਖਰੀ ਹੁੰਦੀ ਹੈ ਅਤੇ ਹਰ ਕੋਈ ਆਪਣੇ ਵਰਗੇ ਹੀ ਖ਼ਾਨਦਾਨ, ਕਿੱਤੇ ਜਾਂ ਪੇਸ਼ੇ ਅਤੇ ਮਾਹੌਲ ਅਨੁਸਾਰ ਸੁਖਾਵਾਂ ਮਹਿਸੂਸ ਕਰਦਾ ਹੈ।

ਸਾਡੇ ਇਕ ਉਦਯੋਗਪਤੀ ਰਿਸ਼ਤੇਦਾਰ ਦਾ ਅਕਸਰ ਹੀ ਇਹ ਜੁਮਲਾ ਹੁੰਦਾ ਹੈ ਕਿ ਮੈਂ ਆਪਣੀ ਧੀ ਦਾ ਰਿਸ਼ਤਾ ਕਿਸੇ ਛੋਟੇ ਦੁਕਾਨਦਾਰ ਨਾਲ ਤਾਂ ਕਰ ਸਕਦਾ ਹਾਂ, ਪਰ ਨੌਕਰੀ-ਪੇਸ਼ਾ ਅਫ਼ਸਰ ਨਾਲ ਨਹੀਂ।

'ਇਹ ਤਨਖ਼ਾਹਦਾਰ ਤਾਂ ਹਿਸਾਬੀਏ-ਕਿਤਾਬੀਏ ਜਿਹੇ ਹੁੰਦੇ ਹਨ। ਚਾਹ ਦੇ ਪਿਆਲੇ ਵੀ ਗਿਣਦੇ-ਗਿਣਾਂਦੇ।' ਉਸ ਦੇ ਲਫ਼ਜ਼ ਹੁੰਦੇ ਹਨ।

ਉਧਰ ਨੌਕਰੀ-ਪੇਸ਼ਾ ਪਰਿਵਾਰ ਦੀ ਬੱਚੀ ਦਾ ਵੀ ਵਪਾਰੀ ਖਾਨਦਾਨ ਵਿਚ ਦਮ ਘੁਟਦਾ ਹੈ, 'ਨਾ ਘਰ ਆਉਣ ਦਾ ਕੋਈ ਵਕਤ ਅਤੇ ਨਾ ਹੀ ਜਾਣ ਦਾ। ਨਾ ਛੁੱਟੀ ਨਾ ਤਫ਼ਰੀਹ। ਬਸ ਪੈਸਾ ਪੈਸਾ ਪੈਸਾ। ਨਨਿਆਨਵੇਂ ਦਾ ਗੇੜ। ਇਹ ਵੀ ਕੋਈ ਜ਼ਿੰਦਗੀ ਹੈ।' ਉਸ ਦੀ ਸ਼ਿਕਾਇਤ ਹੁੰਦੀ ਹੈ।

ਸੱਚ ਤਾਂ ਇਹ ਹੈ ਕਿ ਰਿਸ਼ਤੇ ਨਾਤਿਆਂ ਵਿਚ ਸਹਿਜ ਜਾਂ ਸੁਖਾਵਾਂਪਣ ਜਾਤ ਬਰਾਦਰੀ ਤੋਂ ਵੀ ਵੱਧ ਆਰਥਿਕ ਖੇਤਰ ਦੀ ਅਨੁਕੂਲਤਾ ਉਪਰ ਨਿਰਭਰ ਹੁੰਦਾ ਹੈ।

ਜੇ ਮੈਂ ਆਪਣੇ ਜੀਵਨ ਉਤੇ ਪਿਛਲ-ਝਾਤ ਮਾਰਾਂ ਤਾਂ ਵੇਖਦੀ ਹਾਂ ਕਿ ਭਾਵੇਂ ਪਵਾਰ ਭਾਈ ਸਾਹਿਬ ਹਰਿਆਣਵੀ ਕਾਰਖ਼ਾਨੇਦਾਰ ਸਨ ਅਤੇ ਕਲਪਨਾ ਪਾਰੇਖ ਗੁਜਰਾਤੀ ਜ਼ਾਵੇਰੀ ਪਰਿਵਾਰ ਦੀ, ਅੰਜੁਮ ਅੱਤਰਵਾਲਾ ਉਦਯੋਗਪਤੀ ਆਗਾਖਾਨੀ ਮੁਸਲਮਾਨ ਅਤੇ ਮਰਾਠੀ ਭਗੁੰਡੇ ਪਰਿਵਾਰ ਬੇਲਪੁਰ ਬੀੜੀ ਦਾ ਵਪਾਰੀ, ਮਿੱਤਲ ਸਾੜ੍ਹੀਆਂ ਦੇ ਛਾਪਾਕਾਰ ਅਤੇ ਮੁਕੇਸ਼ ਜੈਨ ਕੈਮਿਸਟ ਅਤੇ ਇਮਾਰਤਕਾਰ, ਮੇਰੇ ਆਪਣੇ ਸਾਰੇ ਰਿਸ਼ਤੇਦਾਰ ਮੋਟਰਪਾਟੀਏ, ਬਿਜ਼ਨਸ ਕਰਦੇ ਨਿੱਕੇ ਜਾਂ ਵੱਡੇ; ਮੈਂ ਵਧੇਰੇ ਕਰ ਕੇ ਵਪਾਰੀ ਅਤੇ ਦੁਕਾਨਦਾਰੀ ਮਾਹੌਲ ਵਿਚ ਹੀ ਸੁਖਾਵਾਂ ਮਹਿਸੂਸ ਕੀਤਾ ਹੈ।

ਜਾਤ, ਬੋਲੀ, ਧਰਮ, ਖਿੱਤਾ ਸਭ ਕੁਝ ਪਿੱਛੇ ਰਹਿ ਜਾਂਦਾ ਹੈ। ਜੇ ਰਹਿ ਜਾਂਦਾ ਹੈ ਨਾਲ, ਤਾਂ ਵਰਤਾਰਾ ਅਤੇ ਮਿਲਦਾ ਜੁਲਦਾ ਜੀਵਨ ਪੱਧਰ ਅਤੇ ਰਹਿਣ ਸਹਿਣ। ਮੰਡੀਕਰਨ, ਭੂਗੋਲੀਕਰਨ ਤੇ ਹੋਰ ਪਤਾ ਨਹੀਂ ਕਿਤਨੇ ਹੀ ਕਰਨ-ਕਾਰਨ ਜਾਤਾਂ, ਧਰਮਾਂ, ਖਿੱਤਿਆਂ ਅਤੇ ਸਭਿਆਚਾਰਾਂ ਨੂੰ ਮੇਲਦੇ-ਭੰਨ-ਤ੍ਰੋੜਦੇ ਅਤੇ ਮੁੜ ਮੇਲਦੇ-ਜੋੜਦੇ ਰਹਿੰਦੇ ਹਨ।

ਜਾਤ-ਬਰਾਦਰੀ ਦਾ ਰੋਣਾ ਉਦੋਂ ਤੱਕ ਹੀ ਹੈ ਜਦ ਤੱਕ ਕੋਈ ਆਪਣੇ ਪਿਛੋਕੜ ਤੋਂ ਜਾਣੂੰ ਹੈ। ਸਾਡੇ ਵੱਡੇ-ਵਡੇਰਿਆਂ ਦੇ ਕਿੱਸੇ ਸਾਡੇ ਤੱਕ ਹੀ ਨੇ। ਬਾਹਲੇ ਸਾਡੇ ਸਮਕਾਲੀ ਵੀ ਆਪਣੇ ਪੁਰਖਿਆਂ ਅਤੇ ਅਣਵੰਡੇ ਪੰਜਾਬ ਦੇ ਸਬੰਧੀ-ਪਿੱਤਰਾਂ ਦੇ ਪਿਛੋਕੜ ਤੋਂ ਅਣਜਾਣ ਹਨ। ਹੁਣ ਕਿਸੇ ਮਾਪੇ ਕੋਲ ਵਿਹਲ ਨਹੀਂ, ਤੇ ਨਾ ਹੀ ਕਿਸੇ ਔਲਾਦ ਕੋਲ ਏਨਾ ਧੀਰਜ ਹੈ ਕਿ ਉਹ ਆਪਣੇ ਪਿੱਤਰਾਂ ਦਾ ਇਤਿਹਾਸ ਸੁਣੇ ਤੇ ਫਰੋਲੇ।

ਵਕਤ ਹੁਣ ਤੁਰ ਨਹੀਂ ਰਿਹਾ, ਦੌੜ ਅਤੇ ਉੱਡ ਰਿਹਾ ਹੈ... ਤੇਜ਼ ਰਫ਼ਤਾਰ ਨਾਲ।

ਆਉਂਦੀਆਂ ਸਦੀਆਂ ਵਿਚ ਇਹ ਵੀ ਸੰਭਵ ਹੈ ਕਿ ਕੋਈ ਦਲਿਤ ਛਾਤੀ ਠੋਕ ਕੇ ਆਖੇ ਅਸੀਂ... ਹੁੰਨੇ ਹਾਂ ਤੇ ਕੋਈ ਕਸ਼ਤਰੀ-ਬ੍ਰਾਹਮਣ ਸਿਰ ਝੁਕਾ ਕੇ ਆਖੇ ਅਸੀਂ...?

---

ਪੂਰੇ ਅਠਵੰਜਾ ਸਾਲਾਂ ਮਗਰੋਂ ਮੈਂ ਪਾਕਿਸਤਾਨ ਗਈ। ਆਪਣੇ ਸ਼ਹਿਰ ਗੁਜਰਖਾਨ ਆਪਣੇ ਪੋਠੋਹਾਰ ਵਿਚ। ਇੰਜ ਲੱਗੇ ਜਿਵੇਂ ਸਦੀਆਂ ਬਾਅਦ ਮੇਲ ਹੋਇਆ ਹੋਵੇ ਆਪਣਿਆਂ ਨਾਲ।

ਉਹੀ ਬੋਲੀ, ਉਹੀ ਲਿਬਾਸ, ਉਹੀ ਖਾਜੇ, ਉਹੀ ਅਖਾਣ। ਮੈਂ ਉਨ੍ਹਾਂ ਵਿਚ ਆਪਣੇ ਨਾਨੇ-ਦਾਦੇ ਦੇ ਨੈਣ-ਨਕਸ਼ ਪਛਾਣਦੀ ਰਹੀ। ਕੋਈ ਅਮਰ ਵੀਰ ਜੀ ਜਿਹਾ ਲੱਗਦਾ ਤੇ ਕੋਈ ਚਾਚਾ ਕਰਤਾਰ। ਉਹੀ ਵਾਸਕਟ ਅਤੇ ਸਲਵਾਰ ਵਾਲਾ ਮਾਮੇ ਵੰਤ ਦਾ ਪਹਿਰਾਵਾ।

ਸਕੂਲੀ ਬੱਚੀਆਂ ਸਾਹਵੇਂ ਜਦੋਂ ਨਾਟਕ ਖੇਡਿਆ ਤਾਂ ਸਭ ਤੋਂ ਵੱਧ ਮੇਰੇ ਹੀ ਗਲੇ ਲੱਗ ਕੇ ਆਗੋਸ਼ ਵਿਚ ਆਉਣ ਉਹ ਭੋਲੀਆਂ ਬੱਚੀਆਂ, 'ਨਾਨੀ ਮਾਂ, ਨਾਨੀ ਮਾਂ' ਕਰਦੀਆਂ... ਮੇਰੇ ਆਟੋਗਰਾਫ਼ ਲੈਂਦੀਆਂ। ਮੇਰਾ ਸੂਖਮ ਸਰੀਰ ਅਤੇ ਪੋਠੋਹਾਰੀ ਚਿਹਰਾ ਮੋਹਰਾ ਉਨ੍ਹਾਂ ਨੂੰ ਪਛਾਣਿਆ-ਪਛਾਣਿਆ ਲਗਦਾ।

ਗੱਲਾਂ ਗੱਲਾਂ ਵਿਚ ਜਦੋਂ ਇਧਰਲੇ ਪੰਜਾਬ ਦਾ ਜ਼ਿਕਰ ਚੱਲਦਾ ਤਾਂ ਮੇਰੇ ਮੂੰਹੋਂ ਸਹਿਜ-ਸੁਭਾਅ ਹੀ ਆਖ ਹੋ ਜਾਂਦਾ: 'ਉਧਰ ਕਾਲੇ ਮਾਂਹ ਦੀ ਦਾਲ ਦੀ ਹੀ ਭਰਤੀ ਹੈ ਜਦ ਕਿ ਸਾਡੇ ਪਾਸੇ ਛੋਲਿਆਂ ਦੀ।' ਸੁੱਤੇ-ਸਿੱਧ ਹੀ ਹਾਸਾ ਪੈ ਜਾਵੇ।

ਪੂਰੀ ਅੱਧੀ ਸਦੀ ਦੀ ਉਮਰ ਭਾਰਤ ਵਿਚ ਲੰਘਾਉਣ ਮਗਰੋਂ ਵੀ ਮੇਰੇ ਮੂੰਹੋਂ ਇਧਰਲਾ ਪੰਜਾਬ, ਉਹ ਪਾਸਾ, ਕਹਿ ਹੋ ਜਾਂਦਾ ਅਤੇ ਪੱਛਮੀ ਪੰਜਾਬ 'ਸਾਡਾ ਪਾਸਾ'।... ਜਾਤ-ਬਰਾਦਰੀ ਦੇ ਰੌਲੇ ਉਸ ਵੇਲੇ ਸਤਹੀ ਜਿਹੇ ਲੱਗਣ ਲੱਗ ਪੈਂਦੇ ਹਨ।

ਮਿੱਟੀ ਦੀ ਤਾਸੀਰ, ਪੰਛੀ-ਜਨੌਰ, ਵਣ-ਤ੍ਰਿਣ, ਨਦੀਆਂ-ਪਹਾੜ, ਖਾਣਾਂ-ਖੰਡ੍ਹਰ, ਕੂਲ੍ਹਾਂ-ਕੱਸੀਆਂ, ਜੰਗਲ-ਬੇਲੇ, ਡੇਰੇ-ਮੰਦਰ, ਦੇਹੁਰੀਆਂ-ਸਮਾਧਾਂ ਅਤੇ ਹੋਰ ਕੀ-ਕੀ, ਤੇ ਕਿੰਨਾ ਕੁਝ ਸੁਚੇਤ ਜਾਂ ਅਚੇਤ ਅਸੀਂ ਆਪਣੇ ਨਾਲ ਲਈ ਜੀ ਰਹੇ ਹਾਂ ਤੇ ਜੀਂਦੇ ਰਹਾਂਗੇ।

ਹੈ ਕੋਈ ਅੰਤ? ਜੇ ਹੈ ਤਾਂ ਰੱਬ ਹੀ ਜਾਣੇ।

***ਪੰਜਾਬ ਵਿਚ ਆ ਕੇ ਸ਼ੁਰੂ ਸ਼ੁਰੂ ਵਿਚ ਜੋ ਵਿਤਕਰਾ ਮੈਨੂੰ ਅੱਖਰਿਆ, ਤੇ ਰੜਕਿਆ ਉਹ ਸੀ ਜੱਟ-ਭਾਪੇ ਦਾ ਭੇਦ-ਭਾਵ। ਜੇ ਮੁੰਬਈ ਵਿਚ ਹਰ ਸਰਦਾਰ 'ਪਾਪਾ ਜੀ' ਅਖਵਾਉਂਦਾ ਸੀ ਤਾਂ ਪੰਜਾਬ ਵਿਚ 'ਇਕ ਭਾਪਾ ਸੌ ਸਿਆਪਾ' ਦਾ ਅਲਾਪ। ... ਜ਼ਿਆਦਾ ਉੱਠਣ ਬੈਠਣ ਸਾਹਿਤਕ ਪਿੜ ਵਿਚ ਹੀ ਰਿਹਾ ਹੈ ਮੇਰਾ, ਤੇ ਇਸੇ ਬੁੱਧੀਜੀਵੀ ਸੰਸਾਰ ਵਿਚ ਹੀ ਅਕਸਰ ਸੁਣਨ ਨੂੰ ਮਿਲਦਾ ਕਿ ਫਲਾਣਾ ਸੰਧੂ ਆਈ.ਏ.ਐਸ. ਤਾਂ ਹੈ, ਪਰ ਜੱਟ ਨਹੀਂ; ਤੇ ਫਲਾਣਾ ਲੇਖਕ ਮਜ਼੍ਹਬੀ, ਛੀਂਬਾ, ਧੋਬੀ, ਦਰਜੀ ਜਾਂ ਰਾਮਦਾਸੀਆ ਹੈ। ਦਲਿਤਾਂ ਅਤੇ ਦਲਿਤ ਸਾਹਿਤ ਦਾ ਰੌਲਾ ਸੁਣ-ਸੁਣ ਮੈਂ ਦਹਿਲ ਜਿਹੀ ਜਾਂਦੀ।... ਕਿੱਥੇ ਹੈ ਗੁਰੂ ਨਾਨਕ ਦਾ ਉਹ ਪੰਜਾਬ? ਕੀ ਉਹ ਵੀ ਭਾਪਾ ਸੀ? ਗੁਰੂਆਂ ਦੇ ਨਾਂ ਤੋਂ ਕੁਰਬਾਨ ਹੋਣ ਵਾਲਾ ਪੰਜਾਬ ਕਿੱਥੇ ਹੈ? ਕਿੱਥੇ ਹੈ?***



ਗੁਰਮਤਿ ਵਿਚਾਰ

# ਨਾਨਕੁ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ



ਡਾ. ਗੁਰਨਾਮ ਕੌਰ, ਕੈਨੇਡਾ

ਵੈਸਾਖ ਤੋਂ ਅਗਲਾ ਮਹੀਨਾ ਜੇਠ ਦਾ ਹੈ ਜੋ ਗਰਮ ਰੁੱਤ ਦਾ ਮਹੀਨਾ ਹੈ। ਜ਼ਮੀਨ ਗਰਮੀ ਨਾਲ ਤਪਣ ਲੱਗਦੀ ਹੈ ਅਤੇ ਤੇਜ਼ ਗਰਮ ਹਵਾਵਾਂ ਕੰਨਾਂ ਨੂੰ ਲੂੰਹਦੀਆਂ ਜਾਪਦੀਆਂ ਹਨ। 'ਕਾਂ ਅੱਖ ਨਿਕਲਦੀ ਹੈ' ਦਾ ਅਖਾਣ ਸ਼ਾਇਦ ਕਿਸੇ ਨੇ ਜੇਠ ਦੀ ਧੁੱਪ ਤੋਂ ਤ੍ਰੈਹ ਕੇ ਹੀ ਬਣਾਇਆ ਹੋਵੇਗਾ। ਜਿਵੇਂ ਪਹਿਲਾਂ ਵੀ ਜ਼ਿਕਰ ਆ ਚੁਕਾ ਹੈ ਕਿ ਗੁਰਮਤਿ ਦਰਸ਼ਨ ਅਨੁਸਾਰ ਜੇ ਮਨੁੱਖ ਦਾ ਮਨ ਪਰਮਾਤਮ-ਰੰਗ ਵਿਚ ਰੰਗਿਆ ਹੋਇਆ, ਉਸ ਨਾਲ ਜੁੜਿਆ ਰਹਿੰਦਾ ਹੈ ਤਾਂ ਹਰ ਦਿਨ, ਮਹੀਨਾ, ਸਾਲ ਭਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਕਾਲ ਪੁਰਖ ਨੂੰ ਬਹੁਤ ਥਾਂਵਾਂ 'ਤੇ ਪਤੀ ਕਰਕੇ ਅਤੇ ਮਨੁੱਖ ਨੂੰ ਇਸਤਰੀ ਕਰਕੇ ਸੰਬੋਧਨ ਕੀਤਾ ਗਿਆ ਹੈ। ਅਕਾਲ ਪੁਰਖ ਲਈ ਗੁਰਮੁਖ ਦਾ ਪ੍ਰੇਮ ਦੱਸਣ ਵਾਸਤੇ ਪਤੀ ਅਤੇ ਇਸਤਰੀ ਦਾ ਚਿੰਨ੍ਹ ਬਹੁਤ ਸਮਰੱਥ ਵਸੀਲਾ ਹੈ। ਗੁਰੂ ਨਾਨਕ ਸਾਹਿਬ ਇਸੇ ਪ੍ਰੇਮ ਦਾ ਜ਼ਿਕਰ ਕਰਦੇ ਹਨ ਕਿ ਜੇਠ ਮਹੀਨਾ (ਜਿਸ ਨੂੰ ਆਮ ਤੌਰ 'ਤੇ ਤਪਦਾ ਮਹੀਨਾ ਕਿਹਾ ਜਾਂਦਾ ਹੈ ਜਦੋਂ ਧਰਤੀ ਅਤੇ ਹਵਾ ਵਿਚੋਂ ਵੀ ਸੇਕ ਮਾਰਦਾ ਹੈ) ਉਨ੍ਹਾਂ ਨੂੰ ਚੰਗਾ ਲੱਗਦਾ ਹੈ ਜਿਨ੍ਹਾਂ ਦਾ ਮਨ ਅਕਾਲ ਪੁਰਖ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਨੂੰ ਅਕਾਲ ਪੁਰਖ ਕਦੀ ਵੀ ਵਿਸਰਿਆ ਨਹੀਂ, ਸਦੀਵੀ ਯਾਦ ਰਹਿੰਦਾ ਹੈ। ਉਹ ਅੱਗੇ ਦੱਸਦੇ ਹਨ ਕਿ ਜੇਠ ਮਹੀਨੇ ਥਲ ਅਰਥਾਤ ਧਰਤੀ ਭੱਠ ਵਾਂਗ ਤੱਪਣ ਲੱਗ ਪੈਂਦੀ ਹੈ। ਇਸ ਤਪਸ਼ ਨੂੰ ਅਨੁਭਵ ਕਰਦਿਆਂ ਗੁਰਮੁਖਿ ਜੀਵ-ਇਸਤਰੀ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹੈ, ਉਸ ਦੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾਉਂਦੀ ਹੈ, ਉਸ ਦੇ ਗੁਣਾਂ ਨੂੰ ਯਾਦ ਕਰਦੀ ਹੈ ਤਾਂ ਕਿ ਉਸ ਅਕਾਲ ਪੁਰਖ ਦੇ ਮਨ ਨੂੰ ਭਾਅ ਜਾਵੇ, ਉਸ ਨੂੰ ਚੰਗੀ ਲੱਗ ਪਵੇ। ਉਸ ਅੱਗੇ ਅਰਦਾਸ ਕਰਦੀ ਹੈ ਜੋ ਇਸ ਸੰਸਾਰਕ ਤੱਪਸ਼ ਤੋਂ ਨਿਰਾਲਾ ਅਰਥਾਤ ਇਸ ਸੰਸਾਰ ਤੋਂ ਪਰੇ ਆਪਣੇ ਸਦੀਵੀ ਸਥਾਨ 'ਤੇ ਟਿਕਿਆ ਹੋਇਆ ਹੈ। ਜੇ ਉਸ ਅਕਾਲ ਪੁਰਖ ਦੀ ਮਿਹਰ ਹੋ ਜਾਵੇ ਅਤੇ ਉਸ ਦੀ ਆਗਿਆ ਹੋਵੇ ਤਾਂ ਜੀਵ-ਇਸਤਰੀ ਵੀ ਉਸ ਸਦੀਵੀ ਮਹਿਲ ਵਿਚ ਪ੍ਰਵੇਸ਼ ਕਰ ਸਕੇ ਅਰਥਾਤ ਉਸ ਅਕਾਲ ਪੁਰਖ ਨੂੰ ਆਪਣੇ ਹਿਰਦੇ ਵਿਚ ਅਨੁਭਵ ਕਰਕੇ ਸਦੀਵੀ ਅਨੰਦ ਮਾਣ ਸਕੇ। ਜੀਵ ਉਸ ਅਕਾਲ ਪੁਰਖ ਤੋਂ ਅਲੱਗ ਹੋ ਕੇ, ਉਸ ਨੂੰ ਵਿਸਾਰ ਕੇ ਸੁੱਖ ਪ੍ਰਾਪਤ ਨਹੀਂ ਕਰ ਸਕਦਾ। ਉਸ ਦੀ ਮਿਹਰ ਤੋਂ ਬਿਨਾ ਜੀਵ ਕਮਜ਼ੋਰ ਅਤੇ ਹੀਣਾ ਹੈ। ਉਸ ਦੀ ਮਿਹਰ ਪ੍ਰਾਪਤ ਕਰਨ ਲਈ ਉਸ ਦੇ ਗੁਣਾਂ ਨੂੰ ਆਪਣੇ ਅੰਦਰ ਵਸਾ ਕੇ ਉਸ ਨਾਲ ਜੁੜੇ ਰਹਿਣਾ ਜ਼ਰੂਰੀ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਜੇਠ ਦੇ ਮਹੀਨੇ ਦੀ ਤਪਸ਼ ਵਿਚ ਵੀ ਜੋ ਮਨੁੱਖ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਕੇ ਉਸ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ, ਉਸ ਨੂੰ ਹਿਰਦੇ ਵਿਚ ਅਨੁਭਵ ਕਰ ਲੈਂਦਾ ਹੈ, ਉਹ ਉਸ ਅਕਾਲ ਪੁਰਖ ਦਾ ਹੀ ਸਰੂਪ ਹੋ ਜਾਂਦਾ ਹੈ, ਫਿਰ ਉਸ ਨੂੰ ਕੋਈ ਤਪਸ਼ ਨਹੀਂ ਪੋਂਹਦੀ। ਅਜਿਹੇ ਜੀਵ ਨੂੰ ਉਸ ਅਕਾਲ ਪੁਰਖ ਦੀ ਸਿਰਜੀ ਹਰ ਰੁੱਤ, ਹਰ ਮੌਸਮ ਚੰਗਾ ਲੱਗਦਾ ਹੈ,

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥
ਥਲ ਤਾਪਹਿ ਸਰ ਭਾਰ
ਸਾਧਨ ਬਿਨਉ ਕਰੈ॥
ਧਨੁ ਬਿਨਉ ਕਰੇਦੀ ਗੁਣ ਸਾਰੇਦੀ
ਗੁਣ ਸਾਰੀ ਪ੍ਰਭ ਭਾਵਾ॥
ਸਾਚੈ ਮਹਲਿ ਰਹੈ ਬੈਰਾਗੀ
ਆਵਣ ਦੇਹਿ ਤ ਆਵਾ॥
ਨਿਮਾਣੀ ਨਿਤਾਣੀ ਹਰਿ ਬਿਨੁ
ਕਿਉ ਪਾਵੈ ਸੁਖ ਮਹਲੀ॥
ਨਾਨਕ ਜੇਠਿ ਜਾਣੈ ਤਿਸੁ ਜੈਸੀ
ਕਰਮਿ ਮਿਲੈ ਗੁਣ ਗਹਿਲੀ॥੭॥
(ਪੰਨਾ ੧੧੦੮)

ਹਾੜ ਦਾ ਮਹੀਨਾ ਜੋ ਕਿ ਤਕਰੀਬਨ ਜੂਨ ਮਹੀਨੇ ਦੀ ਤੇਰਾਂ-ਚੌਦਾਂ ਤਰੀਕ ਤੋਂ ਸ਼ੁਰੂ ਹੋ ਜਾਂਦਾ ਹੈ, ਜੇਠ ਨਾਲੋਂ ਵੀ ਵੱਧ ਗਰਮ ਹੁੰਦਾ ਹੈ। ਗਰਮ ਰੁੱਤ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ। ਪਸ਼ੂ, ਪੰਛੀ, ਮਨੁੱਖ, ਜੀਅ-ਜੰਤ, ਬਨਸਪਤੀ ਸਭ ਹੀ ਸੂਰਜ ਦੀ ਗਰਮੀ ਨਾਲ ਮੁਰਝਾ ਜਾਂਦੇ ਹਨ।

ਇਸੇ ਦਾ ਬਿਆਨ ਗੁਰੂ ਨਾਨਕ ਸਾਹਿਬ ਨੇ ਅੱਗੇ ਕੀਤਾ ਹੈ, ਹਾੜ ਦਾ ਮਹੀਨਾ ਜਦੋਂ ਆਪਣੇ ਭਰ ਜੋਬਨ ਵਿਚ ਹੁੰਦਾ ਹੈ ਤਾਂ ਆਕਾਸ਼ ਵਿਚ ਸੂਰਜ ਆਪਣੇ ਪੂਰੇ ਜਾਹੋ-ਜਲਾਲ ਨਾਲ ਤਪਦਾ ਹੈ। ਇਸ ਮਹੀਨੇ ਸੂਰਜ ਦੀ ਤਪਸ਼ ਨਾਲ ਧਰਤੀ ਦਾ ਪਾਣੀ ਸੁੱਕ ਜਾਂਦਾ ਹੈ, ਜਿਸ ਕਰਕੇ ਉਹ ਦੁੱਖ ਸਹਾਰਦੀ ਹੈ। ਸੂਰਜ ਪਾਣੀ ਨੂੰ ਸੁਕਾ ਦਿੰਦਾ ਹੈ ਅਤੇ ਜੀਵ ਤਰਾਸ ਤਰਾਸ ਕਰ ਉਠਦੇ ਹਨ ਅਤੇ ਦੁਖੀ ਹੁੰਦੇ ਹਨ। ਸੂਰਜ ਆਪਣਾ ਫਰਜ਼ ਪੂਰਾ ਕਰਦਾ ਰਹਿੰਦਾ ਹੈ ਅਤੇ ਸੂਰਜ ਦਾ ਰੱਥ ਆਪਣਾ ਚੱਕਰ ਲਾਉਂਦਾ ਰਹਿੰਦਾ ਹੈ (ਪਾਲ ਸਿੰਘ ਪੁਰੇਵਾਲ ਨੇ ਨਾਨਕਸ਼ਾਹੀ ਕੈਲੰਡਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਬਾਰਾਮਾਹ ਨੂੰ ਹੀ ਅਧਾਰ ਬਣਾਇਆ ਹੈ ਅਤੇ ਸੂਰਜ ਦੇ ਰੱਥ ਚੱਕ੍ਰ ਦਾ ਜ਼ਿਕਰ ਕੀਤਾ ਹੈ। ਉਸ ਦੇ ਬਣਾਏ ਕੈਲੰਡਰ ਅਨੁਸਾਰ ਬਾਰਾਮਾਹ ਵਿਚ ਦਿੱਤੇ ਵਰਣਨ ਅਨੁਸਾਰ ਹੀ ਰੁੱਤਾਂ ਅਤੇ ਮਹੀਨੇ ਜੁੜੇ ਰਹਿਣੇ ਹਨ। ਉਨ੍ਹਾਂ ਵਿਚ ਚੰਦ੍ਰਮਾ ਅਨੁਸਾਰ ਬਦਲਾਅ ਆਉਣ ਦੀ ਸੰਭਾਵਨਾ ਰੱਦ ਹੋ ਜਾਂਦੀ ਹੈ)। ਕਮਜ਼ੋਰ ਜਿੰਦ ਬ੍ਰਿਛ ਦੀ ਛਾਂ ਦਾ ਆਸਰਾ ਭਾਲਦੀ ਹੈ ਅਤੇ ਬੀਂਡਾ ਭੀ ਬਾਹਰ ਜੂਹ ਵਿਚ ਟੀਂ ਟੀਂ ਦੀ ਆਵਾਜ਼ ਕੱਢਦਾ ਰਹਿੰਦਾ ਹੈ ਅਰਥਾਤ ਹਰ ਜੀਵ ਗਰਮੀ ਤੋਂ ਰਾਹਤ ਭਾਲਦਾ ਹੈ। ਅਜਿਹੀ ਹੀ ਹਾਲਤ ਉਸ ਮਨੁੱਖ ਦੀ ਹੁੰਦੀ ਹੈ ਜੋ ਕੀਤੇ ਹੋਏ ਮੰਦੇ ਕਰਮਾਂ, ਆਪਣੇ ਔਗੁਣਾਂ ਦੀ ਪੰਡ ਸਿਰ 'ਤੇ ਰੱਖ ਕੇ ਅਗਲੇ ਸਫ਼ਰ ਲਈ ਤੁਰਦਾ ਹੈ।

ਜੋ ਮਨੁੱਖ ਆਪਣੇ ਅੰਦਰ ਉਸ ਅਕਾਲ ਪੁਰਖ ਨੂੰ ਟਿਕਾ ਕੇ ਤੁਰਦਾ ਹੈ, ਉਹ ਹੀ ਇਸ ਜੀਵਨ ਪੰਧ 'ਤੇ ਆਤਮਕ ਅਨੰਦ ਪ੍ਰਾਪਤ ਕਰਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਸ ਮਨੁੱਖ ਉਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਅਤੇ ਉਸ ਨੂੰ ਅਕਾਲ ਪੁਰਖ ਨਾਮ-ਸਿਮਰਨ ਵਾਲਾ ਮਨ ਦਿੰਦਾ ਹੈ, ਉਸ ਮਨੁੱਖ ਦੀ ਪਰਮਾਤਮਾ ਨਾਲ ਅਟੁੱਟ ਸਾਂਝ ਬਣ ਜਾਂਦੀ ਹੈ ਅਤੇ ਉਸ ਨੂੰ ਵਿਕਾਰਾਂ ਦੀ ਤਪਸ਼ ਨਹੀਂ ਸਹਿਣੀ ਪੈਂਦੀ,

ਆਸਾੜੁ ਭਲਾ ਸੂਰਜੁ ਗਗਨਿ ਤਪੈ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥
ਅਗਨਿ ਰਸੁ ਸੋਖੈ ਮਰੀਐ
ਧੋਖੈ ਭੀ ਸੋ ਕਿਰਤੁ ਨ ਹਾਰੇ॥
ਰਥੁ ਫਿਰੈ ਛਾਇਆ ਧਨ ਤਾਕੈ
ਟੀਡੁ ਲਵੈ ਮੰਝਿ ਬਾਰੇ॥
ਅਵਗਣ ਬਾਧਿ ਚਲੀ ਦੁਖੁ ਆਗੈ
ਸੁਖੁ ਤਿਸੁ ਸਾਚੁ ਸਮਾਲੇ॥
ਨਾਨਕ ਜਿਸ ਨੋ ਇਹੁ ਮਨੁ ਦੀਆ
ਮਰਣੁ ਜੀਵਣੁ ਪ੍ਰਭ ਨਾਲੇ॥੮॥
(ਪੰਨਾ ੧੧੦੮)

ਹਾੜ ਪਿਛੋਂ ਸਾਵਣ ਆਉਂਦਾ ਹੈ ਜਿਸ ਨਾਲ ਵਰਖਾ-ਰੁੱਤ ਦੀ ਆਮਦ ਹੋ ਜਾਂਦੀ ਹੈ। ਜੇਠ-ਹਾੜ ਦੀ ਤਪਸ਼ ਤੋਂ ਬਾਅਦ ਮੀਂਹ ਪੈਣ ਨਾਲ ਤਪਦੇ ਹਿਰਦਿਆਂ ਵਿਚ ਠੰਢ ਪੈਂਦੀ ਹੈ। ਮਨੁੱਖ, ਪਸ਼ੂ-ਪੰਛੀ, ਜੀਅ-ਜੰਤ, ਬਨਸਪਤੀ ਅੱਤ ਦੀ ਗਰਮੀ ਤੋਂ ਰਾਹਤ ਮਹਿਸੂਸ ਕਰਦੇ ਹਨ। ਪਿਆਸੀ ਧਰਤੀ ਦੀ ਪਿਆਸ ਬੁੱਝਦੀ ਹੈ ਅਤੇ ਉਹ ਖੇੜੇ ਵਿਚ ਆਉਂਦੀ ਹੈ। ਬੱਦਲਾਂ ਦੀ ਘੋਰ ਵਿਚ ਮੋਰ ਪੈਲਾਂ ਪਾਉਂਦੇ, ਨੱਚਦੇ ਹਨ। ਸਾਵਣ ਦੀ ਆਮਦ ਦਾ ਵਰਣਨ ਕਰਦਿਆਂ ਗੁਰੂ ਨਾਨਕ ਫ਼ਰਮਾਉਂਦੇ ਹਨ ਕਿ ਸਾਵਣ ਦਾ ਮਹੀਨਾ ਆਉਣ ਨਾਲ ਵਰਖਾ ਰੁੱਤ ਆ ਗਈ ਹੈ। ਮਨ ਨੂੰ ਸੰਬੋਧਨ ਕਰਦੇ ਹਨ ਕਿ ਬੱਦਲ ਵਰ੍ਹ ਰਹੇ ਹਨ (ਜਿਸ ਨਾਲ ਧਰਤੀ ਹਰਿਆਲੀ ਹੋ ਗਈ ਹੈ) ਹੁਣ ਤੂੰ ਵੀ ਹਰਾ ਹੋ, ਖੁਸ਼ੀ ਵਿਚ ਆ, ਅਨੰਦ ਵਿਚ ਆ। ਆਪਣੇ ਪਤੀ ਤੋਂ ਵਿਛੜੀ ਇਸਤਰੀ ਆਪਣੇ ਮਨ ਦਾ ਦੁੱਖ ਆਪਣੀ ਮਾਂ ਨਾਲ ਸਾਂਝਾ ਕਰਦੀ ਹੈ ਕਿਉਂਕਿ ਮਾਂ ਤੋਂ ਵੱਡਾ ਹੋਰ ਕੋਈ ਹਮਦਰਦ ਨਹੀਂ ਹੁੰਦਾ।

ਇਸੇ ਦਾ ਜ਼ਿਕਰ ਗੁਰੂ ਨਾਨਕ ਕਰਦੇ ਹਨ ਜਦੋਂ ਜੀਵ-ਇਸਤਰੀ ਆਪਣੀ ਮਾਂ ਨੂੰ ਕਹਿੰਦੀ ਹੈ ਕਿ ਹੇ ਮਾਂ! ਸਾਵਣ ਦੇ ਮਹੀਨੇ ਵਿਚ ਇਨ੍ਹਾਂ ਬੱਦਲਾਂ ਨੂੰ ਦੇਖ ਕੇ ਮੈਨੂੰ ਆਪਣੇ ਪਰਮਾਤਮਾ-ਪਤੀ ਦੀ ਯਾਦ ਆ ਰਹੀ ਹੈ ਅਤੇ ਉਹ ਮੈਨੂੰ ਆਪਣੇ ਕਣ ਕਣ ਵਿਚ ਹੋਰ ਪਿਆਰਾ ਲੱਗ ਰਿਹਾ ਹੈ। ਮੇਰਾ ਪਤੀ ਪਰਦੇਸ ਗਿਆ ਹੈ, ਜਦੋਂ ਤੱਕ ਉਹ ਘਰ ਨਹੀਂ ਆਉਂਦਾ ਮੇਰਾ ਮਨ ਉਸ ਦੀ ਯਾਦ ਵਿਚ ਤੜਪ ਰਿਹਾ ਹੈ, ਬਿਜਲੀ ਦੀ ਚਮਕ ਮੈਨੂੰ ਹੋਰ ਡਰਾ ਰਹੀ ਹੈ। ਉਸ ਤੋਂ ਵਿਛੜ ਕੇ ਮੇਰੀ ਇਹ ਹਿਰਦੇ ਰੂਪੀ ਸੇਜ ਸੱਖਣੀ ਹੋ ਕੇ ਮੈਨੂੰ ਹੋਰ ਦੁਖਦਾਈ ਲੱਗ ਰਹੀ ਹੈ। ਉਸ ਪਰਮਾਤਮਾ-ਪਤੀ ਦਾ ਵਿਛੋੜਾ ਮੇਰੇ ਲਈ ਮੌਤ ਦੇ ਦੁੱਖ ਦੇ ਬਰਾਬਰ ਹੋ ਗਿਆ ਹੈ। ਜਿਸ ਜੀਵ ਦੇ ਅੰਦਰ ਰੱਬੀ ਪ੍ਰੇਮ ਹੈ, ਉਸ ਨੂੰ ਆਪਣੇ ਪਰਮਾਤਮਾ ਤੋਂ ਵਿਛੜ ਕੇ, ਉਸ ਅਕਾਲ ਪੁਰਖ ਦੇ ਮਿਲਾਪ ਤੋਂ ਬਿਨਾ ਨਾ ਨੀਂਦ ਆਉਂਦੀ ਹੈ ਅਤੇ ਨਾ ਹੀ ਭੁੱਖ ਲੱਗਦੀ ਹੈ। ਉਸ ਨੂੰ ਆਪਣੇ ਸਰੀਰ ਉਤੇ ਕਪੜਾ ਪਾਇਆ ਵੀ ਸੋਹਣਾ ਨਹੀਂ ਲੱਗਦਾ। ਕਹਿਣ ਤੋਂ ਭਾਵ ਹੈ ਕਿ ਉਸ ਪਰਮਾਤਮਾ ਤੋਂ ਵਿਛੜ ਕੇ ਸਰੀਰਕ ਸੁੱਖ ਵੀ ਚੰਗੇ ਨਹੀਂ ਲੱਗਦੇ।

ਗੁਰੂ ਨਾਨਕ ਸਾਹਿਬ ਅੱਗੇ ਫ਼ਰਮਾਉਂਦੇ ਹਨ ਕਿ ਉਹ ਭਾਗਾਂ ਵਾਲਾ ਜੀਵ ਅਕਾਲ ਪੁਰਖ ਦੇ ਪ੍ਰੇਮ ਦਾ, ਉਸ ਦੀ ਮਿਹਰ ਦਾ ਹੱਕਦਾਰ ਹੋ ਸਕਦਾ ਹੈ ਜਿਸ ਦੀ ਸੁਰਤਿ ਸਦਾ ਅਕਾਲ ਪੁਰਖ ਦੀ ਯਾਦ ਵਿਚ ਜੁੜੀ ਰਹਿੰਦੀ ਹੈ,

ਸਾਵਣਿ ਸਰਸ ਮਨਾ
ਘਣ ਵਰਸਹਿ ਰੁਤਿ ਆਏ॥
ਮੈ ਮਨਿ ਤਨਿ ਸਹੁ ਭਾਵੈ
ਪਿਰ ਪਰਦੇਸਿ ਸਿਧਾਏ॥
ਪਿਰੁ ਘਰਿ ਨਹੀ ਆਵੈ
ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ
ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ
ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ
ਪਿਰ ਕੈ ਅੰਕਿ ਸਮਾਵਏ॥੯॥
(ਪੰਨਾ ੧੧੦੮)

ਵਰਖਾ ਰੁੱਤ ਸਾਵਣ ਤੋਂ ਸ਼ੁਰੂ ਹੋ ਕੇ ਭਾਦੋਂ ਦੇ ਮਹੀਨੇ ਤੱਕ ਰਹਿੰਦੀ ਹੈ। ਗੁਰੂ ਨਾਨਕ ਸਾਹਿਬ ਭਾਦੋਂ ਦੀ ਗੱਲ ਕਰਦੇ ਹਨ ਕਿ ਵਰਖਾ ਕਾਰਨ ਸਾਰੇ ਟੋਏ ਟਿੱਬੇ ਪਾਣੀ ਨਾਲ ਭਰੇ ਹੋਏ ਹਨ। ਭਾਦੋਂ ਦੇ ਮਹੀਨੇ ਵਰਖਾ ਰੁੱਤ ਦੇ ਇਸ ਨਜ਼ਾਰੇ ਦਾ ਰੰਗ ਮਾਣਿਆ ਜਾ ਸਕਦਾ ਹੈ। ਆਪਣੇ ਸੁਹੱਪਣ, ਜੁਆਨ ਉਮਰ ਦੇ ਰੰਗ ਵਿਚ ਮਸਤ ਹੋਇਆ ਮਨੁੱਖ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ। ਉਸ ਇਸਤਰੀ ਦੇ ਪ੍ਰਤੀਕ ਰਾਹੀਂ ਇਸ ਗੱਲ ਨੂੰ ਸਪੱਸ਼ਟ ਕੀਤਾ ਹੈ ਜੋ ਆਪਣੇ ਜੋਬਨ ਦੇ ਮਾਣ ਦੇ ਭੁਲੇਖੇ ਵਿਚ ਗ਼ਲਤੀ ਖਾ ਜਾਂਦੀ ਹੈ ਅਤੇ ਫਿਰ ਪਤੀ ਦੇ ਵਿਛੋੜੇ ਵਿਚ ਜਿਸ ਨੂੰ ਪਛਤਾਉਣਾ ਪੈਂਦਾ ਹੈ। ਕਾਲੀ-ਬੋਲੀ ਰਾਤ ਵਿਚ ਜਦੋਂ ਮੀਂਹ ਵਰ੍ਹਦਾ ਹੈ ਤਾਂ ਡੱਡੂ ਆਪਣੀਆਂ ਗੜੈਂ ਗੜੈਂ ਦੀਆਂ ਅਵਾਜ਼ਾਂ ਕੱਢਦੇ ਹਨ, ਬੱਦਲਾਂ ਦੀ ਗ਼ਰਜ ਨਾਲ ਮੋਰ ਬੋਲਦੇ ਹਨ ਅਤੇ ਪਪੀਹਾ ਵੀ 'ਪ੍ਰਿਉ ਪ੍ਰਿਉ' ਕਰਦਾ ਹੈ। ਪਰ ਆਪਣੇ ਪਤੀ ਤੋਂ ਵਿਛੜੀ ਇਸਤਰੀ ਦੇ ਕੰਨਾਂ ਨੂੰ ਇਹ ਸਭ ਕੁਝ ਲੁਭਾਉਂਦਾ ਨਹੀਂ। ਉਸ ਨੂੰ ਤਾਂ ਇਹੀ ਲੱਗਦਾ ਹੈ ਕਿ ਭਾਦੋਂ ਦੇ ਮਹੀਨੇ ਸੱਪ ਡੰਗਦੇ ਫਿਰਦੇ ਹਨ, ਮੱਛਰ ਡੰਗ ਮਾਰ ਰਿਹਾ ਹੈ। ਆਲੇ ਦੁਆਲੇ ਛੱਪੜ ਪਾਣੀ ਨਾਲ ਭਰੇ ਹੋਏ ਹਨ। ਪਰ ਬਿਰਹਾ ਵਿਚ ਤੜਪ ਰਹੀ ਇਸਤਰੀ ਨੂੰ ਇਹ ਸਭ ਕੁਝ ਨਹੀਂ ਲੁਭਾਉਂਦਾ।

ਜਿਸ ਮਨੁੱਖ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਹ ਅਕਾਲ ਪੁਰਖ ਤੋਂ ਵਿਛੜਿਆ ਹੋਇਆ ਹੈ, ਉਸ ਨੂੰ ਪਰਮਾਤਮਾ ਦੀ ਯਾਦ ਤੋਂ ਬਿਨਾ ਕੋਈ ਆਤਮਕ ਅਨੰਦ ਪ੍ਰਾਪਤ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਆਪਣੇ ਗੁਰੂ ਤੋਂ ਰਸਤਾ ਪੁੱਛ ਕੇ ਉਸ ਰਸਤੇ 'ਤੇ ਚੱਲਣ ਨਾਲ ਅਕਾਲ ਪੁਰਖ ਨਾਲ ਮੇਲ ਹੋ ਜਾਂਦਾ ਹੈ,

ਭਾਦਉ ਭਰਮਿ ਭੁਲੀ
ਭਰਿ ਜੋਬਨਿ ਪਛੁਤਾਣੀ॥
ਜਲ ਥਲ ਨੀਰਿ ਭਰੇ ਬਰਸ
ਰੁਤੇ ਰੰਗੁ ਮਾਣੀ॥
ਬਰਸੈ ਨਿਸਿ ਕਾਲੀ ਕਿਉ
ਸੁਖੁ ਬਾਲੀ ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ
ਭੁਇਅੰਗਮ ਫਿਰਹਿ ਡਸੰਤੇ॥
ਮਛਰ ਡੰਗ ਸਾਇਰ ਭਰ ਸੁਭਰ
ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪੁਨੇ
ਜਹ ਪ੍ਰਭੁ ਤਹ ਹੀ ਜਾਈਐ॥੧੦॥
(ਪੰਨਾ ੧੧੦੮)

ਭਾਦੋਂ ਦੇ ਸਖ਼ਤ ਮੌਸਮ ਪਿਛੋਂ ਅੱਸੂ ਦਾ ਮਹੀਨਾ ਆਉਂਦਾ ਹੈ ਜਿਸ ਵਿਚ ਹੁੰਮਸ ਖ਼ਤਮ ਹੋ ਜਾਂਦਾ ਹੈ ਅਤੇ ਮੌਸਮ ਥੋੜਾ ਠੰਢਾ ਹੋ ਜਾਂਦਾ ਹੈ। ਇਸ ਮੌਸਮ ਵਿਚ ਪਤੀ ਤੋਂ ਵਿਛੜੀ ਇਸਤਰੀ ਆਪਣੇ ਪਤੀ ਨੂੰ ਪੁਕਾਰਦੀ ਹੈ ਕਿ ਮੈਂ ਤੇਰੇ ਵਿਛੋੜੇ ਵਿਚ ਝੂਰ ਰਹੀ ਹਾਂ, ਮੈਨੂੰ ਆ ਕੇ ਮਿਲ। ਜੀਵ-ਇਸਤਰੀ ਪੁਕਾਰ ਕਰਦੀ ਹੈ ਕਿ ਤੇਰੇ ਤੋਂ ਵਿਛੜ ਕੇ ਮੈਂ ਆਤਮਕ ਮੌਤ ਮਰ ਰਹੀ ਹਾਂ। ਦੁਨਿਆਵੀ ਮਾਇਆ-ਮੋਹ ਵਿਚ ਫਸ ਕੇ ਮੈਂ ਰਸਤੇ ਤੋਂ ਭਟਕ ਗਈ ਹਾਂ। ਅਕਾਲ ਪੁਰਖ ਅੱਗੇ ਬੇਨਤੀ ਕਰਦੀ ਹੈ ਕਿ ਤੈਨੂੰ ਤਾਂ ਹੀ ਮਿਲ ਸਕੀਦਾ ਹੈ ਜੇ ਤੂੰ ਮਿਲਾਵੇਂ।

ਅੱਸੂ ਦੇ ਮਹੀਨੇ ਦਰਿਆਵਾਂ ਕੰਢੇ ਉਗੀ ਕਾਹੀ ਅਤੇ ਪਿਲਛੀ ਨੂੰ ਫੁੱਲ ਪੈ ਗਏ ਹਨ। ਇਸੇ ਤਰ੍ਹਾਂ ਅਕਾਲ ਪੁਰਖ ਤੋਂ ਵਿਛੋੜੇ ਨਾਲ ਵਾਲ ਸਫ਼ੈਦ ਹੋ ਗਏ ਹਨ। ਭਾਦੋਂ ਦੀ ਗਰਮੀ ਪਿੱਛੇ ਰਹਿ ਗਈ ਹੈ ਅਤੇ ਸਰਦੀ ਰੁੱਤ ਆ ਰਹੀ ਹੈ। ਇਸੇ ਤਰ੍ਹਾਂ ਜੁਆਨੀ ਦੀ ਰੁੱਤ ਵੀ ਚਲੀ ਗਈ ਹੈ, ਸਰੀਰਕ ਤਾਕਤ ਖ਼ਤਮ ਹੋ ਰਹੀ ਹੈ, ਸਰੀਰ ਕਮਜ਼ੋਰ ਹੋ ਰਿਹਾ ਹੈ। ਇਸ ਹਾਲਤ ਨੂੰ ਦੇਖ ਕੇ ਮਨ ਡੋਲਦਾ ਹੈ ਕਿ ਸਮਾਂ ਬੀਤਦਾ ਜਾ ਰਿਹਾ ਹੈ, ਅਕਾਲ ਪੁਰਖ ਦੇ ਦਰਸ਼ਨ ਨਹੀਂ ਹੋਏ। ਅੱਸੂ ਦੇ ਮਹੀਨੇ ਬਨਸਪਤੀ ਹਰਿਆਲੀ ਹੈ, ਜਿਸ ਨੂੰ ਦੇਖ ਕੇ ਮਨ ਵਿਚ ਧੀਰਜ ਵੀ ਆਉਂਦਾ ਹੈ ਕਿ ਜੋ ਜੀਵ ਅਡੋਲ ਅਵਸਥਾ ਵਿਚ ਦ੍ਰਿੜ ਰਹਿੰਦਾ ਹੈ ਉਸ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਅਤੇ ਉਸ ਨੂੰ ਮਿਲਾਪ ਦੀ ਮਿੱਠੀ ਖੁਸ਼ੀ ਪ੍ਰਾਪਤ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਇਸ ਮਿੱਠੀ ਰੁੱਤ ਵਿਚ ਮਨ ਨੂੰ ਅਕਾਲ ਪੁਰਖ ਅੱਗੇ ਅਰਦਾਸ ਕਰਨ ਲਈ ਕਹਿੰਦੇ ਹਨ ਤਾਂ ਕਿ ਉਸ ਦੀ ਮਿਹਰ ਸਦਕਾ ਗੁਰੂ ਰਾਹੀਂ ਉਸ ਅਕਾਲ ਪੁਰਖ ਨਾਲ ਮੇਲ ਹੋ ਜਾਵੇ,

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥
ਝੂਠਿ ਵਿਗੁਤੀ ਤਾ ਪਿਰ ਮੁਤੀ
ਕੁਕਹ ਕਾਹ ਸਿ ਫੁਲੇ॥
ਆਗੈ ਘਾਮ ਪਿਛੈ ਰੁਤਿ ਜਾਡਾ
ਦੇਖਿ ਚਲਤ ਮਨੁ ਡੋਲੇ॥
ਦਹਦਿਸਿ ਸਾਖ ਹਰੀ ਹਰੀਆਵਲ
ਸਹਜਿ ਪਕੈ ਸੋ ਮੀਠਾ॥
ਨਾਨਕ ਅਸੁਨਿ ਮਿਲਹੁ ਪਿਆਰੇ
ਸਤਿਗੁਰ ਭਏ ਬਸੀਠਾ॥੧੧॥
(ਪੰਨਾ ੧੧੦੮-੯)

## ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਗਈ ਬਹੋੜੁ ਬੰਦੀ ਛੋੜੁ
ਨਿਰੰਕਾਰੁ ਦੁਖਦਾਰੀ॥
ਕਰਮੁ ਨ ਜਾਣਾ ਧਰਮੁ ਨ ਜਾਣਾ
ਲੋਭੀ ਮਾਇਆਧਾਰੀ॥
ਨਾਮੁ ਪਰਿਓ ਭਗਤੁ ਗੋਵਿੰਦ ਕਾ
ਇਹ ਰਾਖਹੁ ਪੈਜ ਤੁਮਾਰੀ॥੧॥
ਹਰਿ ਜੀਉ ਨਿਮਾਣਿਆ ਤੂ ਮਾਣੁ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ
ਤੇਰੀ ਕੁਦਰਤਿ ਕਉ ਕੁਰਬਾਣੁ॥ਰਹਾਉ॥
ਜੈਸਾ ਬਾਲਕੁ ਭਾਇ ਸੁਭਾਈ
ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ
ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ
ਆਗੈ ਮਾਰਗਿ ਪਾਵੈ॥੨॥
ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਤਾ ਕਿਸੁ ਪਹਿ ਆਖਿ ਸੁਣਾਈਐ॥
ਕਹਣੈ ਕਥਨਿ ਨ ਭੀਜੈ ਗੋਬਿੰਦੁ
ਹਰਿ ਭਾਵੈ ਪੈਜ ਰਖਾਈਐ॥
ਅਵਰ ਓਟ ਮੈ ਸਗਲੀ ਦੇਖੀ
ਇਕ ਤੇਰੀ ਓਟ ਰਹਾਈਐ॥੩॥
ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ
ਆਪੇ ਸੁਣੈ ਬੇਨੰਤੀ॥
ਪੂਰਾ ਸਤਗੁਰੁ ਮੇਲਿ ਮਿਲਾਵੈ
ਸਭ ਚੂਕੈ ਮਨ ਕੀ ਚਿੰਤੀ॥
ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ
ਜਨ ਨਾਨਕ ਸੁਖਿ ਵਸੰਤੀ॥੪॥

ਹੇ ਮੇਰੇ ਮਿਹਰਵਾਨ ਪ੍ਰਭ ਜੀਉ! ਤੂੰ ਤਾਂ ਆਤਮਿਕ ਜੀਵਨ ਦੀ ਗਵਾਚ ਚੁੱਕੀ ਰਾਸ ਪੂੰਜੀ ਨੂੰ ਵਾਪਸ ਦਿਵਾਉਣ ਵਾਲਾ ਮਾਲਕ ਹੈਂ। ਤੂੰ ਤਾਂ ਵਿਕਾਰਾਂ ਦੀ ਕੈਦ ਵਿਚੋਂ ਮੁਕਤ ਕਰਾਉਣ ਵਾਲਾ ਬੰਦੀ-ਛੋੜ ਹੈਂ। ਪ੍ਰਭੂ ਜੀਉ! ਤੇਰਾ ਸਰੂਪ ਦੱਸਣ ਤੋਂ ਪਰ੍ਹੇ ਹੈ। ਤੂੰ ਜੀਵਾਂ ਨੂੰ ਦੁਖਾਂ ਵਿਚ ਵੀ ਢਾਰਸ ਦੇਣ ਵਾਲਾ ਹੈਂ। ਪ੍ਰਭੂ ਜੀਉ! ਮੈਨੂੰ ਕੋਈ ਚੰਗੇ ਕਰਮ ਜਾਂ ਚੰਗਾ ਧਰਮ ਕਰਨਾ ਵੀ ਨਹੀਂ ਆਉਂਦਾ। ਮੈਂ ਲੋਭ ਵਿਚ ਫਸਿਆ ਲੋਭੀ ਹਾਂ। ਮੈਂ ਮਾਇਆ ਵਿਚ ਗ੍ਰਸਤ ਮਾਇਆਧਾਰੀ ਵੀ ਹਾਂ, ਪਰ ਮੇਰਾ ਨਾਮ ਗੋਬਿੰਦ ਦਾ ਭਗਤ ਪੈ ਗਿਆ ਹੈ। ਤੂੰ ਆਪਣੇ ਨਾਮ ਦੀ ਪੈਜ ਰੱਖ ਲੈ।

ਹਰਿ ਜੀਉ ਨਿਮਾਣਿਆ ਤੂ ਮਾਣੁ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ
ਤੇਰੀ ਕੁਦਰਤਿ ਕਉ ਕੁਰਬਾਣੁ॥ਰਹਾਉ॥

ਰਹਾਉ ਦੀ ਪੰਕਤੀ ਵਿਚ ਗੁਰਦੇਵ ਜੀ ਉਸ ਬਖਸ਼ਿੰਦ ਪ੍ਰਭੂ ਦੀ ਉਸਤਤਿ ਕਰਦੇ ਹੋਏ ਆਖਦੇ ਹਨ, ਹੇ ਮੇਰੇ ਮਿਹਰਵਾਨ ਪ੍ਰਭ ਜੀਉ! ਤੂੰ ਤਾਂ ਉਨ੍ਹਾਂ ਬੰਦਿਆਂ ਨੂੰ ਮਾਣ ਦਿੰਦਾ ਹੈ, ਜਿਨ੍ਹਾਂ ਦਾ ਕੋਈ ਵੀ ਮਾਣ ਨਹੀਂ ਕਰਦਾ। ਇਸ ਲਈ ਪ੍ਰਭੂ ਜੀਉ! ਤੂੰ ਤਾਂ ਨਿਮਾਣਿਆਂ ਦਾ ਮਾਣ ਹੈਂ। ਹੇ ਭਾਈ! ਉਹ ਗੋਬਿੰਦ ਪ੍ਰਭ ਜੀ ਤਾਂ ਜਿਨ੍ਹਾਂ ਜੀਵਾਂ ਨੂੰ ਹਰ ਥਾਂ ਠੁਕਰਾਇਆ ਜਾਂਦਾ ਹੈ, ਉਨ੍ਹਾਂ ਨੂੰ ਵੀ ਮਾਣ-ਸਤਿਕਾਰਯੋਗ ਬਣਾ ਦਿੰਦਾ। ਇਸ ਲਈ ਪ੍ਰਭੂ ਜੀਉ! ਮੈਂ ਤੇਰੀ ਹਸਤੀ ਤੋਂ ਸਦਕੇ ਜਾਂਦਾ ਹਾਂ।

ਜੈਸਾ ਬਾਲਕੁ ਭਾਇ ਸੁਭਾਈ
ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ
ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ
ਆਗੈ ਮਾਰਗਿ ਪਾਵੈ॥੨॥

ਹੇ ਭਾਈ! ਜਿਸ ਤਰ੍ਹਾਂ ਕੋਈ ਬੱਚਾ ਆਪਣੇ ਸੁਭਾਉ ਅਨੁਸਾਰ ਲੱਖਾਂ ਹੀ ਗਲਤੀਆਂ ਕਰਦਾ ਹੈ ਅਤੇ ਉਸ ਦਾ ਪਿਤਾ ਉਸ ਨੂੰ ਸਿੱਖਿਆ ਦੇ-ਦੇ ਕੇ ਕਈ ਤਰੀਕਿਆਂ ਨਾਲ ਝਿੜਕਦਾ ਵੀ ਹੈ, ਪਰ ਉਸ ਨੂੰ ਗਲ ਨਾਲ ਵੀ ਲਾ ਲੈਂਦਾ ਹੈ। ਠੀਕ ਇਸੇ ਤਰ੍ਹਾਂ ਹੀ ਉਹ ਜਗਤ ਪਿਤਾ ਵੀ ਮਿਹਰਾਂ ਵਿਚ ਆ ਕੇ ਜੀਵਾਂ ਦੇ ਪਿਛਲੇ ਕੀਤੇ ਗੁਨਾਹ ਬਖਸ਼ ਦਿੰਦਾ ਹੈ, ਤੇ ਅਗਾਂਹ ਵਾਸਤੇ ਜੀਵ ਨੂੰ ਸੁਚੱਜੇ ਅਤੇ ਨੇਕ ਰਸਤੇ ਉਤੇ ਪਾ ਦਿੰਦਾ ਹੈ।

ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਤਾ ਕਿਸੁ ਪਹਿ ਆਖਿ ਸੁਣਾਈਐ॥
ਕਹਣੈ ਕਥਨਿ ਨ ਭੀਜੈ ਗੋਬਿੰਦੁ
ਹਰਿ ਭਾਵੈ ਪੈਜ ਰਖਾਈਐ॥
ਅਵਰ ਓਟ ਮੈ ਸਗਲੀ ਦੇਖੀ
ਇਕ ਤੇਰੀ ਓਟ ਰਹਾਈਐ॥੩॥

ਹੇ ਭਾਈ! ਉਹ ਸੰਸਾਰ ਦਾ ਮਾਲਕ ਤਾਂ ਸਭ ਦੇ ਦਿਲਾਂ ਦੀਆਂ ਜਾਣਨ ਵਾਲਾ ਹੈ, ਫਿਰ ਭਲਾ ਉਸ ਨੂੰ ਛੱਡ ਕੇ ਹੋਰ ਕਿਸ ਕੋਲ ਆਪਣੀ ਗੱਲ ਸੁਣਾਈ ਜਾ ਸਕਦੀ ਹੈ; ਕਹਣੈ ਕਥਨਿ ਨ ਭੀਜੈ ਗੋਬਿੰਦੁ, ਹੇ ਭਾਈ! ਉਹ ਪ੍ਰਭੂ ਨਿਰੀਆਂ ਗੱਲਾਂ ਕਰਨ ਨਾਲ ਹੀ ਖੁਸ਼ ਨਹੀਂ ਹੋ ਜਾਂਦਾ; ਹਰਿ ਭਾਵੈ ਪੈਜ ਰਖਾਈਐ, ਪਰ ਜਿਹੜਾ ਜੀਵ ਉਸ ਮਾਲਕ ਨੂੰ ਚੰਗਾ ਲੱਗ ਜਾਵੇ, ਉਹਦੀ ਇੱਜ਼ਤ ਉਹ ਆਪ ਰੱਖ ਲੈਂਦਾ ਹੈ। ਪ੍ਰਭੂ ਜੀਉ! ਮੈਂ ਹੋਰ ਸਾਰੇ ਆਸਰੇ ਪਰਖ ਲਏ ਹਨ, ਹੁਣ ਮੈਂ ਤੇਰਾ ਹੀ ਆਸਰਾ ਰੱਖਿਆ ਹੈ।

ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ
ਆਪੇ ਸੁਣੈ ਬੇਨੰਤੀ॥
ਪੂਰਾ ਸਤਗੁਰੁ ਮੇਲਿ ਮਿਲਾਵੈ
ਸਭ ਚੂਕੈ ਮਨ ਕੀ ਚਿੰਤੀ॥
ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ
ਜਨ ਨਾਨਕ ਸੁਖਿ ਵਸੰਤੀ॥੪॥

ਹੇ ਭਾਈ! ਮਿਹਰਵਾਨ ਪ੍ਰਭੂ ਦਇਆਲਤਾ ਵਿਚ ਆ ਕੇ, ਕਿਰਪਾਲ ਹੋ ਕੇ ਜਿਸ ਜੀਵ ਦੀ ਆਪ ਬੇਨਤੀ ਸੁਣ ਲੈਂਦਾ ਹੈ, ਪੂਰਾ ਸਤਗੁਰੁ ਮੇਲਿ ਮਿਲਾਵੈ, ਫਿਰ ਉਸ ਜੀਵ ਨੂੰ ਪੂਰਾ ਗੁਰੂ ਮਿਲਾ ਦਿੰਦਾ ਹੈ, ਤੇ ਜਦ ਜੀਵਨ ਨਾਲ ਪੂਰੇ ਗੁਰੂ ਦਾ ਮੇਲ ਮਿਲ ਗਿਆ; ਸਭ ਚੂਕੈ ਮਨ ਕੀ ਚਿੰਤੀ, ਤਾਂ ਉਸ ਜੀਵ ਦੇ ਮਨ ਦੀ ਹਰ ਤਰ੍ਹਾਂ ਦੀ ਸਾਰੀ ਹੀ ਚਿੰਤਾ ਮੁੱਕ ਜਾਂਦੀ ਹੈ; ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ, ਹੇ ਭਾਈ! ਇਹ ਦਾਸ ਨਾਨਕ ਆਖਦਾ ਹੈ, ਉਹ ਪੂਰਾ ਗੁਰੂ ਜਿਸ ਜੀਵ ਦੇ ਮੂੰਹ ਵਿਚ ਹਰੀ ਦੇ ਨਾਮ ਰੂਪੀ ਦਵਾਈ ਪਾ ਦਿੰਦਾ ਹੈ, ਉਹ ਜੀਵ ਆਤਮਿਕ ਸੁੱਖ ਵਿਚ ਵੱਸਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਦੋਸਤ ਨਹੀਂ, ਟੱਬਰ ਦਾ ਜੀਅ ਬਣਦਾ ਹੈ ਇਹ!

**ਖੇਡਾਂ ਵਾਲਾ ਸਰਵਣ-3**

*ਸ. ਗੁਰਬਚਨ ਸਿੰਘ ਭੁੱਲਰ ਦੀਆਂ ਲਿਖਤਾਂ ਪੰਜਾਬ ਟਾਈਮਜ਼ ਦੇ ਪਾਠਕ ਇਕ ਅਰਸੇ ਤੋਂ ਪੜ੍ਹਦੇ ਆ ਰਹੇ ਹਨ। ਉਹ ਨਾਮੀ ਕਹਾਣੀਕਾਰ ਵੀ ਹਨ ਅਤੇ ਪੱਤਰਕਾਰ ਵੀ। ਉਨ੍ਹਾਂ ਨੂੰ ਕਹਾਣੀ ਵਿਚ ਪੱਤਰਕਾਰੀ ਤੇ ਪੱਤਰਕਾਰੀ ਵਿਚ ਕਹਾਣੀ ਰਲਾਉਣ ਦੀ ਵੀ ਪੂਰੀ ਜਾਚ ਹੈ। ਪੰਜਾਬੀ ਦੇ ਸ਼੍ਰੋਮਣੀ ਨਾਟਕਕਾਰ ਮਰਹੂਮ ਬਲਵੰਤ ਗਾਰਗੀ ਬਾਰੇ ਭੁੱਲਰ ਸਾਹਿਬ ਦਾ ਲੰਮਾ ਰੇਖਾ-ਚਿਤਰ ਨੁਮਾ ਲੇਖ ਪਾਠਕ ਪੜ੍ਹ ਹੀ ਚੁਕੇ ਹਨ। ਰੇਖਾ-ਚਿਤਰ ਲਿਖਦਿਆਂ ਸ਼ਾਇਦ ਆਪਣੇ ਜ਼ਿਲ੍ਹੇ ਦੇ ਹਮਵਾਸੀ ਬਲਵੰਤ ਗਾਰਗੀ ਦੀ ਉਂਗਲ ਫੜਦਿਆਂ ਉਹ ਵਿਅਕਤੀ ਦੀਆਂ ਸਿਫਤਾਂ ਵੀ ਕਰੀ ਜਾਂਦੇ ਹਨ ਤੇ ਉਸ ਨੂੰ ਚੋਭਾਂ ਵੀ ਲਾਈ ਜਾਂਦੇ ਹਨ। ਇਹੋ ਕੁਝ ਉਨ੍ਹਾਂ ਬਲਵੰਤ ਗਾਰਗੀ ਨਾਲ ਕੀਤਾ ਸੀ ਅਤੇ ਹੁਣ ਇਹੋ ਕੁਝ ਪ੍ਰਿੰ. ਸਰਵਣ ਸਿੰਘ ਬਾਰੇ ਲਿਖੇ ਇਸ ਲੜੀਵਾਰ ਲੇਖ ਵਿਚ ਕੀਤਾ ਹੈ। -ਸੰਪਾਦਕ*

ਸਰਵਣ ਨੇ ਪੰਜਾਬੀ, ਭਾਰਤੀ ਤੇ ਸੰਸਾਰ ਖੇਡਾਂ ਅਤੇ ਖਿਡਾਰੀਆਂ ਬਾਰੇ ਲਿਖਿਆ ਹੈ, ਦੇਸੀ, ਏਸ਼ੀਆਈ, ਕਾਮਨਵੈਲਥ ਤੇ ਉਲੰਪਿਕ ਖੇਡ ਮੇਲਿਆਂ ਦਾ ਨਜ਼ਾਰਾ ਦਿਖਾਇਆ ਹੈ ਅਤੇ ਅਨੇਕ ਛੋਟੇ-ਵੱਡੇ ਖੇਡ-ਮੁਕਾਬਲਿਆਂ ਦਾ ਹਾਲ ਕਲਮਬੰਦ ਕੀਤਾ ਹੈ। ਇਹਦੇ ਆਪਣੇ ਕਹਿਣ ਅਨੁਸਾਰ ਚਾਂਭ ਚਾਂਭ ਵਿਚ ਲਿਖਣਾ ਸ਼ੁਰੂ ਕੀਤਾ ਖੇਡ-ਸਾਹਿਤ ਹੁਣ ਹੱਡਾਂ ਵਿਚ ਰਮ ਗਿਆ ਹੈ ਜਿਸ ਨਾਲ ਨਾ ਕੋਈ ਗਰਜ਼-ਗਉਂ ਜੁੜਿਆ ਹੋਇਆ ਹੈ, ਨਾ ਕੋਈ ਲੋਭ-ਲਾਲਚ। ਇਹ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਗਿਣਤੀ ਦੇ ਉਨ੍ਹਾਂ ਪੰਜਾਬੀ ਲੇਖਕਾਂ ਵਿਚੋਂ ਹੈ ਜੋ ਕਿਸੇ ਇਨਾਮ-ਸਨਮਾਨ ਲਈ ਤਰਲੇ ਨਹੀਂ ਮਾਰਦੇ। ਮਿਲ ਗਿਆ ਤਾਂ ਵਾਹ ਭਲੀ, ਨਹੀਂ ਤਾਂ ਨਾ ਸਹੀ! ਜੇ ਇਹਨੂੰ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਪੰਜਾਬੀ ਲੇਖਕ ਪੁਰਸਕਾਰ, ਪੰਜਾਬੀ ਸਾਹਿਤ ਅਕਾਦਮੀ ਦਾ ਧਾਲੀਵਾਲ ਪੁਰਸਕਾਰ, ਪੰਜਾਬੀ ਸੱਥ ਲਾਂਬੜਾ ਦਾ ਸੱਯਦ ਵਾਰਿਸ ਸ਼ਾਹ ਪੁਰਸਕਾਰ, ਸਪੋਰਟਸ ਅਥਾਰਟੀ ਆਫ ਇੰਡੀਆ ਦਾ ਕੌਮੀ ਪੁਰਸਕਾਰ ਅਤੇ ਸਾਹਿਤ ਸਭਾਵਾਂ ਵੱਲੋਂ ਤੇ ਖੇਡ ਮੇਲਿਆਂ ਦੇ ਪ੍ਰਬੰਧਕਾਂ ਵੱਲੋਂ ਅਨੇਕ ਮਾਣ-ਸਨਮਾਨ ਮਿਲੇ ਹਨ, ਇਹ ਇਹਦੀ ਇੱਛਾ ਦੇ ਨਹੀਂ ਸਗੋਂ ਦੇਣ ਵਾਲਿਆਂ ਦੀ ਪਾਰਖੂ ਅੱਖ ਦੇ ਫ ਹਨ। ਖੇਡ-ਲੇਖਕਾਂ ਬਾਰੇ ਸਾਹਿਤਕਾਰ ਨਾ ਹੋਣ ਦਾ ਫਤਵਾ ਦੇਣ ਵਾਲਾ ਆਲੋਚਕ ਤਾਂ ਹੁਣ ਪਤਾ ਨਹੀਂ ਕਿਥੇ ਹੈ ਤੇ ਕੀ ਹੈ, ਸਰਵਣ ਨੂੰ ਨਾ ਜਾਨਣ ਵਾਲਾ ਪੰਜਾਬੀ ਦਾ ਇਕ ਵੀ ਪਾਠਕ ਦੇਸ-ਪਰਦੇਸ ਵਿਚ ਲੱਭਣਾ ਔਖਾ ਹੈ।

ਟੂਰਨਾਮੈਂਟਾਂ ਦੇ ਰੈਫਰੀ ਵਜੋਂ ਇਹਦਾ ਦੂਰ ਦੂਰ ਜਾਣਾ ਦੇਖ ਕੇ ਮੈਂ ਇਕ ਵਾਰ ਪੁੱਛਿਆ, ਉਹ ਤੈਨੂੰ ਕੁਛ ਦਿੰਦੇ ਵੀ ਹਨ ਕਿ ਏਸ ਉਮਰ ਵਿਚ ਐਵੇਂ ਭੱਜਿਆ ਫਿਰਦਾ ਹੈਂ? ਬੇਪਰਵਾਹੀ ਨਾਲ ਕਹਿੰਦਾ, "ਆਉਣ-ਜਾਣ ਦੀ ਹਵਾਈ ਟਿਕਟ ਭੇਜ ਦਿੰਦੇ ਐ, ਉਥੇ ਸਾਂਭ-ਸੰਭਾਈ ਵਧੀਆ ਕਰਦੇ ਐ, ਹੋਰ ਆਪਾਂ ਨੂੰ ਕੀ ਚਾਹੀਦੈ? ਆਪਾਂ ਨੂੰ ਸੁੱਖ ਨਾਲ ਕਿਹੜਾ ਕੋਈ ਘਾਟਾ ਐ ਕਿਸੇ ਗੱਲ ਦਾ!" ਇਸੇ ਕਰਕੇ ਮੈਂ ਸੋਚਿਆ, ਕਿਉਂ ਨਾ ਆਪਣੇ ਲਿਖੇ ਕਲਮੀ ਚਿਤਰ ਦਾ ਸਿਰਲੇਖ 'ਸਰਵਣ ਸਾਧ' ਰੱਖ ਲਵਾਂ!

ਸਿਰਲੇਖ ਤੋਂ ਯਾਦ ਆਇਆ, ਕੁਛ ਸਾਲ ਪਹਿਲਾਂ ਮੈਂ ਦਸ ਨੇੜਲੇ ਸੱਜਣਾਂ ਦੇ ਕਲਮੀ ਚਿਤਰਾਂ ਦਾ ਸੰਗ੍ਰਿਹ 'ਨੇੜੇ ਨੇੜੇ' ਛਪਵਾਇਆ ਸੀ। ਉਸ ਪਿੱਛੋਂ ਕਈ ਕਲਮੀ ਚਿਤਰ ਰਸਾਲਿਆਂ-ਪੁਸਤਕਾਂ ਵਿਚ ਛਪੇ ਹਨ। ਜਿਨ੍ਹਾਂ ਬਾਰੇ ਲਿਖਣ ਦੀ ਸਲਾਹ ਸੀ, ਉਨ੍ਹਾਂ ਵਿਚ ਸਰਵਣ ਦਾ ਨਾਂ ਵੀ ਸੀ। ਮੈਂ ਸੋਚਦਾ, ਜਦੋਂ ਲਿਖਿਆ, ਨਾਂ ਰੱਖਾਂਗਾ 'ਬੋਤੇ ਤੋਂ ਹਵਾਈ ਜਹਾਜ਼ ਤੱਕ!' ਸਾਡੇ ਇਲਾਕੇ ਵਿਚ ਉਦੋਂ ਪੂਰੇ ਟੱਬਰ ਨੇ ਕਿਤੇ ਵਿਆਹ-ਸਾਹੇ ਜਾਣਾ ਹੁੰਦਾ ਤਾਂ ਸੁਸਤ ਚਾਲ ਦੇ ਬਾਵਜੂਦ ਗੱਡਾ ਹੀ ਸਵਾਰੀ ਬਣਦਾ। ਬਹੁਤੇ ਬੰਦਿਆਂ ਨੂੰ ਢੋਣ ਵਾਲੀ ਹੋਰ ਕੋਈ ਸਵਾਰੀ ਹੈ ਹੀ ਨਹੀਂ ਸੀ। ਇਕੱਲੇ-ਦੁਕੱਲੇ ਦੇ ਜਾਣ ਲਈ ਜਿਵੇਂ ਹੁਣ ਲੋਕ ਮੋਟਰਸਾਈਕਲ ਜਾਂ ਕਾਰ ਦੀ ਚਾਬੀ ਘੁਮਾ ਲੈਂਦੇ ਹਨ, ਉਦੋਂ ਬੋਤੇ ਨੂੰ ਥਾਪੀ ਦਿੱਤੀ ਜਾਂਦੀ ਸੀ। ਹਵਾਈ ਜਹਾਜ਼ ਤਾਂ ਬੱਸ ਅਸੀਂ ਉਚਾ ਉਡਦਾ ਹੀ ਦੇਖਦੇ। ਚਿੜੀ ਕੁ ਜਿੱਡਾ ਜਹਾਜ਼ ਬਾਕੀ ਸਾਰਿਆਂ ਨਾਲੋਂ ਪਹਿਲਾਂ ਭਾਲਣਾ ਦਿਲਚਸਪ ਖੇਡ ਹੁੰਦੀ। ਜਿੰਨੇ ਵਾਰ ਸਫਰ ਹੁਣ ਸਰਵਣ ਜਹਾਜ਼ ਰਾਹੀਂ ਕਰਦਾ ਹੈ, ਓਨੇ ਵਾਰ ਤਾਂ ਇਹਨੇ ਪਹਿਲਾਂ ਬੋਤੇ ਰਾਹੀਂ ਵੀ ਨਹੀਂ ਕੀਤਾ ਹੋਣਾ! ਆਪਣੀਆਂ ਲਿਖਤਾਂ ਵਿਚ ਇਹ ਬੋਤੇ ਦੀ ਸਵਾਰੀ ਅਤੇ ਹਵਾਈ ਜਹਾਜ਼ ਦੇ ਸਫਰ ਦਾ ਜ਼ਿਕਰ ਇਕੋ ਜਿੰਨੇ ਸਹਿਜ ਨਾਲ ਕਰਦਾ ਹੈ। ਇਉਂ ਮੈਨੂੰ ਇਹ ਸਿਰਲੇਖ ਇਹਤੋਂ ਹੁਧਾਰਾ ਲੈਣ ਵਾਂਗ ਲੱਗਿਆ।

ਮੇਰੇ ਦਿੱਲੀ ਪਹੁੰਚਣ ਤੋਂ ਮਗਰੋਂ ਦੇ ਦਿਨਾਂ ਵਿਚ ਰੁਪਾਣਾ ਇਹਦੇ ਕਿੱਸੇ ਸੁਣਾਉਂਦਾ ਇਹਨੂੰ 'ਆਪਣਾ ਸਰਵਣ' ਆਖਦਾ। ਹੁਣ ਇਹਨੂੰ ਚਿਰਾਂ ਤੋਂ ਜਾਣਦਿਆਂ ਮੈਨੂੰ ਲਗਦਾ ਸੀ, ਇਸ ਲੇਖ ਦਾ ਸਿਰਲੇਖ 'ਆਪਣਾ ਸਰਵਣ' ਤੋਂ ਬਿਨਾਂ ਕੋਈ ਹੋਰ ਜਚਣਾ ਨਹੀਂ। ਪਰ ਲੇਖਕ ਦੋਸਤ-ਮਿੱਤਰ ਤਾਂ ਲਗਭਗ ਸਾਰੇ ਹੀ ਇਕ-ਦੂਜੇ ਦੇ 'ਆਪਣੇ' ਹੁੰਦੇ ਹਨ। ਤਾਂ ਫੇਰ ਇਸ ਸਿਰਲੇਖ ਵਿਚ ਸਰਵਣ ਵਾਲੀ ਵਿਸ਼ੇਸ਼ਤਾ ਕੀ ਹੋਈ? ਨਾਲੇ ਹੋਰ ਲੇਖਕ ਦੋਸਤ ਗਿਲਾ ਕਰਨਗੇ, ਯਾਰ, ਅਸੀਂ ਨਹੀਂ ਤੇਰੇ ਆਪਣੇ?

ਦਸ ਕੁ ਸਾਲ ਪਹਿਲਾਂ ਇਹ ਕੈਨੇਡਾ ਦਾ ਸਿਟੀਜ਼ਨ ਬਣ ਗਿਆ। ਉਦੋਂ ਤੋਂ ਗਰਮੀਆਂ ਕੈਨੇਡਾ ਵਿਚ ਤੇ ਸਰਦੀਆਂ ਪੰਜਾਬ ਵਿਚ ਕਟਦਾ ਹੈ। ਇਹ ਦਸਦਾ ਹੈ, "ਦਸੰਬਰ ਵਿਚ ਜਦੋਂ ਟੋਰਾਂਟੋ 'ਚ ਬਰਫਾਂ ਪੈਣ ਲਗਦੀਆਂ ਹਨ ਤਾਂ ਮੈਂ ਸਾਇਬੇਰੀਆ ਦੀਆਂ ਕੂੰਜਾਂ ਵਾਂਗ ਪੰਜਾਬ ਨੂੰ ਉਡਾਰੀ ਮਾਰ ਲੈਨਾਂ। ਮਈ ਦੀਆਂ ਲੂੰਆਂ ਵਗਣ ਤੋਂ ਪਹਿਲਾਂ ਪਹਿਲਾਂ ਕੈਨੇਡਾ ਪਰਤ ਆਉਨਾਂ!" ਦਿਲ ਕੀਤਾ, ਸਿਰਲੇਖ 'ਕੈਨੇਡਾ ਦੀ ਕੂੰਜ' ਰੱਖ ਲਵਾਂ। ਪਰ ਇਕ ਤਾਂ ਕੂੰਜ ਜ਼ਨਾਨਾ ਸ਼ਬਦ ਹੈ, ਦੂਜੇ ਇਹਨੂੰ ਕੈਨੇਡੀਅਨ ਕਹਿਣਾ ਮੈਨੂੰ ਚੰਗਾ ਨਾ ਲੱਗਿਆ। ਭਾਵੇਂ ਇਹਨੇ 'ਕੈਨੇਡਾ ਪਰਤ ਜਾਨਾਂ' ਦੀ ਥਾਂ 'ਕੈਨੇਡਾ ਪਰਤ ਆਉਨਾਂ' ਲਿਖਿਆ ਹੈ ਪਰ ਇਹ ਅਜੇ ਵੀ ਸਭ ਨੂੰ ਚਕਰ, ਢੁੱਡੀਕੇ ਤੇ ਮੁਕੰਦਪੁਰ ਦਾ ਵਾਸੀ ਹੀ ਲਗਦਾ ਹੈ ਜੋ ਸਕੀਰੀ ਵਿਚ ਜਾ ਆਉਣ ਵਾਂਗ ਕੈਨੇਡਾ ਜਾ ਆਉਂਦਾ ਹੈ!

ਅੰਤ ਵਿਚ ਮੈਂ ਸੋਚਿਆ, ਸਰਵਣ ਤਾਂ ਮੁੱਖ




ਰੂਪ ਵਿਚ ਖੇਡਾਂ ਬਾਰੇ, ਖੇਡ-ਮੇਲਿਆਂ ਬਾਰੇ, ਖੇਡ-ਮੁਕਾਬਲਿਆਂ ਬਾਰੇ, ਖਿਡਾਰੀਆਂ ਬਾਰੇ ਅਤੇ ਖੇਡਾਂ ਨਾਲ ਜੁੜੇ ਹੋਏ ਹੋਰ ਲੱਲੇ-ਭੱਬੇ ਬਾਰੇ ਹੀ ਲਿਖਦਾ ਹੈ। ਹੁਣ ਕੰਮ-ਮੁਕਤ ਤੇ ਕਬੀਲਦਾਰੀ-ਮੁਕਤ ਜੀਵਨ ਵਿਚ ਜੇ ਇਹ ਕਦੀ-ਕਦਾਈਂ ਕੋਈ ਕੰਮ ਕਰਦਾ ਵੀ ਹੈ, ਉਹ ਵੀ ਖੇਡਾਂ ਨਾਲ ਜੁੜਿਆ ਹੋਇਆ ਰੈਫਰੀ ਦਾ ਕੰਮ ਹੁੰਦਾ ਹੈ। ਇਉਂ ਇਹ ਖੇਡ ਖੇਡ ਵਿਚ ਹੀ, ਮੇਰਾ ਮਤਲਬ ਹੈ ਖੇਡਾਂ ਦੇ ਸਹਾਰੇ ਹੀ ਆਪਣੇ ਹਾਣੀ ਤੇ ਸਮਕਾਲੀ ਕਹਾਣੀਕਾਰਾਂ, ਨਾਵਲਕਾਰਾਂ ਤੇ ਕਵੀਆਂ ਦੇ ਬਰਾਬਰ ਮੜਿਕਦਾ ਫਿਰਦਾ ਹੈ। ਇਸ ਲਈ ਮੈਨੂੰ ਉਹਦੇ ਬਾਰੇ ਇਸ ਲੇਖ ਦਾ ਨਾਂ 'ਖੇਡਾਂ ਵਾਲਾ ਸਰਵਣ' ਸਭ ਤੋਂ ਢੁੱਕਵਾਂ ਲਗਿਆ।

ਸਰਵਣ ਦੀ ਇਕ ਵੱਡੀ ਸਿਫਤ ਇਹਦਾ ਟੱਬਰ ਦਾ ਬੰਦਾ ਹੋਣਾ ਹੈ, ਆਪਣੇ ਟੱਬਰ ਦਾ ਵੀ ਤੇ ਦੋਸਤਾਂ-ਮਿੱਤਰਾਂ ਦੇ ਟੱਬਰਾਂ ਦਾ ਵੀ। ਔਖ-ਸੌਖ ਨਾਲ ਗੁਜ਼ਾਰਾ ਕਰਨ ਵਾਲੇ ਸਾਧਾਰਨ ਕਿਸਾਨ ਪਰਿਵਾਰਾਂ ਵਿਚੋਂ ਪੜ੍ਹ ਜਾਣ ਵਾਲੇ ਬਹੁਤੇ ਮੁੰਡੇ, ਖਾਸ ਕਰਕੇ ਵਿਆਹ ਮਗਰੋਂ, ਸੋਚਣ ਲਗਦੇ ਹਨ ਕਿ ਘਰ-ਪਰਿਵਾਰ ਦਾ ਵਾਧੂ ਦਾ ਭਾਰ ਹੁਣ ਕਾਹਦੇ ਲਈ ਚੁੱਕਣਾ ਹੋਇਆ! ਉਹ ਅੱਡ ਹੋ ਜਾਂਦੇ ਹਨ ਤੇ ਘਰਦਿਆਂ ਨੂੰ ਪਹਿਲਾਂ ਵਾਂਗ ਠੂਠੇ ਨਾਲ ਕੁਨਾਲੀ ਬਜਾਉਂਦੇ ਛੱਡ ਕੇ ਮੌਜਾਂ ਕਰਦੇ ਹਨ। ਸਰਵਣ ਨੌਕਰੀ ਲੱਗਣ ਸਾਰ ਮਹਿਸੂਸ ਕਰਦਾ ਹੈ, ਮੇਰੀ ਪੜ੍ਹਾਈ 'ਤੇ ਖਾਸਾ ਖ਼ਰਚ ਹੋਣ ਕਰਕੇ ਘਰ ਦਿਆਂ ਨੂੰ ਮੈਨੂੰ ਖਾਸੇ ਪੈਸੇ ਕਮਾ ਕੇ ਦੇਣੇ ਚਾਹੀਦੇ ਹਨ! ਇਹ ਕਿਸਾਨ ਪਰਿਵਾਰ ਲਈ ਲੋੜੀਂਦੀ ਸਭ ਤੋਂ ਕੀਮਤੀ ਤੇ ਜ਼ਰੂਰੀ ਚੀਜ਼ ਜ਼ਮੀਨ ਖਰੀਦਣ ਵਿਚ ਸਹਾਈ ਹੁੰਦਾ ਹੈ, ਟਿਊਬਵੈਲ ਲੁਆਉਂਦਾ ਹੈ ਤੇ ਟਰੈਕਟਰ ਖਰੀਦਦਾ ਹੈ। ਜਿਥੋਂ ਵੀ, ਜਿਸ ਵੀ ਸਿਫਾਰਿਸ਼ ਜਾਂ ਜੁਗਾੜ ਨਾਲ ਕਣਕ ਦਾ ਨਵਾਂ ਨਿਕਲਿਆ ਬੀ ਮਿਲਦਾ ਹੈ, ਪ੍ਰੋਫੈਸਰ ਲੱਗਿਆ ਹੋਣ ਦੇ ਬਾਵਜੂਦ ਬੋਰੀ ਸਿਰ ਉਤੇ ਚੁੱਕ ਲਿਆਉਂਦਾ ਹੈ। ਗੱਲ ਕੀ, ਜਿੰਨਾ ਇਹ ਆਪ ਅੱਗੇ ਵਧਦਾ ਹੈ, ਨਾਲੋ-ਨਾਲ ਘਰ-ਪਰਿਵਾਰ ਨੂੰ ਵੀ ਓਨਾ ਹੀ ਅੱਗੇ ਵਧਾਉਂਦਾ ਜਾਂਦਾ ਹੈ।

ਟੱਬਰਦਾਰੀ ਇਹਦੀ ਰਹਿਤਲ ਵਿਚ ਇਉਂ ਰਚੀ-ਵਸੀ ਹੈ ਕਿ ਜਦੋਂ ਆਉਂਦਾ ਹੈ, ਮੈਨੂੰ ਇਹ ਸਦਾ ਹੀ ਦੋਸਤ-ਮਿੱਤਰ ਨਾਲੋਂ ਵਧ ਕੇ ਸਾਡੇ ਵਡੇਰੇ ਪਰਿਵਾਰ ਦਾ ਇਕ ਜੀਅ, ਇਕ ਸਕਾ-ਸਬੰਧੀ ਲਗਦਾ ਹੈ। ਸਾਡੀ ਪਹਿਲੀ ਉਮਰੇ ਜਦੋਂ ਕੋਈ ਸਕਾ-ਸਬੰਧੀ ਆਉਂਦਾ, ਘਰ ਦੇ ਇਕ ਇਕ ਜੀਅ ਦੀ ਸੁੱਖਸਾਂਦ ਤੋਂ ਤੁਰ ਕੇ ਚਾਚਿਆਂ-ਤਾਇਆਂ ਦੇ ਪਰਿਵਾਰਾਂ ਵਿਚੋਂ ਦੀ ਹੁੰਦਾ ਹੋਇਆ ਮੱਝਾਂ, ਗਊਆਂ, ਬਲ੍ਹਦਾਂ, ਬੋਤਿਆਂ ਦਾ ਹਾਲ-ਚਾਲ ਪੁਛਦਿਆਂ ਇਕ ਇਕ ਖੇਤ ਦੀ ਫਸਲ-ਬਾੜੀ ਤੱਕ ਜਾ ਪੁਜਦਾ। ਸਰਵਣ ਜਦੋਂ ਆਉਂਦਾ ਹੈ, ਉਹੋ ਜਿਹਾ ਸਕਾ-ਸਬੰਧੀ ਬਣ ਕੇ ਆਉਂਦਾ ਹੈ। ਕਿਹੜਾ ਬੱਚਾ ਕਿਥੇ ਹੈ ਤੇ ਕੀ ਕਰ ਰਿਹਾ ਹੈ! ਮੇਰੀ ਸਰੀਰਕ ਤੇ ਕਲਮੀ ਸਿਹਤ ਕਿਵੇਂ ਹੈ! ਤੇ 'ਭੈਣ ਜੀ' ਦੇ ਗੋਡਿਆਂ ਦਾ ਕੀ ਹਾਲ ਹੈ!

ਉਨ੍ਹਾਂ ਭਲੇ ਵੇਲਿਆਂ ਵਿਚ ਤੁਰਨ ਲੱਗੇ ਰਿਸ਼ਤੇਦਾਰ ਮੇਰੇ ਵਰਗੇ ਵੱਲ ਹੱਥ ਕਰ ਕੇ ਆਖਦੇ, ਇਹਨੂੰ ਮੈਂ ਲੈ ਜਾਨਾਂ, ਦਸ-ਵੀਹ ਦਿਨ ਮਸਤੀ ਮਾਰ ਆਊ! ਇਕ ਵਾਰ ਇਹ ਆਇਆ ਤਾਂ ਮੇਰਾ ਬੇਟਾ ਬਚਪਨ ਵਿਚੋਂ ਨਿਕਲ ਕੇ ਜਵਾਨੀ ਦੀ ਦਿਹਲੀ ਉਤੇ ਖੜ੍ਹਾ ਸੀ। ਇਹ ਪੂਰੀ ਸੁਹਿਰਦਤਾ ਨਾਲ ਬੋਲਿਆ, "ਜਦੋਂ ਛੁੱਟੀਆਂ ਹੋਈਆਂ, ਇਹਨੂੰ ਦੋ ਕੁ ਮਹੀਨੇ ਮੈਂ ਲੈ ਜਾਊਂ। ਨਾਲੇ ਤਾਂ ਇਹਦਾ ਮਾਹੌਲ ਬਦਲ ਜਾਊ, ਨਾਲੇ ਮੈਂ ਇਹਨੂੰ ਕਸਰਤਾਂ ਸਿਖਾ ਦੇਊਂ। ਏਸ ਉਮਰ ਵਿਚ ਇਹਦੇ ਬਹੁਤ ਕੰਮ ਆਉਣਗੀਆਂ। ਸਰੀਰ ਵੀ ਗੁੰਦਵਾਂ ਹੋ ਜਾਊ, ਦਮ ਵੀ ਪੱਕ ਜਾਊ। ਅੱਗੇ ਨੂੰ ਉਹੋ ਕਸਰਤਾਂ ਕਰਦਾ ਰਹੇ, ਫੇਰ ਇਹ ਸਰੀਰਕ ਪੱਖੋਂ ਕਦੇ ਮਾਰ ਨਹੀਂ ਖਾਂਦਾ!"

ਇਹਨੇ ਖੇਡਾਂ ਤੇ ਖਿਡਾਰੀਆਂ ਬਾਰੇ ਤਾਂ ਰੱਜ ਕੇ ਲਿਖਿਆ ਹੀ ਹੈ, ਕਹਾਣੀਆਂ ਤੋਂ ਤੁਰ ਕੇ ਸਵੈਜੀਵਨੀ, ਸਫਰਨਾਮੇ, ਹਾਸ-ਵਿਅੰਗ, ਕਲਮੀ ਚਿਤਰਾਂ, ਯਾਦਾਂ ਅਤੇ ਪੇਂਡੂ ਲੋਕਾਂ ਤੇ ਪੇਂਡੂ ਜੀਵਨ ਬਾਰੇ ਟੁੱਟਵੇਂ ਲੇਖਾਂ ਦੀ ਵੀ ਛਹਿਬਰ ਲਾ ਦਿੱਤੀ ਹੈ। ਹੁਣ ਆਪਣੇ ਮੁੱਢਲੇ ਆਲੋਚਕ ਉਤੇ ਵਿਅੰਗ ਕਰਦਾ ਹੋਇਆ ਆਖਦਾ ਹੈ, ਸ਼ਾਇਦ 'ਸਾਹਿਤਕਾਰ' ਬਣਨ ਲਈ ਨਾਵਲ/ਕਹਾਣੀਆਂ ਲਿਖਣ 'ਤੇ ਵੀ ਕਲਮ ਅਜ਼ਮਾ ਲਵਾਂ। ਮੈਨੂੰ ਲੱਗਿਆ, ਸਰਵਣ ਦੁਬਾਰਾ ਨਾਵਲ-ਕਹਾਣੀਆਂ ਲਿਖਣ ਦੀ ਗੱਲ ਕਰ ਕੇ ਸਾਨੂੰ, ਆਪਣੇ ਹਾਣੀ ਕਹਾਣੀਕਾਰਾਂ ਨੂੰ ਵੰਗਾਰਦਾ-ਡਰਾਉਂਦਾ ਹੈ। ਪਰ ਮੈਂ ਤਾਂ ਭਾਈ ਹੁਣ ਡਰਨੋਂ ਰਿਹਾ। ਮੈਂ ਕਾਫੀ ਵਿੱਥ ਪਾ ਚੁੱਕਿਆ ਹਾਂ ਤੇ ਇਹ ਖੇਡਾਂ ਦੀ ਸਾਰੀ ਪੁੱਠ-ਸਿੱਧ ਜਾਣਦਾ ਹੋਣ ਕਰਕੇ ਸਮਝਦਾ ਹੀ ਹੈ ਕਿ ਭੱਜਣ ਵੇਲੇ ਜੇ ਇਕ ਦੌੜਾਕ ਪਹਿਲਾਂ ਹੀ ਦੂਜੇ ਦੌੜਾਕ ਤੋਂ ਬਹੁਤ ਵਿੱਥ ਨਾਲ ਅੱਗੇ ਹੋਵੇ, ਉਹਦੇ ਬਰਾਬਰ ਜਾ ਹੋਣਾ ਤੇ ਫੇਰ ਉਹਨੂੰ ਕੱਟ ਕੇ ਅੱਗੇ ਲੰਘਣਾ ਅਸੰਭਵ ਵਰਗਾ ਔਖਾ ਹੁੰਦਾ ਹੈ। ਹੁਣ ਤਾਂ ਮੈਂ ਸਗੋਂ ਇਹਨੂੰ ਆਪਣੇ ਰਸੇ ਹੋਏ ਅਨੁਭਵ ਨਾਲ ਕਹਾਣੀਆਂ ਲਿਖਣ ਦਾ ਸੱਦਾ ਦਿੰਦਾ ਹਾਂ।

ਸਰਵਣ ਮੈਥੋਂ ਪੂਰੇ 3 ਸਾਲ, 3 ਮਹੀਨੇ ਤੇ 3 ਹਫਤੇ ਛੋਟਾ ਹੈ। ਕਹਾਵਤ ਹੈ, 'ਮਰਦ ਤੇ ਘੋੜੇ ਬੁੜ੍ਹੇ ਨਾ ਹੁੰਦੇ, ਜਿਉਂ ਜਿਉਂ ਮਿਲਣ ਖੁਰਾਕਾਂ!' ਇਸ ਨੂੰ ਨਾ ਤਾਂ ਸਰੀਰਕ ਖੁਰਾਕ ਦਾ ਘਾਟਾ ਹੈ, ਨਾ ਮਾਨਸਿਕ ਦਾ ਤੇ ਨਾ ਹੀ ਰੂਹਾਨੀ ਦਾ! ਸੁੱਖ ਨਾਲ ਉਮਰ ਨਾਲੋਂ ਤਕੜਾ ਪਿਆ ਹੈ। ਜੇ ਕਿਤੇ ਦਾੜ੍ਹੀ ਰੰਗ ਲਵੇ, ਪਚਵੰਜਾ ਦਾ ਲੱਗੇ। ਅਜੇ ਇਹਨੇ ਲੰਮੀ ਉਮਰ ਮਾਣਨੀ ਹੈ ਤੇ ਬਹੁਤ ਕੁਛ ਹੋਰ ਲਿਖਣਾ ਹੈ। ਇਹਦੀ ਲੰਮੀ ਉਮਰ ਦਾ ਕਾਰਨ ਇਹ ਵੀ ਹੈ ਕਿ ਜਦੋਂ ਲੋੜ ਪਈ, ਰੱਬ ਦੇ ਉਮਰ-ਵਧਾਊ ਦਫਤਰ ਵਿਚ ਜਾਵੇਗਾ ਅਤੇ ਜਿਵੇਂ ਇਕ ਬੰਦੇ ਨੂੰ ਕਣਕ ਦਾ ਇਕ ਥੈਲੀ ਮਿਲਣ ਵਾਲਾ ਬੀ ਕਈ ਕਈ ਥੈਲੀਆਂ ਲੈ ਆਉਂਦਾ ਸੀ, ਉਹੋ ਗੁਰ ਵਰਤੇਗਾ। ਕਹੇਗਾ, "ਭੁੱਲਰ ਤੋਂ ਵੱਧ 3 ਸਾਲ, 3 ਮਹੀਨੇ ਤੇ 3 ਹਫਤੇ ਤਾਂ ਮੇਰੇ ਵੈਸੇ ਹੀ ਬਣਦੇ ਹਨ, ਐਹ ਤਿੰਨਾਂ ਤੀਆਂ ਵਿਚੋਂ ਸਾਲਾਂ ਵਾਲੇ ਤੀਏ ਨਾਲ ਬੱਸ ਇਕ ਤੀਆ ਹੋਰ ਪਾ ਦਿਓ!" ਤੇ ਫੇਰ ਕਣਕ ਦੇ ਬੀ ਦੀਆਂ ਵੱਧ ਥੈਲੀਆਂ ਲਿਆਉਣ ਵਾਲੇ ਲੇਖਾਂ ਵਾਂਗ ਇਹ ਇਕ ਲੇਖ ਉਮਰ ਦੇ ਇਸ ਵਧੀਕ ਲੁਆਏ ਹੋਏ ਤੀਏ ਬਾਰੇ ਵੀ ਜ਼ਰੂਰ ਲਿਖੇਗਾ!

*(ਸਮਾਪਤ)*

---

## ਕਾਵਿ-ਜਗਤ

### ਸਭੈ ਸਾਂਝੀਵਾਲ ਸਦਾਈਏ

ਪੱਥਰਾਂ 'ਤੇ ਨਾ ਦੁੱਧ ਚੜ੍ਹਾਈਏ।
ਗੁੱਗੇ 'ਤੇ ਨਾ ਲੱਸੀ ਪਾਈਏ।
ਫੁੱਲਾਂ ਨੂੰ ਨਾ ਤੋੜੀਏ ਵੇਖ ਖੁਸ਼ੀ ਮਨਾਈਏ।
ਨਸ਼ਿਆਂ ਨੂੰ ਨਾ ਮੂੰਹ ਲਗਾਈਏ।
ਨਾ ਕੀਮਤੀ ਜਾਨ ਗਵਾਈਏ।
ਬਹਿ ਕੇ ਬੱਚਿਆਂ ਨੂੰ ਸਮਝਾਈਏ।
ਵਿੱਦਿਆ ਵਿਚ ਮਾਹਿਰ ਬਣਾਈਏ।
ਰਿਸ਼ਵਤਖੋਰਾਂ ਤੋਂ ਦੇਸ਼ ਬਚਾਈਏ।
ਦੇਸ਼ ਦਾ ਉਜਲਾ ਭਵਿੱਖ ਬਣਾਈਏ।
ਦੇਸ਼ ਕੌਮ ਲਈ ਜਾਨ ਵੀ ਲੇਖੇ ਲਾਈਏ।
ਹਿੰਦੂ ਮੁਸਲਮ ਸਿੱਖ 'ਚ ਨਾ ਪਾਟਕ ਪਾਈਏ।
ਜਾਤਾਂ ਪਾਤਾਂ ਦਾ ਭੇਦ ਮਿਟਾਈਏ।
ਸਭੈ ਸਾਂਝੀਵਾਲ ਸਦਾਈਏ।
ਮਿਹਨਤ ਕਰ ਕੇ ਰੋਟੀ ਖਾਈਏ।
ਖੂਨ ਪਸੀਨੇ ਦੀ ਕਮਾਈ ਨਾ ਫਜ਼ੂਲ ਗਵਾਈਏ।
ਸੁੰਦਰ ਸੋਹਣਾ ਵਾਤਾਵਰਨ ਬਣਾਈਏ।
ਵੱਧ ਤੋਂ ਵੱਧ ਦਰਖ਼ਤ ਲਗਾਈਏ।
ਬਿਮਾਰੀਆਂ ਤੋਂ ਬਚੀਏ ਤੇ ਬਚਾਈਏ।
ਪਰਾਏ ਹੱਕ 'ਤੇ ਨਾ ਹੱਕ ਜਤਾਈਏ।
ਦੁਸ਼ਮਣ ਨੂੰ ਵੀ ਦੋਸਤ ਬਣਾਈਏ।
ਕਰਤੇ ਦੀ ਕੁਦਰਤ ਨੂੰ ਸਮਝੀਏ।
ਦੂਜਿਆਂ ਨੂੰ ਵੀ ਸਮਝਾਈਏ।
ਸ਼ਭਨਾਂ ਨਾਲ ਪਿਆਰ ਬਣਾਈਏ।

*-ਕਸ਼ਮੀਰ ਸਿੰਘ ਬਾਲਾ ਚੱਕ*
*ਫੋਨ: 91-95015-91720*

---

### ਖੱਤ ਯਾਰ ਨੂੰ

ਯਾਰਾ ਆਪਣੀ ਯਾਰੀ 'ਤੇ ਕਦੇ ਦਾਗ ਨਾ ਲਾਊਂਗਾ।
ਮਰਦਾ ਤੇ ਮਰ ਜਾਵਾਂ ਨਾ ਕਦੇ ਪਿੱਠ ਵਿਖਾਊਂਗਾ।

ਸੁਣਿਐ, ਤੇਰੇ ਕੋਲ ਕਿਸੇ ਮੇਰੀ ਚੁਗਲੀ ਮਾਰੀ ਆ।
ਦਸ ਦੇਵੀਂ ਉਹਨੂੰ ਤੂਤ ਦੇ ਮੋਛੇ ਵਾਲੀ ਯਾਰੀ ਆ।
ਖਾਧੀ ਕਸਮ ਜੋ ਯਾਰੀ ਵਿਚ ਮੈਂ ਤੋੜ ਨਿਭਾਊਂਗਾ।
ਯਾਰਾ ਆਪਣੀ ਯਾਰੀ 'ਤੇ ਕਦੇ ਦਾਗ ਨਾ ਲਾਊਂਗਾ।

ਜਿਉਂਦੇ ਜੀਅ ਨਹੀਂ ਕਰ ਸਕਦਾ ਮੈਂ ਤੇਰੇ ਨਾਲ ਗੱਦਾਰੀ।
ਕੀਮਤ ਭਰਨੀ ਪੈ ਜਾਵੇ ਭਾਵੇਂ ਮੈਨੂੰ ਇਹਦੀ ਭਾਰੀ।
ਮਰਨਾ ਮੈਨੂੰ ਮਨਜ਼ੂਰ ਨਾ ਗੱਦਾਰ ਅਖਵਾਊਂਗਾ।
ਯਾਰਾ ਆਪਣੀ ਯਾਰੀ 'ਤੇ ਕਦੇ ਦਾਗ ਨਾ ਲਾਊਂਗਾ।

ਜੁਰਅਤਾਂ ਵਾਲੇ ਦਮ ਕਦੇ ਆਪਾਂ ਕੱਠਿਆਂ ਕੀਤੇ ਸੀ।
ਖੁਸ਼ੀਆਂ ਦੇ ਵਿਚ ਜਾਮ ਵੀ ਯਾਰਾ ਰੱਜ ਰੱਜ ਪੀਤੇ ਸੀ।
ਜੇ ਅੱਜ ਦੁੱਖ ਦੀ ਘੜੀ ਆਈ ਆਪਣੇ ਸਿਰ ਪਾਊਂਗਾ।
ਯਾਰਾ ਆਪਣੀ ਯਾਰੀ 'ਤੇ ਕਦੇ ਦਾਗ ਨਾ ਲਾਊਂਗਾ।

ਰਬ ਵਰਗੀ ਤੇਰੀ ਯਾਰੀ ਮੈਨੂੰ ਜਾਨ ਤੋਂ ਪਿਆਰੀ ਆ।
ਹਰ ਕੀਮਤ ਤੋਂ ਮਹਿੰਗੀ ਯਾਰਾ ਵੇ ਤੇਰੀ ਯਾਰੀ ਆ।
ਝੂਠ ਜੋ ਬੋਲੇ ਹਿੰਮਤੀ ਸਿੱਧਾ ਨਰਕੀਂ ਜਾਊਂਗਾ।
ਯਾਰਾ ਆਪਣੀ ਯਾਰੀ 'ਤੇ ਕਦੇ ਦਾਗ ਨਾ ਲਾਊਂਗਾ।

*-ਹਿੰਮਤ ਸਿੰਘ ਬੜਿੰਗ*

---

### ਅੱਜ ਦੀ ਨਾਰੀ

ਪਹਿਲਾਂ ਵਾਂਗ ਰਹੀ ਨਾ ਅਬਲਾ,
ਅੱਜ ਕੱਲ੍ਹ ਦੀ ਨਾਰੀ।
ਬਣ ਬੈਠੇ ਕਦੇ ਸ਼ੇਰਨੀ,
ਤੇ ਕਦੇ ਤੇਜ਼ ਕਟਾਰੀ।
ਘਰ ਅੰਦਰ ਨਾ ਡੱਕ ਰੱਖੋ,
ਕਰ ਦਿਓ ਆਜ਼ਾਦ।
ਇਹਨੇ ਠਾਣ ਹੈ ਰੱਖੀ,
ਲਾਉਣੀ ਅੰਬਰੀਂ 'ਡਾਰੀ।
ਕੱਲ੍ਹ ਸੀ ਰਾਣੀ ਝਾਂਸੀ,
ਅੱਜ ਕਲਪਨਾ ਬਣ ਬੈਠੀ।
ਮੁੰਡਿਆਂ ਨਾਲੋਂ ਅੱਗੇ ਵਧਣ ਦੀ,
ਹੈ ਕਰੀ ਤਿਆਰੀ।
ਪੁੱਤਰਾਂ ਨੂੰ ਦੇਣ ਗਹਿ-ਗੱਚ,
ਧੀਆਂ ਤਾਈਂ ਰੁੱਖਾ-ਸੁੱਖਾ।
ਕਾਣੀ ਵੰਡ ਨਹੀਂ ਚੱਲਣੀ,
ਹੁਣ ਨਾਲ ਧੀ ਪਿਆਰੀ।
ਮਾਪਿਆਂ ਵਿਹੜੇ ਧੀਆਂ,
ਬਣ ਕਲੀਆਂ ਟਹਿਕਣ।
ਰਾਖੀ ਕਰ ਲੈਣ ਆਪਣੀ,
ਬੜੀ ਨਾਲ ਹੁਸ਼ਿਆਰੀ।
ਲੜਕੀ ਬਣਦੀ ਧੀ ਭੈਣ,
ਪਤਨੀ ਤੇ ਮਾਂ ਘਰਦੀ।
ਬਿਨਾਂ ਘਰਵਾਲੀ ਨਾ ਚਲਦੇ,
ਘਰ ਤੇ ਸਰਦਾਰੀ।
'ਐਸ.ਪੀ.' ਸਦਾ ਔਰਤ ਨੂੰ,
ਇੱਜ਼ਤ ਮਾਣ ਦਿਲਾਓ।
ਰੱਬ ਦੀ ਦਾਤ ਬੜੀ ਪਿਆਰੀ,
ਇਹ ਬਖ਼ਸ਼ਣਹਾਰੀ।

*-ਸ਼ਰਨਪਾਲ ਸਿੰਘ*

---

### ਗਜ਼ਲ

ਨਿੱਤ ਨਵੇਂ ਬਣਦੇ ਜੋ ਯਾਰ ਵੇਖੇ,
ਯਾਰਾਂ 'ਤੇ ਹੀ ਕਰਦੇ ਵਾਰ ਵੇਖੇ।
ਹੋਰਾਂ ਨੂੰ ਅਕਲਾਂ ਦਿੰਦੇ ਨਾ ਥੱਕਦੇ,
ਖੀਸੇ ਕੱਟਦੇ ਉਹ ਸ਼ੱਰੇ ਬਜ਼ਾਰ ਵੇਖੇ।
ਚੁਗਲੀ ਨਿੰਦਾ ਕਰਦੇ ਹੋਰਾਂ ਦੀ ਜੋ,
ਮੂੰਹ ਭਾਰ ਡਿੱਗਦੇ ਉਹ ਫਨਕਾਰ ਵੇਖੇ।
ਉਮਰਾਂ ਦੇ ਸਾਥ ਦਾ ਵਾਅਦਾ ਕਰਕੇ,
ਆਸ਼ਕ ਭੱਜਦੇ ਮਾਰੋ ਮਾਰ ਵੇਖੇ।

ਖੂਨ ਪੀ ਕੇ ਪੇਟ ਨਾ ਭਰ ਸਕੇ,
ਭੁੱਖੇ ਮਰਦੇ ਜੋ ਸ਼ਾਹੂਕਾਰ ਵੇਖੇ।
ਹੱਥ ਛੁਰੀ ਮੂੰਹ ਵਿਚ ਰਾਮ ਰਾਮ,
ਤਰ੍ਹਾਂ ਤਰ੍ਹਾਂ ਦੇ ਮੈਂ ਕਿਰਦਾਰ ਵੇਖੇ।
ਮੰਦਰ ਗੁਰਦੁਆਰੇ ਰਗੜਦੇ ਮੱਥੇ,
ਲੋਕਾਂ ਲੁੱਟਦੇ ਸ਼ੱਰੇ ਬਜ਼ਾਰ ਵੇਖੇ।
ਚੋਰ ਤੇ ਕੁੱਤਾ ਰਲ ਗਏ ਪੰਨੂ,
ਤਫ਼ਤੀਸ਼ ਕਰਦੇ ਸ਼ਰੀਫ਼ ਥਾਣੇਦਾਰ ਵੇਖੇ।

*-ਚਰਨਜੀਤ ਸਿੰਘ ਪੰਨ*

# ਧਰਮ, ਹਿੰਸਾ ਤੇ ਬਿਰਤਾਂਤ: ਗੁਰਦਿਆਲ ਬੱਲ ਨਾਲ ਸੰਵਾਦ

*ਰੂਸੀ ਇਨਕਲਾਬ ਦੇ ਆਗੂ ਲਿਓਨ ਤ੍ਰਾਤਸਕੀ ਬਾਰੇ ਚੱਲ ਰਹੀ ਬਹਿਸ ਦੌਰਾਨ ਗੁਰਦਿਆਲ ਸਿੰਘ ਬੱਲ ਦੇ ਲੇਖ ਦੇ ਪ੍ਰਤੀਕਰਮ ਵਿਚ ਪ੍ਰਭਸ਼ਰਨਦੀਪ ਸਿੰਘ ਦੇ ਵਿਚਾਰ ਅਸੀਂ ਛਾਪੇ ਸਨ। ਇਨ੍ਹਾਂ ਦੇ ਜੁਆਬ ਵਿਚ ਗੁਰਦਿਆਲ ਸਿੰਘ ਬੱਲ ਦਾ ਇਕ ਲੰਮਾ ਲੇਖ ਅਸੀਂ ਪਿਛਲੇ ਅੰਕਾਂ ਵਿਚ ਛਾਪ ਚੁਕੇ ਹਾਂ। ਲਿਓਨ ਤ੍ਰਾਤਸਕੀ ਦੇ ਵਿਚਾਰਾਂ ਤੋਂ ਤੁਰੀ ਇਸ ਬਹਿਸ ਨੇ ਵਿਸ਼ਵ ਭਰ ਦੀਆਂ ਬਹੁਤ ਸਾਰੀਆਂ ਲੋਕ ਲਹਿਰਾਂ ਅਤੇ ਵਿਚਾਰਧਾਰਾਵਾਂ ਨੂੰ ਕਲਾਵੇ ਵਿਚ ਲਿਆ ਹੈ, ਪੰਜਾਬ ਅਤੇ ਸਿੱਖ ਪ੍ਰਸੰਗ ਵਿਚ ਵੀ ਕੁਝ ਗੰਭੀਰ ਟਿੱਪਣੀਆਂ ਹੋਈਆਂ ਹਨ। ਇਸੇ ਬਹਿਸ ਨੂੰ ਅੱਗੇ ਤੋਰਦਿਆਂ ਪ੍ਰਭਸ਼ਰਨਦੀਪ ਸਿੰਘ ਨੇ ਆਪਣੇ ਵਿਚਾਰ ਹਥਲੇ ਲੇਖ ਵਿਚ ਪ੍ਰਗਟਾਏ ਹਨ। ਵਿਚਾਰਵਾਨਾਂ ਨੂੰ ਸਾਡੀ ਬੇਨਤੀ ਹੈ ਕਿ ਇਸ ਬਹਿਸ ਦੌਰਾਨ ਨਿਜੀ ਦੋਸ਼ਾਂ ਤੋਂ ਪੂਰਨ ਪਰਹੇਜ਼ ਕੀਤਾ ਜਾਵੇ ਅਤੇ ਆਪਣੇ ਵਿਚਾਰਾਂ ਨੂੰ ਸ਼ਾਇਸਤਗੀ ਦੇ ਘੇਰੇ ਤੋਂ ਬਾਹਰ ਨਾ ਜਾਣ ਦਿੱਤਾ ਜਾਵੇ। ਇਕ ਵਾਰ ਫਿਰ ਸਪਸ਼ਟ ਕਰ ਦਈਏ, ਲੇਖਕ ਦੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ*

## ਚਰਚਾ-ਦਰ-ਚਰਚਾ

ਪੰਜਾਬ ਟਾਈਮਜ਼ ਵਿਚ ਤ੍ਰਾਤਸਕੀ ਬਾਰੇ ਚਲ ਰਹੀ ਵਿਚਾਰ-ਚਰਚਾ ਦੌਰਾਨ ਮੇਰੇ ਇਕ ਪ੍ਰਤੀਕਰਮ ਦੇ ਜਵਾਬ ਵਿਚ ਗੁਰਦਿਆਲ ਬੱਲ ਦਾ ਲੰਮਾ ਲੇਖ ਛਪਿਆ ਜਿਸ ਵਿਚ ਉਨ੍ਹਾਂ ਨੇ ਮੇਰੇ ਪ੍ਰਤੀਕਰਮ ਦੀ ਥਾਂ ਤਿੰਨ ਸਾਲ ਪਹਿਲਾਂ ਛਪੇ ਮੇਰੇ ਇੱਕ ਹੋਰ ਲੇਖ 'ਤੇ ਟਿੱਪਣੀ ਕਰਨੀ ਜ਼ਿਆਦਾ ਮੁਨਾਸਬ ਸਮਝੀ। ਇਸ ਦਾ ਤਰਕ ਕੀ ਹੈ ਇਹ ਤਾਂ ਉਹ ਹੀ ਬਿਹਤਰ ਜਾਣਦੇ ਹੋਣਗੇ। ਮੈਂ ਆਪਣੇ ਲੇਖ ਵਿਚ ਉਨ੍ਹਾਂ ਦੀ ਲਿਖਣ ਸ਼ੈਲੀ ਬਾਰੇ ਟਿੱਪਣੀ



ਕੀਤੀ ਸੀ, ਜਿਸ ਦਾ ਤੱਤਸਾਰ ਇਹ ਸੀ ਕਿ ਬੱਲ ਸਾਹਿਬ ਸਬੰਧਤ ਵਿਸ਼ੇ 'ਤੇ ਧਿਆਨ ਸੇਧ ਕੇ ਕੋਈ ਸੰਗਠਿਤ ਦਲੀਲ ਵਿਕਸਿਤ ਨਹੀਂ ਕਰਦੇ। ਉਨ੍ਹਾਂ

**ਪ੍ਰਭਸ਼ਰਨਦੀਪ ਸਿੰਘ**
**ਆਕਸਫੋਰਡ ਯੂਨੀਵਰਸਿਟੀ**

ਨੇ ਉਹਦੇ ਬਾਰੇ ਗੱਲ ਕਰਨ ਦੀ ਬਜਾਏ ਨਵੇਂ ਲੇਖ ਵਿਚ ਉਹੀ ਕੰਮ ਫਿਰ ਸ਼ੁਰੂ ਕਰ ਲਿਆ। ਪਹਿਲੇ ਲੇਖ ਵਿਚ ਨਾਂਵਾਂ ਦੀ ਗਿਣਤੀ 'ਤੇ ਜ਼ੋਰ ਸੀ, ਪਰ ਇਹਦੇ ਵਿਚ ਥਾਂਵਾਂ ਦੀ ਗਿਣਤੀ 'ਤੇ ਹੈ।

ਆਪਣੇ ਪਹਿਲੇ ਲੇਖ ਵਿਚ ਮੇਰੀ ਅਕਾਲੀ ਦਲ ਅਤੇ ਸਿੰਘ ਸਭਾ ਬਾਰੇ ਵਿਚਾਰ ਦਾ ਤੱਤਸਾਰ ਸੀ ਕਿ ਸਿਆਸੀ ਤੇ ਸਮਾਜਿਕ ਵਰਤਾਰਿਆਂ ਅੰਦਰਲੇ ਸੰਕਟ ਦੀ ਨਿਸ਼ਾਨਦੇਹੀ ਕਰਨ ਲਈ ਉਸ ਪਿੱਛੇ ਕੰਮ ਕਰਦੇ ਬਿਰਤਾਂਤ ਬਾਰੇ ਸਹੀ ਸਮਝ ਹੋਣੀ ਜ਼ਰੂਰੀ ਹੈ। ਅੰਗਰੇਜ਼ਾਂ ਨਾਲ ਆਏ ਬਸਤੀਵਾਦੀ ਬਿਰਤਾਂਤ ਨੇ ਸਿੰਘ ਸਭਾ, ਤੇ ਫਿਰ ਅਕਾਲੀ ਦਲ ਦਾ ਰਾਹ ਨਿਸਚਿਤ ਕੀਤਾ। ਅਕਾਲੀ ਦਲ ਦੀਆਂ ਅਜੋਕੀਆਂ ਸਮੱਸਿਆਵਾਂ ਦੀਆਂ ਜੜਾਂ ਇਸੇ ਆਧੁਨਿਕਤਾਵਾਦੀ ਬਿਰਤਾਂਤ ਵਿਚ ਪਈਆਂ ਹਨ। ਬਸਤੀਵਾਦੀਆਂ ਦੇ ਠੋਸੇ ਇਸੇ ਬਿਰਤਾਂਤ ਨੂੰ ਅੰਤਮ ਜਾਂ ਕਾਇਨਾਤੀ ਮੰਨਣ ਦਾ ਕੋਈ ਆਧਾਰ ਨਹੀਂ ਬਣਦਾ। ਇਸ ਬਾਰੇ ਨਵੇਂ ਸਿਰੇ ਤੋਂ ਸੋਚਣ ਦੀ ਲੋੜ ਹੈ। ਦੂਜੇ ਸ਼ਬਦਾਂ ਵਿਚ ਭਾਰਤ ਵਰਗੇ ਆਧੁਨਿਕ ਤਰਜ਼ 'ਤੇ ਉਸਰੇ ਕੌਮੀ ਰਾਜ ਦੇ ਜਮਹੂਰੀ ਅਮਲ ਵਿਚ ਸਿੱਖਾਂ ਵਰਗੀਆਂ ਘੱਟ ਗਿਣਤੀਆਂ ਦੀ ਕੋਈ ਨੁਮਾਇੰਦਗੀ ਨਹੀਂ ਹੋ ਸਕਦੀ। ਇਸ ਜਮਹੂਰੀ ਅਮਲ ਵਿਚ ਵੱਡੇ ਨੁਕਸ ਹਨ। ਇਸ ਅਮਲ ਨੇ ਘੱਟਗਿਣਤੀਆਂ ਨੂੰ ਸਦਾ ਹੀ ਬਹੁਗਿਣਤੀ ਦੇ ਮੁਥਾਜ ਬਣਾਈ ਰੱਖਣਾ ਹੈ। ਇਸ ਲਈ ਇਸ ਜਮਹੂਰੀ ਅਮਲ ਦੇ ਨਾਲ-ਨਾਲ, ਇਸ ਵਿਚ ਹਿੱਸਾ ਲੈਣ ਵਾਲੀਆਂ ਅਕਾਲੀ ਦਲ ਵਰਗੀਆਂ ਸਿਆਸੀ ਪਾਰਟੀਆਂ ਦੀ ਬਣਤਰ ਬਾਰੇ ਵੀ ਨਵੇਂ ਸਿਰੇ ਤੋਂ ਸੋਚਣ ਦੀ ਲੋੜ ਹੈ। ਅਕਾਲੀ ਦਲ ਵੱਲੋਂ ਭਾਰਤੀ ਜਮਹੂਰੀਅਤ ਨੂੰ ਬਿਨਾਂ ਕਿਸੇ ਹੀਲ-ਹੁੱਜਤ ਦੇ ਪ੍ਰਵਾਨ ਕਰਨ ਸਦਕਾ ਸਿੱਖ ਇੱਕ ਅੰਨ੍ਹੇ ਕਾਲ-ਚੱਕਰ ਵਿਚ ਘੁੰਮ ਰਹੇ ਹਨ। ਅਕਾਲੀ ਦਲ 'ਤੇ ਕਾਬਜ਼ ਕੁਝ ਕੁ ਅਮੀਰ ਘਰਾਣਿਆਂ ਦੀ ਖੁਸ਼ਹਾਲੀ ਵਧ ਰਹੀ ਹੈ, ਬਾਕੀ ਸਾਰੇ ਸਿੱਖ ਤਾਂ ਲਗਾਤਾਰ ਬਰਬਾਦੀ ਦੇ ਮੂੰਹ ਧੱਕੇ ਜਾ ਰਹੇ ਹਨ। ਆਰਥਿਕ ਤਬਾਹੀ ਤੋਂ ਲੈ ਕੇ ਨੈਤਿਕ ਕਦਰਾਂ-ਕੀਮਤਾਂ ਦੀ ਗਿਰਾਵਟ, ਅੰਨ੍ਹੀ ਨਸ਼ੇਖੋਰੀ, ਸ਼ਾਇਰੀ, ਸੰਗੀਤ ਤੇ ਗਿਆਨ ਦੇ ਸੱਭਿਆਚਾਰ ਦੀ ਤਬਾਹੀ ਆਦਿ ਕਿਸੇ ਪੱਖ ਤੋਂ ਵੇਖ ਲਓ, ਕੋਈ ਆਸ ਨਹੀਂ, ਹਨੇਰਾ ਹੀ ਨਜ਼ਰ ਆ ਰਿਹਾ ਹੈ।

ਤ੍ਰਾਤਸਕੀ ਜਾਂ ਸੋਵੀਅਤ ਯੂਨੀਅਨ ਦਾ ਦੁਖਾਂਤ ਮੇਰਾ ਪਹਿਲਾ ਸਰੋਕਾਰ ਨਹੀਂ। ਮੇਰਾ ਪਹਿਲਾ ਸਰੋਕਾਰ ਸਿੱਖਾਂ ਤੇ ਪੰਜਾਬ ਦੀ ਹੋਣੀ ਹੈ। ਮੇਰੀ ਸਮਝ ਇਹੀ ਹੈ ਕਿ ਸਿੱਖਾਂ ਨੂੰ ਭਾਰਤੀ ਜਮਹੂਰੀਅਤ ਦੇ ਅੰਨ੍ਹੇ ਕਾਲ-ਚੱਕਰ 'ਚੋਂ ਬਾਹਰ ਨਿੱਕਲਣਾ ਚਾਹੀਦਾ ਹੈ। ਆਪਣੀ ਸਿਆਸਤ ਕਿਸੇ ਵੱਖਰੀ ਤੇ ਬਾਗੀਆਨਾ ਤਰਜ਼ 'ਤੇ ਨਵੇਂ ਸਿਰੇ ਤੋਂ ਚਿਤਵਣ ਦੀ ਲੋੜ ਹੈ। ਇਸੇ ਸੰਦਰਭ ਵਿਚ ਮੈਂ ਅਕਾਲੀ ਦਲ ਦੀਆਂ ਬੁਨਿਆਦਾਂ ਅਤੇ ਇਸ ਦੇ ਰਾਹ 'ਤੇ ਸੁਆਲ ਖੜ੍ਹੇ ਕੀਤੇ ਸਨ।

ਗੁਰਦਿਆਲ ਬੱਲ ਨੇ ਮੇਰੇ ਇਨ੍ਹਾਂ ਵਿਚਾਰਾਂ ਨਾਲ ਅਸਹਿਮਤੀ ਪ੍ਰਗਟਾਈ ਹੈ ਜੋ ਉਨ੍ਹਾਂ ਦਾ ਹੱਕ ਹੈ। ਉਨ੍ਹਾਂ ਮੇਰੇ ਆਧੁਨਿਕਤਾਵਾਦ ਦੇ ਵਿਸ਼ਲੇਸ਼ਣ ਨੂੰ ਸਿੱਧਾ ਉਤਰ-ਬਸਤੀਵਾਦੀ ਬਿਰਤਾਂਤ ਨਾਲ ਜੋੜਦਿਆਂ ਅਸਹਿਮਤੀ ਦਾ ਆਧਾਰ ਇਹ ਦਿੱਤਾ ਕਿ ਉਹ ਇਸ ਬਿਰਤਾਂਤ ਦੇ ਮੋਢੀਆਂ ਮਿਸ਼ੇਲ ਫੂਕੋਅ ਤੇ ਐਡਵਰਡ ਸਈਦ ਨਾਲ ਹੀ ਸਹਿਮਤ ਨਹੀਂ, ਪਰ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਫੂਕੋਅ ਤੇ ਸਈਦ ਨਾਲ ਮੇਰੀ ਵੀ ਕੋਈ ਸਹਿਮਤੀ ਨਹੀਂ। ਉਸ ਦੀ ਵਜ੍ਹਾ ਫੂਕੋਅ ਦੇ ਚਿੰਤਨ ਦਾ ਮਾਰਕਸਵਾਦੀ ਅਤੇ ਸਈਦ ਦੇ ਚਿੰਤਨ ਦਾ ਮਨੁੱਖਵਾਦੀ ਆਧਾਰ ਹੈ। ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਉਤਰ-ਬਸਤੀਵਾਦੀ ਬਿਰਤਾਂਤ ਦਾ ਕੋਈ ਇੱਕ ਮੂੰਹ-ਮੁਹਾਂਦਰਾ ਨਹੀਂ, ਇਸ ਦੀ ਕੋਈ ਇੱਕ ਸਾਂਝੀ ਪਰਿਭਾਸ਼ਾ ਨਹੀਂ ਬਣਾਈ ਜਾ ਸਕਦੀ। ਇਸ ਦੇ ਅੰਦਰ ਹੀ ਕਈ ਕਿਸਮ ਦੀਆਂ ਧਾਰਾਵਾਂ ਚੱਲ ਰਹੀਆਂ ਹਨ, ਜਿਨ੍ਹਾਂ 'ਚੋਂ ਕਈ ਇੱਕ ਦੂਜੀ ਦੇ ਐਨ ਉਲਟ ਵੀ ਹਨ। ਸਭ ਨੂੰ ਇੱਕੋ ਰੱਸੇ ਬੰਨ੍ਹ ਕੇ ਇਸ ਸਬੰਧੀ ਕੋਈ ਸੰਤੁਲਿਤ ਸਮਝ ਵਿਕਸਿਤ ਨਹੀਂ ਕੀਤੀ ਜਾ ਸਕਦੀ। ਬਸਤੀਵਾਦੀ ਬਿਰਤਾਂਤ ਦੀ ਅਜਾਰੇਦਾਰੀ ਨੂੰ ਚੁਣੌਤੀ ਦੇਣਾ, ਉਸ ਦੇ ਘੇਰੇ 'ਚੋਂ ਬਾਹਰ ਹੋ ਨਵੇਂ ਰਾਹ ਤਲਾਸ਼ਣੇ, ਸਫਰ ਦਾ ਸ਼ੁਰੂਆਤੀ ਬਿੰਦੂ ਹੈ, ਆਪਣੇ-ਆਪ ਵਿਚ ਪੂਰਾ ਸਫਰ ਨਹੀਂ। ਇਸ ਨੁਕਤੇ ਤੋਂ ਹਰ ਵਿਦਿਆਰਥੀ ਜਾਂ ਚਿੰਤਕ ਆਪਣੀ ਵੱਖਰੀ ਦਿਸ਼ਾ ਅਖਤਿਆਰ ਕਰ ਸਕਦਾ ਹੈ। ਉਤਰ-ਬਸਤੀਵਾਦੀ ਬਿਰਤਾਂਤ ਵਿਚ ਵੀ ਇਹੀ ਹੋਇਆ ਹੈ। ਮੇਰਾ ਹੱਥਲਾ ਖੋਜ ਕਾਰਜ ਵੀ ਇਸੇ ਦੀਆਂ ਪ੍ਰਮੁੱਖ ਧਾਰਾਵਾਂ ਦੀ ਸਮੀਖਿਆ ਵੱਲ ਸੇਧਤ ਹੈ। ਇਸ ਲਈ ਮੇਰੇ ਕੰਮ ਨੂੰ ਉਤਰ-ਬਸਤੀਵਾਦੀ-ਵਿਰੋਧੀ ਪਹੁੰਚ ਦਾ ਨਾਂ ਦੇਣਾ ਵੀ ਕੁਥਾਂ ਨਹੀਂ ਹੋਵੇਗਾ।

ਫਿਰ ਵੀ ਬੱਲ ਦੇ ਫੂਕੋਅ ਤੇ ਸਈਦ ਨਾਲ ਆਪਣੇ ਵਿਚਾਰਧਾਰਕ ਵਖਰੇਵੇਂ ਸਪੱਸ਼ਟ ਕਰਨ ਦੀ ਸ਼ਲਾਘਾ ਕਰਨੀ ਬਣਦੀ ਹੈ। ਪਰ ਫੂਕੋਅ ਤੇ ਸਈਦ ਬਾਰੇ ਕੋਈ ਨਿੱਗਰ ਤਰਕ ਉਹ ਪੇਸ਼ ਨਹੀਂ ਕਰ ਸਕੇ। ਫੂਕੋਅ ਬਾਰੇ ਗੱਲ ਸ਼ੁਰੂ ਕਰਦਿਆਂ ਬੱਲ ਨੇ ਉਸ ਦੀ ਇਰਾਨੀ ਇਨਕਲਾਬ ਬਾਰੇ ਹਾਂ-ਪੱਖੀ ਪਹੁੰਚ ਅਤੇ ਜਪਾਨ ਯਾਤਰਾ ਦੇ ਵੇਰਵੇ ਨਾਲ ਇਹ ਸਾਹਮਣੇ ਲਿਆਂਦਾ ਕਿ ਫੂਕੋਅ ਪੱਛਮ ਦੇ ਜਾਗ੍ਰਿਤੀ ਕਾਲ ਦੇ ਫਲਸਫੇ 'ਚੋਂ ਪੈਦਾ ਹੋਏ ਸੰਕਟ ਤੋਂ ਬਾਅਦ ਇਸ ਦਾ ਹੱਲ ਜਾਂ ਬਦਲ ਪੂਰਬ ਵਿਚ ਭਾਲ ਰਿਹਾ ਸੀ। ਉਨ੍ਹਾਂ ਮੁਤਾਬਕ ਇਹ ਪਹੁੰਚ ਗਲਤ ਹੈ ਅਤੇ ਇਸ ਦੀ ਵਜ੍ਹਾ ਫੂਕੋਅ ਨੂੰ ਨੀਤਸ਼ੇ ਤੇ ਜਾਰਜ ਬਤਾਈ ਦੀ ਠੀਕ ਸਮਝ ਨਾ ਹੋਣਾ ਹੈ। ਇਹ ਕਹਿ ਕੇ ਬੱਲ ਸਾਹਿਬ ਨੇ ਫੂਕੋਅ ਵਰਗੇ ਸਿਰਕੱਢ ਫਿਲਾਸਫਰ ਉਤੇ ਦੋਸ਼ ਤਾਂ ਕਾਫੀ ਸੰਗੀਨ ਲਾਇਆ, ਪਰ ਇਸ ਨੂੰ ਸਥਾਪਤ ਨਹੀਂ ਕਰ ਸਕੇ। ਨਾ ਫੂਕੋਅ ਦੇ ਫਲਸਫੇ ਬਾਰੇ ਕੋਈ ਸਪੱਸ਼ਟ ਸਮਝ ਪੇਸ਼ ਕੀਤੀ ਹੈ, ਨਾ ਹੀ ਉਸ ਨਾਲ ਅਸਹਿਮਤੀ ਦਾ ਕੋਈ ਤਰਕਸੰਗਤ ਆਧਾਰ ਦੱਸਿਆ ਹੈ। ਫੂਕੋਅ ਦੇ ਚਿੰਤਨ ਬਾਰੇ ਆਮ ਪ੍ਰਚੱਲਤ ਧਾਰਨਾ ਪੇਸ਼ ਕਰਨ ਤੋਂ ਬਾਅਦ ਉਸਦੇ ਜੀਵਨ ਦੀਆਂ ਘਟਨਾਵਾਂ ਦੇ ਵਿੱਕੋਲਿਤਰੇ ਵੇਰਵੇ ਪੇਸ਼ ਕਰ ਦਿੱਤੇ ਜੋ ਉਸਦੇ ਫਲਸਫੇ ਨੂੰ ਸਮਝਣ ਲਈ ਕਾਫੀ ਨਹੀਂ ਹਨ। ਇਸ ਤਰ੍ਹਾਂ ਦੀ ਫਤਵੇਬਾਜ਼ੀ ਕਿਸੇ ਦੀ ਆਪਣੀ ਤਸੱਲੀ ਲਈ ਤਾਂ ਸ਼ਾਇਦ ਠੀਕ ਹੋਵੇ ਪਰ ਪਾਠਕ ਸਾਹਮਣੇ ਕੋਈ ਸਪੱਸ਼ਟ ਤਸਵੀਰ ਪੇਸ਼ ਨਹੀਂ ਕਰਦੀ। ਇਸ ਲਈ ਅਸੀਂ ਫੂਕੋਅ ਦੇ ਚਿੰਤਨ ਦੇ ਇੱਕ ਸਪੱਸ਼ਟ ਵੇਰਵੇ ਨਾਲ ਬੱਲ ਦੀ ਦਲੀਲ ਦੀ ਸਾਰਥਕਤਾ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਫੂਕੋਅ ਦਾ ਚਿੰਤਨ ਤਾਕਤ, ਗਿਆਨ ਤੇ ਬਿਰਤਾਂਤ ਨਾਲ ਸਰੋਕਾਰਾਂ ਵਿਚੋਂ ਉਭਰਦਾ ਹੈ। ਇਸ ਸਬੰਧ ਵਿਚ ਉਹ ਸਮਾਜਕ ਢਾਂਚਿਆਂ, ਸੰਸਥਾਵਾਂ, ਤੇ ਵਿਅਕਤੀਆਂ ਦੇ ਨਾਤਿਆਂ ਅੰਦਰਲੀਆਂ ਪਰਤਾਂ ਅਤੇ ਵੇਗਾਂ ਦੀ ਪੁਣਛਾਣ ਕਰਦਾ ਹੈ। ਫੂਕੋਅ ਸਪੱਸ਼ਟ ਕਰਦਾ ਹੈ ਕਿ ਤਾਕਤ ਦੇ ਢਾਂਚਿਆਂ ਦਾ ਗਿਆਨ ਨਾਲ ਕੀ ਸਬੰਧ ਹੈ, ਗਿਆਨ ਤਾਕਤ ਦਾ ਰੂਪ ਹੋ ਕਿਹੋ ਜਿਹੀ ਭੂਮਿਕਾ ਨਿਭਾਉਂਦਾ ਹੈ ਅਤੇ ਇਹ ਸਾਰਾ ਅਮਲ ਵਿਅਕਤੀ ਦੀ ਹੋਣੀ ਨੂੰ ਕਿਵੇਂ ਨਿਸਚਿਤ ਕਰਦਾ ਹੈ, ਉਸ ਦੀ ਅੰਤਰਮੁਖਤਾ ਨੂੰ ਕਿਵੇਂ ਘੜਦਾ ਹੈ? ਉਹ ਇਸ ਅਮਲ ਵਿਚ ਵਿਅਕਤੀ ਨੂੰ ਕਿਸੇ ਅਲਹਿਦਗੀ ਵਿਚ ਰੱਖ ਕੇ ਨਹੀਂ ਵੇਖਦਾ, ਵਡੇਰੇ ਸਮਾਜਕ ਅਮਲ ਦੇ ਸੰਦਰਭ ਵਿਚ ਹੀ ਵੇਖਦਾ ਹੈ। ਅਜਿਹਾ ਕਰਦਿਆਂ ਫੂਕੋਅ ਆਧੁਨਿਕ ਰੱਈਅਤ ਦਾ ਪਿਛੋਕੜ ਇਸ ਦੇ ਇਤਿਹਾਸਕ ਤੇ ਸੱਭਿਆਚਾਰਕ ਅਸਲੀਅਤ ਹੋਣ ਵਿਚ ਤਲਾਸ਼ਦਾ ਹੈ। ਜਾਗ੍ਰਤੀ ਫਲਸਫੇ ਵਿਚ ਪਾਗਲਪਣ ਤੇ ਤਰਕ ਦਾ ਫਰਕ ਉਭਰ ਕੇ ਸਾਹਮਣੇ ਆਉਣਾ ਫੂਕੋਅ ਲਈ ਅਹਿਮ ਇਤਿਹਾਸਕ ਘਟਨਾ ਹੈ ਜਿਸ ਵਿਚੋਂ ਆਧੁਨਿਕ ਤਰਕ ਤੇ ਇਸ ਨਾਲ ਜੁੜੇ ਆਧੁਨਿਕ ਵਿਗਿਆਨ ਦੀ ਮਨੁੱਖੀ ਅਨੁਭਵ 'ਤੇ ਸਰਦਾਰੀ ਸਥਾਪਤ ਹੋਈ। ਮਨੁੱਖ ਦੇ ਅੰਤਰਮਨ ਦੀ ਇਸ ਖਾਸ ਕਿਸਮ ਦੀ ਘਾੜਤ ਨੂੰ ਫੂਕੋਅ ਆਪਣੇ ਚਿੰਤਨ ਦਾ ਵਿਸ਼ਾ ਬਣਾਉਂਦਿਆਂ ਦੱਸਦਾ ਹੈ ਕਿ ਆਧੁਨਿਕ ਤਰਕਵਾਦ ਦੀ ਬੇਕਿਰਕ ਹਿੰਸਾ ਨੇ ਮਨੁੱਖੀ ਆਪੇ ਵਿਚੋਂ ਕੀ-ਕੀ ਅਤੇ ਕਿਵੇਂ-ਕਿਵੇਂ ਤਬਾਹ ਕੀਤਾ? ਇਸ ਨੇ ਕਿਵੇਂ ਬੰਦੇ ਨੂੰ ਕੈਦੀ ਬਣਾਇਆ? ਜੇਲ੍ਹ ਦੀ ਉਤਪਤੀ ਕਿੱਥੋਂ ਹੋਈ? ਜੇਲ੍ਹ ਦਾ ਢਾਂਚਾ ਤਾਕਤ ਦੇ ਢਾਂਚਿਆਂ ਨੂੰ ਕਿਵੇਂ ਰੂਪਮਾਨ ਕਰਦਾ ਹੈ?

ਇੱਥੇ ਫੂਕੋਅ ਇੱਕ ਖਾਸ ਕਿਸਮ ਦੀ ਜੇਲ੍ਹ ਦੇ ਢਾਂਚੇ ਦੇ ਹਵਾਲੇ ਨਾਲ ਗੱਲ ਕਰਦਾ ਹੈ। ਇਸ ਜੇਲ੍ਹ ਨੂੰ ਪੈਨੌਪਟੀਕੌਨ ਕਿਹਾ ਜਾਂਦਾ ਹੈ ਤੇ ਇਸ ਦੀ ਰੂਪ-ਰੇਖਾ ਅੰਗਰੇਜ਼ ਫਿਲਾਸਫਰ ਜੈਰਮੀ ਬੈਂਥਮ ਨੇ ਅਠਾਰ੍ਹਵੀਂ ਸਦੀ ਵਿਚ ਤਿਆਰ ਕੀਤੀ ਸੀ। ਜੇਲ੍ਹ ਇੱਕ ਗੋਲਾਕਾਰ ਇਮਾਰਤ ਵਜੋਂ ਉਸਾਰੀ ਜਾਂਦੀ ਹੈ ਜਿਸ ਦੇ ਵਿਚਾਲ਼ੇ ਨਿਗਰਾਨੀ ਰੱਖਣ ਵਾਲ਼ਾ ਉਚਾ ਮੀਨਾਰ ਹੁੰਦਾ ਹੈ। ਜੇਲ੍ਹ ਦਾ ਢਾਂਚਾ ਇਸ ਹਿਸਾਬ ਨਾਲ ਵਿਉਂਤਿਆ ਜਾਂਦਾ ਹੈ ਕਿ ਮੀਨਾਰ 'ਤੇ ਤਇਨਾਤ ਸਿਰਫ ਇੱਕ ਪਹਿਰੇਦਾਰ ਹੀ ਜੇਲ੍ਹ ਦੀ ਹਰ ਕੋਠੜੀ ਵਿਚਲੇ ਕੈਦੀਆਂ 'ਤੇ ਨਿਗ੍ਹਾ ਰੱਖਣ ਦੀ ਸਥਿਤੀ ਵਿਚ ਹੁੰਦਾ ਹੈ, ਪਰ ਕੋਈ ਵੀ ਕੈਦੀ ਪਹਿਰੇਦਾਰ ਨੂੰ ਨਹੀਂ ਦੇਖ ਸਕਦਾ। ਕੈਦੀ ਹਰ ਪਲ ਨਿਗ੍ਹਾ ਹੇਠ ਹੁੰਦਾ ਹੈ ਤੇ ਉਸ ਨੂੰ ਕਦੇ ਵੀ ਇਹ ਪਤਾ ਨਹੀਂ ਹੁੰਦਾ ਕਿ ਉਸ ਨੂੰ ਕੋਈ ਵੇਖ ਰਿਹਾ ਹੈ ਜਾਂ ਨਹੀਂ। ਅਜਿਹੀ ਅਨਿਸ਼ਚਤਤਾ ਕੈਦੀਆਂ ਦੇ ਮਨ ਵਿਚ ਭੈਅ ਪੈਦਾ ਕਰਦੀ ਹੈ ਜੋ ਉਨ੍ਹਾਂ ਨੂੰ ਪੱਕੇ ਤੌਰ 'ਤੇ ਸੱਤਾ ਅੱਗੇ ਝੁਕਾ ਦਿੰਦਾ ਹੈ। ਬੈਂਥਮ ਨੇ ਇਹ ਖਾਕਾ ਇੱਕ ਮਨੁੱਖੀ ਮਨ ਦੀ ਦੂਜੇ ਉਤੇ ਸਰਦਾਰੀ ਸਥਾਪਤ ਕਰਨ ਦੇ ਮਨਸ਼ੇ ਤਹਿਤ ਹੀ ਵਿਉਂਤਿਆ ਸੀ।



*Panopticon*

ਫੂਕੋਅ ਆਪਣੀ ਕਿਤਾਬ 'ਜ਼ਾਬਤਾ ਅਤੇ ਸਜ਼ਾ' ਵਿਚ ਜੇਲ੍ਹ ਦੇ ਇਸ ਢਾਂਚੇ ਨੂੰ ਸੱਤਾ ਦੇ ਆਧੁਨਿਕ ਢਾਂਚਿਆਂ ਦੀ ਬਣਤਰ ਦੀ ਵਿਆਖਿਆ ਲਈ ਦ੍ਰਿਸ਼ਟਾਂਤ ਵਜੋਂ ਵਰਤਦਾ ਹੈ। ਫੂਕੋਅ ਅਨੁਸਾਰ ਅਜਿਹੀ ਜੇਲ੍ਹ ਉਸ ਸਮਾਜਿਕ ਢਾਂਚੇ ਨੂੰ ਰੂਪਮਾਨ ਕਰਦੀ ਹੈ ਜਿਸ ਤਹਿਤ ਦੇਹੀ ਸੱਤਾ ਤੇ ਗਿਆਨ ਦਾ ਪਹਿਲਾ ਧਰਾਤਲ ਹੈ। ਪਰ ਦੇਹੀ ਨੂੰ ਜ਼ਾਬਤੇ ਵਿਚ ਲਿਆਉਣ ਦਾ ਅਮਲ ਅਸਲ ਵਿਚ ਰੂਹ 'ਤੇ ਅਜਾਰੇਦਾਰੀ ਜਮਾਉਣ ਦੇ ਮਨਸ਼ੇ ਦਾ ਪਹਿਲਾ ਕਦਮ ਹੈ। ਬੰਦੇ ਦੀ ਦੇਹੀ ਨੂੰ ਸਮਾਜਿਕ ਢਾਂਚੇ ਤੇ ਗਿਆਨ ਰਾਹੀਂ ਕਾਰਜਸ਼ੀਲ ਹੁੰਦੀ ਸੱਤਾ ਦਾ ਕੈਦੀ ਬਣਾ ਕੇ ਸਿਧਾਉਣ ਦਾ ਅਮਲ, ਅਸਲ ਵਿਚ ਉਸਦੇ ਅੰਤਰਮਨ ਨੂੰ ਖਾਸ ਸਾਂਚੇ ਵਿਚ ਢਾਲਣ ਦਾ ਅਮਲ ਹੈ: ਸਾਂਚਾ ਜੋ ਕਿ ਜਾਗ੍ਰਤੀ ਫਲਸਫੇ ਦੀ ਤਰਕਵਾਦੀ ਪਹੁੰਚ ਦੀ ਪੈਦਾਇਸ਼ ਹੈ। ਸੱਤਾ ਦੇ ਅਦਿੱਖ ਮੁਨਾਰੇ ਬੰਦੇ ਨੂੰ ਨਿਰੰਤਰ ਨਿਗ੍ਹਾ ਹੇਠ ਰੱਖਦੇ ਹਨ, ਤੇ ਉਸ ਦੀ ਸੋਚਣੀ ਨੂੰ ਐਧਰ-ਓਧਰ ਨਹੀਂ ਹਿੱਲਣ ਦਿੰਦੇ, ਕਿਸੇ ਨੂੰ ਦੋਸ਼ ਦੇਣ ਦੀ ਸਥਿਤੀ ਵਿਚ ਨਹੀਂ ਰਹਿਣ ਦਿੰਦੇ। ਸੱਤਾ ਲਗਾਤਾਰ ਆਪਣਾ ਪ੍ਰਕੋਪ ਬਣਾਈ ਰੱਖਦੀ ਹੈ ਤੇ ਕਦੇ ਵੀ ਇਸ ਦੀ ਜ਼ਿੰਮੇਵਾਰੀ ਕਬੂਲ ਨਹੀਂ ਕਰਦੀ। ਜ਼ਿੰਦਗੀ 'ਤੇ ਅਜਿਹਾ ਕਾਬੂ ਰੱਖਣ ਲਈ ਫੂਕੋਅ ਮੁਤਾਬਕ ਸੱਤਾ ਗਿਆਨ 'ਤੇ ਨਿਰਭਰ ਵੀ ਕਰਦੀ ਹੈ ਤੇ ਗਿਆਨ ਪੈਦਾ ਵੀ ਕਰਦੀ ਹੈ। ਜਦੋਂ ਤੱਕ ਗਿਆਨ ਸੱਤਾ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੁੰਦਾ ਉਦੋਂ ਤੱਕ ਸੱਤਾ ਨੂੰ ਚੁਣੌਤੀ ਦੇਣ ਦਾ ਕੋਈ ਸਾਧਨ ਨਹੀਂ। ਮਨੁੱਖੀ ਦੇਹੀ ਦੀ ਆਜ਼ਾਦੀ ਬਗੈਰ ਅੰਤਰਮਨ ਜਾਂ ਗਿਆਨ ਦੀ ਆਜ਼ਾਦੀ ਨਹੀਂ ਚਿਤਵੀ ਜਾ ਸਕਦੀ।

ਜਾਗ੍ਰਤੀ ਫਲਸਫੇ ਦੇ ਦੌਰ ਨਾਲ ਪੱਛਮੀ ਜਗਤ ਵਿਚ ਪੈਦਾ ਹੋਏ ਇਸ ਵਰਤਾਰੇ ਨੂੰ ਫੂਕੋਅ ਪੱਛਮ ਦੇ ਧੁਰ ਅੰਦਰ ਤੱਕ ਲਹਿ ਗਿਆ ਪ੍ਰਤੀਤ ਕਰਦਾ ਹੈ। ਉਸ ਅਨੁਸਾਰ ਪੱਛਮ ਵਿਚ ਇਸਨੇ ਦੇਹੀ 'ਤੇ ਕਬਜ਼ਾ ਕਰਨ ਤੋਂ ਬਾਅਦ ਉਸ ਨੂੰ ਆਪਣਾ ਰੂਪ ਹੀ ਦੇ ਲਿਆ ਹੈ। ਇਹੀ ਵਜ੍ਹਾ ਹੈ ਕਿ ਫੂਕੋਅ ਪੂਰਬੀ ਜਗਤ ਵਿਚ ਵਿੱਦਮਾਨ ਜ਼ਿੰਦਗੀ ਦੇ ਵਿਭਿੰਨ ਰੰਗਾਂ ਨੂੰ ਮਨੁੱਖੀ ਦੇਹੀ ਤੇ ਫਿਰ ਰੂਹ ਤੇ ਅੰਤ ਨੂੰ ਸਮਾਜਿਕ ਤਾਣੇ ਬਾਣੇ ਦੀ ਕਾਇਆਕਲਪ ਦੀ ਸੰਭਾਵਨਾ ਵਜੋਂ ਵੇਖਦਾ ਹੈ।

ਮੈਨੂੰ ਨਹੀਂ ਲੱਗਦਾ ਫੂਕੋਅ ਦੀ ਜ਼ਿੰਦਗੀ ਨਾਲ ਅਜਿਹੀ ਦਿਆਨਤਦਾਰੀ ਪ੍ਰਤੀ ਖਫਾ ਹੋਣ ਦੀ ਕੋਈ ਲੋੜ ਹੈ। ਪਰ ਮਨੁੱਖੀ ਚੇਤਨਾ ਦੇ ਜਿਹੜੇ ਧਰਾਤਲ ਆਧੁਨਿਕ ਤਰਕਵਾਦ ਦੇ ਸਾਂਚੇ ਵਿਚ ਢ਼ਲ ਚੁੱਕੇ ਹਨ, ਉਨ੍ਹਾਂ ਲਈ ਇਉਂ ਤੜਫ ਉਠਣਾ ਸੁਭਾਵਕ ਹੈ। ਬੱਲ ਨੇ ਫੂਕੋਅ ਬਾਰੇ ਕੁਛ ਮਸ਼ਹੂਰ ਜਿਹੀਆਂ ਗੱਲਾਂ ਜ਼ਰੂਰ ਸਾਂਝੀਆਂ ਕੀਤੀਆਂ ਹਨ, ਜੋ ਆਪਣੇ-ਆਪ ਵਿਚ ਫੂਕੋਅ ਦੇ ਚਿੰਤਨ ਦੀ ਵਿਆਖਿਆ ਲਈ ਕਿਸੇ ਵੀ ਤਰ੍ਹਾਂ ਕਾਫੀ ਨਹੀਂ। ਉਹ ਫੂਕੋਅ ਦੇ ਜਾਗ੍ਰਤੀ ਫਲਸਫੇ ਪ੍ਰਤੀ ਨਜ਼ਰੀਏ ਦਾ ਆਪਣੇ ਨੁਕਤਾ ਨਿਗਾਹ ਤੋਂ ਕੋਈ ਵਿਸ਼ਲੇਸ਼ਣ ਪੇਸ਼ ਕਰਦੇ ਤਾਂ ਉਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਸੀ ਪਰ ਉਨ੍ਹਾਂ ਨੇ ਫੂਕੋਅ ਨੂੰ ਖਾਹ-ਮਖਾਹ ਵਿਚ ਲਿਆ ਕੇ ਲੇਖ ਦੇ ਆਕਾਰ ਤੇ ਪਸਾਰ ਵਿਚ ਹੀ ਵਾਧਾ ਕੀਤਾ ਹੈ। ਇਹ ਨਹੀਂ ਦੱਸਿਆ ਕਿ ਫੂਕੋਅ ਦਾ ਚਿੰਤਨ ਸਈਦ ਅਤੇ ਉਤਰ-ਬਸਤੀਵਾਦੀ ਬਿਰਤਾਂਤ ਦਾ ਆਧਾਰ ਕਿਵੇਂ ਬਣਦਾ ਹੈ? ਫੂਕੋਅ ਤੇ ਸਈਦ ਦੇ ਚਿੰਤਨ ਦੀਆਂ ਇੱਕ ਦੂਜੇ ਨਾਲ ਸਮਾਨਤਾਵਾਂ ਤੇ ਵੱਖਰੇਵਿਆਂ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ। ਇਹ ਵੀ ਨਹੀਂ ਦੱਸਿਆ ਕਿ ਫੂਕੋਅ ਨੀਤਸ਼ੇ ਅਤੇ ਬਤਾਈ ਤੋਂ ਗਲਤ ਢੰਗ ਨਾਲ ਕਿਵੇਂ ਪ੍ਰਭਾਵਿਤ ਸੀ। ਨੀਤਸ਼ੇ ਅਤੇ ਬਤਾਈ ਨੂੰ ਸਮਝਣ ਦਾ ਠੀਕ ਢੰਗ ਕਿਹੜਾ ਹੈ? ਮੈਨੂੰ ਇਹ ਕੋਈ ਬਹੁਤੀ ਸਿਹਤਮੰਦ ਪਹੁੰਚ ਨਹੀਂ ਲੱਗਦੀ। ਠੀਕ ਹੈ ਕਿ ਕਿਸੇ ਵੀ ਪਾਠਕ ਦਾ ਹੱਕ ਹੈ ਕਿ ਉਹ ਵੱਡੇ ਤੋਂ ਵੱਡੇ ਚਿੰਤਕਾਂ ਨੂੰ ਵੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੜ੍ਹੇ ਤੇ ਆਪਣਾ ਆਜ਼ਾਦ ਨਜ਼ਰੀਆ ਵਿਕਸਿਤ ਕਰਨ ਦੀ ਤਾਂਘ ਰੱਖੇ, ਪਰ ਕਿਸੇ ਚਿੰਤਕ ਦੇ ਫਲਸਫੇ ਨਾਲ ਚੰਗੀ ਤਰਾਂ ਵਾਬਸਤਾ ਹੋਏ ਬਗੈਰ, ਉਸਦੇ ਜੀਵਨ ਵਿਚੋਂ ਕੁੱਝ ਕੁ ਟੋਟਕੇ ਸੁਣਾ ਕੇ ਉਸ ਬਾਰੇ ਫੈਸਲੇ ਸੁਣਾਈ ਜਾਣੇ ਕੋਈ ਬਹੁਤੀ ਚੰਗੀ ਗੱਲ ਨਹੀਂ।

ਐਡਵਰਡ ਸਈਦ ਬਾਰੇ ਬੱਲ ਨੂੰ ਪਤਾ ਨਹੀਂ ਕਿਉਂ ਲੱਗਦਾ ਹੈ ਕਿ ਉਹ ਸੁਕਰਾਤ ਵਾਂਗ ਜ਼ਹਿਰ ਪੀ ਸੱਚ 'ਤੇ ਖੜ੍ਹਨ ਵਾਲ਼ਾ ਚਿੰਤਕ ਸੀ ਪਰ ਉਸ ਦੀ ਪੂਰਬਵਾਦ ਦੀ ਸਮੀਖਿਆ ਤੇ ਭਾਰੂ ਉਸ ਦਾ ਮਨੁੱਖਵਾਦ ਦੇਕਾਰਤੀ ਦਵੈਤ ਦੇ ਘੇਰੇ ਵਿਚ ਸੀਮਤ ਕਰ ਉਸਨੂੰ ਪੂਰਬਵਾਦ ਦੀ ਝੋਲ਼ੀ ਵਿਚ ਹੀ ਲਿਆ ਸਿੱਟਦਾ ਹੈ।

ਬੱਲ ਸਾਹਿਬ ਦਾ ਅਗਲਾ ਨਿਸ਼ਾਨਾ ਜਰਮਨ ਫਿਲਾਸਫਰ ਹਾਈਡਿਗਰ ਬਣਦਾ ਹੈ ਜਿਸ ਦਾ ਜ਼ਿਕਰ ਕਰਕੇ ਸਾਰੇ ਦੇ ਸਾਰੇ ਉਤਰਸੰਰਚਨਾਵਾਦੀ ਫਿਲਾਸਫਰਾਂ ਨੂੰ ਉਹ ਰੱਦ ਕਰੀ ਜਾ ਰਹੇ ਹਨ ਜਦੋਂ ਕਿ ਅਸਲ ਵਿਚ ਇਹ ਫਿਲਾਸਫਰ ਹਾਈਡਿਗਰ ਦੇ ਉਲ਼ਟ ਖੜ੍ਹੇ ਹਨ। ਬਲ ਨੇ ਹਾਈਡਿਗਰ ਨੂੰ ਖਾਹਮਖਾਹ ਹੀ ਦੈਰਿਦਾ ਦਾ ਉਸਤਾਦ ਗਰਦਾਨ ਦਿੱਤਾ ਹੈ। ਦੈਰਿਦਾ ਦੀ ਕਿਤਾਬ 'ਆਫ ਸਪਿਰਿਟ:ਹਾਈਡਿਗਰ ਐਂਡ ਦਾ ਕੁਅਸ਼ਚਨ' ਇਹ ਦਰਸਾਉਣ ਲਈ ਕਾਫੀ ਹੈ ਕਿ ਦੈਰਿਦਾ ਹਾਈਡਿਗਰ ਤੋਂ ਕਿੰਨਾ ਕੁ ਪ੍ਰਭਾਵਿਤ ਸੀ?

ਹਾਈਡਿਗਰ ਵੱਲੋਂ ਪੱਛਮ ਦੇ ਸੰਕਟ ਦੀ ਨਿਸ਼ਾਨਦੇਹੀ ਅਫਲਾਤੂਨ ਤੋਂ ਲੈ ਕੇ ਹੁਣ ਤੱਕ ਦੇ ਮੈਟਾਫਿਜ਼ਕਿਸ ਦੇ ਇਤਿਹਾਸ ਵਿਚ ਵੇਖਣ 'ਤੇ ਵੀ ਬੱਲ ਨੂੰ ਇਤਰਾਜ਼ ਹੈ। ਉਹ ਸਮਝਣ ਦੀ ਕੋਸ਼ਿਸ਼ ਨਹੀਂ ਕਰ ਰਹੇ ਕਿ ਹਾਈਡਿਗਰ ਵਰਗਾ ਫਿਲਾਸਫਰ ਸੰਕਟ ਦੀ ਨਿਸ਼ਾਨਦੇਹੀ ਕਿਸ ਪੱਧਰ 'ਤੇ ਕਰਦਾ ਹੈ? ਉਹ ਸੰਕਟ ਦੀ ਇਸ ਨਿਸ਼ਾਨਦੇਹੀ 'ਤੇ ਤਾਂ ਇਤਰਾਜ਼ ਕਰਦੇ ਹਨ, ਪਰ ਨੀਤਸ਼ੇ ਅਤੇ ਦਾਸਤੋਵਸਕੀ ਦੇ ਗੁਣ ਗਾਉਂਦੇ ਨਹੀਂ ਥੱਕਦੇ। ਬੱਲ ਸਾਹਿਬ ਨੇ ਹਾਈਡਿਗਰ ਦੀ ਜੀਵਨੀ ਵਿਚੋਂ ਕੁੱਝ ਵੇਰਵੇ ਸਾਂਝੇ ਕਰ ਕੇ ਉਸਦੇ ਸਾਰੇ ਚਿੰਤਨ ਨੂੰ ਵੀ ਉਵੇਂ ਹੀ ਸਮੇਟ ਕੇ ਰੱਖ ਦਿੱਤਾ। ਫਿਰ ਵੀ ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਪੱਛਮੀ ਫਲਸਫੇ ਵਿਚ ਫਾਸ਼ੀ ਅਤੇ ਨਸਲਵਾਦੀ ਧਿਰਾਂ ਦਾ ਬੋਲਬਾਲਾ ਰਿਹਾ ਹੈ। ਇਹ ਗੱਲ ਮੰਨਣ 'ਤੇ ਇਤਰਾਜ਼ ਬੱਲ ਨੇ ਜਤਾਇਆ ਹੈ। ਇੱਕ ਪਾਸੇ ਤਾਂ ਉਨ੍ਹਾਂ ਨੂੰ ਉਤਰ-ਬਸਤੀਵਾਦੀਆਂ ਵੱਲੋਂ ਪੱਛਮ ਦੀ ਕੋਈ ਵੀ ਸਮੀਖਿਆ ਕਰਨ 'ਤੇ, ਪੱਛਮ ਦੇ ਸਾਮਰਾਜੀ ਬਿਰਤਾਂਤ ਦੀ ਬਾਰੀਕੀ ਵਿਚ ਨਿਸ਼ਾਨਦੇਹੀ ਕਰਨ 'ਤੇ ਇਤਰਾਜ਼ ਹੈ, ਦੂਜੇ ਪਾਸੇ ਉਹ ਪੱਛਮੀ ਫਿਲਾਸਫਰਾਂ ਦੀਆਂ ਫਾਸ਼ੀ ਰੁਚੀਆਂ ਦੇ ਵੇਰਵੇ ਸਾਂਝੇ ਕਰੀ ਜਾ ਰਹੇ ਹਨ! ਇੱਥੇ ਸਮਝਣ ਵਾਲ਼ੀ ਗੱਲ ਇਹ ਹੈ ਕਿ ਬਹੁਤ ਸਾਰੇ ਪੱਛਮੀ ਫਿਲਾਸਫਰ ਹਨ ਜੋ ਨਸਲਵਾਦ ਜਿਹੇ ਸੰਗੀਨ ਗੁਨਾਹ ਤੋਂ ਬਰੀ ਨਹੀਂ, ਪਰ ਉਨ੍ਹਾਂ ਦੀ ਫਲਸਫਾਨਾ ਦੇਣ ਨੂੰ ਛੁਟਿਆਇਆ ਨਹੀਂ ਜਾ ਸਕਦਾ।

ਪਰ ਬੱਲ ਦਾ ਮਸਲਾ ਹੈ ਕਿ ਉਨ੍ਹਾਂ ਨੂੰ ਕਾਲ਼ੇ 'ਤੇ ਚਿੱਟੇ ਤੋਂ ਬਿਨਾਂ ਹੋਰ ਕੁਛ ਨਜ਼ਰ ਹੀ ਨਹੀਂ ਆਉਂਦਾ। ਜ਼ਿੰਦਗੀ ਦੀ ਖੂਬਸੂਰਤੀ ਇਸ ਦੀ ਵੰਨਸੁਵੰਨਤਾ ਵਿਚ ਹੈ, ਇਸ ਅੰਦਰਲੀਆਂ ਕਦੇ ਨਾ ਮੁੱਕਣ ਵਾਲ਼ੀਆਂ ਵਿਰੋਧਤਾਈਆਂ ਵਿਚ ਹੈ। ਜੀਵਨ ਦੇ ਇਸ ਹੁਸੀਨ ਤੱਤ ਦੀ ਸਿਫਤ-ਸਲਾਹ ਕਰਨ ਲਈ ਬੱਲ ਸਾਹਿਬ ਨੂੰ ਫਤਵੇਬਾਜ਼ੀ ਦੀ ਆਦਤ 'ਤੇ ਕਾਬੂ ਪਾਉਣ ਦੀ ਲੋੜ ਹੈ, ਕ੍ਰੋਧ ਤੇ ਨਿਰਾਸ਼ਾ ਤੋਂ ਬਚਣ ਦੀ ਲੋੜ ਹੈ। ਇਹ ਅਹਿਸਾਸ ਕਰਨ ਦੀ ਲੋੜ ਹੈ ਕਿ ਸਿਰਫ ਕਾਲ਼ਾ ਜਾਂ ਸਿਰਫ ਚਿੱਟਾ ਕੁੱਝ ਨਹੀਂ ਹੁੰਦਾ। ਪਰ ਦੁਨੀਆਂ ਦੇ ਬਹੁਰੰਗੀ ਖਾਸੇ ਪ੍ਰਤੀ ਅਪਣੱਤ ਦੀ ਭਾਵਨਾ ਪੈਦਾ ਕਰਨ ਦੀ ਥਾਂ ਉਹ ਐਸ ਜਾਂ ਔਸ ਟੀਸੀ 'ਤੇ ਖੜ੍ਹ ਕੇ ਹੀ ਵੇਖਦੇ ਹਨ। ਜਿਵੇਂ ਪਹਿਲਾਂ ਜਾਗ੍ਰਤੀ ਫਲਸਫੇ ਪ੍ਰਤੀ ਆਲੋਚਨਾਤਮਕ ਨਜ਼ਰੀਆ ਰੱਖਣ ਵਾਲੇ ਫਿਲਾਸਫਰਾਂ ਨੂੰ ਫਾਸ਼ੀਵਾਦ ਦੇ ਖਾਤੇ ਪਾ ਅਪ੍ਰਸੰਗਿਕ ਕਰਾਰ ਦੇ ਦਿੱਤਾ, ਤੇ ਬਾਅਦ ਵਿਚ ਗੈਰ-ਪੱਛਮੀਆਂ ਵੱਲੋਂ ਕੀਤੀ ਜਾਗ੍ਰਤੀ ਫਲਸਫੇ ਦੀ ਸਮੀਖਿਆ ਦੇ ਆਧਾਰ 'ਤੇ ਪੱਛਮ ਦੀ ਖੁੱਲ੍ਹੀ ਸਿਫਤ-ਸਲਾਹ ਸ਼ੁਰੂ ਕਰ ਦਿੱਤੀ।

*(ਅਗਲੇ ਸਫੇ 'ਤੇ ਜਾਰੀ)*

ਬੱਲ ਦੇ ਜਾਗ੍ਰਤੀ ਫਲਸਫੇ ਨੂੰ ਸਹੀ ਠਹਿਰਾਉਣ ਦੇ ਜਜ਼ਬੇ ਅਤੇ ਇਸ ਦੇ ਹੱਕ ਵਿਚ ਦਲੀਲਾਂ ਦਾ ਮਿਆਰ ਵੀ ਵੇਖਣ ਵਾਲ਼ਾ ਹੈ। ਉਹ ਦੁਨੀਆਂ ਦੇ ਹੋਰ ਖਿੱਤਿਆਂ ਦੀਆਂ ਸਮੱਸਿਆਵਾਂ ਦੇ ਹਵਾਲੇ ਦੇ ਦੇ ਆਖ ਰਹੇ ਹਨ ਕਿ ਕੀ ਇਨ੍ਹਾਂ ਮੁਲਕਾਂ ਵਿਚਲੀਆਂ ਸਮੱਸਿਆਵਾਂ ਛੋਟੀਆਂ ਸਨ? ਉਥੇ ਕਿਹੜੀ ਐਨਲਾਇਟਨਿਮੈਂਟ ਸੀ? ਉਨ੍ਹਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਕਿਸੇ ਨੇ ਨਹੀਂ ਕਿਹਾ ਕਿ ਜਾਗ੍ਰਤੀ ਜਾਂ ਐਨਲਾਇਟਨਿਮੈਂਟ ਦੁਨੀਆਂ ਦੀ ਇੱਕੋ ਇੱਕ ਸਮੱਸਿਆ ਹੈ, ਨਾ ਹੀ ਕੋਈ ਇਹ ਆਖ ਰਿਹਾ ਹੈ ਕਿ ਪੱਛਮੀ ਜਗਤ ਤੋਂ ਬਾਹਰ ਕੋਈ ਸਮੱਸਿਆ ਹੈ ਹੀ ਨਹੀਂ। ਮੈਂ ਤਾਂ ਸਗੋਂ ਕਹਿ ਰਿਹਾਂ ਹਾਂ ਕਿ ਹਿੰਦੁਸਤਾਨ ਵਿਚ ਘੱਟ ਗਿਣਤੀਆਂ 'ਤੇ ਢਹਿ ਰਿਹਾ ਕਹਿਰ ਹਿੰਸਾ ਦੀਆਂ ਸਭ ਤੋਂ ਕੋਝੀਆਂ ਮਿਸਾਲਾਂ ਵਿਚੋਂ ਇੱਕ ਹੈ।

ਦੂਜੇ ਪੱਖ ਤੋਂ ਵੇਖਿਆਂ, ਬੱਲ ਨੂੰ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚਲੀਆਂ ਸਮੱਸਿਆਵਾਂ ਪੱਛਮੀ ਜਗਤ 'ਚੋਂ ਪੈਦਾ ਹੋਏ ਸੰਕਟਾਂ ਨੂੰ ਜਾਇਜ਼ ਠਹਿਰਾਉਣ ਦਾ ਸਬੱਬ ਨਹੀਂ ਬਣ ਸਕਦੀਆਂ। ਇਸ ਤਰ੍ਹਾਂ ਦੀ ਪੈਂਤੜੇਬਾਜ਼ੀ ਦੀ ਬਜਾਏ ਉਹ ਕੋਈ ਦਲੀਲ ਪੇਸ਼ ਕਰਦੇ ਤਾਂ ਬਿਹਤਰ ਸੀ। ਪੱਛਮ ਪ੍ਰਤੀ ਕਿਸੇ ਵੀ ਆਲੋਚਨਾਤਮਕ ਪਹੁੰਚ ਨੂੰ ਯਭਲੀ ਆਦਿਕ ਗਰਦਾਨ ਦੇਣਾ ਕਿਸੇ ਮਸਲੇ ਦਾ ਹੱਲ ਨਹੀਂ, ਬੱਲ ਦੀ ਪਹੁੰਚ ਦੇ ਸੰਕਟ ਦਾ ਸਬੂਤ ਹੈ। ਮਸਲਾ ਅਸਲ ਵਿਚ ਇਹ ਹੈ ਕਿ ਦੁਨੀਆਂ ਦੇ ਬਹੁਤੇ ਹਿੱਸਿਆਂ 'ਤੇ ਪੱਛਮੀ ਤਾਕਤਾਂ ਦਾ ਗ਼ਲਬਾ ਹੈ ਜਿਸ ਸਦਕਾ ਲੋਕਾਂ ਦੀਆਂ ਜ਼ਿੰਦਗੀਆਂ ਹਰ ਨਵੇਂ ਦਿਨ, ਨਵੇਂ ਤਰੀਕਿਆਂ ਨਾਲ ਦੁਸ਼ਵਾਰ ਹੋ ਰਹੀਆਂ ਹਨ। ਪੱਛਮ ਦੀ ਅਜਾਰੇਦਾਰੀ ਵਾਲ਼ੇ ਬਿਰਤਾਂਤ ਦਾ ਆਧਾਰ ਜਾਗ੍ਰਤੀ ਕਾਲ਼ ਦੇ ਫਲਸਫੇ ਵਿਚ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਇਸ ਫਲਸਫੇ ਪ੍ਰਤੀ ਆਲੋਚਨਾਤਮਕ ਪਹੁੰਚ ਅਪਨਾਉਣ ਦੀ ਲੋੜ ਹੈ ਜਿਸ ਲਈ ਉਤਰਆਧੁਨਕਿਤਾਵਾਦੀ ਤੇ ਉਤਰਸੰਰਚਨਾਵਾਦੀ ਫਲਸਫੇ ਮੱਦਦਗਾਰ ਸਾਬਤ ਹੁੰਦੇ ਹਨ। ਇਨ੍ਹਾਂ ਨੂੰ ਇੱਕ ਨਜ਼ਰੀਏ ਦੀ ਬਜਾਏ ਇੱਕ ਸ਼ੁਰੂਆਤੀ ਨੁਕਤੇ ਦੇ ਤੌਰ 'ਤੇ ਅਪਨਾਇਆ ਜਾ ਸਕਦਾ ਹੈ। ਜੇ ਬੱਲ ਸਾਹਿਬ ਇਨ੍ਹਾਂ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ ਤਾਂ ਇਹ ਉਨ੍ਹਾਂ ਦਾ ਹੱਕ ਹੈ, ਪਰ ਉਹ ਆਪਣੇ ਨਜ਼ਰੀਏ ਦੇ ਹੱਕ ਵਿਚ ਕੋਈ ਤਰਕਸੰਗਤ ਦਲੀਲ ਜਰੂਰ ਪੇਸ਼ ਕਰਨ। ਖਾਹਮਖਾਹ ਖਿਲ੍ਹਾਰਾ ਨਾ ਕਿਸੇ ਨੁਕਤੇ ਨੂੰ ਸਪੱਸ਼ਟ ਕਰਦਾ ਹੈ, ਨਾ ਹੀ ਕਿਸੇ ਨੁਕਤਾਨਿਗਾਹ ਨੂੰ ਰੱਦ ਕਰਦਾ ਹੈ।

ਯੂਰਪ ਵਿਚ ਹੋਈਆਂ ਈਸਾਈਆਂ ਦੀਆਂ ਆਪਸੀ ਜੰਗਾਂ ਨੂੰ ਬੱਲ ਸਾਹਿਬ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਹਰ ਵਿਅਕਤੀ ਸਿਰ ਮੜ੍ਹ ਦਿੰਦੇ ਹਨ। ਉਹ ਜ਼ਰਾ ਦੱਸਣ ਕਿ ਵੀਹਵੀਂ ਸਦੀ ਵਿਚ ਹੋਈਆਂ ਦੋ ਸੰਸਾਰ ਜੰਗਾਂ ਕੀਹਦੇ ਖਾਤੇ ਪੈਂਦੀਆਂ ਹਨ? ਕੀ ਦੁਨੀਆਂ ਭਰ ਦੇ ਸੈਕੂਲਰ ਲੋਕਾਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ? ਕੀ ਸੈਕੂਲਰਵਾਦ ਦੀ ਹਾਮੀ ਭਰਨ ਵਾਲੇ ਕਿਸੇ ਵੀ ਵਿਅਕਤੀ ਦਾ ਮੂੰਹ ਇਨ੍ਹਾਂ ਦੋ ਭਿਆਨਕ ਜੰਗਾਂ ਦੇ ਆਧਾਰ 'ਤੇ ਬੰਦ ਕੀਤਾ ਜਾਣਾ ਜਾਇਜ਼ ਹੈ? ਕੀ ਸਟਾਲਿਨ ਹੱਥੋਂ ਮਾਰੇ ਗਏ ਲੱਖਾਂ-ਕਰੋੜਾਂ ਲੋਕਾਂ ਦੇ ਹਵਾਲੇ ਨਾਲ ਮਾਰਕਸਵਾਦ ਦੀ ਹਾਮੀ ਭਰਨ ਵਾਲ਼ੇ ਕਿਸੇ ਵੀ ਸ਼ਖਸ ਨੂੰ ਦੋਸ਼ੀ ਕਰਾਰ ਦੇਣਾ ਠੀਕ ਹੈ? ਦੁਨੀਆਂ ਵਿਚ ਸਭ ਤੋਂ ਵੱਡੇ ਨਰਸੰਘਾਰ ਲਈ ਈਸਾਈ ਜਾਂ ਸੈਕੂਲਰ ਧਿਰਾਂ ਜ਼ਿੰਮੇਵਾਰ ਹਨ। ਸੈਕੂਲਰਵਾਦ ਇਸਾਈਆਤ ਦਾ ਹੀ ਵੱਖਰਾ ਰੂਪ ਹੈ। ਇਹ ਸੱਚਾਈ ਤਸਲੀਮ ਕਰਨ ਦੀ ਲੋੜ ਹੈ ਕਿ ਧਰਤੀ 'ਤੇ ਜਿਹੜਾ ਕਹਿਰ ਪੱਛਮੀ ਜਗਤ ਨੇ ਵਰਤਾਇਆ ਉਸ ਦੀ ਭਿਆਨਕਤਾ ਦੀ ਕੋਈ ਹੱਦ ਨਹੀਂ। ਪਰ ਮੈਂ ਇਸ ਨੂੰ ਪੱਛਮ ਤੱਕ ਮਹਿਦੂਦ ਨਹੀਂ ਕਰ ਰਿਹਾ। ਇਹ ਸਪੱਸ਼ਟ ਹੈ ਕਿ ਸ਼ੰਕਰ ਦੀ ਅਗਵਾਈ ਵਿਚ ਹੋਇਆ ਬੋਧੀਆਂ ਦਾ ਕਤਲੇਆਮ ਕਿਸੇ ਵੀ ਤਰ੍ਹਾਂ ਘੱਟ ਭਿਆਨਕ ਨਹੀਂ। ਹਿੰਦੁਸਤਾਨ ਦੇ ਆਲ਼ੇ ਦੁਆਲ਼ੇ ਸਾਰੇ ਮੁਲਕਾਂ ਵਿਚ ਬੋਧੀ ਵੱਡੀ ਗਿਣਤੀ ਵਿਚ ਮੌਜੂਦ ਹਨ, ਪਰ ਜਿੱਥੇ ਬੁੱਧ ਮੱਤ ਪੈਦਾ ਹੋਇਆ ਉਥੋਂ ਉਸ ਦਾ ਅਸਲੋਂ ਹੀ ਸਫਾਇਆ ਹੋ ਜਾਣਾ, ਦੱਸ ਪਾਉਂਦਾ ਹੈ ਕਿ ਨਸਲਕੁਸ਼ੀ ਕਿੰਨੇ ਵੱਡੇ ਪੈਮਾਨੇ 'ਤੇ ਹੋਈ ਹੋਵੇਗੀ। ਪਰ ਬੋਧੀਆਂ ਜਾਂ ਸਿੱਖਾਂ ਦੀ ਨਸਲਕੁਸ਼ੀ ਲਈ ਹਾਅ ਦਾ ਨਾਅਰਾ ਮਾਰਨ ਦੀ ਥਾਂ ਕਿਸੇ ਹੋਰ ਮੁਲਕ ਦੀ ਕਤਲੋਗਾਰਤ 'ਤੇ ਅੱਥਰੂ ਕੇਰਨੇ ਸੌਖੇ ਹਨ, ਖਾਸ ਕਰਕੇ ਉਦੋਂ ਜਦੋਂ ਬੰਦਾ ਉਸ ਨਸਲਕੁਸ਼ੀ ਲਈ ਜ਼ਿੰਮੇਵਾਰ ਧਿਰ ਬਾਰੇ ਇੱਕ ਲਫਜ਼ ਵੀ ਨਾ ਬੋਲੇ।

ਬੱਲ ਸਾਹਿਬ ਆਰਮੀਨੀਆਈ ਨਸਲਕੁਸ਼ੀ ਦਾ ਵਾਰ-ਵਾਰ ਜ਼ਿਕਰ ਕਰਦੇ ਹਨ ਜਿਸ ਲਈ 'ਯੰਗ ਟਰਕ' ਜ਼ਿੰਮੇਵਾਰ ਸਨ। 'ਯੰਗ ਟਰਕ' ਆਪਣੇ ਆਪ ਨੂੰ ਪ੍ਰਗਤੀਵਾਦੀ ਕਹਾਉਣ ਵਾਲ਼ੇ ਯੂਨੀਵਰਸਿਟੀਆਂ ਦੇ ਨੌਜਵਾਨਾਂ ਦੀ ਧਿਰ ਸੀ ਜੋ 1908 ਦੇ 'ਇਨਕਲਾਬ' ਤੋਂ ਬਾਅਦ ਸੱਤਾ ਵਿਚ ਆਈ। ਉਹ ਇਸ ਦੁਖਾਂਤਕ ਕਤਲੋਗਾਰਤ 'ਤੇ ਰੋਸ ਤਾਂ ਜਤਾ ਰਹੇ ਹਨ, ਪਰ ਇਸ ਲਈ ਜ਼ਿੰਮੇਵਾਰ ਕਿਸ ਨੂੰ ਠਹਿਰਾ ਰਹੇ ਹਨ? ਮਾਸੂਮਾਂ ਦੀ ਕਾਤਲ ਜਾਬਰ ਧਿਰ ਨੂੰ ਜ਼ਿੰਮੇਵਾਰ ਠਹਿਰਾਏ ਬਿਨਾ ਅਜਿਹੇ ਜ਼ੁਲਮ 'ਤੇ ਰੁਦਨ ਕਰਨ ਦਾ ਕੀ ਅਰਥ ਹੈ?

ਬੱਲ ਦੀ ਆਤਮਾ 'ਤੇ ਇਹ ਕਹਿੰਦਿਆਂ ਕੋਈ ਬੋਝ ਨਹੀਂ ਪੈਂਦਾ ਕਿ 'ਘੱਟੋ-ਘੱਟ ਭਾਰਤ ਦੇਸ਼ ਅੰਦਰ ਇਨਾ ਤਾਂ ਹੈ ਹੀ ਕਿ ਸੱਜਣ ਕੁਮਾਰ ਵਰਗੇ ਰਾਖਸ਼ ਪਿਛਲੇ 30 ਵਰ੍ਹਿਆਂ ਤੋਂ ਦੋਸ਼ੀਆਂ ਵਾਲੇ ਕਟਹਿਰੇ ਵਿਚ ਦੁਬਕੇ ਖੜ੍ਹੇ ਹਨ।' ਮਨੁੱਖਤਾ ਦੇ ਦਰਦ ਵਿਚ ਹਰਦਮ ਅੱਥਰੂ ਕੇਰਨ ਦਾ ਦਾਅਵਾ ਕਰਨ ਵਾਲ਼ੇ ਬੱਲ ਨੂੰ ਕੀ ਕੋਈ ਮਾੜਾ-ਮੋਟਾ ਅਹਿਸਾਸ ਹੈ ਕਿ ਅਜਿਹਾ ਕਹਿ ਕੇ ਉਹ ਕੀ ਕਰ ਰਹੇ ਹਨ? ਦਿੱਲੀ ਦੀ ਨਸਲਕੁਸ਼ੀ ਤੋਂ ਪੀੜਤ ਸਿੱਖਾਂ ਨੂੰ ਐਨਾ ਕੋਝਾ ਮਖੌਲ ਕਰਨ ਪਿੱਛੇ ਉਨ੍ਹਾਂ ਦੀ ਕੀ ਮਜਬੂਰੀ ਹੈ? ਜੇ ਕਮਾਲ ਪਾਸ਼ਾ ਅਤਿ ਦਰਜੇ ਦਾ ਬੇਕਿਰਕ ਬੰਦਾ ਸੀ ਤਾਂ ਕੀ ਇਸ ਨਾਲ ਦਿੱਲੀ ਵਿਚ ਸਿੱਖਾਂ 'ਤੇ ਹੋਏ ਜ਼ੁਲਮ ਦੀ ਭਿਆਨਕਤਾ ਘਟ ਜਾਂਦੀ ਹੈ? ਸਿੱਖਾਂ ਦੇ ਮਸਲੇ 'ਤੇ ਆ ਕੇ ਸਾਰੀਆਂ ਮਨੁੱਖੀ ਕਦਰਾਂ ਕੀਮਤਾਂ ਭੁੱਲ਼ ਹੀ ਕਿਉਂ ਜਾਂਦੀਆਂ ਹਨ? ਬੱਲ ਜ਼ਰਾ ਸਮਝਾਉਣ ਦੀ ਖੇਚਲ ਤਾਂ ਕਰੇ ਕਿ ਜੋ ਕੁੱਝ ਸਿੱਖਾਂ ਨਾਲ ਹੋਇਆ ਉਸ ਨੂੰ ਘੱਟ ਜ਼ੁਲਮ ਕਿਵੇਂ ਕਿਹਾ ਜਾ ਸਕਦਾ ਹੈ? ਕੀ ਇਹ ਸਾਬਤ ਕਰਨ ਦੀ ਲੋੜ ਹੈ ਕਿ ਸਿੱਖਾਂ ਨੇ ਅਜਿਹਾ ਕੋਈ ਗੁਨਾਹ ਨਹੀਂ ਸੀ ਕੀਤਾ ਜਿਸ ਸਦਕਾ ਉਨ੍ਹਾਂ ਦੀ ਅਜਿਹੀ ਭਿਅੰਕਰ ਨਸਲਕੁਸ਼ੀ ਨੂੰ ਜਾਇਜ਼ ਜਾਂ ਘੱਟ ਭਿਅੰਕਰ ਕਿਹਾ ਜਾ ਸਕੇ? ਕੀ ਇਹ ਦੱਸਣ ਦੀ ਲੋੜ ਹੈ ਕਿ ਸਿੱਖਾਂ ਨੇ ਹਿੰਦੁਸਤਾਨੀਆਂ ਦਾ ਭਲਾ ਹੀ ਕੀਤਾ ਸੀ, ਉਨ੍ਹਾਂ ਦੇ ਹਿੰਦੁਸਤਾਨੀਆਂ ਸਿਰ ਅਹਿਸਾਨ ਹੀ ਅਹਿਸਾਨ ਸਨ? ਕੀ ਬੱਲ ਲਈ ਹਿੰਦੂਤਵੀਆਂ ਵੱਲੋਂ ਸਿੱਖਾਂ ਦਾ ਹੁਣ ਤੱਕ ਕੀਤਾ ਵਢਾਂਗਾ ਕਾਫੀ ਨਹੀਂ? ਕੀ ਉਹ ਸਿੱਖਾਂ ਦੀ ਆਰਮੀਨੀਆਈ ਲੋਕਾਂ ਵਰਗੀ ਨਸਲਕੁਸ਼ੀ ਤੋਂ ਬਾਅਦ ਹੀ ਸਿੱਖਾਂ ਦੇ ਹੱਕ ਵਿਚ ਬੋਲਣ ਨੂੰ ਜਾਇਜ਼ ਸਮਝਦੇ ਹਨ?

ਗੁਰਦਿਆਲ ਬੱਲ ਦੇ 'ਗਲਤ ਜਾਂ ਸਹੀ' ਨੂੰ ਮਾਪਣ ਦੇ ਪੈਮਾਨੇ ਵੇਖਣ ਵਾਲ਼ੇ ਹੀ ਹਨ। ਇਸ ਦੀ ਇੱਕ ਮਿਸਾਲ ਉਨ੍ਹਾਂ ਦੀਆਂ ਫਰੈਂਜ਼ ਫੈਨਾਨ ਅਤੇ ਅਲਜੀਰੀਅਨ ਖਾਨਾਜੰਗੀ ਬਾਰੇ ਟਿੱਪਣੀਆਂ ਹਨ। ਬੱਲ ਦਾ ਕਹਿਣਾ ਹੈ ਕਿ ਫੈਨਾਨ 'ਦੱਬੀ ਕੁਚਲੀ ਲੋਕਾਈ ਦੀ ਆਪਮੁਹਾਰੀ ਹਿੰਸਾ ਦੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਆਪਣੀ ਕਲਮ ਦੀ ਪੂਰੀ ਤਾਕਤ ਨਾਲ ਰੁਮਾਂਟੀਸਾਇਜ਼ ਕਰਦਾ ਹੈ।' ਇਹ ਫੈਨਾਨ ਦੀ ਲਿਖਤ ਦੀ ਬਹੁਤ ਹੀ ਸਿੱਧੜ ਜਿਹੀ ਪੜ੍ਹਤ ਹੀ ਨਹੀਂ, ਉਸ ਦੀ ਗੱਲ ਨੂੰ ਸੰਦਰਭ ਵਿਚੋਂ ਬਾਹਰ ਕੱਢ ਕੇ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਹੈ। ਫੈਨਾਨ ਬਸਤੀਵਾਦੀ ਹਿੰਸਾ ਦੀਆਂ ਸੂਖਮ ਤੰਦਾਂ ਨੂੰ ਉਨ੍ਹਾਂ ਦੇ ਧੁਰ ਅੰਦਰ ਤੱਕ ਜਾ ਕੇ ਫੜਦਾ ਹੈ ਤੇ ਇਸ ਹਿੰਸਾ ਦੇ ਘਾਤਕਪੁਣੇ ਦੇ ਸਭ ਪਰਦੇ ਚਾਕ ਕਰ ਇਸ ਅੰਦਰਲ਼ੀ ਜ਼ਾਲਮਾਨਾ ਬਿਰਤੀ ਨੂੰ ਬੇਨਕਾਬ ਕਰਦਾ ਹੈ। ਉਹ ਇਸ ਹਿੰਸਾ ਪ੍ਰਤੀ ਮੋੜਵੇਂ ਵਾਰ ਦੀ ਰੂਪ-ਰੇਖਾ ਇਸ ਦੇ ਖਾਸ ਸੰਦਰਭ ਵਿਚ ਹੀ ਪੇਸ਼ ਕਰਦਾ ਹੈ ਤੇ ਦੱਸਦਾ ਹੈ ਕਿ ਉਨ੍ਹਾਂ ਖਾਸ ਹਾਲਾਤ ਵਿਚ ਬਸਤੀਵਾਦੀ ਜ਼ੁਲਮ ਦੀ ਨਪੀੜੀ ਧਿਰ ਕੋਲ਼ ਬਹੁਤੀ ਚੋਣ ਨਹੀਂ ਹੁੰਦੀ। ਜੇ ਜੰਗਜੂ ਰਾਹ ਇੱਕੋ-ਇੱਕ ਚੋਣ ਹੈ ਤਾਂ ਇਹ ਅਪਨਾਉਣਾ ਪੈਣਾ ਹੈ, ਤੇ ਇਸ ਨੂੰ ਪੂਰੀ ਸ਼ਾਨ ਨਾਲ ਅਪਨਾਉਣਾ ਹੀ ਸਹੀ ਤਰੀਕਾ ਹੈ। ਪਰ ਬੱਲ ਜੀ ਇਹਨੂੰ ਇਉਂ ਪੇਸ਼ ਕਰ ਰਹੇ ਹਨ ਜਿਵੇਂ ਹਿੰਸਾ ਉਨ੍ਹਾਂ ਲੋਕਾਂ ਦਾ ਵਿਹਲੇ ਵੇਲ਼ੇ ਦਾ ਸ਼ੁਗਲ ਹੋਵੇ, ਲਿਤਾੜੀ ਧਿਰ ਦੀਆਂ ਜ਼ਮੀਨੀ ਹਕੀਕਤਾਂ ਵੱਲ ਕੋਈ ਤਵੱਜੋ ਹੀ ਨਹੀਂ ਦੇ ਰਹੇ।

1991 ਤੋਂ 1998 ਦਰਮਿਆਨ ਹੋਈ ਅਲ਼ਜੀਰੀਅਨ ਖਾਨਾਜੰਗੀ ਬਾਰੇ ਬੱਲ ਦਾ ਕਹਿਣਾ ਹੈ, 'ਸਾਲ 1991 ਤੋਂ 1998 ਤੱਕ ਅਲਜੀਰੀਆ ਅੰਦਰ ਸਿਰੇ ਦੀ ਭਿਆਨਕ ਖਾਨਾਜੰਗੀ ਸ਼ੁਰੂ ਹੋ ਜਾਂਦੀ ਹੈ।' ਉਨ੍ਹਾਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਵੇਂ ਖਾਨਾਜੰਗੀ ਆਪਮੁਹਾਰੇ ਫੁੱਟਿਆ ਕੋਈ ਲਾਵਾ ਹੋਵੇ। ਪਰ ਜੇ ਇਸ ਦੇ ਇਤਿਹਾਸਕ ਵੇਰਵਿਆਂ 'ਤੇ ਨਿਗ੍ਹਾ ਮਾਰੀਏ ਤਾਂ ਗੱਲ ਕੁਛ ਹੋਰ ਹੀ ਨਿਕਲਦੀ ਹੈ। ਹੋਇਆ ਇਹ ਕਿ ਦਸੰਬਰ 1991 ਦੀਆਂ ਚੋਣਾਂ ਦੌਰਾਨ ਇਸਲਾਮੀ ਧਿਰਾਂ ਚੋਣਾਂ ਜਿੱਤਣ ਵੱਲ ਵਧ ਰਹੀਆਂ ਸਨ। ਨੈਸ਼ਨਲ ਲਿਬਰੇਸ਼ਨ ਫਰੰਟ ਵਾਲ਼ਿਆਂ ਨੇ ਇਸਲਾਮੀ ਧਿਰਾਂ ਦੀ ਜਿੱਤ ਤੋਂ ਘਬਰਾਉਂਦਿਆਂ ਪਹਿਲੇ ਦੌਰ ਤੋਂ ਬਾਅਦ ਚੋਣਾਂ ਮੁਲਤਵੀ ਕਰ ਦਿੱਤੀਆਂ। ਇਸ ਦੇ ਨਾਲ ਹੀ ਫੌਜ ਸੱਤਾ ਤੇ ਕਾਬਜ਼ ਹੋ ਗਈ। ਇਸਲਾਮੀ ਧਿਰਾਂ ਨੇ ਗੁਰੀਲਾ ਜੰਗ ਛੇੜ ਦਿੱਤੀ ਅਤੇ ਫੌਜ ਨੇ ਜਮਹੂਰੀਅਤ ਬਹਾਲ ਕਰਨ ਦੀ ਬਜਾਏ ਇਸ ਨੂੰ ਬੇਕਿਰਕੀ ਨਾਲ ਕੁਚਲਣ ਦਾ ਰਾਹ ਫੜ ਲਿਆ। ਇਹ ਬੇਮੁਹਾਰੀ ਹਿੰਸਾ ਇਕ ਬਦਕਿਸਮਤ ਵਰਤਾਰਾ ਹੈ, ਪਰ ਇੱਥੇ ਵੀ ਜਮਹੂਰੀ ਅਮਲ ਵਿਚ ਸੈਕੂਲਰ ਧਿਰ ਵਿਘਨ ਪਾਉਂਦੀ ਹੈ। ਫਰੈਂਜ਼ ਫੈਨਾਨ ਨੂੰ ਅਜਿਹੀ ਹਿੰਸਾ ਲਈ ਜ਼ਿੰਮੇਵਾਰ ਠਹਿਰਾਉਣਾ ਤਾਂ ਇਉਂ ਹੈ ਜਿਵੇਂ ਸੰਤਾਲੀ ਦੀ ਵੰਡ ਵੇਲ਼ੇ ਹੋਈ ਹਿੰਸਾ ਲਈ ਕੋਈ ਗਦਰੀ ਬਾਬਿਆਂ ਨੂੰ ਜ਼ਿੰਮੇਵਾਰ ਠਹਿਰਾਏ।

ਇੱਕ ਵਾਰ ਸਾਰੀ ਗੱਲ 'ਤੇ ਮੁੜ ਨਜ਼ਰ ਮਾਰਨ ਦੀ ਕੋਸ਼ਿਸ਼ ਕਰੀਏ ਕਿ ਬੱਲ ਦੇ ਇਸ ਲੇਖ ਵਿਚ ਅਸਲ ਵਿਚ ਹੋਇਆ ਕੀ? ਉਨ੍ਹਾਂ ਕਿਹਾ ਕਿ ਮੇਰੇ ਵੱਲੋਂ ਅਕਾਲੀ ਦਲ ਦੀਆਂ ਆਧੁਨਕਿਤਾਵਾਦੀ ਬੁਨਿਆਦਾਂ ਦੇ ਵਿਸ਼ਲੇਸ਼ਣ ਤਰਕਸੰਗਤ ਨਹੀਂ ਕਿਉਂਕਿ ਉਹ ਉਤਰ-ਬਸਤੀਵਾਦੀ ਬਿਰਤਾਂਤ ਨਾਲ ਸਹਿਮਤੀ ਨਹੀਂ ਰੱਖਦੇ। ਉਹ ਉਤਰ-ਬਸਤੀਵਾਦੀ ਬਿਰਤਾਂਤ ਨਾਲ ਸਹਿਮਤੀ ਇਸ ਲਈ ਨਹੀਂ ਰੱਖਦੇ ਕਿ ਉਹ ਇਸਦਾ ਆਧਾਰ ਮੁਹੱਈਆ ਕਰਾਉਣ ਵਾਲ਼ੇ ਫਿਲਾਸਫਰਾਂ ਫੂਕੋਅ ਅਤੇ ਸਈਦ ਨਾਲ ਹੀ ਸਹਿਮਤ ਨਹੀਂ। ਨਾ ਬੱਲ ਨੇ ਇਹ ਸਪੱਸ਼ਟ ਕੀਤਾ ਕਿ ਮੈਂ ਮਹਿਜ਼ ਆਧੁਨਿਕਤਾਵਾਦ ਦੀ ਸਮੀਖਿਆ ਕਰਨ ਨਾਲ ਉਤਰ-ਬਸਤੀਵਾਦੀ ਕਿਵੇਂ ਹੋ ਗਿਆ? ਨਾ ਇਹ ਦੱਸਿਆ ਕਿ ਫੂਕੋਅ ਅਤੇ ਸਈਦ ਦਾ ਫਲਸਫਾ ਹੈ ਕੀ ਤੇ ਬੱਲ ਦੀ ਉਸ ਨਾਲ ਅਸਹਿਮਤੀ ਦਾ ਆਧਾਰ ਕੀ ਹੈ? ਬੱਸ ਬਹੁਤ ਸਾਰੀਆਂ ਗੱਲਾਂ ਦਾ ਲੰਮਾ ਚੌੜਾ ਖਿਲ੍ਹਾਰਾ ਪਾ ਲਿਆ। ਇਸ ਸਾਰੇ 'ਚੋਂ ਕੀ ਸੁਨੇਹਾ ਕੱਢੀਏ

*(ਬਾਕੀ ਅਗਲੇ ਸਫੇ 'ਤੇ)*

# ਮਸੀਹੀ ਮੁਸੀਬਤ

ਗੁਰਦਿਆਲ ਬਲ ਨੇ ਕਾਮਰੇਡ ਤ੍ਰਾਤਸਕੀ ਦੀ ਪ੍ਰਸੰਗਿਕਤਾ ਬਾਰੇ ਆਪਣੇ ਖਤਨੁਮਾ ਲੇਖ ਵਿਚ ਜੋਜ਼ਫ ਸਟਾਲਿਨ ਦੀ ਪੁਨਰਸਥਾਪਤੀ ਦੇ ਯਤਨਾਂ ਦੇ ਸੰਭਾਵੀ ਖਤਰਿਆਂ ਵਿਰੁਧ ਚਿਤਾਵਨੀ ਦਿੱਤੀ ਸੀ। ਇਸ ਉਪਰ ਪ੍ਰਭਸ਼ਰਨਦੀਪ ਸਿੰਘ ਦੀ ਵਿਅੰਗਮਈ ਟਿੱਪਣੀ ਨੇ ਜਾਪਦਾ ਹੈ ਕਿ ਬਲ ਬਾਬੇ ਦੀਆਂ ਸੁੱਤੀਆਂ ਕਲਾਂ ਜਗਾ ਦਿੱਤੀਆਂ। ਗੱਲ ਸਤਾਲਿਨ ਇੱਕ ਵਿਅਕਤੀ ਤੋਂ 'ਸਤਾਲਿਨੀ ਵਰਤਾਰੇ' ਦੇ ਵਿਆਪਕ ਸੰਦਰਭ ਤੀਕ ਜਾ ਪਹੁੰਚੀ। ਦੂਜੀ ਲੰਬੀ ਲਿਖਤ ਵਿਚ ਬਲ ਨੇ ਆਵਾਗਵਨ ਵਿਚਾਰਧਾਰਕ ਸੁਪਨਸਾਜ਼ੀ ਦੇ ਖ਼ਤਰਿਆਂ ਬਾਰੇ ਇਤਿਹਾਸਕ ਘਟਨਾਵਾਂ ਤੇ ਇਨ੍ਹਾਂ ਬਾਰੇ ਟਕਸਾਲੀ ਪੁਸਤਕਾਂ ਦੇ ਆਧਾਰ 'ਤੇ ਬਹੁਤ ਅਹਿਮ ਤੱਥ ਪੇਸ਼ ਕੀਤੇ। ਬਲ ਨੇ ਹਿਟਲਰ, ਮੁਸੋਲਿਨੀ, ਸਤਾਲਿਨ ਆਦਿ ਨੀਮ ਪਾਗਲ ਡਿਕਟੇਟਰਾਂ ਦੇ ਹੈਂਸਿਆਰੇ ਕਿਰਦਾਰਾਂ ਅਤੇ ਉਨ੍ਹਾਂ ਦੀ ਬੇਰਹਿਮ ਭੂਮਿਕਾ ਬਾਰੇ ਅਹਿਮ ਜਾਣਕਾਰੀ ਦਿੱਤੀ ਹੈ।

ਧਰਮਯੁੱਧ ਇੱਕ ਸਵੈਵਿਰੋਧੀ ਸ਼ਬਦ ਹੈ। ਯੁੱਧ ਵਿਚ ਧਰਮ ਪਾਲਣਾ ਸੰਭਵ ਹੀ ਨਹੀਂ। ਯੁੱਧ ਵਿਚ ਸਭ ਕੁਝ ਜਾਇਜ਼ ਮੰਨਿਆ ਜਾਂਦਾ ਹੈ ਜਦ ਕਿ ਸੱਚ ਤੇ ਝੂਠ, ਪਾਪ ਤੇ ਪੁੰਨ ਦਾ ਨਿਖੇੜਾ ਕਰਨਾ ਧਰਮ ਦਾ ਮੁੱਖ ਮਨੋਰਥ ਹੈ। ਗੁਰਬਾਣੀ ਇਸ ਬਾਰੇ ਸਪਸ਼ਟ ਦੱਸਦੀ ਹੈ ਕਿ ਹਰਾਮ ਦੀ ਭਾਜੀ ਨੂੰ ਤੜਕਾ ਲਾ ਕੇ ਹਲਾਲ ਨਹੀਂ ਬਣਾਇਆ ਜਾ ਸਕਦਾ (ਮਾਰਣ ਪਾਇ ਹਰਾਮ ਮੇ ਹੋਇ ਹਲਾਲ ਨਾ ਜਾਏ)। ਇਹ ਠੀਕ ਹੈ ਕਿ ਅਨੇਕਾਂ ਸਥਿਤੀਆਂ ਵਿਚ ਯੁੱਧ ਟਾਲਣਾ ਸੰਭਵ ਨਹੀਂ ਹੁੰਦਾ। ਆਪਣੇ ਜੋਧਿਆਂ ਦਾ ਮਨੋਬਲ ਉਚਾ ਕਰਨ ਅਤੇ ਆਪਣੇ ਪੱਖ ਨੂੰ ਉਚਿਤ ਠਹਿਰਾਉਣ ਲਈ ਵਰਤੀਆਂ ਜਾਂਦੀਆਂ ਜੁਗਤਾਂ ਵਿਚੋਂ ਜੰਗ ਨੂੰ ਧਰਮਯੁਧ ਵਜੋਂ ਪੇਸ਼ ਕਰਨਾ ਵੀ ਇੱਕ ਕਾਰਗਰ ਜੁਗਤ ਹੈ। ਯੁੱਧ ਲਈ ਧਰਮ ਦੇ ਨਾਂ ਦੀ ਵਰਤੋਂ ਕਰਨ ਵਾਲਿਆਂ ਵਿਚ ਭਾਰੀ ਬਹੁਗਿਣਤੀ ਪੁੱਜ ਕੇ ਅਧਾਰਮਿਕ, ਜਨੂੰਨੀ, ਸੱਤਾ ਦੇ ਭੁੱਖੇ, ਖਰੀਦੇ ਹੋਏ ਪ੍ਰਚਾਰਕ, ਮੁਲਕਗੀਰੀ ਦੀ ਹਵਸ ਤੋਂ ਪ੍ਰੇਰਿਤ ਸ਼ਾਸ਼ਕ, ਸਵੈ-ਵਡਿੱਤਣ ਦੀ ਮਾਨਸਿਕ ਗੰਢ ਦੇ ਰੋਗੀ ਦਾਨਿਸ਼ਵਰਾਂ ਦੀ ਹੁੰਦੀ ਹੈ। ਰੂਹਾਨੀ ਮੂਰਖ ਇਨ੍ਹਾਂ ਨਾਲ ਰਲ ਕੇ ਹਰ ਪੀੜ੍ਹੀ ਦੇ ਨੌਜਵਾਨਾਂ ਨੂੰ 'ਸ਼ਹੀਦ' ਹੋਣ ਦੇ ਮੌਕੇ ਉਪਲਬਧ ਕਰਵਾਉਂਦੇ ਰਹਿੰਦੇ ਹਨ। ਇਨ੍ਹਾਂ ਬੇਈਮਾਨਾਂ ਦੇ ਢਹੇ ਚੜ੍ਹ ਕੇ ਮਰਨ ਵਾਲਿਆਂ ਦਾ ਊਤਪਣਾ 'ਸ਼ਹੀਦੀ ਆਭਾ' ਹੇਠ ਢਕਿਆ ਜਾਂਦਾ ਹੈ। ਕਾਦਰ ਅਤੇ ਕੁਦਰਤ ਜਿਸ ਜੀਵ ਨੂੰ ਜ਼ਿੰਦਗੀ ਦੇ ਬੇਨਜ਼ੀਰ ਤੋਹਫੇ ਦੇ ਕਾਬਲ ਮੰਨਦੇ ਹਨ। ਇਹ ਅਈਆਰ ਰੱਬ ਨਾਲੋਂ ਵਧੇਰੇ 'ਲੰਮੀ ਨਦਰ' ਵਾਲੇ ਹੋਣ ਦਾ ਦੰਭ ਕਰਦਿਆਂ ਉਸ ਦੀ ਜਾਨ ਲੈਣੀ, ਬਲੀ ਦੇਣੀ ਆਪਣਾ ਹੱਕ ਸਮਝਦੇ ਹਨ। ਮਨੁਖਤਾ ਦੇ ਇਨ੍ਹਾਂ ਵੈਰੀਆਂ ਦਾ ਸਾਥ ਦੇਣਾ ਮਹਾਂਪਾਪ ਹੈ।

ਬਲ ਦਾ ਲੇਖ ਬਾਰੇ ਪ੍ਰਭਸ਼ਰਨਦੀਪ ਦੇ ਭਰਾ ਪ੍ਰਭਸ਼ਰਨਬੀਰ ਸਿੰਘ ਨੇ ਇਸ ਦੀਆਂ 'ਗੁੱਝੀਆਂ ਰਮਜ਼ਾਂ' ਨੰਗੀਆਂ ਕਰਨ ਹਿਤ ਨਿਰਣਾ ਕੱਢਿਆ ਕਿ ਬਲ ਨੂੰ ਭਾਂਤ ਸੁਭਾਂਤ ਦੀਆਂ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ ਪਰ ਇਨ੍ਹਾਂ ਦੇ ਸੰਦਰਭ ਜਾਨਣ ਵਿਚ ਰੁਚੀ ਨਹੀਂ ਹੈ। ਬਲ ਦੇ ਲੇਖ ਵਿਚ ਸ਼ੈਲੀ, ਭਾਸ਼ਾ, ਬੇਲੋੜੀਆਂ ਡਾਈਗਰੈਨਸ਼ਨਾਂ, ਲਾਊਡ ਸੁਰ, ਸੰਜਮ ਦੀ ਘਾਟ ਸਮੇਤ ਕਈ ਤਕਨੀਕੀ ਖਾਮੀਆਂ ਕੱਢੀਆਂ ਜਾ ਸਕਦੀਆਂ ਹਨ ਪਰ ਪ੍ਰਭਸ਼ਰਨਬੀਰ ਨੇ ਬਲ ਦੇ ਲੇਖ ਦੇ ਕੇਂਦਰੀ ਵਿਸ਼ੇ ਨਾਲ ਜੁੜੇ ਪਹਿਲੂਆਂ ਬਾਰੇ ਉਕਾ ਕੋਈ ਗੱਲ ਨਹੀਂ ਕੀਤੀ। ਵਿਚਾਰ-ਚਰਚਾ ਦਾ ਇਹ ਢੰਗ ਇੰਜ ਹੀ ਹੈ ਜਿਵੇਂ ਕਿਸੇ ਵਕਤਾ ਨੇ ਨਿਹੰਗ ਸਿੰਘਾਂ ਦੀ ਇਤਿਹਾਸਕ ਬਹਾਦਰੀ ਦਾ ਜ਼ਿਕਰ ਕੀਤਾ ਹੋਵੇ ਤੇ ਉਸ ਉਪਰ ਟਿੱਪਣੀਕਾਰ ਨਿਹੰਗਾਂ ਵੱਲੋਂ 21ਵੀਂ ਸਦੀ 'ਚ ਆਪਣੇ ਵਾਹਨਾਂ ਅੱਗੇ ਝੋਟੇ ਜੋੜਨ ਤੇ ਵੱਡੀਆਂ ਦਸਤਾਰਾਂ ਬੰਨ੍ਹਣ ਦੇ ਮਿਹਣੇ ਮਾਰਨ ਲੱਗ ਪਵੇ।

ਬਲ ਨੇ ਇਰਾਨੀ ਦ੍ਰਿਸ਼, ਖ਼ਾਸ ਕਰਕੇ ਆਇਤਉਲਾ ਖੁਮੀਨੀ ਦੀ ਇਸਲਾਮਿਕ ਕ੍ਰਾਂਤੀ ਬਾਰੇ ਗੱਲ ਕਰਦਿਆਂ ਅਜ਼ਰ ਨਫੀਸੀ, ਐਂਡਰਸਨ ਆਦਿ ਦੀਆਂ ਪੁਸਤਕਾਂ ਦੇ ਹਵਾਲੇ ਦਿੱਤੇ ਸਨ। ਬੀਰ ਨੇ ਉਨ੍ਹਾਂ ਦੇ ਅਮਰੀਕੀ ਏਜੰਸੀਆਂ ਨਾਲ ਸਬੰਧਾਂ ਦੇ ਕੁਝ ਤੱਥ ਪੇਸ਼ ਕਰਦਿਆਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਬਲ ਨੂੰ ਇਨ੍ਹਾਂ ਦਾ ਸੰਦਰਭ ਜਾਨਣ ਵਿਚ ਕੋਈ ਰੁਚੀ ਨਹੀਂ ਹੈ। ਲੇਖਕਾਂ-ਚਿੰਤਕਾਂ-ਮਹਾਂਪੁਰਖਾਂ ਦੇ ਜੀਵਨ ਸੰਦਰਭਾਂ ਵਿਚ ਵੱਡੇ ਕੂਹਣੀ ਮੋੜ ਆਉਂਦੇ ਰਹਿੰਦੇ ਹਨ। ਜਿਵੇਂ ਜਨਰਲ ਸੁਬੇਗ ਸਿੰਘ ਨੇ ਇੰਦਰਾ ਸਰਕਾਰ ਦੀ ਯੁੱਧਨੀਤੀ ਦਾ ਕਾਰਗਰ ਮੋਹਰਾ ਬਣ ਕੇ ਮੁਕਤੀਵਾਹਨੀ ਖੜੀ ਕੀਤੀ ਤੇ ਫਿਰ ਬਲਿਊ ਸਟਾਰ ਵਿਚ ਉਸੇ ਸਰਕਾਰ ਦੇ ਸੈਨਿਕਾਂ ਵਿਰੁਧ ਜਾਨ ਦੀ ਬਾਜ਼ੀ ਵੀ ਲਾਈ। ਪਿਛਲਾ ਸੰਦਰਭ ਪੇਸ਼ ਕਰਕੇ ਇੱਕ ਜਰਨੈਲ ਵਜੋਂ ਉਨ੍ਹਾਂ ਦੀ ਪਹਿਲੀ ਕਾਰਕਰਦਗੀ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਬਲ ਦੇ ਲੇਖ ਦੇ ਮੁੱਖ ਪਹਿਲੂ ਸਨ,

1. ਹਿੰਸਾ ਨੂੰ ਰੋਮਾਂਟੀਸਾਈਜ਼ ਕਰਨ ਦੀ ਖਤਰਨਾਕ ਰੁਚੀ।

2. ਸਥਾਪਤੀ ਦਾ ਅੰਗ ਬਣਨ ਦਾ ਵਿਰੋਧ।

3. ਵਿਚਾਰਧਾਰਕ ਸੁਪਨਸਾਜ਼ੀ ਦੀ ਲਾਹਨਤ।

4. ਅਹਿਮਕਾਨਾ ਮਹਿਫਿਲਾਂ ਨੂੰ ਧਰਮਯੁੱਧ ਕਹਿਣ ਵਾਲਾ ਕੂੜ ਕਪਟ।

5. ਉਪਰੋਕਤ ਚਾਰ ਵਰਤਾਰਿਆਂ ਨਾਲ ਜੁੜੀਆਂ ਹਿੰਸਕ ਲਹਿਰਾਂ ਦੀ ਹਮਾਇਤ ਵਿਚ ਭੁਗਤਣ ਵਾਲੇ ਦਾਨਿਸ਼ਵਰਾਂ ਦੀ ਨਿਖੇਧੀ।

ਬਲ ਦੀ ਆਸਥਾ ਦੇ ਇਨ੍ਹਾਂ ਪਹਿਲੂਆਂ ਨਾਲ ਸਹਿਮਤੀ-ਅਸਹਿਮਤੀ ਪ੍ਰਗਟਾਉਣ ਦਾ ਟਿੱਪਣੀਕਾਰ ਦਾ ਹੱਕ ਸੀ ਪਰ ਬੀਰ ਨੇ ਇਨ੍ਹਾਂ ਵਿਚੋਂ ਕਿਸੇ ਇੱਕ ਬਾਰੇ ਵੀ ਕੁਝ ਨਹੀਂ ਕਿਹਾ, ਕੇਵਲ ਬਲ ਦੇ ਸੁਭਾ ਦੀ ਇੱਕ ਕਮਜ਼ੋਰੀ ਹੀ ਨੂੰ ਇੰਗਤ ਕੀਤਾ ਹੈ। ਵਿਚਾਰਧਾਰਕ ਸੁਪਨਸਾਜ਼ੀ ਬੜੀ ਖ਼ਤਰਨਾਕ ਲਤ ਹੈ। ਨਮੂਨੇ ਵਜੋਂ,

1. ਹਿਟਲਰ ਨਿਸੰਗ ਕਹਿੰਦਾ ਸੀ ਕਿ ਉਹ ਜਰਮਨਾਂ ਨੂੰ ਬੇਰਹਿਮ ਹੋਣਾ ਸਿਖਾ ਰਿਹਾ ਹੈ ਤਾਂ ਕਿ ਗੰਦੇ ਯਹੂਦੀਆਂ ਦੀ ਨਸਲਕੁਸ਼ੀ ਕਰਕੇ ਇਸ ਬੁਰਾਈ ਦਾ 'ਅੰਤਮ ਹੱਲ' ਕੱਢਿਆ ਜਾ ਸਕੇ।

2. ਧਾਰਮਿਕ ਪੇਸ਼ਵਾ ਆਇਤਉਲਾ ਖੁਮੀਨੀ ਵਲੋਂ ਲੱਖਾਂ ਨਵ-ਉਮਰ ਇਰਾਨੀ ਮੁੰਡਿਆਂ ਨੂੰ ਇਰਾਕ ਵਿਰੁਧ ਯੁੱਧ ਵਿਚ ਝੋਕਣ ਸਮੇਂ ਪਲਾਸਟਿਕ ਦੀਆਂ ਚਾਬੀਆਂ ਵੰਡਦਿਆਂ ਦਾਅਵਾ ਕੀਤਾ ਸੀ ਕਿ ਇਹ ਜੰਨਤ ਦੀਆਂ ਕੁੰਜੀਆਂ ਹਨ। ਉਨ੍ਹਾਂ ਦਾ ਇਹ ਵੀ ਫੁਰਮਾਨ ਸੀ ਕਿ ਉਸ ਦੇ ਘਰੇਲੂ ਵਿਰੋਧੀਆਂ ਦਾ ਸਫਾਇਆ ਕਰਦੇ ਸਮੇਂ ਵੇਖਿਆ ਜਾਵੇ ਜੇ ਪਰਿਵਾਰ ਵਿਚ ਕੋਈ ਕੰਵਾਰੀ ਲੜਕੀ ਹੋਵੇ ਤਾਂ ਕਤਲ ਕਰਨ ਤੋਂ ਪਹਿਲਾਂ ਉਸ ਦਾ ਸਤ ਭੰਗ ਕੀਤਾ ਜਾਵੇ ਕਿਉਂਕਿ ਉਨ੍ਹਾਂ ਦੇ ਅਕੀਦੇ ਅਨੁਸਾਰ ਕੰਵਾਰੀ ਲੜਕੀ ਜੰਨਤ ਵਿਚ ਦਾਖ਼ਲ ਹੋਣ ਦੀ ਅਧਿਕਾਰੀ ਹੈ।

3. ਮਾਉ-ਜ਼ੇ-ਤੁੰਗ ਦਾ ਮਸ਼ਹੂਰ ਕਥਨ ਸੀ ਕਿ ਜੇਕਰ ਤੀਜੀ ਸੰਸਾਰ ਜੰਗ ਵਿਚ 50 ਕਰੋੜ ਚੀਨੀ ਮਾਰੇ ਭੀ ਗਏ ਤਾਂ ਵੀ ਕਰੋੜਾਂ ਚੀਨੀ ਬਚ ਰਹਿਣਗੇ ਜੋ ਨਵੀਂ ਸ਼ਾਨਦਾਰ ਸੱਭਿਅਤਾ ਸਿਰਜਣਗੇ।

4. ਸਤਾਲਿਨ ਨੇ ਆਪਣੀ ਪਾਰਟੀ ਵਿਚੋਂ ਗੰਦ ਕੱਢਣ ਲਈ ਪਰਜ਼ (ਪੱਛ ਲਾ ਕੇ ਗੰਦਾ ਖ਼ੂਨ ਕੱਢਣਾ) ਕਰਦੇ ਸਮੇਂ ਲੱਖਾਂ ਕਾਮਰੇਡਾਂ ਨੂੰ ਆਪਣੀ ਕਰੂਰਤਾਂ ਦਾ ਸ਼ਿਕਾਰ ਬਣਾਇਆ।

5. ਪੋਲ ਪੋਤ ਨੇ ਕੰਬੋਡੀਆ ਵਿਚੋਂ ਗੰਦੀ ਪੱਛਮੀ ਸੱਭਿਅਤਾ ਦੇ ਨਿਸ਼ਾਨ ਮਿਟਾਉਣ ਦੀ ਨੀਤੀ ਹੇਠ ਸ਼ਹਿਰ ਉਜਾੜ ਦਿੱਤੇ ਅਤੇ ਪ੍ਰੈਸ 'ਤੇ ਪਾਬੰਦੀ ਲਗਾ ਦਿੱਤੀ ਸੀ।

6. ਅਮਰੀਕਾ ਲੋਕ ਰਾਜ ਅਤੇ ਮਨੁਖੀ ਅਧਿਕਾਰਾਂ ਦੀ ਰਾਖੀ ਦਾ ਦਾਅਵੇਦਾਰ ਹੋ ਕੇ ਦਰਜਨਾਂ ਦੇਸ਼ਾਂ ਵਿਚ ਮੌਤ ਦਾ ਤਾਂਡਵ ਨੱਚਦਾ ਆ ਰਿਹਾ ਹੈ।

7. ਅੰਗਰੇਜ ਸੰਸਾਰ ਵਿਚ ਸਭ ਤੋਂ ਪਹਿਲੀਆਂ ਸ਼ਾਨਦਾਰ ਸੱਭਿਅਤਾਵਾਂ ਦੀਆਂ ਸਿਰਜਕ ਕਾਲੀ, ਪੀਲੀ ਤੇ ਗੰਦਮੀ ਕੌਮਾਂ ਨੂੰ ਸੱਭਿਅਕ ਬਣਾਉਣ ਦਾ ਭਾਰਾ ਫਰਜ਼ ਆਪਣੇ ਮੋਢਿਆਂ 'ਤੇ ਚੁੱਕੀ ਏਸ਼ੀਆ, ਅਰਬ ਤੇ ਅਫਰੀਕਾ ਨੂੰ ਸੈਂਕੜੇ ਸਾਲ ਗੁਲਾਮ ਕਰਕੇ ਲੁੱਟਦੇ ਤੇ ਕੁੱਟਦੇ ਰਹੇ ਪਰ ਖ਼ੁਦ ਯੂਰਪ ਦੇ ਅਹਿਮਕ ਗੋਰੇ ਸ਼ਾਸ਼ਕ 30 ਸਾਲ ਖ਼ੂਨੀ ਜੰਗ ਵਿਚ ਮਰਦੇ-ਮਾਰਦੇ ਰਹੇ।

ਵੱਡੇ ਦੁੱਖ ਦੀ ਗੱਲ ਇਹ ਹੈ ਕਿ ਉਨਮਾਦੀ ਸੁਪਨਸਾਜ਼ਾਂ ਦਾ ਸਭ ਤੋਂ ਵੱਡਾ ਖਰੀਦਦਾਰ ਸਾਧਾਰਨ ਬੰਦਾ ਹੁੰਦਾ ਹੈ। ਇੱਕ ਵਾਰ ਠੱਗੇ ਜਾਣ ਪਿੱਛੋਂ ਭੀ ਸਾਧਾਰਨ ਬੰਦਾ ਮੁੜ ਨਵੇਂ ਸਿਰਨਾਵੇਂ ਵਾਲੇ ਸੁਪਨਜਾਲ ਵਿਚ ਫਸਣ ਲਈ ਤੱਤਪਰ ਰਹਿੰਦਾ ਹੈ। ਵਿਡੰਬਨਾ ਇਹ ਹੈ ਕਿ ਇਨ੍ਹਾਂ ਭੋਲੇ ਲੋਕਾਂ ਨੂੰ ਲੁੱਟ ਕੇ ਜੋ ਰਾਜ ਮਹਿਲ, ਠਾਠ-ਬਾਠ, ਸੁਨਹਿਰੀ ਗੁੰਬਦਾਂ ਵਾਲੇ ਮੱਠ ਸਿਰਜੇ ਜਾਂਦੇ ਹਨ, ਉਨ੍ਹਾਂ ਦੀ ਸ਼ਾਨ ਨੂੰ ਸਗੋਂ ਉਹ ਬਹੁਰੂਪੀਏ ਚਮਤਕਾਰੀ ਪ੍ਰਤਿਭਾ ਦਾ ਸਬੂਤ ਮੰਨਦਾ ਹੋਇਆ ਵਧੇਰੇ ਸ਼ਰਧਾਵਾਨ ਬਣ ਜਾਂਦਾ ਹੈ। ਖਿਆਲੀ ਦੁਨੀਆਂ ਦੇ ਵਸਨੀਕ ਅਨੇਕਾਂ ਦਾਨਿਸ਼ਵਰ ਇਨ੍ਹਾਂ ਦੀ ਨੇੜਤਾ ਤੋਂ ਮੰਤਰ-ਮੁਗਧ ਹੁੰਦੇ ਵੇਖੇ ਗਏ ਹਨ। ਬਲ ਨੇ ਇਸ ਪਹਿਲੂ ਬਾਰੇ ਲਿਖਦਿਆਂ ਹੈਡਗੇਅਰ, ਮਿਸ਼ੈਲ ਫੁਕੋ, ਜਾਰਜ ਬਤਾਈ ਅਤੇ ਅਜਰਾ ਪਾਊਂਡ ਉਪਰ ਉਂਗਲੀ ਉਠਾਈ ਹੈ।

ਆਪਣੇ ਜਾਣੇ-ਪਛਾਣੇ ਸ਼ਾਇਰੇ-ਮਸ਼ਰਿਕ ਅਲਾਮਾ ਇਕਬਾਲ ਬਾਰੇ ਕੁਝ ਕਹਿਣਾ ਕੁਥਾਂ ਨਹੀਂ ਜਾਪਦਾ। ਕਦੇ ਉਹ ਮੁਹੱਬਤ ਨੂੰ ਗ਼ਾਜ਼ੀ ਮਰਦਾਂ ਦਾ ਵਿਸ਼ਵਵਿਆਪੀ ਹੁਸਨ ਕਹਿੰਦਾ ਸੀ।

ਮੁਸਲਮਾਂ ਕੇ ਲਹੂ ਮੇਂ ਹੈ ਸਲੀਕਾ ਦਿਲਨਵਾਜ਼ੀ ਕਾ

ਮੁਹੱਬਤ ਹੁਸਨੇ ਆਲਮਗੀਰ ਹੈ ਮਰਦਾਨੇ-ਗ਼ਾਜ਼ੀ ਕਾ।

ਉਹ ਬੁੱਧ, ਨਾਨਕ ਵਰਗੇ ਮਹਾਂਪੁਰਖਾਂ ਦੀ ਸ਼ੋਭਾ ਦੇ ਗੀਤ ਗਾਉਂਦਾ ਸੀ। ਅੱਗੇ ਚੱਲ ਕੇ ਉਹੀ ਇਕਬਾਲ ਇਟਲੀ ਦੇ ਫਾਸਿਸਟ ਡਿਕਟੇਟਰ ਮੁਸੋਲਿਨੀ ਦੀ ਅਹਿਮਕਾਨਾ ਜੱਬਲ, 'War is necessary to keep the Blood of nation warm" ਨੂੰ ਜੀਵਨ ਦਰਸ਼ਨ ਦਾ ਬੁਲੰਦ ਰੁਤਬਾ ਬਖ਼ਸ਼ਦਾ ਹੋਇਆ ਲਿਖਦਾ ਹੈ,

ਹਮਾਮੋ-ਕਬੂਤਰ ਕਾ ਭੂਖਾ ਨਹੀਂ ਮੈਂ
ਕਿ ਹੈ ਜ਼ਿੰਦਗੀ ਬਾਜ਼ ਕੀ ਜ਼ਾਇਦਾਨਾ।
ਝਪਟਨਾ, ਪਲਟਨਾ, ਪਲਟ ਕਰ ਝਪਟਨਾ,
ਲਹੂ ਗਰਮ ਰਖਨੇ ਕਾ ਹੈ ਇੱਕ ਬਹਾਨਾ।

ਬਲਿਹਾਰੇ ਜਾਈਏ ਮੁਹੱਬਤ ਦੇ ਅਜਿਹੇ ਆਲਮਗੀਰ ਹੁਸਨ ਤੋਂ ਜਿਸ ਲਈ ਮਾਸੂਮਾਂ ਦਾ ਲਹੂ ਵੀਟਣਾ ਆਪਣਾ ਲਹੂ ਗਰਮ ਰੱਖਣ ਦਾ ਇੱਕ ਬਹਾਨਾ ਹੀ ਹੈ। ਇਥੇ ਇਸ ਤੱਥ 'ਤੇ ਵੀ ਗੌਰ ਕਰਨਾ ਬਣਦਾ ਹੈ ਕਿ ਜੇਕਰ ਇਨ੍ਹਾਂ ਦਾ ਆਪਣਾ ਕੋਈ ਕਿਸੇ ਭੇੜ ਵਿਚ ਮਾਰਿਆ ਜਾਵੇ ਤਾਂ ਸਦੀਆਂ ਤੀਕ ਸਿਆਪਾ ਕਰਨੋਂ ਨਹੀਂ ਹਟਦੇ।

ਅਜਿਹੇ ਰਹਿਬਰ, ਸੁਪਨਸਾਜ਼, ਮਹਾਂ ਮਨੁੱਖ ਇਨਸਾਨੀਅਤ ਦੀ ਖੇਤੀ ਬਰਬਾਦ ਕਰਨ ਦਾ ਕਾਰਨ ਹੀ ਬਣਦੇ ਹਨ। ਇਨ੍ਹਾਂ ਦੀ ਮੌਜੂਦਗੀ ਹੀ ਦੁਨੀਆਂ ਦੀ ਬਦਨਸੀਬੀ ਹੁੰਦੀ ਹੈ,

ਮੇਰੀ ਬਦਕਿਸਮਤੀ, ਮੈਂ ਉਸ ਸ਼ਹਿਰ ਦਾ ਰੁੱਖ ਹਾਂ ਜਿੱਥੇ,

ਜਿਧਰ ਨੂੰ ਵੀ ਨਜ਼ਰ ਮਾਰੋ, ਮਸੀਹੇ ਹੀ ਮਸੀਹੇ ਨੇ।

ਬਲ ਇਸ ਮਸੀਹੀ ਮੁਸੀਬਤ ਦੇ ਸ਼ਿਕਾਰ ਲੋਕਾਂ ਲਈ ਹਾਅ ਦਾ ਨਾਅਰਾ ਮਾਰ ਰਿਹਾ ਹੈ। ਬਲ ਦਾਸਤੋਵਸਕੀ ਦੇ ਮਹਾਨ ਨਾਵਲ Brothers Kramazov ਦੇ ਈਵਾਨ ਦੀ ਆਸਥਾ ਦਾ ਧਾਰਨੀ ਹੈ ਕਿ ਮਾਸੂਮ ਬਾਲਕ ਦੀ ਅੱਖ ਦੇ ਇੱਕ ਹੰਝੂ ਬਦਲੇ ਮਿਲਦਾ ਸਵਰਗ (ਸੱਚਖੰਡ-ਰਾਮਰਾਜ) ਬਹੁਤ ਮਹਿੰਗਾ ਹੈ।

ਪਲ ਪਲ ਬਦਲਦੇ ਦਾਰਸ਼ਨਿਕ ਸੰਦਰਭਾਂ ਦੀ ਖੋਜ ਪੜਤਾਲ ਕਰਨਾ ਵਿਦਵਾਨਾਂ ਦਾ ਕਾਬਲੇ ਰਸਕ ਸ਼ੌਕ ਹੋ ਸਕਦਾ ਹੈ ਪਰ ਮਨੁੱਖਤਾ ਨੂੰ ਕਰਿਸ਼ਮੇਸਾਜ਼ਾਂ ਨਾਲੋਂ ਗ਼ਮਗੁਸਾਰਾਂ ਦੀ ਕਿਤੇ ਵੱਧ ਲੋੜ ਹੈ।

*-ਅਮਰਜੀਤ ਪਰਾਗ*

# ਖ਼ੁਦਾ ਨੂੰ ਮਿਲੀਏ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਇਸਲਾਮ ਧਰਮ ਵਿਚ ਈਸ਼ਵਰ ਲਈ ਵਰਤੀਂਦੇ ਤਿੰਨ ਸ਼ਬਦ ਪੰਜਾਬੀ ਵਿਚ ਵੀ ਸਮਾ ਚੁੱਕੇ ਹਨ, ਰੱਬ, ਖ਼ੁਦਾ ਅਤੇ ਅੱਲਾ। ਸਭ ਤੋਂ ਵੱਧ ਪ੍ਰਚਲਿਤ ਤਾਂ ਰੱਬ ਹੀ ਹੈ ਜਿਸ ਨੂੰ ਮੁਸਲਮਾਨ, ਹਿੰਦੂ, ਸਿੱਖ ਸਭ ਹੀ ਵਰਤ ਲੈਂਦੇ ਹਨ ਜਿਸ ਬਾਰੇ ਪਹਿਲਾਂ ਪੂਰਾ ਲੇਖ ਲਿਖਿਆ ਜਾ ਚੁੱਕਾ ਹੈ। ਖ਼ੁਦਾ ਵੀ ਕਾਫੀ ਚਲਦਾ ਹੈ, ਖਾਸ ਤੌਰ 'ਤੇ ਸਾਹਿਤ ਤੇ ਫਿਲਮਾਂ ਵਿਚ ਪਰ ਅੱਲਾ ਗੈਰ-ਮੁਸਲਿਮ ਪੰਜਾਬੀਆਂ ਵਲੋਂ ਘਟ ਹੀ ਵਰਤਿਆ ਜਾਂਦਾ ਹੈ। ਪੰਜਾਬੀ ਸੂਫੀ ਕਾਵਿ, ਕਿੱਸਾ ਕਾਵਿ ਇਥੋਂ ਤੱਕ ਕਿ ਗੁਰੂ ਗ੍ਰੰਥ ਸਾਹਿਬ ਵਿਚ ਵੀ ਖ਼ੁਦਾ ਸ਼ਬਦ ਕਈ ਵਾਰੀ ਆਇਆ ਹੈ ਤੇ ਇਸ ਦਾ ਰੂਪ ਹੈ "ਖੁਦਾਇ।" ਪੰਜਾਬੀ ਵਿਚ ਸਭ ਤੋਂ ਪਹਿਲਾਂ ਇਸ ਦੀ ਵਰਤੋਂ ਸ਼ੇਖ ਫਰੀਦ ਦੇ ਸ਼ਲੋਕਾਂ ਵਿਚ ਮਿਲਦੀ ਹੈ, "ਰਤੇ ਇਸਕ ਖੁਦਾਇ ਰੰਗ ਦੀਦਾਰ ਕੇ।"

ਗੁਰੂ ਨਾਨਕ ਦੇਵ ਤੇ ਹੋਰ ਗੁਰੂਆਂ-ਭਗਤਾਂ ਨੇ ਵੀ ਇਸ ਦੀ ਖਾਸੀ ਵਰਤੋਂ ਕੀਤੀ ਹੈ, "ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।" ਅੱਗੇ ਦਿੱਤੀ ਜਾ ਰਹੀ ਗੁਰੂ ਨਾਨਕ ਦੇਵ ਦੀ ਤੁਕ ਤੋਂ ਤਾਂ ਇਸ ਗੱਲ ਦਾ ਵੀ ਭੁਲੇਖਾ ਪੈਂਦਾ ਹੈ ਕਿ ਕਲਜੁਗ ਵਿਚ ਖੁਦਾਈ ਸ਼ਬਦ ਅਥਰਬਣ ਵੇਦ ਦੀ ਪ੍ਰਧਾਨਤਾ ਕਾਰਨ ਪ੍ਰਚਲਿਤ ਹੋਇਆ, "ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।" ਪਰ ਅਜੋਕੇ ਸਮੇਂ (ਕਲਜੁਗ) ਵਿਚ ਇਸਲਾਮ ਦੇ ਸਥਾਪਤ ਹੋਣ ਨਾਲ ਇਥੇ ਇਸ ਦੇ ਪਰਮਾਤਮਾ ਲਈ ਇਸਤੇਮਾਲ ਕੀਤੇ ਜਾਂਦੇ ਸ਼ਬਦਾਂ, ਖ਼ੁਦਾ ਜਾਂ ਅੱਲਾ ਦੇ ਪ੍ਰਚਲਿਤ ਹੋਣ ਨਾਲ ਹੈ। ਮੀਆਂ ਮੁਹੰਮਦ ਬਖਸ਼ ਦਾ ਕਿੱਸਾ 'ਸੈਫਲ ਮਲੂਕ' ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੁੰਦਾ ਹੈ, "ਰਹਿਮਤ ਦਾ ਮੀਂਹ ਪਾ ਖੁਦਾਇਆ, ਬਾਗ ਸੁੱਕਾ ਕਰ ਹਰਿਆ।" ਵਾਰਿਸ ਸ਼ਾਹ ਵੀ ਆਪਣਾ ਕਿੱਸਾ ਕੁਝ ਇਸੇ ਤਰ੍ਹਾਂ ਸ਼ੁਰੂ ਕਰਦਾ ਹੈ, "ਅੱਵਲ ਹਮਦ ਖੁਦਾ ਦਾ ਵਿਰਦ ਕੀਜੈ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।" ਹੋਰ ਦੇਖੋ, ਮਸੀਤ ਵਿਚ ਮੁੱਲਾਂ ਦਾ ਕਲਾਮ,

ਘਰ ਰੱਬ ਦੇ ਨਾਲ ਨਾ ਬੰਨ੍ਹ ਝੇੜਾ,
ਅਜ਼ ਜ਼ੈਬ ਦੀਆਂ ਹੁੱਜਤਾਂ ਨਾ ਉਠਾਈਂ।
ਵਾਰਿਸ ਸ਼ਾਹ ਖ਼ੁਦਾ ਦੇ ਖਾਨਿਆਂ ਨੂੰ
ਇਹ ਮੁੱਲਾਂ ਭੀ ਚੰਬੜੇ ਹੈਨ ਬਲਾਈਂ।

ਇਸਲਾਮ ਦੇ ਰਹਿਬਰਾਂ ਦੀ ਇੱਛਾ ਹੈ ਕਿ ਰੱਬ ਲਈ ਅੱਲਾ ਸ਼ਬਦ ਹੀ ਚੱਲੇ ਕਿਉਂਕਿ ਇਸ ਨੂੰ ਹੀ ਰੱਬ ਦਾ ਅਸਲੀ ਨਾਂ ਮੰਨਿਆ ਜਾਂਦਾ ਹੈ ਬਾਕੀ ਤਾਂ ਸਭ ਅੱਲਾ ਦੀ ਸਿਫਤ ਦੇ ਹੀ ਅਰਥਾਵੇਂ ਹਨ। ਇਸੇ ਕਰਕੇ ਕੁਝ ਜ਼ੋਰ ਲਾਇਆ ਜਾਂਦਾ ਹੈ ਕਿ ਰੂੜ੍ਹ ਹੋ ਚੁੱਕੀ ਉਕਤੀ 'ਖੁਦਾ ਹਾਫ਼ਿਜ਼' ਨੂੰ 'ਅੱਲਾ ਹਾਫ਼ਿਜ਼' ਚਲਾਇਆ ਜਾਵੇ ਪਰ ਆਵਾਮ ਦੇ ਮੂੰਹ ਨੂੰ ਕਿਸ ਨੇ ਫੜ੍ਹ ਲੈਣਾ ਹੈ। ਭਾਸ਼ਾ



ਵਿਗਿਆਨ ਦੇ ਨਜ਼ਰੀਏ ਤੋਂ ਇਹ ਗੱਲ ਦਰੁਸਤ ਨਹੀਂ ਹੈ ਕਿ ਪਰਮਾਤਮਾ ਦਾ ਕੋਈ ਨਾਂ ਅਸਲੀ ਹੈ ਤੇ ਬਾਕੀ ਉਪਾਧੀਆਂ। ਅਸਲੀ ਤੋਂ ਭਾਵ ਤਾਂ ਇਹ ਨਿਕਲਦਾ ਹੈ, ਜਿਵੇਂ ਪਰਮਾਤਮਾ ਨੇ ਅੱਲਾ ਜਿਹਾ ਨਾਂ ਆਪ ਰੱਖਿਆ ਹੋਵੇ। ਅਸਲ ਵਿਚ ਹਰ ਸ਼ਬਦ ਸਮਾਜ ਦੀ ਪੈਦਾਵਾਰ ਹੁੰਦਾ ਹੈ ਤੇ ਮੁਢਲੇ ਤੌਰ 'ਤੇ ਕਿਸੇ ਵਸਤੂ ਜਾਂ ਵਿਚਾਰ ਦੇ ਇਕ ਜਾਂ ਕੁਝ ਇਕ ਪੱਖਾਂ ਵੱਲ ਹੀ ਸੰਕੇਤ ਕਰਦਾ ਹੈ।

ਅੱਲਾ ਤੇ ਰੱਬ-ਦੋਵੇਂ ਸ਼ਬਦ ਅਰਬੀ ਪਿਛੋਕੜ ਦੇ ਹਨ ਜਿਥੋਂ ਇਸਲਾਮ ਪੈਦਾ ਹੋਇਆ ਪਰ ਖ਼ੁਦਾ ਫਾਰਸ ਦੇਸ਼ ਦੀ ਭਾਸ਼ਾ ਫਾਰਸੀ ਦਾ ਸ਼ਬਦ ਹੈ ਜਿਥੇ ਇਸਲਾਮ ਪੂਰੀ ਤਰ੍ਹਾਂ ਮਕਬੂਲ ਹੋਇਆ। ਕੋਈ ਵੀ ਨਵਾਂ ਸੰਕਲਪ ਜਾਂ ਵਸਤੂ ਆਦਿ ਜਦ ਕਿਸੇ ਨਵੇਂ ਪਰਿਵੇਸ਼ ਵਿਚ ਦਾਖਿਲ ਹੁੰਦਾ ਹੈ ਤਾਂ ਉਥੋਂ ਦੇ ਬੋਲਣਹਾਰੇ ਜਾਂ ਤਾਂ ਉਸ ਲਈ ਵਰਤੀਂਦੇ ਸ਼ਬਦ ਨੂੰ ਹੂਬਹੂ ਅਪਨਾ ਲੈਂਦੇ ਹਨ ਜਾਂ ਉਸ ਨਾਲ ਰਲਦਾ ਮਿਲਦਾ ਸ਼ਬਦ ਆਪਣੇ ਸ਼ਬਦ ਭੰਡਾਰ ਵਿਚੋਂ ਲਭ ਕੇ ਵਰਤਣ ਲਗਦੇ ਹਨ। ਫਾਰਸ ਨੇ ਅੱਲਾ ਵਾਸਤੇ ਆਪਣੇ ਦੇਸ਼ ਦਾ ਸ਼ਬਦ ਵਰਤਿਆ ਜੋ ਜ਼ਰਜੁਸ਼ਤਰਾ ਆਪਣੇ ਇਸ਼ਟ ਅਹੁਰ ਮਾਜ਼ਦਾ ਲਈ ਵਰਤਦੇ ਸਨ। ਪਰ ਪੰਜਾਬ ਜਾਂ ਭਾਰਤ ਦੇ ਹੋਰ ਰਾਜਾਂ ਵਿਚ ਬਣੇ ਮੁਸਲਮਾਨਾਂ ਨੇ ਰੱਬ, ਅੱਲਾ, ਜਾਂ ਖ਼ੁਦਾ ਹੀ ਅਪਨਾਏ।

ਜਿਵੇਂ ਕਿ ਜ਼ਿਕਰ ਆ ਚੁੱਕਾ ਹੈ, ਖ਼ੁਦਾ ਸ਼ਬਦ ਮੁਢਲੇ ਤੌਰ 'ਤੇ ਫਾਰਸੀ ਦਾ ਹੈ ਤੇ ਇਸ ਦੇ ਅਰਥਾਪਣ ਸਬੰਧੀ ਵੀ ਕੁਝ ਮਤਭੇਦ ਨਜ਼ਰ ਆਉਂਦੇ ਹਨ। ਕੁਝ ਇਸ ਨੂੰ ਤੁਰਕ ਭਾਸ਼ਾ ਦੇ ਕਿਸੇ ਸ਼ਬਦ ਦਾ ਬਦਲਿਆ ਰੂਪ ਦਸਦੇ ਹਨ ਜੋ ਅਰਬੀ ਵਿਚ ਦਾਖਿਲ ਹੋ ਗਿਆ ਤੇ ਅਰਬੀ ਵਿਚੋਂ ਫਾਰਸੀ ਵਿਚ। ਪਰ ਇਤਿਹਾਸਕ ਤੌਰ 'ਤੇ ਕੁਰਾਨ ਦੇ ਜ਼ਮਾਨੇ ਵਿਚ ਅਰਬੀਆਂ ਦੇ ਤੁਰਕਾਂ ਨਾਲ ਸਬੰਧਾਂ ਦਾ ਪਤਾ ਨਹੀਂ ਲਗਦਾ। ਫਾਰਸੀ ਕੋਸ਼ਕਾਰ ਸਟੈਨਗੈਸ ਅਨੁਸਾਰ ਖ਼ੁਦਾ ਸ਼ਬਦ ਫਾਰਸੀ ਖਵਦ=ਸਵੈ ਅਤੇ ਅਇ=ਆਉਣ ਤੋਂ ਬਣਿਆ ਹੈ। ਮਹਾਨ ਕੋਸ਼ ਨੇ ਵੀ ਖੁਦਾ ਦੇ ਰੁਪਾਂਤਰ 'ਖੁਦਾਇਆ' ਦਾ ਸੰਧੀ-ਛੇਦ 'ਖੁਦ ਆਇਆ' ਕੀਤਾ ਹੈ, "ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ" -ਗੁਰੂ ਅਰਜਨ ਦੇਵ।

ਪਲੈਟਸ ਅਨੁਸਾਰ ਇਹ ਸ਼ਬਦ ਪੁਰਾਣੀ ਫਾਰਸੀ ਦੇ ਕਦਾਈ ਜਿਹੇ ਸ਼ਬਦ ਤੋਂ ਬਣਿਆ ਜੋ ਪਹਿਲਵੀ ਵਿਚ ਖਤਾਈ ਜਿਹਾ ਸੀ ਤੇ ਜ਼ੈਂਦ ਵਿਚ ਇਸ ਦਾ ਰੂਪ ਖਾਦਤ (ਖਾ=ਦਾਤ) ਸੀ ਜੋ ਸੰਸਕ੍ਰਿਤ ਸਵਾ+ਧਾ ਦਾ ਸੁਜਾਤੀ ਹੈ। ਸੰਸਕ੍ਰਿਤ ਵਿਚ ਸਵੈ ਦਾ ਅਰਥ ਪੰਜਾਬੀ ਸਵੈ, ਆਪ ਜਿਹਾ ਹੀ ਹੈ ਤੇ 'ਧਾ' ਦਾ ਅਰਥ ਧਾਰਨਾ, ਰੱਖਣਾ ਹੁੰਦਾ ਹੈ। ਇਸ ਤਰ੍ਹਾਂ ਇਸ ਸ਼ਬਦ ਦਾ ਸ਼ਾਬਦਿਕ ਅਰਥ ਬਣਦਾ ਹੈ, ਆਪਣੇ ਆਪ ਨੂੰ ਧਾਰਨ ਕਰਨ ਵਾਲਾ ਅਰਥਾਤ ਆਪੇ ਆਪ। ਉਘੇ ਨਿਰੁਕਤ ਸ਼ਾਸਤਰੀ ਜੀ. ਐਸ. ਰਿਆਲ ਕੁਝ ਇਸ ਤਰ੍ਹਾਂ ਦਾ ਪ੍ਰਭਾਵ ਦਿੰਦੇ ਹਨ ਕਿ ਇਹ ਫਾਰਸੀ 'ਖੁਦਾਵੰਦ' ਦਾ ਸੰਕੁਚਿਤ ਰੂਪ ਹੈ। ਉਨ੍ਹਾਂ ਅਨੁਸਾਰ ਖੁਦਾਵੰਦ=ਖੁਦ, ਆਪਣਾ+ਵੰਦ, ਵਾਲਾ ਹੈ, ਸੋ ਅਰਥ ਬਣਿਆ ਆਪਣਾ ਬਣਾਉਣ ਵਾਲਾ, ਮਾਲਕ। ਮਾਲਕ ਦਾ ਹੀ ਅਰਥ ਵਿਸਥਾਰ ਹੋ ਕੇ ਪਰਮਾਤਮਾ ਦੇ ਮਾਅਨਿਆਂ ਵਿਚ ਆ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਖ਼ੁਦਾ ਵਿਚਲਾ ਖਵ ਸੰਸਕ੍ਰਿਤ ਸਵੈ ਦਾ ਸੁਜਾਤੀ ਹੈ ਤੇ ਅਰਥ ਵੀ ਉਹੀ ਹਨ। ਫਾਰਸੀ 'ਖ਼' ਧੁਨੀ ਦੇ ਸਮਾਨੰਤਰ ਸੰਸਕ੍ਰਿਤ 'ਸ' ਧੁਨੀ ਆਉਂਦੀ ਹੈ, ਜਿਵੇਂ ਅਸੀਂ ਸੰਸਕ੍ਰਿਤ ਸਵਰਾ (ਚਮਕਣਾ, ਜਿਸ ਤੋਂ ਸੂਰਜ ਬਣਿਆ) ਦੇ ਟਾਕਰੇ 'ਤੇ ਫਾਰਸੀ ਖ਼ਵਰਾ (ਸੂਰਜ, ਜਿਸ ਦਾ ਵਿਕਸਿਤ ਰੂਪ ਖੁਰਸ਼ੀਦ ਹੈ) ਆਉਂਦਾ ਹੈ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਸੰਸਕ੍ਰਿਤ ਸਵਾਮੀ/ਸੁਆਮੀ ਦੇ ਲਗਭਗ ਉਹੀ ਅਰਥ ਹਨ ਜੋ ਫਾਰਸੀ ਖ਼ੁਦਾ ਦੇ, ਯਾਨਿ ਮਾਲਕ, ਖਾਵੰਦ, ਪਤੀ, ਪਰਮੇਸ਼ਵਰ ਜਿਸ ਦਾ ਮੂਲ ਅਰਥ ਕਿਸੇ ਨੂੰ ਅਪਨਾਉਣ ਵਾਲਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸੁਆਮੀ ਪਰਮਾਤਮਾ ਦੇ ਅਰਥਾਂ ਵਿਚ ਆਇਆ ਹੈ, "ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ" -ਗੁਰੂ ਅਰਜਨ ਦੇਵ।

ਅਸਲ ਵਿਚ ਮਧਕਾਲੀ ਫਾਰਸੀ ਵਿਚ ਇਸ ਸ਼ਬਦ ਦੇ ਮੁਢਲੇ ਭਾਵ ਮਾਲਕ, ਸ਼ਾਸਕ ਆਦਿ ਦੇ ਹੀ ਸਨ ਜੋ ਹੁਣ ਵੀ ਕੁਝ ਹੱਦ ਤੱਕ ਕਾਇਮ ਹਨ। ਜੋ ਖੁਦਦਾਰ ਅਰਥਾਤ ਆਪਣੀਆਂ ਚਲਾਉਂਦਾ ਹੈ, ਨਿਰੰਕੁਸ਼ ਹੈ, ਉਹੀ ਮਾਲਿਕ ਹੈ, ਹੁਕਮਰਾਨ ਹੈ ਤੇ ਅਖੀਰ ਵਿਚ ਰੱਬ ਹੈ। ਸਾਸਾਨੀ ਕਾਲ ਵਿਚ ਕਬੀਲੇ ਦੇ ਮੁਖੀ ਨੂੰ ਵੀ ਇਸੇ ਨਾਂ ਨਾਲ ਪੁਕਾਰਿਆ ਜਾਂਦਾ ਸੀ। ਪ੍ਰਾਚੀਨ ਪਾਰਸੀ ਧਰਮ ਦੇ ਅਹੁਰ ਮਾਜ਼ਦਾ ਨੂੰ ਵੀ ਇਹੀ ਉਪਾਧੀ ਦਿੱਤੀ ਗਈ ਸੀ ਤੇ ਇਰਾਨ ਵਿਚ ਇਸਲਾਮ ਦੇ ਪਸਾਰ ਨਾਲ ਇਹੀ ਉਪਾਧੀ ਇਸਲਾਮੀ ਅੱਲਾ ਨੂੰ ਦਿੱਤੀ ਗਈ। ਕੱਟੜ ਮੌਲਾਣਿਆਂ ਵਲੋਂ ਖੁਦਾ ਸ਼ਬਦ ਦੇ ਵਿਰੋਧ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਸ਼ਬਦ ਵਿਚੋਂ ਪ੍ਰਾਚੀਨ ਪਾਰਸੀ ਧਰਮ ਦੀ ਬੋਅ ਆਉਂਦੀ ਹੈ।

ਖ਼ੁਦਾ ਦਾ ਹੀ ਸਬੰਧਤ ਸ਼ਬਦ ਖੁਦ ਹੈ। ਖੁਦੀ ਅਰਥਾਤ ਹੰਕਾਰ ਵਿਚ ਵੀ ਹਉਂ, ਸਵੈ ਮਹੱਤਤਾ ਦੇ ਭਾਵ ਹਨ। ਇਸ ਤੋਂ ਵਿਪਰੀਤਾਰਥਕ ਸ਼ਬਦ ਹੈ-ਬੇਖੁਦੀ। ਇਸੇ ਤੋਂ ਖੁਦਾਈ ਸ਼ਬਦ ਬਣਿਆ ਹੈ ਅਰਥਾਤ ਰੱਬੀ ਸਿਫਤ। ਖੁਦਰੌ ਦਾ ਮਤਲਬ ਹੁੰਦਾ ਹੈ ਆਪੇ ਉਗੀ (ਜੜੀ ਬੂਟੀ ਆਦਿ), ਨਾ-ਖੁਦਾ ਦਾ ਅਰਥ ਹੁੰਦਾ ਹੈ ਕਿਸ਼ਤੀ ਦਾ ਮਾਲਿਕ, ਮਲਾਹ। ਇਥੇ 'ਨਾ' ਸ਼ਬਦ ਸਾਡੇ ਨੌਕਾ, ਨਈਆ ਦਾ ਸੁਜਾਤੀ ਹੈ। 'ਰੱਬ ਨਾ ਕਰੇ' ਦੇ ਅਰਥਾਂ ਵਾਲੀ ਮਸ਼ਹੂਰ ਉਕਤੀ 'ਖੁਦਾ ਨਾਖਾਸਤਾ' ਦਾ ਅਸਲੀ ਫਾਰਸੀ ਰੂਪ ਹੈ, ਖੁਦਾ ਨਾਖਵਾਸਤਾ ਜਿਸ ਦਾ ਅਰਥ ਹੈ ਖੁਦਾ ਨਾ ਚਾਹੇ। ਖਾਵਾਸਤਾ ਖਾਹਿਸ਼ ਨਾਲ ਹੀ ਸਬੰਧਤ ਸ਼ਬਦ ਹੈ। ਖੁਦਾ ਜਾਣੇ, ਖੁਦਾ ਚਾਹੇ, ਖੁਦਾ ਹਾਫਿਜ਼ ਹੋਰ ਪ੍ਰਚਲਿਤ ਉਕਤੀਆਂ ਹਨ। ਕਈ ਮੁਹਾਵਰਿਆਂ, ਅਖਾਣਾਂ ਵਿਚ ਵੀ ਖੁਦਾ ਸ਼ਬਦ ਆਉਂਦਾ ਹੈ ਜਿਵੇਂ, ਲਿਖੇ ਮੂਸਾ ਪੜ੍ਹੇ ਖੁਦਾ, ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ। ਉਰਦੂ ਦੀ ਇਕ ਬੁਝਾਰਤ ਹੈ, ਖੁਦਾ ਕਾ ਦੀਆ ਸਿਰ ਪਰ ਜਿਸਾ ਜਵਾਬ ਹੈ ਚੰਦ। ਦੀਆ (ਦੀਵਾ) ਚੰਦ ਨੂੰ ਕਿਹਾ ਗਿਆ ਹੈ। ਜਿਵੇਂ ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ, ਖ਼ੁਦਾ ਵਿਚਲਾ 'ਖਵ' ਧਾਤੂ ਸੰਸਕ੍ਰਿਤ 'ਸਵ' ਦਾ ਸੁਜਾਤੀ ਹੈ ਜਿਸ ਤੋਂ ਸੁਆਮੀ ਸ਼ਬਦ ਬਣਿਆ ਹੈ। ਇਸ ਤੋਂ ਬਹੁਤ ਸਾਰੇ ਹੋਰ ਸ਼ਬਦ ਵੀ ਬਣੇ ਹਨ ਤੇ ਇਹ ਭਾਰੋਪੀ ਸ਼ਬਦ ਹੈ, ਜਿਸ ਦੀ ਚਰਚਾ ਕਿਸੇ ਹੋਰ ਲੇਖ ਵਿਚ ਕਰਾਂਗੇ।

ਚਰਚਾ-ਦਰ-ਚਰਚਾ

# ਗੁਰਦਿਆਲ ਬੱਲ ਨਾਲ ਸੰਵਾਦ

(ਪਿਛਲੇ ਸਫੇ ਦੀ ਬਾਕੀ)

ਕਿ ਦੁਨੀਆਂ ਦੇ ਸਾਹਿਤ, ਫਲਸਫੇ, ਤੇ ਸਿਆਸਤ ਦਾ ਲੰਮਾ-ਚੌੜਾ ਗਿਆਨ ਰੱਖਣ ਵਾਲ਼ਾ ਇੱਕ ਬੰਦਾ ਗੁਰਦਿਆਲ ਬੱਲ ਕਹਿੰਦਾ ਹੈ ਕਿ ਸਿੱਖਾਂ ਵੱਲੋਂ ਆਪਣੇ ਬੀਤੇ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨਾ ਜਾਇਜ਼ ਨਹੀਂ? ਸਿੱਖਾਂ ਦੇ ਧਾਰਮਿਕ, ਸੱਭਿਆਚਾਰਕ, ਸਿਆਸੀ, ਤੇ ਸਮਾਜਕ ਸਰੋਕਾਰਾਂ ਦੀ ਸਿਰਫ ਇਸ ਲਈ ਕੋਈ ਤੁਕ ਨਹੀਂ ਬਣਦੀ ਕਿ ਇਸ ਨੂੰ ਬੱਲ ਨੇ ਵਿਚਾਰਧਾਰਕ ਸੁਪਨਸਾਜ਼ੀ ਗਰਦਾਨ ਦਿੱਤਾ? ਵੇਖਣ ਵਾਲ਼ੀ ਗੱਲ ਹੈ ਕਿ ਬੱਲ ਸਿੱਖ ਸਰੋਕਾਰਾਂ ਨੂੰ ਉਨ੍ਹਾਂ ਫਲਸਫਿਆਂ ਦੇ ਆਧਾਰ 'ਤੇ ਵਿਚਾਰਧਾਰਕ ਸੁਪਨਸਾਜ਼ੀ ਕਹਿ ਕੇ ਛੁਟਿਆ ਰਿਹਾ ਹੈ ਜਿਨ੍ਹਾਂ ਦੀ ਸ਼ਾਇਦ ਉਹਨੂੰ ਆਪ ਨੂੰ ਕੋਈ ਸਮਝ ਨਹੀਂ। ਬੱਲ ਵਰਗੇ ਬੰਦੇ ਸਿਰਫ ਸਿੱਖਾਂ ਅਤੇ ਪੰਜਾਬ ਦੇ ਹਿੱਤਾਂ ਨਾਲ ਬੇਗਾਨਗੀ ਹੀ ਨਹੀਂ ਪਾ਼ਲ ਰਹੇ, ਸਗੋਂ ਸਾਨੂੰ ਜ਼ਲਾਲਤ ਭਰੀ ਤਬਾਹੀ ਦੇ ਮੂੰਹ ਧੱਕਣ ਵਾ਼ਲੀ ਹਿੰਦੁਸਤਾਨੀ ਸਥਾਪਤੀ ਦੇ ਹੱਕ ਵਿਚ ਵੀ ਭੁਗਤ ਰਹੇ ਹਨ।

ਮੈਂ ਕਹਿ ਰਿਹਾ ਹਾਂ ਕਿ ਹਿੰਦੁਸਤਾਨ ਵਿਚ ਸਿੱਖਾਂ ਨੂੰ ਆਰਮੀਨੀਆ ਵਰਗੀ ਨਸਲਕੁਸ਼ੀ ਦੇ ਮੂੰਹ ਧੱਕਣ ਦੇ ਮਨਸੂਬੇ ਹੋ ਰਹੇ ਹਨ। ਸਿੱਖਾਂ ਦੀ ਇਹ ਲੋੜ ਹੈ ਕਿ ਉਹ ਛੇਤੀ ਤੋਂ ਛੇਤੀ ਇਸ ਬਾਰੇ ਚੇਤੰਨ ਹੋਣ ਤੇ ਆਪਣੇ ਬਚਾਅ ਦੇ ਸਾਧਨ ਤਿਆਰ ਕਰਨ। ਮਜ਼ਲੂਮ ਬਣਕੇ ਅਸੀਂ ਆਪਣਾ ਬਚਾਅ ਨਹੀਂ ਕਰ ਸਕਦੇ। ਜਿਹੜੇ ਇਹ ਕਹਿੰਦੇ ਹਨ ਕਿ ਅਜਿਹਾ ਖਦਸ਼ਾ ਜ਼ਾਹਰ ਕਰਨਾ ਵੀ ਗੁਨਾਹ ਹੈ, ਅਸਲ ਵਿਚ ਅਜਿਹੀ ਨਸਲਕੁਸ਼ੀ ਲਈ ਰਾਹ ਪੱਧਰਾ ਕਰ ਰਹੇ ਹਨ। ਬੱਲ ਹੁਰੀ ਸਿੱਖਾਂ ਦੇ ਸਰੋਕਾਰਾਂ ਨੂੰ ਇਸ ਆਧਾਰ ਤੇ ਨਿਗੂਣਾ ਆਖਦੇ ਹਨ ਕਿ ਉਹ ਮਾਰਕਸਵਾਦੀ ਹਨ, ਸੈਕੂਲਰ ਹਨ, ਤੇ ਸਿੱਖਾਂ ਦੇ ਮਸਲੇ ਧਰਮ ਆਧਾਰਤ ਹਨ। ਉਨ੍ਹਾਂ ਮੁਤਾਬਕ ਧਰਮ ਦੇ ਮੁਕਾਬਲੇ ਸੈਕੂਲਰ ਪਹੁੰਚ ਵਾ਼ਲਾ ਮਾਰਕਸਵਾਦ ਉਤਮ ਰਾਹ ਹੈ। ਪਰ ਸਵਾਲ ਹੈ ਕਿ ਬੱਲ ਨੂੰ ਧਰਮ, ਸੈਕੂਲਰਵਾਦ, ਜਾਂ ਮਾਰਕਸਵਾਦ ਦੀ ਕਿੰਨੀ ਕੁ ਸਮਝ ਹੈ? ਜੇ ਹੈ ਤਾਂ ਉਸਨੇ ਇਹ ਸਮਝ ਸਾਂਝੀ ਕਿਉਂ ਨਹੀਂ ਕੀਤੀ? ਜੇ ਨਹੀਂ, ਤਾਂ ਇਹ ਬੰਦੇ ਸਿੱਖਾਂ ਨਾਲ ਵਿਰੋਧ ਪਾ਼ਲ ਕੇ ਸਿੱਧ ਕੀ ਕਰਨਾ ਚਾਹੁੰਦੇ ਹਨ? ਕਿਉਂ ਇਨ੍ਹਾਂ ਨੂੰ ਭਾਰਤੀ ਹਕੂਮਤ ਤੋਂ ਦੋ ਕਦਮ ਅਗਾਂਹ ਹੋ ਕੇ ਸਿੱਖਾਂ ਦਾ ਵਿਰੋਧ ਕਰਨ ਦੀ ਲੱਲੀ ਲੱਗੀ ਰਹਿੰਦੀ ਹੈ? ਕਿਹੜੇ ਮਾਨਸਕ ਦਬਾਅ ਇਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰਦੇ ਹਨ?

ਗੁਰਦਿਆਲ ਬੱਲ ਨੇ ਆਪਣੇ ਲੇਖ ਦੇ ਸ਼ੁਰੂ ਵਿਚ ਇਹ ਪ੍ਰਭਾਵ ਦਿੱਤਾ ਹੈ ਕਿ ਉਨ੍ਹਾਂ ਦੀ ਵਿਚਾਰਅਧੀਨ ਮੁੱਦਿਆਂ ਦੀ ਜੜ ਫੜ੍ਹ ਕੇ ਗੰਭੀਰ ਫਲਸਫਾਨਾ ਸੰਵਾਦ ਰਚਾਉਣ ਵਿਚ ਦਿਲਚਸਪੀ ਹੈ ਪਰ ਲੇਖ ਪੜ੍ਹਨ ਤੋਂ ਬਾਅਦ ਅਜਿਹਾ ਕੋਈ ਪ੍ਰਭਾਵ ਨਹੀਂ ਮਿਲਦਾ। ਉਨ੍ਹਾਂ ਨੇ ਕਿਸੇ ਵੀ ਫਿਲਾਸਫਰ ਦੇ ਚਿੰਤਨ ਦਾ ਵਿਸ਼ਲੇਸ਼ਣ ਪੇਸ਼ ਨਹੀਂ ਕੀਤਾ। ਫਿਲਾਸਫਰਾਂ ਬਾਰੇ ਪ੍ਰਚਲਿਤ ਧਾਰਨਾਵਾਂ ਵਰਤ ਕੇ, ਉਨ੍ਹਾਂ ਦੀਆਂ ਜੀਵਨੀਆਂ 'ਚੋਂ ਟੋਟਕੇ ਸੁਣਾ ਕੇ, ਡੰਗ ਟਪਾਉਣ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਕਰਨਾ ਸੰਵਾਦ ਪ੍ਰਤੀ ਸੰਜੀਦਗੀ ਦੀ ਦੱਸ ਨਹੀਂ ਪਾਉਂਦਾ, ਸਗੋਂ ਇਹੀ ਦਰਸਾਉਂਦਾ ਹੈ ਕਿ ਬੱਲ ਕਿਸੇ ਵੀ ਹੀਲੇ ਆਪਣੀ ਗੱਲ ਸਹੀ ਸਿੱਧ ਕਰਨ ਲਈ ਬਜ਼ਿੱਦ ਹੈ, ਭਾਵੇਂ ਇਸ ਲਈ ਬਹੁਤ ਸਾਰੇ ਵਿਸ਼ਿਆਂ ਬਾਰੇ ਤਰਦੀ-ਤਰਦੀ ਜਾਣਕਾਰੀ ਉਲ਼ੱਦ ਕੇ ਪਾਠਕਾਂ ਨੂੰ ਭੰਬਲਭੂਸੇ ਵਿਚ ਹੀ ਪਾਉਣਾ ਪਵੇ। ਇਹ ਮੁੱਦੇ ਮਹਿਜ਼ ਵਿਚਾਰ-ਚਰਚਾ ਦਾ ਸ਼ੁਗਲ ਪੂਰਾ ਕਰਨ ਲਈ ਹਾਸਲ ਮਸਲੇ ਨਹੀਂ। ਇਹ ਲੋਕਾਂ ਦੀ ਹੋਣੀ ਨਾ਼ਲ, ਉਨ੍ਹਾਂ ਦੇ ਭਵਿੱਖ ਨਾਲ ਜੁੜੇ ਹੋਏ ਸੁਆਲ ਹਨ। ਇਨ੍ਹਾਂ ਸੁਆਲਾਂ ਪ੍ਰਤੀ ਸਾਡੀ ਵੱਖ-ਵੱਖ ਰਾਇ ਹੋ ਸਕਦੀ ਹੈ, ਸਾਨੂੰ ਆਪੋ-ਆਪਣੀ ਰਾਇ ਸਾਂਝੀ ਕਰਨ ਦਾ ਹੱਕ ਵੀ ਹੈ, ਪਰ ਇਨ੍ਹਾਂ ਸੁਆਲਾਂ ਨਾਲ ਖਿਲਵਾੜ ਕਰਨਾ ਜਾਇਜ਼ ਨਹੀਂ ਹੈ। ਸੱਤਾ ਦੇ ਦਮਨਕਾਰੀ ਢਾਂਚੇ ਲੋਕਾਂ ਦਾ ਘਾਣ ਕਰ ਰਹੇ ਹਨ, ਉਨ੍ਹਾਂ ਦੀ ਜ਼ਿੰਦਗੀ ਦੇ ਅਰਥ ਬਦਲ ਰਹੇ ਹਨ, ਤੇ ਉਨ੍ਹਾਂ ਦੇ ਮਨਅੰਤਰ 'ਤੇ ਕਾਬਜ਼ ਹੋ ਉਸ ਨੂੰ ਆਪਣੇ ਹਿਸਾਬ ਨਾਲ ਢਾ਼ਲ ਰਹੇ ਹਨ। ਇਹ ਕਿਸੇ ਵੀ ਤਰ੍ਹਾਂ ਬਰਦਾਸ਼ਤ ਕਰਨਯੋਗ ਨਹੀਂ। ਸੰਵਾਦ ਜ਼ਰੂਰੀ ਹੈ, ਪਰ ਇਸ ਪ੍ਰਤੀ ਦਿਆਨਤਦਾਰ ਹੋ ਕੇ ਨਿੱਤਰਨ ਲਈ ਕਾਫੀ ਕੁੱਝ ਲੋੜੀਦਾ ਹੈ। ਇਸ ਸਬੰਧ ਵਿਚ ਪ੍ਰਸੰਗਿਕ ਇਤਿਹਾਸ, ਫਲਸਫੇ ਤੇ ਸਾਹਿਤ ਆਦਿ ਦੇ ਦੀਰਘ ਅਧਿਐਨ ਦੀ ਲੋੜ ਹੈ। ਪਰ ਇਸ ਤੋਂ ਵੀ ਪਹਿਲਾਂ ਸੱਤਾ ਦੇ ਖ਼ੂਨੀ ਨੇਤਰਾਂ ਵਿਚ ਸਿੱਧਾ ਝਾਕ ਸਕਣ ਵਾ਼ਲੀ ਅਡੋਲ, ਸ਼ਾਂਤ ਅਤੇ ਨਿਰਮਲ ਅੱਖ ਹੋਣੀ ਜ਼ਰੂਰੀ ਹੈ।

# ਪ੍ਰਭਸ਼ਰਨਬੀਰ ਦੀ ਬਲ ਉਪਰ ਟਿੱਪਣੀ

ਗੁਰਦਿਆਲ ਬਲ ਉਨ੍ਹਾਂ ਥੋੜੇ ਕੁ ਖੁਸ਼ਕਿਸਮਤ ਪੰਜਾਬੀਆਂ ਵਿਚੋਂ ਇਕ ਹੈ ਜਿਨ੍ਹਾਂ ਦੀ ਸੰਸਾਰ ਸਾਹਿਤ ਪੜ੍ਹਨ ਵਿਚ ਡੂੰਘੀ ਰੁਚੀ ਹੈ। ਕੋਈ ਕਿਸ ਕਿਸਮ ਦਾ ਸਾਹਿਤ ਪੜ੍ਹਦਾ ਹੈ ਤੇ ਫਿਰ ਕਿਵੇਂ ਸਮਝਦਾ ਹੈ, ਇਸ ਦੀ ਡਿਕਟੇਸ਼ਨ ਨਹੀਂ ਦਿੱਤੀ ਜਾ ਸਕਦੀ। ਮੈਨੂੰ ਪ੍ਰੋ. ਪੂਰਨ ਸਿੰਘ ਦੀ ਹਰ ਲਿਖਤ ਚੰਗੀ ਲਗਦੀ ਹੈ, ਮੇਰੇ ਕਈ ਤੀਖਣ ਬੁੱਧ ਮਿੱਤਰਾਂ ਨੂੰ ਉਹ ਬਿਲਕੁਲ ਪਸੰਦ ਨਹੀਂ। ਬਲ ਪੰਜਾਬੀ ਸਾਹਿਤ ਦਾ ਕੋਈ ਸਥਾਪਤ ਵਾਰਤਾਕਾਰ ਨਹੀਂ ਹੈ, ਉਹ ਆਪ ਮੰਨਦਾ ਹੈ। ਜੇ ਕਿਧਰੇ ਇਉਂ ਲਗਦਾ ਹੈ ਕਿ ਉਹ ਗੈਰ-ਸੰਜੀਦਾ ਲਿਖਦਾ ਹੈ ਤਾਂ ਅਜਿਹਾ ਉਹ ਸੁਭਾਇਕੀ ਕਰਦਾ ਹੈ। ਸੰਜੀਦਗੀ ਬਲ ਦੇ ਲੇਖ ਦੇ ਪ੍ਰਤੀਕਰਮ 'ਚ ਆਈਆਂ ਪ੍ਰਭਸ਼ਰਨਦੀਪ ਸਿੰਘ ਤੇ ਉਸ ਦੇ ਛੋਟੇ ਭਰਾ ਪ੍ਰਭਸ਼ਰਨਬੀਰ ਸਿੰਘ ਦੀਆਂ ਲਿਖਤਾਂ ਵਿਚੋਂ ਵੀ ਨਹੀਂ ਝਲਕਦੀ, ਇਹ ਸੁਭਾਇਕੀ ਵੀ ਨਹੀਂ ਹੈ।

ਬਲ ਜਾਂ ਅਜ਼ਰ ਨਫੀਸੀ ਨੂੰ ਅਮਰੀਕਾ ਦੇ ਏਜੰਟ/ਮੁਖਬਰ ਹੋਣ ਦਾ ਸਰਟੀਫਿਕੇਟ ਦੇਣਾ ਕਿਸ ਕਿਸਮ ਦੀ ਕਲਾਕਾਰੀ ਹੈ? ਨਫੀਸੀ ਦੇ ਪਿਤਾ ਦਾ ਸਭ ਤੋਂ ਛੋਟੀ ਉਮਰੇ ਤਹਿਰਾਨ ਦਾ ਸਰਬਸੰਮਤੀ ਨਾਲ ਮੇਅਰ ਚੁਣੇ ਜਾਣਾ ਰਿਕਾਰਡ ਹੈ। ਉਸ ਨੇ ਬਾਦਸ਼ਾਹ ਮੁਹੰਮਦ ਸ਼ਾਹ ਪਹਿਲਵੀ (ਦੂਜੇ) ਦੇ ਨਾਜਾਇਜ਼ ਹੁਕਮ ਮੰਨਣ ਤੋਂ ਇਨਕਾਰ ਕੀਤਾ ਜਿਸ ਕਰਕੇ ਸਟੇਟ ਨੇ ਉਸ 'ਤੇ ਭ੍ਰਿਸ਼ਟਾਚਾਰ ਅਤੇ ਵੱਡਿਆਂ ਦੀ ਹੁਕਮ ਅਦੂਲੀ ਦੇ ਦੋਸ਼ ਲਾ ਕੇ ਜੇਲ੍ਹ ਭੇਜਿਆ। ਅਦਾਲਤ ਨੇ ਉਸ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਤੋਂ ਬਰੀ ਕਰ ਦਿੱਤਾ ਪਰ ਇਹ ਗੱਲ ਸਹੀ ਮੰਨੀ ਕਿ ਉਹ ਵੱਡਿਆਂ ਦੇ ਹੁਕਮ ਨਹੀਂ ਮੰਨਦਾ। ਮੇਅਰ ਨੇ ਪ੍ਰੈਸ ਨੂੰ ਕਿਹਾ, ਖੁਸ਼ੀ ਹੋਈ। ਅਦਾਲਤ ਨੇ ਸਹੀ ਫੈਸਲਾ ਦਿੱਤਾ। ਵੱਡਿਆਂ ਦੇ ਨਾਜਾਇਜ਼ ਹੁਕਮ ਨਾ ਕਦੀ ਮੰਨੇ ਨਾ ਮੰਨਾਂਗਾ। ਤਨਦੇਹੀ ਨਾਲ ਉਸ ਨੇ ਬਾਦਸ਼ਾਹ ਵਿਰੁਧ ਲੜਨ ਵਾਲੀ ਬਾਗੀਆਂ ਦੀ ਟੀਮ ਦਾ ਸਾਥ ਦਿੱਤਾ। ਜਦੋਂ ਉਹ ਬਾਦਸ਼ਾਹ ਵਿਰੁਧ ਲੜ ਰਿਹਾ ਸੀ, ਉਦੋਂ ਬਾਦਸ਼ਾਹ ਅਮਰੀਕਾ ਦੀ ਕਠਪੁਤਲੀ ਸੀ ਤੇ ਬਾਦਸ਼ਾਹ ਦੀ ਜੰਗ ਅਮਰੀਕਾ ਵਲੋਂ ਲੜੀ ਜਾ ਰਹੀ ਸੀ।

ਆਇਤੁੱਲਾ ਖੁਮੀਨੀ ਸੱਤਾ ਵਿਚ ਆ ਗਿਆ ਤਾਂ ਉਸ ਨੇ ਫਤਵੇ-ਦਰ-ਫਤਵੇ ਕਸਣੇ ਸ਼ੁਰੂ ਕਰ ਦਿੱਤੇ। ਔਰਤਾਂ ਅਤੇ ਨੌਜਵਾਨਾਂ ਵਿਚ ਖਾਸ ਕਰਕੇ ਮਾਯੂਸੀ ਛਾ ਗਈ, ਇਸ ਨਾਲੋਂ ਤਾਂ ਬਾਦਸ਼ਾਹ ਦਾ ਰਾਜ ਠੀਕ ਸੀ। ਬਾਦਸ਼ਾਹ ਵੇਲੇ ਸਿਆਸੀ ਬਾਗੀਆਂ ਦੇ ਕਤਲਾਂ ਦੀ ਗਿਣਤੀ 15 ਹਜ਼ਾਰ ਸੀ। ਮੌਲਵੀਆਂ ਦੇ ਰਾਜ 'ਚ ਇਹ ਸਵਾ ਲੱਖ ਟੱਪ ਚੁਕੀ ਹੈ।

ਪ੍ਰਭਸ਼ਰਨਬੀਰ ਨੂੰ ਨਫੀਸੀ ਵਿਰੁਧ ਗੁੱਸਾ ਹੈ ਕਿ ਉਹ ਅਮਰੀਕਾ ਪੱਖੀ ਹੈ। ਹਾਂ, ਉਹ ਅਮਰੀਕਾ ਪੱਖੀ ਹੈ। ਜਿਹੜੇ ਬਾਗੀ ਮੌਲਵੀਆਂ ਦੇ ਰਾਜ ਦੀ ਥਾਂ ਗਣਤੰਤਰ ਚਾਹੁੰਦੇ ਹਨ ਤੇ ਯੁੱਧ ਲੜ ਰਹੇ ਹਨ, ਉਹ ਅਮਰੀਕਾ ਤੋਂ ਮਦਦ ਕਿਉਂ ਨਾ ਲੈਣ? ਜਦੋਂ ਸੁਭਾਸ਼ ਚੰਦਰ ਬੋਸ ਨੂੰ ਅਹਿਸਾਸ ਹੋਇਆ ਕਿ ਮਹਾਤਮਾ ਗਾਂਧੀ ਵਾਲੇ ਤਰੀਕਿਆਂ ਨਾਲ ਅੰਗਰੇਜ਼ ਆਜ਼ਾਦੀ ਨਹੀਂ ਦੇਣਗੇ, ਉਸ ਨੇ ਜਪਾਨ ਦੀ ਮਦਦ ਕੀਤੀ ਅਤੇ ਬਦਲੇ ਵਿਚ ਮਦਦ ਲਈ। ਕੀ ਨਾਜ਼ੀ ਗੱਠਜੋੜ ਨਾਲ ਸੁਲਾਹ ਕਰਕੇ ਮਦਦ ਲੈਣੀ ਗੱਦਾਰੀ ਸੀ? ਭਾਰਤੀ ਸਟੇਟ ਤੋਂ ਤੰਗ ਆ ਕੇ ਅਨੇਕਾਂ ਸਿੱਖਾਂ ਨੇ ਪੱਛਮੀ ਦੇਸ਼ਾਂ 'ਚ ਸਿਆਸੀ ਪਨਾਹ ਲਈ ਹੈ, ਉਹ ਕਸੂਰਵਾਰ ਕਿਵੇਂ ਹੋਏ?

ਸਾਹਿਤ ਵਿਚੋਂ ਨੋਬਲ ਪ੍ਰਾਈਜ਼ ਪ੍ਰਾਪਤ ਅਮਰੀਕੀ ਸ਼ਾਇਰ ਅਜ਼ਰਾ ਪਾਊਂਡ ਨਹੀਂ ਚਾਹੁੰਦਾ ਸੀ ਕਿ ਦੂਜੇ ਵਿਸ਼ਵ ਯੁੱਧ ਵਿਚ ਅਮਰੀਕਾ ਕਿਸੇ ਧੜੇ ਵਿਚ ਸ਼ਾਮਲ ਹੋ ਕੇ ਲੜੇ। ਉਸ ਦਾ ਕਹਿਣਾ ਸੀ ਕਿ ਪੂੰਜੀ ਹਾਸਲ ਕਰਨ ਲਈ ਵਪਾਰੀਆਂ ਦੇ ਦੋ ਵੱਡੇ ਗਰੋਹ ਭਿਆਨਕ ਯੁੱਧ ਵਿਚ ਕੁੱਦ ਪਏ ਹਨ ਤਾਂ ਅਮਰੀਕੀ ਜੁਆਨੀ ਕਿਉਂ ਤਬਾਹ ਕੀਤੀ ਜਾਵੇ? ਉਸ 'ਤੇ ਫਾਸਿਸਟ ਹੋਣ ਦਾ ਦੋਸ਼ ਲੱਗਾ, ਫੌਜ ਗ੍ਰਿਫਤਾਰ ਕਰਨ ਉਸ ਦੇ ਘਰ ਪੁੱਜ ਗਈ, ਪ੍ਰੈਸ ਪੁੱਜ ਗਈ। ਅਖਬਾਰ ਨਵੀਸਾਂ ਨੇ ਗ੍ਰਿਫਤਾਰੀ ਉਪਰੰਤ ਕਵੀ ਦਾ ਪ੍ਰਤੀਕਰਮ ਜਾਣਨਾ ਚਾਹਿਆ। ਐਜ਼ਰਾ ਪਾਊਂਡ ਨੇ ਕਿਹਾ, ਮਨ ਵਿਚ ਚੰਗੀ ਗੱਲ ਹੋਵੇ ਤਾਂ ਕਹਿ ਦੇਣੀ ਚਾਹੀਦੀ ਹੈ। ਜੇ ਦਿਲ ਵਿਚ ਕੋਈ ਗੱਲ ਹੈ, ਪਰ ਬੰਦਾ ਕਹਿੰਦਾ ਨਹੀਂ ਤਾਂ ਗੱਲ ਚੰਗੀ ਨਹੀਂ ਹੋਣੀ, ਜੇ ਗੱਲ ਯਕੀਨਨ ਚੰਗੀ ਹੈ ਤਾਂ ਚੁਪ ਰਹਿਣ ਵਾਲਾ ਬੰਦਾ ਚੰਗਾ ਨਹੀਂ।

ਇਤਫਾਕਨ ਇਸ ਈਰਾਨੀ ਅਧਿਆਪਕਾ ਦਾ ਨਾਮ ਵੀ ਐਜ਼ਰਾ ਹੈ, ਐਜ਼ਰਾ ਨਫੀਸੀ। ਪ੍ਰਸੰਗ ਅਧੀਨ ਕਿਤਾਬ ਵਿਚ ਆਖਰ ਉਹ ਲਿਖਦੀ ਹੈ, "ਵਿਦੇਸ਼ ਵਿਚ ਚਲੀ ਗਈ ਪਰ ਮੈਂ ਹਾਰੀ ਨਹੀਂ। ਤੁਸੀਂ ਮੈਨੂੰ ਹਾਰ ਗਈ ਉਦੋਂ ਆਖਦੇ ਜਦੋਂ ਮੈਂ ਮੌਲਵੀਆਂ ਦੀ ਹਾਂ ਵਿਚ ਹਾਂ ਮਿਲਾ ਦਿੰਦੀ ਜਾਂ ਚੁਪ ਕਰ ਜਾਂਦੀ। ਆਪਣੇ ਤਰੀਕੇ ਨਾਲ ਹੁਣ ਵੀ ਮੈਂ ਯੁੱਧ ਲੜ ਰਹੀ ਹਾਂ।

ਕੁਝ ਇਤਿਹਾਸਕਾਰਾਂ ਨੇ ਲਿਖਿਆ ਕਿ ਗੁਰੂ ਤੇਗ ਬਹਾਦਰ (ਸਾਹਿਬ) ਲੁੱਟਮਾਰ ਕਰਕੇ ਦੌਲਤ ਇਕੱਠੀ ਕਰ ਰਹੇ ਸਨ ਤਾਂ ਸਟੇਟ ਨੇ ਸਜ਼ਾ ਦਿੱਤੀ। ਕੁਝ ਹੋਰ ਲਿਖ ਰਹੇ ਸਨ ਕਿ ਗੁਰੂ ਗੋਬਿੰਦ ਸਿੰਘ ਬਹਾਦਰਸ਼ਾਹ ਦੀ ਫੌਜ ਵਿਚ ਭਰਤੀ ਹੋ ਗਏ ਸਨ। ਇਨ੍ਹਾਂ ਲਿਖਤਾਂ ਨੇ ਸਿੱਖਾਂ ਉਪਰ ਕੋਈ ਅਸਰ ਨਹੀਂ ਕੀਤਾ। ਕਿਸੇ ਬੰਦੇ ਜਾਂ ਸੰਸਥਾ ਨੇ ਮੌਲਵੀਆਂ ਖਿਲਾਫ ਜੰਗ ਲੜ ਰਹੇ ਲੋਕਾਂ ਨੂੰ ਅਮਰੀਕਾ ਦੇ ਏਜੰਟ/ਮੁਖਬਰ ਆਖ ਦਿੱਤਾ ਤਾਂ ਇਸ ਨਾਲ ਇਨ੍ਹਾਂ ਦਾ ਕੁਝ ਨਹੀਂ ਵਿਗੜਦਾ। ਰਾਜ ਪਲਟਣ ਵਾਲਿਆਂ ਨੂੰ ਜੇ ਬਾਹਰਲੀ ਤਾਕਤਵਰ ਹਕੂਮਤ ਤੋਂ ਮਦਦ ਨਹੀਂ ਲੈਣੀ ਆਉਂਦੀ ਤਾਂ ਉਹ ਸਿਆਸਤ ਦਾ ਊੜਾ ਆੜਾ ਸਿੱਖਣਾ ਸ਼ੁਰੂ ਕਰਨ।

ਗੈਰ ਮਿਆਰੀ ਵਿਸ਼ੇਸ਼ਣ ਛਾਪਣੇ ਅਖਬਾਰ ਲਈ ਸਿਹਤਮੰਦ ਰੁਝਾਨ ਨਹੀਂ, ਸੰਪਾਦਕ ਜੇ ਕਾਂਟ-ਛਾਂਟ ਨਹੀਂ ਕਰਦੇ ਫਿਰ ਨੀਤੀ ਕੀ ਹੋਈ?

-ਹਰਪਾਲ ਸਿੰਘ ਪੰਨੂ
ਫੋਨ: 91-94642-51454

## ਕਹਾਣੀ

# ਯਮਲਾ

### ਕ੍ਰਿਸ਼ਨ ਚੰਦਰ

**ਤਰੱਕੀਪਸੰਦ ਉਰਦੂ ਅਦੀਬਾਂ ਵਿਚ ਅਫਸਾਨਾਨਿਗਾਰ ਕ੍ਰਿਸ਼ਨ ਚੰਦਰ ਦਾ ਨਾਂ ਬਹੁਤ ਨੁਮਾਇਆ ਹੈ। ਉਹ ਤਰੱਕੀਪਸੰਦ ਅਦਬੀ ਤਹਿਰੀਕ ਨਾਲ ਬਹੁਤ ਨੇੜਿਉਂ ਜੁੜਿਆ ਰਿਹਾ ਹੈ। ‘ਯਮਲਾ’ ਨਾਂ ਦੀ ਇਸ ਕਹਾਣੀ ਵਿਚ ਇਸ ਤਹਿਰੀਕ ਦਾ ਰੰਗ ਬਹੁਤ ਗੂੜ੍ਹਾ ਦਿਸਦਾ ਹੈ। ਇਸ ਦਾ ਸੁਨੇਹਾ ਆਪਣੀ ਤਕਦੀਰ ਆਪ ਘੜਨ ਦਾ ਹੈ। ਯਮਲਾ ਨਾਂ ਦੇ ਕਿਸਾਨ ਪਾਤਰ ਰਾਹੀਂ ਲੇਖਕ ਨੇ ਇਹ ਸੁਨੇਹਾ ਬਾਖੂਬੀ ਦਿੱਤਾ ਹੈ। -ਸੰਪਾਦਕ**



ਸ਼ਾਹੂਕਾਰ ਨਾਲ ਸੱਤ ਸਾਲ ਕੇਸ ਲੜ ਕੇ ਵੀ ਜਦੋਂ ਯਮਲਾ ਕੇਸ ਹਾਰ ਗਿਆ ਤਾਂ ਪ੍ਰੇਸ਼ਾਨ ਜਿਹਾ ਹੋ ਕੇ ਘਰ ਪਰਤ ਆਇਆ। ਘਰ ਆ ਕੇ ਆਪਣੀ ਘਰਵਾਲੀ ਨੂੰ ਕਹਿਣ ਲੱਗਾ, “ਭਲੀਏ ਲੋਕੇ! ਹੁਣ ਤਾਂ ਆਹ ਘਰ ਖਾਲੀ ਕਰਨਾ ਈ ਪੈਣਾ। ਨਾਲੇ ਜ਼ਮੀਨ ਵੀ ਹੱਥੋਂ ਜਾਏਗੀ ਹੁਣ।”

ਇਹ ਗੱਲ ਸੁਣਨ ਸਾਰ ਉਹਦੀ ਘਰਵਾਲੀ ਭੁਸਕਣ ਲੱਗ ਪਈ ਅਤੇ ਨਿਆਣਿਆਂ ਨੇ ਚੀਕਾਂ ਛੱਡ ਦਿੱਤੀਆਂ। ਫਿਰ ਉਹ ਉਪਰ ਵੱਲ ਝਾਕਦੀ ਕਹਿਣ ਲੱਗੀ, “ਹੁਣ ਤਾਂ ਮਾਲਕ ਹੀ ਤੈਨੂੰ ਬਚਾ ਸਕਦਾ ਹੈ।”

ਯਮਲਾ ਪਿੰਡ ਦਾ ਮਿਹਨਤੀ ਜੱਟ ਸੀ। ਸਾਰੀ ਉਮਰ ਉਹਨੇ ਬਲਦਾਂ ਵਾਂਗ ਸਿਰ ਸੁੱਟ ਕੇ ਕੰਮ ਕੀਤਾ ਸੀ। ਸਦਾ ਹੀ ਆਪਣੇ ਇਸ਼ਟ ਦੀ ਪੂਜਾ ਕੀਤੀ ਸੀ। ਆਪਣੇ ਹਾਕਮਾਂ ਦੀ ਵਗਾਰ ਕੀਤੀ ਸੀ। ਸ਼ਾਹੂਕਾਰ ਸਾਹਮਣੇ ਸਿਰ ਨਿਵਾਇਆ ਸੀ। ਫਿਰ ਵੀ ਜਦੋਂ ਉਹਦੇ ਖਿਲਾਫ਼ ਮਕਾਨ ਅਤੇ ਜ਼ਮੀਨ ਦੀ ਕੁਰਕੀ ਦੇ ਹੁਕਮ ਹੋ ਗਏ ਤਾਂ ਉਹਦਾ ਦਿਲ ਦੁਖੀ ਹੋ ਗਿਆ। ਉਹਨੂੰ ਹਿਰਖ ਵੀ ਉਠਿਆ ਪਰ ਉਹਨੇ ਹਿੰਮਤ ਨਹੀਂ ਹਾਰੀ। ਘਰਵਾਲੀ ਦੀ ਗੱਲ ਸੁਣਨ ਸਾਰ ਉਹਨੇ ਮਾਲਕ ਨੂੰ ਲੱਭਣ ਦਾ ਪੱਕਾ ਇਰਾਦਾ ਕਰ ਲਿਆ।

ਸਭ ਤੋਂ ਪਹਿਲਾਂ ਉਹ ਪਿੰਡ ਦੇ ਪਟਵਾਰੀ ਨੂੰ ਮਿਲਿਆ। ਉਹਨੇ ਸੁਣਿਆ ਹੋਇਆ ਸੀ ਕਿ ਧਰਤੀ ਤਾਂ ਪਟਵਾਰੀ ਦੀ ਹੀ ਹੁੰਦੀ ਐ, ਉਹ ਜਿਧਰ ਚਾਹੇ ਆਪਣੀ ਜ਼ਰੀਬ ਖਿਸਕਾ ਦੇਵੇ।

“ਪਹਿਲਾਂ ਮੇਰੀਆਂ ਲੱਤਾਂ ਘੁੱਟ, ਫਿਰ ਕੋਈ ਰਾਹ ਦੱਸਾਂਗਾ।” ਪਟਵਾਰੀ ਬੋਲਿਆ।

ਯਮਲਾ ਆਪ ਵੀ ਵਾਹਵਾ ਥੱਕਿਆ ਹੋਇਆ ਸੀ, ਪਰ ਉਹਨੇ ਉਪਰ ਵਾਲੇ ਦਾ ਪਤਾ ਪੁੱਛਣਾ ਸੀ। ਇਸ ਲਈ ਉਹ ਪੂਰੀ ਨੀਝ ਨਾਲ ਪੂਰੇ ਦੋ ਘੰਟੇ ਪਟਵਾਰੀ ਦੀਆਂ ਲੱਤਾਂ ਘੁੱਟਦਾ ਰਿਹਾ। ਜਦੋਂ ਉਹ ਊਂਘਣ ਲੱਗ ਪਿਆ, ਉਹਨੇ ਪੁੱਛਿਆ: “ਮੋਤੀਆਂ ਆਲਿਓ! ਹੁਣ ਤਾਂ ਦੱਸ ਦਿਓ ਉਪਰ ਵਾਲਾ ਕਿੱਥੇ ਰਹਿੰਦਾ ਏ?”

“ਊਂਘਦਾ-ਊਂਘਦਾ ਪਟਵਾਰੀ ਬੋਲਿਆ, “ਇੱਥੋਂ ਚੋਖੀ ਦੂਰ ਏ। ਉਤਾਂਹ...ਅਸਮਾਨ ਵਿਚ ਇਕ ਟਾਪੂ ਏ ਜਿਸ ਦੇ ਕਿਨਾਰੇ ਕਿਨਾਰੇ ਗੁਲਾਬੀ ਮੋਤੀ ਟੰਗੇ ਹੋਏ ਨੇ। ਉਥੇ ਹੀ ਉਪਰ ਵਾਲਾ ਰਹਿੰਦਾ ਏ ਜਿਹੜਾ ਸਾਰੀ ਧਰਤੀ ਦਾ ਮਾਲਕ ਐ।”

ਇਤਨੀ ਗੱਲ ਕਹਿ ਕੇ ਪਟਵਾਰੀ ਸੌਂ ਗਿਆ। ਯਮਲੇ ਨੇ ਨਿਮਰਤਾ ਨਾਲ ਦੋਵੇਂ ਹੱਥ ਜੋੜੇ, ਸਿਰ ਝੁਕਾਇਆ ਤੇ ਆਪਣੀ ਪਗੜੀ ਬੋਚਦਾ ਪਟਵਾਰੀ ਦੇ ਕਮਰੇ ਵਿਚੋਂ ਬਾਹਰ ਆ ਗਿਆ।

ਫਿਰ ਯਮਲਾ ਤਾੜ ਦੇ ਰੁੱਖ ਉਤੇ ਜਾ ਚੜ੍ਹਿਆ ਤੇ ਉਹਦੀ ਟੀਸੀ ਉਤੇ ਪਹੁੰਚ ਕੇ ਅਸਮਾਨ ਵੱਲ ਚੜ੍ਹਨ ਲੱਗਾ... ਉਤਾਂਹ, ਹੋਰ ਉਤਾਂਹ! ਇੱਥੋਂ ਤਕ ਕਿ ਬੱਦਲ ਹੇਠਾਂ ਰਹਿ ਗਏ। ਹਵਾ ਹੇਠਾਂ ਰਹਿ ਗਈ। ਰੁੱਤਾਂ ਹੇਠਾਂ ਰਹਿ ਗਈਆਂ। ਫਾਸਲੇ ਤੇ ਚਾਨਣ ਹੇਠਾਂ ਰਹਿ ਗਏ ਪਰ ਉਹ ਚੜ੍ਹਦਾ ਹੀ ਗਿਆ ਤੇ ਤੁਰਦਾ ਹੀ ਰਿਹਾ...ਉਪਰ, ਹੋਰ ਉਪਰ; ਉਤਾਂਹ ਹੀ ਉਤਾਂਹ!

ਤੁਰਦਿਆਂ-ਤੁਰਦਿਆਂ ਉਹਨੂੰ ਟਾਪੂ ਦਿਸਿਆ...ਚਿੱਟੇ ਸਮੁੰਦਰ ਵਿਚਾਲੇ ਕਾਲਾ ਟਾਪੂ ਜਿਹਦੇ ਆਲੇ-ਦੁਆਲੇ ਗੁਲਾਬੀ ਮੋਤੀਆਂ ਦੀਆਂ ਝਾਲਰਾਂ ਲਟਕ ਰਹੀਆਂ ਸਨ।

ਯਮਲੇ ਨੇ ਜੁੱਤੀ ਲਾਹ ਕੇ ਝਾੜੀ ਅਤੇ ਰੱਸੀ ਨਾਲ ਬੰਨ੍ਹ ਕੇ ਮੋਢੇ ਤੋਂ ਪਿਛਾਂਹ ਸੁੱਟ ਲਈ। ਫਿਰ ਸਮੁੰਦਰ ਵਿਚ ਛਾਲ ਮਾਰ ਦਿੱਤੀ। ਜਾਨ ਦਾਅ ’ਤੇ ਲਾ ਕੇ ਤਰਦਾ-ਤਰਦਾ ਉਹ ਦੂਜੇ ਕਿਨਾਰੇ ਜਾ ਪਹੁੰਚਿਆ। ਉਥੇ ਵੱਡਾ ਦਰਵਾਜ਼ਾ ਸੀ ਜਿਸ ਦੇ ਦੋਵੇਂ ਬੂਹੇ ਬੰਦ ਸਨ ਪਰ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਸ ਬੰਦ ਦਰਵਾਜ਼ੇ ਵਿਚੋਂ ਇੰਝ ਅੰਦਰ ਲੰਘ ਰਹੇ ਸਨ ਜਿਵੇਂ ਕੱਚ ਦੀ ਸਲੇਟ ਵਿਚੋਂ ਚਾਨਣ ਲੰਘ ਜਾਂਦਾ ਹੈ।

ਜਦੋਂ ਯਮਲੇ ਨੇ ਅੰਦਰ ਲੰਘਣਾ ਚਾਹਿਆ ਤਾਂ ਉਹ ਲੰਘ ਨਾ ਸਕਿਆ। ਉਹ ਬਾਹਰੋਂ ਹੀ ਬੂਹਾ ਖੜਕਾਉਣ ਲੱਗ ਪਿਆ। ਰੌਲਾ-ਰੱਪਾ ਸੁਣ ਕੇ ਦਰਵਾਜ਼ੇ ਵਿਚਲੀ ਨਿੱਕੀ ਜਿਹੀ ਬਾਰੀ ਖੁੱਲ੍ਹੀ ਅਤੇ ਬੱਗੀ ਦਾੜ੍ਹੀ ਵਾਲੇ ਬੁੱਢੇ ਨੇ ਆਪਣਾ ਗਾਟਾ ਬਾਹਰ ਕੱਢ ਕੇ ਉਸ ਵੱਲ ਬੜੀ ਹੈਰਾਨੀ ਨਾਲ ਤੱਕਿਆ ਅਤੇ ਪੁੱਛਿਆ,

“ਕੀ ਗੱਲ ਏ ਬਈ?”

“ਇਕ ਫਰਿਆਦ ਐ ਜੀ!”

“ਫਰਿਆਦਾਂ ਦੇ ਫੈਸਲੇ ਇੱਥੇ ਨਹੀਂ ਹੁੰਦੇ, ਉਪਰ ਹੁੰਦੇ ਨੇ।” ਬੁੱਢੇ ਦਾ ਉਤਰ ਸੀ।

“ਉਪਰ? ਉਪਰ ਕਿੱਥੇ ਜੀ?”

“ਉਪਰ...ਜੰਨਤ ਅਤੇ ਜਹੰਨਮ ਵਿਚ। ਨਰਕ ਅਤੇ ਸਵਰਗ ਵਿਚ। ਹੈਵਨ ਅਤੇ ਹੈਲ ਵਿਚ।” ਬੁੱਢਾ ਬੋਲਿਆ।

“ਉਪਰ ਵਾਲਾ ਇੱਥੇ ਨਹੀਂ ਰਹਿੰਦਾ?” ਯਮਲੇ ਨੂੰ ਮਾਯੂਸੀ ਜਿਹੀ ਹੋਈ।

“ਨਹੀਂ।” ਬੁੱਢੇ ਨੇ ਪੂਰੀ ਲਾਪ੍ਰਵਾਹੀ ਨਾਲ ਕਿਹਾ, “ਇਹ ਟਾਪੂ ਤਾਂ ਜ਼ਮੀਨ ਤੋਂ ਆਉਣ ਵਾਲੀਆਂ ਰੂਹਾਂ ਦੀ ਸਰਾਂ ਏ। ਇੱਥੇ ਥੱਕੀਆਂ-ਹਾਰੀਆਂ, ਭੁੱਖੀਆਂ-ਪਿਆਸੀਆਂ ਮੁਸਾਫਰ ਰੂਹਾਂ ਆਰਾਮ ਕਰਦੀਆਂ ਨੇ। ਖਾਣਾ ਖਾਂਦੀਆਂ ਨੇ ਤੇ ਰਾਤ ਕੱਟ ਕੇ ਸਵੇਰੇ ਫਿਰ ਆਪਣੇ ਸਫਰ ’ਤੇ ਰਵਾਨਾ ਹੋ ਜਾਂਦੀਆਂ ਨੇ।”

“ਮੈਂ ਵੀ ਥੱਕਿਆ ਹੋਇਆ ਹਾਂ। ਭੁੱਖਾ-ਪਿਆਸਾ ਵੀ ਆਂ। ਮੈਨੂੰ ਵੀ ਕੁਝ ਖਾਣ ਲਈ ਦਿਓ।” ਯਮਲਾ ਨਿਮਰਤਾ ਨਾਲ ਬੋਲਿਆ। ਉਹਦੇ ਹਲਕ ਵਿਚ ਕੰਡੇ ਚੁੱਭ ਰਹੇ ਸਨ। ਪੈਰਾਂ ਦੀਆਂ ਤਲੀਆਂ ਵਿਚੋਂ ਖੂਨ ਰਿਸ ਰਿਹਾ ਸੀ...ਭੁੱਖ ਵੀ ਬਹੁਤ ਲੱਗੀ ਹੋਈ ਸੀ।

“ਤੂੰ ਵੀ ਕੋਈ ਰੂਹ ਏਂ?” ਬੁੱਢੇ ਨੇ ਪੁੱਛਿਆ।

“ਨਹੀਂ ਜੀ। ਮੈਂ ਤਾਂ ਯਮਲਾ ਜੱਟ ਆਂ।” ਯਮਲੇ ਨੇ ਭੋਲੇ-ਭਾਅ ਕਿਹਾ।

“ਫਿਰ ਤਾਂ ਭਾਈ ਉਪਰ ਜਾਹ। ਇਥੇ ਤੇਰੇ ਲਈ ਕੋਈ ਥਾਂ ਨਹੀਂ।” ਕਹਿ ਕੇ ਬੁੱਢੇ ਨੇ ਬਾਰੀ ਬੰਦ ਕਰ ਲਈ।

ਯਮਲੇ ਦੇ ਦੁਖੀ ਦਿਲ ਵਿਚੋਂ ਹਉਕਾ ਨਿਕਲਿਆ ਅਤੇ ਉਹ ਫਿਰ ਆਪਣੇ ਸਫਰ ਉਤੇ ਤੁਰ ਪਿਆ।

ਕਿੰਨੇ ਦਿਨ, ਕਿੰਨੇ ਮਹੀਨੇ, ਕਿੰਨੇ ਸਾਲ ਉਹ ਸਫਰ ਕਰਦਾ ਰਿਹਾ...ਉਹਨੂੰ ਕੁਝ ਯਾਦ ਹੀ ਨਹੀਂ ਸੀ ਰਿਹਾ। ਬੱਸ ਇਹੀ ਯਾਦ ਸੀ ਕਿ ਉਜਾੜ ਜੰਗਲ ਆਇਆ ਜਿਸ ਵਿਚ ਉਹ ਸਫਰ ਕਰਦਾ ਰਿਹਾ ਸੀ। ਅਖੀਰ ਇਕ ਦਿਨ ਉਹਨੂੰ ਕਿਲ੍ਹਾ ਨਜ਼ਰ ਆਇਆ ਜਿਸ ਦੀਆਂ ਕੰਧਾਂ ਦਗਦੇ ਅੰਗਿਆਰ ਜਾਪ ਰਹੀਆਂ ਸਨ। ਉਪਰਲੇ ਕਿਨਾਰਿਆਂ ਵਿਚੋਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਸਨ। ਅੰਦਰੋਂ ਲੋਕਾਂ ਦੇ ਰੋਣ-ਕੁਰਲਾਣ ਦੀਆਂ ਆਵਾਜ਼ਾਂ ਆ ਰਹੀਆਂ ਸਨ।

ਕਿਲ੍ਹੇ ਦੇ ਦਰਵਾਜ਼ੇ ਦੇ ਬਾਹਰ ਤਖ਼ਤਪੋਸ਼ ਉਤੇ ਬੁੱਢਾ ਬੰਦਾ ਸੁੱਤਾ ਪਿਆ ਸੀ। ਉਹਦੇ ਕੱਪੜੇ ਮੈਲੇ ਸਨ ਅਤੇ ਲੰਗਾਰ ਹੋਏ ਪਏ ਸਨ। ਸਿਰ ਅਤੇ ਦਾੜ੍ਹੀ ਦੇ ਵਾਲਾਂ ਦੀਆਂ ਜਟੂਰੀਆਂ ਬਣ ਗਈਆਂ ਸਨ। ਪਿੰਡੇ ਵਿਚੋਂ ਬਦਬੂ ਆ ਰਹੀ ਸੀ। ਉਹ ਘੂਕ ਸੁੱਤਾ ਪਿਆ ਸੀ।

ਯਮਲੇ ਨੇ ਉਹਦੇ ਨੇੜੇ ਜਾ ਕੇ ਉਹਨੂੰ ਹਲੂਣਿਆ। ਉਹ ਤ੍ਰਭਕ ਕੇ ਉਠ ਬੈਠਾ।

“ਕੀ ਗੱਲ ਐ ਓਏ?” ਉਹ ਰਤਾ ਕੁ ਹਿਰਖ ਕੇ ਬੋਲਿਆ। ਨਾਲ ਹੀ ਉਹਦੇ ਮੂੰਹ ਵਿਚੋਂ ਅੰਗਿਆਰ ਵੀ ਡਿੱਗੇ।

“ਇਕ ਅਰਜ਼ ਕਰਨੀ ਸੀ ਜੀ...ਤਖ਼ਤਾਂ ਵਾਲਿਓ!”

ਬੁੱਢੇ ਨੇ ਕਿਹਾ, “ਅਰਜ਼! ਹੂੰ...ਪਹਿਲਾਂ ਮੇਰੀਆਂ ਜੂੰਆਂ ਕੱਢ, ਫਿਰ ਸੁਣਾਈਂ ਅਰਜ਼।”

ਵਾਹਵਾ ਦੇਰ ਤਕ ਯਮਲਾ ਉਹਦੀਆਂ ਜੂੰਆਂ ਕੱਢਦਾ ਰਿਹਾ। ਜਦੋਂ ਬੁੱਢੇ ਨੂੰ ਕੁਝ ਰਾਹਤ ਮਹਿਸੂਸ ਹੋਈ ਤਾਂ ਉਹਨੇ ਉਹਦੀ ਬਿਪਤਾ ਸੁਣੀ ਤੇ ਆਖਿਆ: “ਜੇ ਤੂੰ ਆਪਣੀ ਆਤਮਾ ਮੈਨੂੰ ਦੇ ਦੇਵੇਂ, ਤਾਂ ਤੇਰੀ ਜ਼ਮੀਨ ਤੈਨੂੰ ਵਾਪਸ ਦਿਵਾ ਸਕਦਾ ਹਾਂ।”

“ਮੇਰੇ ਕੋਲ ਮੇਰਾ ਆਪਣਾ ਤਾਂ ਕੁਝ ਵੀ ਨਹੀਂ।” ਯਮਲਾ ਬੋਲਿਆ, “ਮੇਰੀ ਜ਼ਮੀਨ ਤੇ ਮੇਰਾ ਮਕਾਨ ਕੁਰਕ ਕਰ ਲਿਆ ਗਿਆ ਹੈ। ਮੇਰਾ ਜਿਸਮ ਹਾਕਮਾਂ ਦਾ ਏ। ਆਤਮਾ ਮੇਰੇ ਇਸ਼ਟ ਦੇ ਪੁਜਾਰੀ ਦੀ ਏ...ਮੇਰੇ ਕੋਲ ਆਪਣਾ ਕੁਝ ਵੀ ਨਹੀਂ ਜੋ ਤੁਹਾਨੂੰ ਦੇ ਸਕਾਂ।”

“ਤਾਂ ਫਿਰ ਤੂੰ ਜਾਹ ਉਪਰ ਵਾਲੇ ਦੇ ਕੋਲ ਈ।”

“ਤੂੰ ਉਪਰ ਵਾਲਾ ਨਹੀਂ ਐਂ?” ਯਮਲੇ ਨੇ ਹੈਰਾਨ ਹੁੰਦਿਆਂ ਪੁੱਛਿਆ।

“ਨਹੀਂ, ਮੈਂ ਸ਼ੈਤਾਨ ਆਂ।” ਬੁੱਢਾ ਹਿਰਖ ਕੇ ਆਪਣੇ ਵਾਲ ਪੁੱਟਦਾ ਆਖਣ ਲੱਗਾ। ਉਹਦੇ ਸਿਰ ਵਿਚੋਂ ਵੀ ਚੰਗਿਆੜੀਆਂ ਕਿਰ ਰਹੀਆਂ ਸਨ। “ਉਪਰ ਵਾਲੇ ਨੇ ਮੈਨੂੰ ਛੱਡ ਦਿੱਤਾ ਐ। ਮੈਂ ਕਰੋੜਾਂ ਵਰ੍ਹਿਆਂ ਤੋਂ ਨਹਾਤਾ ਨਹੀਂ। ਮੇਰੇ ਪਿੰਡੇ ’ਚੋਂ ਮੁਸ਼ਕ ਆਉਣ ਲੱਗ ਪਈ ਐ ਤੇ ਹੁਣ ਮੈਂ ਪਾਣੀ ਲੱਭ ਰਿਹਾ ਵਾਂ।”

ਯਮਲੇ ਨੇ ਆਪਣੀ ਮਿੱਟੀ ਦੀ ਸੁਰਾਹੀ ਵਿਚ ਬਚਿਆ ਆਖਰੀ ਦੋ ਘੁੱਟ ਪਾਣੀ ਸ਼ੈਤਾਨ ਨੂੰ ਪਿਆ ਦਿੱਤਾ... ਤੇ ਸਿੱਧਾ ਬੈਕੁੰਠ ਵਿਚ ਜਾ ਪਹੁੰਚਿਆ। ਅਗਾਂਹ ਰੱਬ ਨੇ ਉਹਨੂੰ ਕਿਹਾ, “ਯਮਲਿਆ, ਮੈਂ ਰੱਬ ਹਾਂ। ਇਸ ਸਵਰਗ ਦਾ ਰੱਬ, ਪਰ ਤੇਰੀ ਮੁਸ਼ਕਲ ਦਾ ਹੱਲ ਮੇਰੇ ਕੋਲ ਵੀ ਨਹੀਂ...ਕਿਉਂਕਿ ਮੈਂ ਉਪਰ ਵਾਲਾ ਨਹੀਂ।”

ਇਹ ਗੱਲ ਸੁਣ ਕੇ ਯਮਲੇ ਦਾ ਚਿੱਤ ਘਿਰਨ ਲੱਗ ਪਿਆ। ਅਚਾਨਕ ਉਹਦੇ ਮੂੰਹੋਂ ਨਿਕਲਿਆ, “ਜੇ ਤੂੰ ਵੀ ਉਪਰ ਵਾਲਾ ਨਹੀਂ ਤਾਂ ਫਿਰ ਹੋਰ ਕੌਣ ਐ ਉਪਰ ਵਾਲਾ?”

ਰੱਬ ਨੇ ਯਮਲੇ ਦੇ ਮੋਢੇ ਉਤੇ ਹੱਥ ਰੱਖ ਕੇ ਪਿਆਰ ਨਾਲ ਆਖਿਆ, “ਇਹ ਤੁਹਾਡੇ ਤਾਰੇ, ਨਸ਼ੱਤਰ ਜਿਨ੍ਹਾਂ ਨੂੰ ਤੁਸੀਂ ਸੂਰਜ ਤੇ ਗ੍ਰਹਿਆਂ ਦਾ ਚੱਕਰ ਕਹਿੰਦੇ ਹੋ, ਮੈਂ ਤਾਂ ਸਿਰਫ ਇਤਨੀ ਕੁ ਜਗ੍ਹਾ ਵਿਚ ਵਸਦੇ ਮਨੁੱਖਾਂ ਦੀ ਕਿਸਮਤ ਦਾ ਪਰਮਾਤਮਾ ਹਾਂ... ਉਪਰ ਵਾਲਾ ਨਹੀਂ।” ਉਹਦੀ ਆਵਾਜ਼ ਕਿਸੇ ਡੂੰਘੀ ਝੀਲ ਵਾਂਗ ਸ਼ਾਂਤ ਸੀ।

“ਫਿਰ ਉਪਰ ਵਾਲਾ ਕਿੱਥੇ ਐ?” ਯਮਲਾ ਬੋਲਿਆ, “ਮੈਂ ਉਹਨੂੰ ਲੱਭਣ ਆਇਆਂ ਜੀ। ਜੇ ਉਹ ਨਾ ਮਿਲਿਆ ਤਾਂ ਮੇਰੀ ਜ਼ਮੀਨ ਖੁੱਸ ਜਾਵੇਗੀ। ਫਿਰ ਮੇਰੀ ਘਰਵਾਲੀ ਤੇ ਬੱਚਿਆਂ ਦਾ ਕੀ ਬਣੇਗਾ? ਜੇ ਮੇਰੀ ਜ਼ਮੀਨ ਈ ਮੇਰੀ ਨਾ ਰਹੀ।”

ਰੱਬ ਨੇ ਮੁਸਕਰਾ ਕੇ ਪੁੱਛਿਆ, “ਤੇਰੇ ਕੋਲ ਮਾਚਸ ਤਾਂ ਹੋਊ?”

“ਹਾਂ, ਪਰ ਤੂੰ ਮਾਚਸ ਕੀ ਕਰਨੀ ਐਂ?” ਯਮਲੇ ਨੇ ਹੈਰਾਨ ਹੋ ਕੇ ਪੁੱਛਿਆ।

ਰੱਬ ਨੇ ਯਮਲੇ ਦੇ ਕੰਨ ਵਿਚ ਕਿਹਾ, “ਤੇਰੇ ਵਾਂਗ ਮੈਨੂੰ ਵੀ ਬੀੜੀ ਪੀਣ ਦਾ ਭੁਸ ਏ, ਪਰ ਇਥੇ ਸਵਰਗ ਵਿਚ ਅੱਗ ਹੀ ਨਹੀਂ ਮਿਲਦੀ। ਜਦੋਂ ਦਾ ਸ਼ੈਤਾਨ ਇੱਥੋਂ ਕੱਢਿਆ ਏ, ਅੱਗ ਵੀ ਮੁੱਕ ਗਈ ਏ। ਕਦੇ-ਕਦਾਈਂ ਮੇਰਾ ਜੀ ਬੀੜੀ ਪੀਣ ਨੂੰ ਤਰਸ ਜਾਂਦਾ ਏ, ਪਰ ਇਥੇ ਅੱਗ ਈ ਨਹੀਂ।”

ਯਮਲੇ ਨੇ ਆਪਣੀ ਜੇਬ ਫਰੋਲ ਕੇ ਆਪਣੀ ਇਕੋ-ਇਕ ਸੀਖ ਵਾਲੀ ਮਾਚਸ ਕੱਢੀ ਤੇ ਉਹਨੂੰ ਫੜਾ ਦਿੱਤੀ।

ਫਿਰ ਰੱਬ ਨੇ ਉਹਨੂੰ ਦੱਸਿਆ, “ਉਪਰ ਵਾਲਾ ਚੋਖੀ ਦੂਰ ਉਤਾਂਹ ਰਹਿੰਦਾ ਏ, ਆਕਾਸ਼ ਗੰਗਾ ਤੋਂ ਵੀ ਬਹੁਤ ਉਪਰ। ਉਥੇ ਪਹੁੰਚਣ ਵਾਸਤੇ ਤੈਨੂੰ ਘੇਰੇ ਵਿਚ ਤੁਰਨਾ ਪਵੇਗਾ...ਇਕ ਵਾਰੀ ਆਪਣੇ ਦਿਲ ਦੇ ਅੰਦਰ ਅਤੇ ਦੋ ਵਾਰੀ ਆਪਣੇ ਦਿਲ ਤੋਂ ਬਾਹਰ। ਫਿਰ ਤੈਨੂੰ ਲੱਖਾਂ ਤਾਰਿਆਂ ਤੇ ਮੁੱਖ ਨਸ਼ੱਤਰਾਂ ਵਿਚੋਂ ਲੰਘ ਕੇ ਉਸ ਵਿਸ਼ਾਲ ਰਾਜਪਥ ਉਤੇ ਪਹੁੰਚਣਾ ਪਵੇਗਾ ਜਿੱਥੇ ਉਪਰ ਵਾਲਾ ਰਹਿੰਦਾ ਏ ਪਰ ਉਹ ਇਸ ਜੰਨਤ ਤੇ ਜਹੰਨਮ, ਸਵਰਗ ਤੇ ਨਰਕ, ਹੈਵਨ ਤੇ ਹੈਲ ਤੋਂ ਬੜੀ ਦੂਰ ਏ।”

“ਉਹ ਕਿਤੇ ਵੀ ਹੋਵੇ, ਮੈਂ ਉਹਦੇ ਕੋਲ ਜ਼ਰੂਰ ਅੱਪੜਾਂਗਾ। ਭਾਈ ਸਾਹਿਬ! ਆਖਰ ਇਹ ਮੇਰੀ ਜ਼ਮੀਨ ਦਾ ਮਾਮਲਾ ਐ।” ਯਮਲੇ ਨੇ ਦ੍ਰਿੜਤਾ ਨਾਲ ਕਿਹਾ ਅਤੇ ਅਗਲੇ ਸਫਰ ਉਤੇ ਰਵਾਨਾ ਹੋ ਗਿਆ।

ਉਹ ਤੁਰਦਾ ਰਿਹਾ। ਨਸ਼ੱਤਰ ਰਾਹਾਂ ਦੀ ਧੂੜ ਬਣ ਗਏ, ਤੇ ਘੇਰੇ ਸਿਮਟ ਕੇ ਪੈੜਾਂ ਦੇ ਨਿਸ਼ਾਨ ਹੋ ਗਏ। ਫਾਸਲੇ ਸੁੰਨ ਵਿਚ ਬਦਲ ਗਏ ਤੇ ਸਮਾਂ ਸੱਪ ਵਾਂਗ ਰੀਂਘਦਾ ਰਿਹਾ...ਜਦੋਂ ਉਹ ਤੁਰਦਾ-ਤੁਰਦਾ ਆਕਾਸ਼ ਗੰਗਾ ਦੀ ਟੀਸੀ ਉਤੇ ਪਹੁੰਚਿਆ ਜਿੱਥੇ ਵਿਸ਼ਾਲ ਰਾਜਪਥ ਸਮਾਪਤ ਹੁੰਦਾ ਹੈ, ਤਾਂ ਉਹਨੇ ਦੇਖਿਆ ਕਿ ਇਕ ਔਰਤ ਆਪਣੇ ਸਿਰ ਦੇ ਵਾਲ ਖਿਲਾਰੀ, ਬੈਠੀ ਰੋ ਰਹੀ ਹੈ। ਯਮਲੇ ਨੂੰ ਬਹੁਤ ਹੈਰਾਨੀ ਹੋਈ। ਉਹਨੇ ਉਸ ਔਰਤ ਨੂੰ ਪੁੱਛਿਆ, “ਤੂੰ ਕਿਉਂ ਰੋ ਰਹੀ ਐਂ ਭਾਈ?”

“ਮੈਂ ਉਪਰ ਵਾਲੇ ਨੂੰ ਭਾਲ ਰਹੀ ਆਂ।” ਔਰਤ ਨੇ ਹਟਕੋਰੇ ਭਰਦਿਆਂ ਕਿਹਾ, “ਉਹ ਕਿਤੇ ਲੱਭ ਹੀ ਨਹੀਂ ਰਿਹਾ।”

“ਉਹਦਾ ਕੋਈ ਪਤਾ-ਟਿਕਾਣਾ ਤਾਂ ਹੋਊ?” ਯਮਲੇ ਨੇ ਮੱਥੇ ਉਤੇ ਆਇਆ ਪਸੀਨਾ ਪੂੰਝਿਆ।

“ਬੜੀ ਦੂਰ ਉਪਰ ਰਹਿੰਦਾ ਏ ਕਿਤੇ। ਮੇਰੀ ਆਕਾਸ਼ ਗੰਗਾ ਤੋਂ ਅਗਾਂਹ...ਅਹੁ ਨਿਬੁਲਾ ਦੇਖ ਰਿਹਾ ਏਂ ਨਾ? ਉਸ ਨਿਬੁਲੇ ਦੇ ਉਸ ਪਾਰ ਇਕ ਹਜ਼ਾਰ ਹਿਊਲੇ ਨਜ਼ਰ ਆਉਣਗੇ। ਫਿਰ ਉਨ੍ਹਾਂ ਨੂੰ ਪਾਰ ਕਰ ਕੇ ਤੈਨੂੰ ਇਕ ਹਜ਼ਾਰ ਨਿਬੁਲੇ ਹੋਰ ਮਿਲਣਗੇ...ਉਨ੍ਹਾਂ ਤੋਂ ਅਗਾਂਹ ਸ੍ਰਿਸ਼ਟੀ ਦੀ ਆਖਰੀ ਹੱਦ ’ਤੇ ਸ਼ਾਇਦ ਉਹ ਨਿਬੁਲਾ ਏ, ਜਿੱਥੇ ਉਪਰ ਵਾਲਾ ਰਹਿੰਦਾ ਏ; ਪਰ ਤੂੰ ਉਥੋਂ ਤਾਈਂ ਅੱਪੜੇਂਗਾ ਕਿਵੇਂ? ਉਥੇ ਤਾਂ ਅੱਜ ਤੱਕ ਕੋਈ ਨਹੀਂ ਪੁਜ ਸਕਿਆ।”

“ਓਏ ਭਲੀਏ ਲੋਕੇ!”, ਯਮਲੇ ਨੇ ਹੱਸ ਕੇ ਕਿਹਾ, “ਪੈਂਡਾ ਭਾਵੇਂ ਕਿੰਨਾ ਵੀ ਔਖਾ ਕਿਉਂ ਨਾ ਹੋਵੇ, ਜੱਟ ਆਖਰ ਅੱਪੜ ਈ ਜਾਂਦਾ ਏ।”

“ਉਥੇ ਜਾ ਕੇ ਕੀ ਕਰੇਂਗਾ?” ਔਰਤ ਨੇ ਹੰਝੂ ਪੂੰਝਦਿਆਂ ਕਿਹਾ, “ਦੇਖ ਮੇਰਾ ਘਰ ਕਿੰਨਾ ਸੁੰਦਰ ਏ...ਆਹ ਆਕਾਸ਼ ਗੰਗਾ ਦੀ ਟੀਸੀ ਦੇਖ! ਇਹ ਹੀਰੇ ਮੋਤੀ ਜੜਿਆ ਵਿਸ਼ਾਲ ਰਾਜਪਥ...ਇਹਦੀ ਇਕ-ਇਕ ਕਣੀ ਕੋਹੇਨੂਰ ਨਾਲੋਂ ਵਧ ਕੀਮਤੀ ਐ।” ਉਹ ਮੁਸਕਰਾ ਰਹੀ ਸੀ। ਯਮਲੇ ਨੂੰ ਉਹਦੀ ਮੁਸਕਾਨ ਬੜੀ ਭਲੀ ਲੱਗੀ ਪਰ ਉਸ ਕਿਹਾ: “ਮੈਨੂੰ ਮੇਰੀ ਜ਼ਮੀਨ ਚਾਹੀਦੀ ਐ ਭਲੀਏ ਲੋਕੇ! ਤੂੰ ਉਹ ਮਿਸਾਲ ਨਹੀਂ ਸੁਣੀ...‘ਢਿੱਡ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ’। ਹੁਣ ਤੂੰ ਮੈਨੂੰ ਜਾਣ ਦੇ। ਤੂੰ ਮੈਨੂੰ ਰਾਹੇ ਪਾ ਦਿੱਤਾ ਏ, ਤੇਰਾ ਲੱਖ-ਲੱਖ ਸ਼ੁਕਰੀਆ।”

ਤੇ ਉਹ ਆਕਾਸ਼ ਗੰਗਾ ਦੀ ਟੀਸੀ ਪਾਰ ਕਰ ਕੇ ਪਹਿਲੇ ਨਿਬੁਲੇ ਵਿਚ ਜਾ ਪਹੁੰਚਿਆ। ਨਿਬੁਲੇ ਵਿਚੋਂ ਨਿਕਲ ਕੇ ਫੈਲੀ ਹੋਈ ਗੈਸ ਦੇ ਵਰੋਲਿਆਂ ਵਿਚ ਪਹੁੰਚ ਗਿਆ। ਇਕ ਹਜ਼ਾਰ ਚੱਕਰਾਂ ਦੀ ਸ੍ਰਿਸ਼ਟੀ ਤੋਂ ਅਗਾਂਹ ਇਕ ਹਜ਼ਾਰ ਨਿਬੁਲਿਆਂ ਦੇ ਚੱਕਰਦਾਰ ਰਸਤਿਆਂ ਤੋਂ ਹੁੰਦਾ ਹੋਇਆ ਆਖਰੀ ਨਿਬੁਲੇ ਉਤੇ ਜਾ ਪਹੁੰਚਿਆ। ਉਥੇ ਉਹਨੇ ਸੱਤ ਰੰਗੀਆਂ ਰੌਸ਼ਨੀਆਂ ਦੇ ਮਿਨਾਰ ਵਿਚ, ਛੇ ਸੱਤ ਸਾਲ ਦਾ ਬੱਚਾ ਬੈਠਾ ਦੇਖਿਆ ਜਿਹੜਾ ਗੈਸਾਂ ਤੇ ਮਹਿਲ ਬਣਾ ਰਿਹਾ ਸੀ।

“ਹੂੰ! ਫਿਰ ਤੂੰ ਐਂ ਉਪਰ ਵਾਲਾ...।” ਯਮਲੇ ਨੇ ਹੈਰਾਨੀ ਨਾਲ ਖੁਸ਼ ਹੋ ਕੇ ਉਸ ਪਿਆਰੇ ਬੱਚੇ ਵੱਲ ਤੱਕਦਿਆਂ ਕਿਹਾ, “ਓਇ ਨਿੱਕਿਆ! ਉਪਰ ਵਾਲਿਆ!! ਧਰਤੀ ਦਿਆ ਮਾਲਕਾ!”

ਬੱਚਾ ਖਿੜ-ਖਿੜਾ ਕੇ ਹੱਸ ਪਿਆ ਤੇ ਬੋਲਿਆ, “ਮੈਂ ਕੋਈ ਉਪਰ ਵਾਲਾ ਨਹੀਂ। ਮੈਂ ਤਾਂ ਇਕ ਬੱਚਾ ਆਂ। ਗੈਸਾਂ ਦੇ ਮਹਿਲ ਬਣਾ ਰਿਹਾ ਹਾਂ।”

“ਫਿਰ ਉਪਰ ਵਾਲਾ ਕਿੱਥੇ ਐ?” ਯਮਲੇ ਨੂੰ ਬੜੀ ਨਿਰਾਸ਼ਾ ਹੋਈ ਸੀ। ਉਸ ਕਿਹਾ, “ਉਪਰ ਵਾਲਾ ਜਿਹੜਾ ਸਾਰੀ ਧਰਤੀ ਦਾ ਮਾਲਕ ਐ?”

“ਧਰਤੀ ਦਾ ਮਾਲਕ!” ਬੱਚੇ ਨੇ ਪੁੱਛਿਆ ਤੇ ਫਿਰ ਆਪੇ ਹੀ ਕਹਿਣ ਲੱਗਾ, “ਧਰਤੀ ਦਾ ਮਾਲਕ ਤਾਂ ਇਥੋਂ ਬੜੀ ਦੂਰ ਰਹਿੰਦਾ ਏ।”

“ਇਥੋਂ ਵੀ ਦੂਰ ਐ? ਉਪਰ? ਦੂਰ? ਅਗਾਂਹ?...ਤੇ ਦੂਰ, ਉਪਰ, ਅਗਾਂਹ...ਪਰ ਕਿੱਥੇ?” ਕਈ ਸਵਾਲ ਯਮਲੇ ਨੇ ਇਕੋ ਸਾਹੇ ਪੁੱਛ ਲਏ ਸਨ।

ਬੱਚੇ ਨੂੰ ਕਿਸਾਨ ਦੀ ਮੂਰਖਤਾ ਉਤੇ ਹਾਸਾ ਆ ਗਿਆ। ਹੱਸਦਾ-ਹੱਸਦਾ ਉਹ ਲੋਟ-ਪੋਟ ਹੋ ਗਿਆ। ਫਿਰ ਬੜੀ ਮੁਸ਼ਕਲ ਨਾਲ ਆਪਣਾ ਹਾਸਾ ਰੋਕ ਕੇ ਬੋਲਿਆ, “ਉਹ ਤਾਂ ਇੱਥੋਂ ਬਹੁਤ ਦੂਰ ਰਹਿੰਦਾ ਏ, ਤੇ ਉਸ ਤਾਈਂ ਤਾਂ ਅੱਜ ਤਕ ਕੋਈ ਨਹੀਂ ਅੱਪੜ ਸਕਿਆ।”

“ਮੈਂ ਅੱਪੜਾਂਗਾ, ਮੈਂ!...ਤੇ ਅੱਪੜਾਂਗਾ ਵੀ ਲਾਜ਼ਮੀ।” ਯਮਲੇ ਨੇ ਦੰਦ ਕਰੀਚ ਕੇ ਕਿਹਾ, “ਤੂੰ ਮੈਨੂੰ ਉਹਦਾ ਪਤਾ-ਟਿਕਾਣਾ ਦੱਸ...ਬੱਸ।”

ਬੱਚੇ ਨੇ ਕਿਹਾ, “ਫਿਰ ਇਥੋਂ ਸਿੱਧਾ ਜਾਈ ਜਾਹ। ਇਸ ਨਿਬੁਲੇ ਤੋਂ ਅਗਾਂਹ ਇਕ ਹਜ਼ਾਰ ਅਜਿਹੇ ਹੀ ਨਿਬੁਲੇ ਆਉਣਗੇ। ਫਿਰ ਇਕ ਹਜ਼ਾਰ ਸ੍ਰਿਸ਼ਟੀ ਚੱਕਰ, ਫਿਰ ਇਕ ਹੋਰ ਨਿਬੁਲਾ। ਅਗਾਂਹ ਆਕਾਸ਼ ਗੰਗਾ ਤੇ ਫਿਰ ਧਰਤੀ ਦਾ ਗੋਲਾ। ਉਸ ਧਰਤੀ ਉਤੇ ਇਕ ਦੇਸ਼ ਹੈ, ਉਸ ਦੇਸ਼ ਵਿਚ ਇਕ ਪਿੰਡ ਹੈ, ਉਸ ਪਿੰਡ ਵਿਚ ਇਕ ਘਰ ਹੈ, ਉਸ ਘਰ ਵਿਚ ਇਕ ਆਦਮੀ ਰਹਿੰਦਾ ਹੈ ਜਿਹੜਾ ਧਰਤੀ ਦਾ ਮਾਲਕ ਹੈ...ਤੇ ਉਹਦਾ ਨਾਂ ਐ ਯਮਲਾ।”

“ਪਰ ਯਮਲਾ ਤਾਂ ਮੈਂ ਈ ਆਂ।” ਯਮਲੇ ਨੇ ਆਪਣੀ ਹਿੱਕ ਉਤੇ ਹੱਥ ਰੱਖਦਿਆਂ ਕਿਹਾ। ਜਿਉਂ ਹੀ ਉਹਨੇ ਆਪਣੀ ਹਿੱਕ ਉਤੇ ਹੱਥ ਰੱਖਿਆ, ਉਹਦੇ ਪੈਰਾਂ ਹੇਠੋਂ ਨਿਬੁਲਾ ਖਿਸਕ ਗਿਆ ਤੇ ਉਹ ਨਿਬੁਲਿਆਂ-ਹਿਊਲਿਆਂ, ਸ੍ਰਿਸ਼ਟੀ ਚੱਕਰਾਂ, ਆਕਾਸ਼ ਗੰਗਾਵਾਂ, ਹਜ਼ਾਰਾਂ ਸੂਰਜਾਂ, ਨਸ਼ੱਤਰਾਂ ਵਿਚਕਾਰੋਂ ਹੇਠਾਂ ਵੱਲ ਡਿਗਦਾ ਹੋਇਆ, ਮੂਧੇ-ਮੂੰਹ ਆਪਣੇ ਵਿਹੜੇ ਵਿਚ ਆਣ ਡਿੱਗਾ। ਖੜਾਕ ਸੁਣ ਕੇ ਉਹਦੀ ਘਰਵਾਲੀ ਬਾਹਰ ਨਿਕਲ ਆਈ ਤੇ ਉਹਨੂੰ ਹਲੂਣ ਕੇ ਕਹਿਣ ਲੱਗੀ: “ਮੈਂ ਕਿਹਾ ਜੀ! ਸ਼ਾਹੂਕਾਰ ਤੇਰੀ ਕੁਰਕੀ ਕਰਾਉਣ ਆ ਰਿਹਾ ਐ, ਤੇ ਤੂੰ ਅਜੇ ਭੁੰਜੇ ਈ ਸੁੱਤਾ ਪਿਐਂ।”

ਸੁਣਨ ਸਾਰ ਯਮਲਾ ਝੱਟ ਉਠ ਕੇ ਬੈਠਾ ਹੋ ਗਿਆ ਤੇ ਹਿਰਖ ਕੇ ਬੋਲਿਆ, “ਮੈਂ ਵੇਖੂੰ ਕਿਹੜਾ ਮਾਂ ਦਾ ਲਾਲ ਮੇਰੀ ਜ਼ਮੀਨ ਕੁਰਕ ਕਰਾਉਣ ਆਉਂਦੈ? ਇਹ ਧਰਤੀ ਮੇਰੀ ਐ। ਮੈਂ ਇਸ ਦਾ ਮਾਲਕ ਆਂ।”

ਇਤਨਾ ਆਖ ਕੇ ਯਮਲੇ ਨੇ ਆਪਣੀ ਡਾਂਗ ਚੁੱਕੀ, ਤੇ ਘਰੋਂ ਬਾਹਰ ਨਿਕਲ ਆਇਆ।

## ਕਾਵਿ-ਵਿਅੰਗ

### ਸੱਚੋ-ਸੱਚ

ਕੁਝ ਮੇਰੀ ਕੌਮ ਤਾਈਂ ਨਸ਼ਿਆਂ ਨੇ ਖਾ ਲਿਆ ਏ,
ਕੁਝ ਮੇਰੀ ਕੌਮ ਤਾਈਂ ਖਾਧਾ ਸਰਕਾਰਾਂ ਨੇ।
ਕੁਝ ਮੇਰੀ ਕੌਮ ਖਾਧੀ ਢਿੱਡੋਂ ਭੁੱਖੇ ਲੀਡਰਾਂ ਨੇ,
ਕੁਝ ਮੇਰੀ ਕੌਮ ਨੂੰ ਹੈ ਖਾ ਲਿਆ ਗੱਦਾਰਾਂ ਨੇ।
ਕੁਝ ਮੇਰੀ ਕੌਮ ਖਾ ਲਈ ਵਿਕੇ ਹੋਏ ਲੇਖਕਾਂ ਨੇ,
ਕੁਝ ਖਾਧਾ ਕੌਮ ਨੂੰ ਵਿਕਾਊ ਅਖ਼ਬਾਰਾਂ ਨੇ।
ਕੁਝ ‘ਸੁਰਜੀਤ’ ਕੌਮ ਖਾ ਲਈ ਪ੍ਰਬੰਧਕਾਂ ਨੇ,
ਬਾਕੀ ਬਚੀ ਕੌਮ ਸਾਰੀ ਖਾ ਲਈ ਜਥੇਦਾਰਾਂ ਨੇ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

# ਆਦਰਸ਼ ਅਫਸਰ ਡਾ. ਐਮ.ਐਸ. ਰੰਧਾਵਾ

**ਦਿਓਕੱਦ ਸ਼ਖ਼ਸੀਅਤਾਂ**

ਡਾ. ਮਹਿੰਦਰ ਸਿੰਘ ਰੰਧਾਵਾ ਦੇ ਪਿਤਾ ਸ. ਸ਼ੇਰ ਸਿੰਘ ਰੰਧਾਵਾ ਪਿੰਡ ਬੋਦਲਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। ਜਦੋਂ ਉਹ ਜ਼ੀਰਾ ਵਿਖੇ ਤਹਿਸੀਲਦਾਰ ਸਨ, 23-24 ਸਤੰਬਰ 1908 ਨੂੰ ਉਨ੍ਹਾਂ ਦੇ ਘਰ ਜੌੜੇ ਲੜਕੇ ਪੈਦਾ ਹੋਏ। ਵੱਡੇ ਦਾ ਨਾਂ ਰਾਜਿੰਦਰ ਅਤੇ ਛੋਟੇ ਦਾ ਮਹਿੰਦਰ ਰੱਖਿਆ ਗਿਆ। ਸ. ਸ਼ੇਰ ਸਿੰਘ ਦਾ ਵਿਆਹ 8 ਸਾਲ ਦੀ ਉਮਰ ਵਿਚ ਪਿੰਡ ਡਗਾਣਾ (ਨੇੜੇ ਹੁਸ਼ਿਆਰਪੁਰ) ਦੀ ਬਿਸ਼ਨ ਕੌਰ ਨਾਲ ਹੋਇਆ ਸੀ। ਉਦੋਂ ਵਿਆਹ ਛੋਟੀ ਉਮਰ ਵਿਚ ਹੀ ਕਰਨ ਦਾ ਰਿਵਾਜ਼ ਸੀ, ਪਰ ਮੁਕਲਾਵਾ ਕਈ ਸਾਲਾਂ ਬਾਅਦ ਬੱਚਿਆਂ ਦੇ ਜਵਾਨ ਹੋਣ 'ਤੇ ਤੋਰਿਆ



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਜਾਂਦਾ। ਬਿਸ਼ਨ ਕੌਰ ਦੀ ਕੁੱਖੋਂ ਤਿੰਨ ਲੜਕੇ ਅਤੇ ਇਕ ਲੜਕੀ ਪੈਦਾ ਹੋਈ। ਬਿਸ਼ਨ ਕੌਰ ਸੁਭਾਅ ਦੀ ਬੜੀ ਅੜਬ ਸੀ। ਤਹਿਸੀਲਦਾਰ ਦੀ ਬਦਲੀ ਜਦੋਂ ਜ਼ੀਰੇ ਦੀ ਹੋਈ, ਤਾਂ ਬਿਸ਼ਨ ਕੌਰ ਨੇ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਤਹਿਸੀਲਦਾਰ ਨੇ ਜ਼ੀਰੇ ਜਾ ਕੇ ਪਿੰਡ ਫੁੰਮਣ ਸਿੰਘ ਵਾਲਾ ਦੇ ਸ. ਪ੍ਰੇਮ ਸਿੰਘ ਦੀ ਲੜਕੀ ਕਿਰਪਾਲ ਕੌਰ ਨਾਲ ਵਿਆਹ ਕਰਵਾ ਲਿਆ। ਜਦ ਉਹ ਲੰਬੀ ਛੁੱਟੀ ਲੈ ਕੇ ਜ਼ੀਰੇ ਤੋਂ ਬੋਦਲਾਂ ਆਏ, ਕਿਰਪਾਲ ਕੌਰ ਨੂੰ ਵੀ ਨਾਲ ਲੈ ਆਏ। ਬਿਸ਼ਨ ਕੌਰ ਨੂੰ ਟੀ.ਬੀ. ਦੀ ਬਿਮਾਰੀ ਹੋ ਗਈ। ਉਨ੍ਹੀਂ ਦਿਨੀਂ ਛੂਤ ਦੀ ਇਹ ਬਿਮਾਰੀ ਲਾਇਲਾਜ ਸੀ। ਬਿਸ਼ਨ ਕੌਰ ਦੀ ਸੇਵਾ ਕਰਦਿਆਂ ਕਿਰਪਾਲ ਕੌਰ ਨੂੰ ਵੀ ਇਹ ਬਿਮਾਰੀ ਲੱਗ ਗਈ। ਇਕ ਸਾਲ ਵਿਚ ਹੀ ਪਹਿਲਾਂ ਬਿਸ਼ਨ ਕੌਰ ਤੇ ਫਿਰ ਕਿਰਪਾਲ ਕੌਰ ਚੱਲ ਵਸੀਆਂ।

ਫਿਰ ਤਹਿਸੀਲਦਾਰ ਦੀ ਬਦਲੀ ਸਮਰਾਲੇ ਦੀ ਹੋ ਗਈ। ਉਥੇ ਇਕ ਪਟਵਾਰੀ ਜੋ ਬੁੱਧਸਿੰਘਵਾਲਾ ਤਖਰੀਂ ਲੱਗਾ ਹੋਇਆ ਸੀ, ਨੇ ਉਸ ਪਿੰਡ ਦੇ ਸਰਦਾਰ ਹਜ਼ਾਰਾ ਸਿੰਘ ਪੁੱਤਰ ਬੂਟਾ ਸਿੰਘ ਦੀ ਲੜਕੀ ਨਾਲ ਤਹਿਸੀਲਦਾਰ ਸਾਹਿਬ ਦਾ ਰਿਸ਼ਤਾ ਕਰਾ ਦਿੱਤਾ। ਲੜਕੀ ਵਾਲਿਆਂ ਨੂੰ ਦੱਸਿਆ ਗਿਆ ਕਿ ਤਹਿਸੀਲਦਾਰ ਦੇ ਪਹਿਲੀ ਪਤਨੀ ਤੋਂ ਇਕ ਲੜਕਾ ਹੈ ਪਰ ਵਿਆਹ ਤੋਂ ਬਾਅਦ ਜਦੋਂ ਬਚਿੰਤ ਕੌਰ ਪਿੰਡ ਬੋਦਲਾਂ ਆਈ ਤਾਂ ਉਹ ਹੈਰਾਨ! ਚਾਰ ਬੱਚੇ ਸਨ ਪਰ ਉਹ ਬੜੀ ਸਮਝਦਾਰ ਨਿਕਲੀ। ਉਸ ਨੇ ਬੱਚਿਆਂ ਨੂੰ ਸਕੀ ਮਾਂ ਵਾਲਾ ਪਿਆਰ ਦਿੱਤਾ। ਪਹਿਲੀ ਜਨਵਰੀ 1905 ਨੂੰ ਉਨ੍ਹਾਂ ਦੇ ਘਰ ਲੜਕੀ ਪੈਦਾ ਹੋਈ ਜਿਸ ਦਾ ਨਾਂ ਹਰਬੰਸ ਕੌਰ ਰੱਖਿਆ।

ਜ਼ੀਰੇ ਤੋਂ ਪਹਿਲਾਂ ਬਦਲੀ ਨਵਾਂ ਸ਼ਹਿਰ ਅਤੇ ਫਿਰ ਕਰਤਾਰਪੁਰ ਜ਼ਿਲ੍ਹਾ ਜਲੰਧਰ ਦੀ ਹੋ ਗਈ। ਰਾਜਿੰਦਰ ਅਤੇ ਮਹਿੰਦਰ ਤੀਜੀ ਜਮਾਤ ਤੱਕ ਕਰਤਾਰਪੁਰ ਹੀ ਪੜ੍ਹੇ। ਫਿਰ ਤਹਿਸੀਲਦਾਰ ਦੀ ਬਦਲੀ ਫਿਲੌਰ ਦੀ ਹੋ ਗਈ। ਉਨ੍ਹੀਂ ਦਿਨੀਂ ਫੈਲੀ ਪਲੇਗ ਦੀ ਲਾਇਲਾਜ ਬਿਮਾਰੀ ਨਾਲ ਵਿਚਾਰੀ ਬਚਿੰਤ ਕੌਰ ਵੀ ਚੱਲ ਵਸੀ। ਤਹਿਸੀਲਦਾਰ ਲਈ ਬੱਚੇ ਸੰਭਾਲਣੇ ਔਖੇ ਹੋ ਗਏ। ਉਹ ਫਿਰ ਵਿਆਹ ਕਰਨ ਦੀ ਸੋਚਣ ਲੱਗਾ ਤਾਂ ਉਨ੍ਹਾਂ ਦੀ ਲੜਕੀ ਹਰਬੰਸ ਕੌਰ ਜੋ ਬਾਰਾਂ ਸਾਲ ਦੀ ਹੋ ਚੁੱਕੀ ਸੀ, ਨੇ ਵਿਰੋਧ ਕੀਤਾ ਪਰ ਜੈਪੁਰੇ ਪਿੰਡ ਦੇ ਡਾਕਟਰ ਰਘਬੀਰ ਸਿੰਘ ਆਪਣੀ ਭੈਣ ਦਾ ਰਿਸ਼ਤਾ ਕਰ ਗਏ।

ਫਿਲੌਰ ਤਹਿਸੀਲ ਵਿਚ ਪਿੰਡਾਂ ਦੇ ਨੰਬਰਦਾਰਾਂ ਨੇ ਘੋੜੀਆਂ 'ਤੇ ਆਉਣਾ, ਤੇ ਘੋੜੀਆਂ ਜ਼ੇਲ-ਘਰ ਦੀਆਂ ਟਾਹਲੀਆਂ ਨਾਲ ਬੰਨ੍ਹ ਦੇਣੀਆਂ। ਰਾਜਿੰਦਰ ਅਤੇ ਮਹਿੰਦਰ ਨੇ ਘੋੜੀਆਂ ਖੋਲ੍ਹ ਕੇ ਖ਼ੂਬ ਦੁੜਾਉਣੀਆਂ। 1920 ਵਿਚ ਉਨ੍ਹਾਂ ਦੀ ਬਦਲੀ ਫਿਲੌਰ ਤੋਂ ਊਨੇ ਹੋ ਗਈ। ਉਥੇ ਰਾਜਿੰਦਰ ਅਤੇ ਮਹਿੰਦਰ ਨੂੰ ਸਨਾਤਨ ਧਰਮ ਹਾਈ ਸਕੂਲ ਵਿਚ ਦਾਖਲ ਕਰਾਇਆ। ਊਨੇ ਹੀ ਤਹਿਸੀਲਦਾਰ ਸਾਹਿਬ ਸਖ਼ਤ ਬਿਮਾਰ ਹੋ ਗਏ। ਉਨ੍ਹਾਂ ਨੂੰ ਹੁਸ਼ਿਆਰਪੁਰ ਸਿਵਲ ਹਸਪਤਾਲ ਲਿਜਾਇਆ ਗਿਆ, ਫਿਰ ਲਾਹੌਰ। 1921 ਵਿਚ ਪਰਿਵਾਰ ਫਿਰ ਬੋਦਲਾਂ ਆ ਗਿਆ। ਰਾਜਿੰਦਰ ਅਤੇ ਮਹਿੰਦਰ ਨੂੰ ਆਰੀਆ ਹਾਈ ਸਕੂਲ ਬਲੱਗਣ ਪੜ੍ਹਨ ਲਾ ਦਿੱਤਾ। ਉਹ ਤਿੰਨ ਮੀਲ ਤੁਰ ਕੇ ਆਉਂਦੇ-ਜਾਂਦੇ। ਗਰਮੀਆਂ ਦੇ ਦਿਨਾਂ ਵਿਚ ਤਪਦੀ ਰੇਤ ਤੋਂ ਬਚਣ ਲਈ ਮੁੰਡੇ ਅੱਕ ਦੇ ਪੱਤੇ ਲੀਰਾਂ ਨਾਲ ਪੈਰਾਂ ਹੇਠ ਬੰਨ੍ਹ ਲੈਂਦੇ। ਬੋਦਲਾਂ ਦੇ ਮਿਲਖੀ ਭਲਵਾਨ ਨੇ ਮਹਿੰਦਰ ਹੁਰਾਂ ਨੂੰ ਕਸਰਤ ਕਰਾਉਣੀ। ਮਿਲਖੀ ਨਾਲ ਉਹ ਛੰਬ ਵਿਚ ਮੁਰਗਾਬੀਆਂ ਦੇ ਸ਼ਿਕਾਰ ਨੂੰ ਜਾਂਦੇ। ਕਦੇ-ਕਦੇ ਭਾਦੇ ਨੂੰ, ਭਾਦਾ ਮੁਕੇਰੀਆਂ ਦੇ ਉਤਰ ਵੱਲ ਦੇ ਇਲਾਕੇ ਨੂੰ ਕਹਿੰਦੇ ਹਨ ਜਿਥੇ ਧਾਨ ਦੀ ਮੁੱਖ ਫਸਲ ਹੁੰਦੀ ਹੈ। ਪਹਾੜ ਵੱਲ ਗਗਨ ਜੀ ਦੇ ਟਿੱਲੇ ਇਕ ਮੇਲਾ ਲਗਦਾ ਜਿਸ ਵਿਚ ਪਹਾੜਨਾਂ ਸਜ-ਧਜ ਕੇ ਆਉਂਦੀਆਂ। ਮੈਦਾਨੀ ਪਿੰਡਾਂ ਦੇ ਮੁੰਡੇ ਢਾਣੀਆਂ ਵਿਚ ਆਉਂਦੇ। ਪਹਾੜਨਾਂ ਦੇਖ ਕੇ ਉਹ ਨਿਧੜਕ ਹੋ ਕੇ ਬੋਲੀਆਂ ਪਾਉਂਦੇ। ਭਲਵਾਨ ਮਿਲਖੀ ਕੁਝ ਹੋਰ ਮੁੰਡਿਆਂ ਨੂੰ ਨਾਲ ਲੈ ਕੇ ਕਦੇ-ਕਦੇ ਰਾਤ ਨੂੰ ਠਾਠੇ ਬੰਨ੍ਹ ਕੇ ਦਸੂਹੇ ਵਾਲੀ ਸੜਕ 'ਤੇ ਜਾਂਦੇ ਗੱਡਿਆਂ ਤੋਂ ਕੇਵਲ ਮੁਨਿਆਰੀ ਲੁੱਟਦੇ, ਹੋਰ ਕੋਈ ਕੀਮਤੀ ਸਾਮਾਨ ਨਹੀਂ। ਇਹ ਮੁਨਿਆਰੀ ਉਹ ਗੰਗੀਆਂ ਦੀਆਂ ਡੋਗਰੀਆਂ ਨੂੰ ਵੰਡ ਦਿੰਦੇ।

1922 ਵਿਚ ਤਹਿਸੀਲਦਾਰ ਦੀ ਬਦਲੀ ਮੁਕਤਸਰ ਦੀ ਹੋ ਗਈ। ਰਾਜਿੰਦਰ ਅਤੇ ਮਹਿੰਦਰ ਨੂੰ ਖ਼ਾਲਸਾ ਹਾਈ ਸਕੂਲ ਮੁਕਤਸਰ ਦਾਖਲ ਕਰਾ ਦਿੱਤਾ ਗਿਆ ਜਿਥੋਂ ਉਨ੍ਹਾਂ ਮੈਟ੍ਰਿਕ ਪਹਿਲੇ ਦਰਜੇ ਵਿਚ ਪਾਸ ਕੀਤੀ ਤੇ ਉਨ੍ਹਾਂ ਨੂੰ ਮਿਸ਼ਨ ਕਾਲਜ ਲਾਹੌਰ ਦਾਖਲ ਕਰਾ ਦਿੱਤਾ। ਮੁਕਤਸਰ ਵਿਖੇ ਹੀ 1924 ਵਿਚ ਹਾਰਟ ਫੇਲ੍ਹ ਹੋਣ ਨਾਲ ਤਹਿਸੀਲਦਾਰ ਦੀ ਅਚਾਨਕ ਮੌਤ ਹੋ ਗਈ। ਪਰਿਵਾਰ ਨੂੰ ਪਿੰਡ ਬੋਦਲਾਂ ਪਰਤਣਾ ਪਿਆ। ਮਾਤਾ ਹਰਪਾਲ ਕੌਰ 30 ਸਾਲ ਦੀ ਉਮਰ ਵਿਚ ਹੀ ਵਿਧਵਾ ਹੋ ਗਈ। ਵੱਡੇ ਭਰਾਵਾਂ ਨੂੰ ਖਰਚ ਦਾ ਫ਼ਿਕਰ ਹੋਇਆ। ਉਹ ਚਾਹੁੰਦੇ ਸਨ ਕਿ ਇਹ ਦੋਵੇਂ ਪੜ੍ਹਾਈ ਛੱਡ ਕੇ ਕੋਈ ਨੌਕਰੀ ਕਰ ਲੈਣ। ਦੋਵੇਂ ਭਰਾਵਾਂ ਨੂੰ ਕਾਲਜ ਦੇ ਪ੍ਰੋਫੈਸਰ ਨੇ ਸਲਾਹ ਦਿੱਤੀ ਕਿ ਤੁਸੀਂ ਪੜ੍ਹਾਈ ਵਿਚ ਚੰਗੇ ਹੋ, ਔਖੇ ਸੌਖੇ ਪੜ੍ਹਾਈ ਕਰ ਲਵੋ। ਜਦੋਂ ਬਾਰ੍ਹਵੀਂ ਦਾ ਨਤੀਜਾ ਨਿਕਲਿਆ ਤਾਂ ਮਹਿੰਦਰ ਜਮਾਤ ਵਿਚ ਪਹਿਲੇ ਅਤੇ ਪੰਜਾਬ ਭਰ ਵਿਚ ਤੀਜੇ



ਬਾਲ ਮਹਿੰਦਰ ਸਿੰਘ ਰੰਧਾਵਾ

ਨੰਬਰ 'ਤੇ ਸੀ।

ਮਹਿੰਦਰ ਨੇ ਜਦੋਂ ਛੁੱਟੀਆਂ ਵਿਚ ਪਿੰਡ ਆਉਣਾ, ਕਿਤਾਬ ਲੈ ਕੇ ਖੇਤਾਂ ਵੱਲ ਨਿਕਲ ਜਾਣਾ ਤਾਂ ਪਿੰਡ ਦੀ ਇਕ ਸੋਹਣੀ ਕੁੜੀ ਨਾਲ ਟਾਕਰਾ ਹੋ ਜਾਣਾ। ਦੋਹਾਂ ਨੇ ਇਕ-ਦੂਜੇ ਵੱਲ ਦੇਖਣਾ ਤਾਂ ਕੁੜੀ ਨੇ ਅੱਖ ਨੀਵੀਂ ਕਰ ਲੈਣੀ। ਕਦੇ ਵੀ ਇਕ-ਦੂਜੇ ਨਾਲ ਗੱਲ ਨਾ ਕੀਤੀ। ਝਿਊਰੀ ਦੀ ਭੱਠੀ 'ਤੇ ਵੀ ਮੁੰਡੇ-ਕੁੜੀਆਂ ਦੇਖਣ ਲਈ ਜਾਂਦੇ। ਕਦੇ-ਕਦੇ ਪਹਾੜੀ ਦੇ ਝਿਊਰ ਰਾਤ-ਜਾਗਰੇ ਕਰਦੇ ਅਤੇ ਪੂਰਨ ਭਗਤ ਦੀ ਕਥਾ ਗਾ ਕੇ ਸੁਣਾਉਂਦੇ। ਇਸ ਤਰ੍ਹਾਂ ਪਿੰਡ ਦੇ ਲੋਕ ਸ਼ੁਗਲ ਕਰਦੇ ਹੋਏ ਖੁਸ਼ੀਆਂ ਮਾਣਦੇ। ਮਹਿੰਦਰ ਹੁਰਾਂ ਨੂੰ ਪੜ੍ਹਾਈ ਦਾ ਫ਼ਿਕਰ ਰਹਿੰਦਾ ਤੇ ਉਹ ਘਿਓ ਦਾ ਪੀਪਾ ਫੜੀ ਲਾਹੌਰ ਵਾਲੀ ਗੱਡੀ ਫੜ ਲੈਂਦੇ। ਸਾਇੰਸ ਇੰਟਰ-ਮੀਡੀਏਟ ਪਾਸ ਕਰ ਕੇ ਮਹਿੰਦਰ ਹੁਰੀਂ ਸਰਕਾਰੀ ਕਾਲਜ ਲਾਹੌਰ ਦਾਖਲ ਹੋਏ।

ਉਥੇ ਉਨ੍ਹਾਂ ਦੀ ਮੁਲਾਕਾਤ ਸੋਭਾ ਸਿੰਘ ਪੇਂਟਰ ਨਾਲ ਹੋਈ। ਬੀ.ਐਸਸੀ. ਉਨ੍ਹਾਂ ਨੇ ਪਹਿਲੇ ਦਰਜੇ ਵਿਚ ਪਾਸ ਕੀਤੀ। 1930 ਵਿਚ ਐਮ.ਐਸਸੀ. ਆਨਰਜ਼ (ਬੋਟਨੀ) ਅੱਵਲ ਦਰਜੇ ਵਿਚ ਪਾਸ ਕੀਤੀ। ਕਿਸਾਨਾਂ ਦੀ ਮੰਦਹਾਲੀ ਦਾ ਇਹ ਸਿਖਰ ਸੀ। ਉਹ ਫਸਲ ਵੇਚ ਕੇ ਸਰਕਾਰੀ ਮਾਮਲਾ ਵੀ ਮਸਾਂ ਤਾਰ ਸਕਦੇ। ਟ੍ਰਿਬਿਊਨ ਅਖ਼ਬਾਰ ਪੜ੍ਹ ਕੇ ਨੌਕਰੀਆਂ ਦੇ ਇਸ਼ਤਿਹਾਰ ਦੇਖਣੇ। ਆਈ.ਸੀ.ਐਸ. ਦਾ ਇਮਤਿਹਾਨ ਦੇਣ ਲਈ ਪਬਲਿਕ ਸਰਵਿਸ ਕਮਿਸ਼ਨ ਦਿੱਲੀ ਤੋਂ ਖ਼ਤ ਲਿਖ ਕੇ ਫਾਰਮ ਮੰਗਵਾਇਆ। ਇਹ ਫਾਰਮ ਡਿਪਟੀ ਕਮਿਸ਼ਨਰ ਨੂੰ ਦੇਣਾ ਹੁੰਦਾ ਸੀ। ਦਾਖਲਾ ਫੀਸ ਪੰਜਾਹ ਰੁਪਏ ਭਰਨ ਦਾ ਫਿਕਰ ਪਿਆ। ਆਖਰ ਉਨ੍ਹਾਂ ਆਪਣੇ ਇਕ ਦੋਸਤ ਨਿਰੰਜਣ ਸਿੰਘ ਨੂੰ ਖ਼ਤ ਲਿਖਿਆ ਜੋ ਦਿੱਲੀ ਫਾਈਨੈਂਸ ਮਨਿਸਟਰੀ ਵਿਚ ਕਲਰਕ ਲੱਗਾ ਹੋਇਆ ਸੀ। ਉਸ ਨੇ 50 ਰੁਪਏ ਭਰ ਦਿੱਤੇ। ਆਈ.ਸੀ.ਐਸ. ਦੇ ਪੇਪਰਾਂ ਦੀ ਤਿਆਰੀ ਲਈ ਉਹ ਬੀਕਾਨੇਰ ਆਪਣੇ ਭਰਾ ਕੋਲ ਚਲੇ ਗਏ ਜਿਥੇ ਉਨ੍ਹਾਂ ਦੇ ਪਿਤਾ ਨੇ 30 ਮੁਰੱਬੇ ਜ਼ਮੀਨ ਕਿਸ਼ਤਾਂ 'ਤੇ ਲਈ ਹੋਈ ਸੀ। ਉਥੇ ਇਕ ਕੁੱਲੀ ਵਿਚ ਪੂਰੀ ਮਿਹਨਤ ਨਾਲ ਪੜ੍ਹਾਈ ਕੀਤੀ। ਪੇਪਰ ਦੇਣ ਲਈ ਉਨ੍ਹਾਂ ਇਕ ਕੋਠੀ ਜੋ ਸੈਂਟਰ ਦੇ ਨੇੜੇ ਸੀ, ਵਿਚ ਕਮਰਾ 50 ਰੁਪਏ ਮਹੀਨਾ ਕਿਰਾਏ 'ਤੇ ਲਿਆ ਸੀ। ਕੋਠੀ ਦੇ ਮਾਲਕ ਨੌਜਵਾਨ ਲਾਲੇ ਨੂੰ ਉਨ੍ਹਾਂ ਦਸ ਰੁਪਏ ਪੇਸ਼ਗੀ ਦਿੱਤੇ ਕਿ ਸਾਮਾਨ ਕੱਲ੍ਹ ਲੈ ਆਵਾਂਗਾ। ਦੂਜੇ ਦਿਨ ਜਦੋਂ ਉਹ ਸਾਮਾਨ ਲੈ ਕੇ ਗਏ ਤਾਂ ਲਾਲਾ ਜੀ ਨੇ ਉਹ ਕਮਰਾ ਕਿਸੇ ਹੋਰ ਨੂੰ ਦੇ ਦਿੱਤਾ ਸੀ ਤੇ ਦਸ ਰੁਪਏ ਮੋੜਨ ਤੋਂ ਵੀ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਇਨ੍ਹਾਂ ਦਸ ਰੁਪਇਆਂ ਦਾ ਡਾਢਾ ਦੁੱਖ ਹੋਇਆ। ਚੌਦਾਂ ਸਾਲ ਬਾਅਦ ਜਦੋਂ 1946 ਵਿਚ ਉਹ ਦਿੱਲੀ ਦੇ ਡਿਪਟੀ ਕਮਿਸ਼ਨਰ ਲੱਗੇ ਤਾਂ ਉਨ੍ਹਾਂ ਨੇ ਉਸੇ ਲਾਲਾ ਜੀ ਨੂੰ ਦਫ਼ਤਰ ਬੁਲਾ ਕੇ ਜਦੋਂ ਦੱਸਿਆ ਕਿ ਉਨ੍ਹਾਂ 14 ਸਾਲ ਪਹਿਲਾਂ ਇਕ ਨੌਜਵਾਨ ਦੇ ਦਸ ਰੁਪਏ ਮਾਰੇ ਸਨ ਤਾਂ ਲਾਲਾ ਜੀ ਦਾ ਰੰਗ ਫੱਕ ਹੋ ਗਿਆ। ਰੰਧਾਵਾ ਸਾਹਿਬ ਨੇ ਕਿਹਾ ਕਿ ਤੁਸੀਂ ਹੁਣ ਮਹਿਰੌਲੀ ਦੀ ਲਾਇਬ੍ਰੇਰੀ ਲਈ ਪੰਜ ਸੌ ਰੁਪਏ ਚੰਦਾ ਦੇ ਦਿਓ, ਸਮਝ ਲੈਣਾ ਕਿ ਤੁਹਾਡਾ ਦਸ ਰੁਪਏ ਦਾ ਹਿਸਾਬ ਚੁਕਤਾ ਹੋ ਗਿਆ। ਆਈ.ਸੀ.ਐਸ. ਦੇ ਇਮਤਿਹਾਨ ਦਾ ਨਤੀਜਾ 11 ਜੂਨ 1932 ਦੀ ਟ੍ਰਿਬਿਊਨ ਵਿਚ ਛਪਿਆ ਸੀ ਅਤੇ 173 ਉਮੀਦਵਾਰਾਂ ਵਿਚੋਂ ਉਨ੍ਹਾਂ ਦਾ ਉਨੀਵਾਂ ਨੰਬਰ ਸੀ।

15 ਅਗਸਤ 1932 ਨੂੰ ਉਨ੍ਹਾਂ ਦਾ ਵਿਆਹ ਨਾਰੰਗਵਾਲ (ਜ਼ਿਲ੍ਹਾ ਲੁਧਿਆਣਾ) ਦੀ ਇਕਬਾਲ ਕੌਰ ਨਾਲ ਹੋਇਆ। ਕੁਝ ਹੀ ਦਿਨਾਂ ਬਾਅਦ ਚੀਫ ਸੈਕਟਰੀ ਦੀ ਚਿੱਠੀ ਆ ਗਈ ਕਿ ਤੁਸੀਂ ਟ੍ਰੇਨਿੰਗ ਲਈ ਇੰਗਲੈਂਡ ਜਾਣ ਲਈ 3 ਸਤੰਬਰ ਨੂੰ ਬੰਬਈ ਤੋਂ ਜਹਾਜ਼ ਚੜ੍ਹਨਾ ਹੈ। ਰੰਧਾਵਾ ਸਹਿਬ ਦਾ ਜੌੜਾ ਭਰਾ ਰਾਜਿੰਦਰ ਪਹਿਲਾਂ ਹੀ ਇੰਗਲੈਂਡ ਪੜ੍ਹਦਾ ਸੀ। ਰੰਧਾਵਾ ਸਾਹਿਬ ਨੂੰ ਤਿੰਨ ਵੱਖ-ਵੱਖ ਕਾਲਜਾਂ ਵਿਚ ਪੜ੍ਹਾਈ ਲਈ ਜਾਣਾ ਪੈਂਦਾ ਸੀ। ਕਦੇ-ਕਦੇ ਉਹ ਬ੍ਰਿਟਿਸ਼ ਮਿਊਜ਼ੀਅਮ ਚਲੇ ਜਾਂਦੇ ਤੇ ਘੰਟਿਆਂ ਬੱਧੀ ਤਸਵੀਰਾਂ ਤੇ ਮੂਰਤੀਆਂ ਦੇਖਦੇ ਰਹਿੰਦੇ।

6 ਅਕਤੂਬਰ 1934 ਨੂੰ ਉਨ੍ਹਾਂ ਦੀ ਟ੍ਰੇਨਿੰਗ ਪੂਰੀ ਹੋਈ ਤੇ ਨਾਲ ਹੀ ਸਹਾਰਨਪੁਰ ਦੇ ਪੋਸਟਿੰਗ ਆਰਡਰ ਮਿਲ ਗਏ। ਸਹਾਰਨਪੁਰ ਦਾ ਇਲਾਕਾ ਬਹੁਤ ਪਛੜਿਆ ਹੋਇਆ ਸੀ। ਉਨ੍ਹਾਂ ਉਥੇ ਗਰਾਮ ਸੁਧਾਰ ਸਕੀਮ ਸ਼ੁਰੂ ਕੀਤੀ। ਛੂਤ-ਛਾਤ ਵਾਲੀ ਗੱਲ ਉਨ੍ਹਾਂ ਨੂੰ ਬੁਰੀ ਲੱਗਦੀ ਸੀ। ਇਸ ਨੂੰ ਅਮਲੀ ਤੌਰ 'ਤੇ ਦੂਰ ਕਰਨ ਲਈ ਉਨ੍ਹਾਂ ਆਪਣੇ ਪਿੰਡ ਦਾ ਭਜਨਾ ਨਾਂ ਦਾ ਆਦਿ-ਧਰਮੀ ਨੌਕਰ ਰੱਖ ਲਿਆ। ਡੀ.ਸੀ. ਨੂੰ ਮਿਲਣ ਉਸ ਦੇ ਰਿਸ਼ਤਦਾਰਾਂ ਦੀ ਭੀੜ ਲੱਗੀ ਰਹਿੰਦੀ। ਉਨ੍ਹਾਂ ਦੇ ਰਿਸ਼ਤੇਦਾਰ ਇਹ ਦੇਖ ਕੇ ਇਕ-ਦੂਜੇ ਨੂੰ ਸੈਨਤਾਂ ਮਾਰਦੇ। ਇਕ ਦਿਨ ਇਕ ਪ੍ਰਾਹੁਣੇ ਨੇ ਮੀਟ ਦਾ ਡੌਂਗਾ ਹੀ ਆਪਣੇ ਅੱਗੇ ਰੱਖ ਲਿਆ ਤੇ ਡੋਬ-ਡੋਬ ਕੇ ਰੋਟੀ ਖਾਣ ਲੱਗ ਪਿਆ। ਦੇਖ ਕੇ ਭਜਨਾ ਕਹਿਣ ਲੱਗਾ, "ਸਰਦਾਰ ਜੀ, ਤੁਸਾਂ ਜੱਟਾਂ ਵਾਲੀ ਹੀ ਗੱਲ ਕੀਤੀ ਏ।" ਦੇਖ ਲਓ, ਸਮਝਦਾਰ ਆਦਿ-ਧਰਮੀ ਜੱਟਾਂ ਨੂੰ ਕੀ ਸਮਝਦੇ ਹਨ!



ਮਹਿੰਦਰ ਸਿੰਘ ਰੰਧਾਵਾ

ਸਹਾਰਨਪੁਰ ਤੋਂ ਰੰਧਾਵਾ ਸਾਹਿਬ ਦੀ ਬਦਲੀ ਫੈਜ਼ਾਬਾਦ ਦੀ ਹੋ ਗਈ। ਇਸ ਇਲਾਕੇ ਵਿਚ ਤਅੱਲਕੇਦਾਰੀ ਸਿਸਟਮ ਕਰ ਕੇ ਪਿੰਡਾਂ ਵਿਚ ਬਹੁਤ ਗਰੀਬੀ ਸੀ। ਇਕ ਇਕ ਤਅੱਲਕੇਦਾਰ ਸੌ-ਸੌ ਪਿੰਡਾਂ ਦਾ ਮਾਲਕ ਸੀ। ਅਸਲ ਕਾਸ਼ਤਕਾਰ ਉਨ੍ਹਾਂ ਦੇ ਮੁਜ਼ਾਰੇ ਸਨ। ਤਅੱਲਕੇਦਾਰ ਲਖਨਊ ਦੀਆਂ ਕੋਠੀਆਂ ਵਿਚ ਐਸ਼ ਕਰਦੇ। ਅਯੁਧਿਆ ਫੈਜ਼ਾਬਾਦ ਤੋਂ ਤਿੰਨ-ਚਾਰ ਮੀਲ ਹੈ। ਤਅੱਲਕੇਦਾਰ ਕਦੇ-ਕਦੇ ਅਫ਼ਸਰਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਦਾਅਵਤਾਂ ਕਰਦੇ। ਅਫਸਰਾਂ ਦਾ ਬਹੁਤਾ ਸਮਾਂ ਲੋਕਾਂ ਦੇ ਮੁਕੱਦਮੇ ਸੁਣਨ 'ਤੇ ਹੀ ਲੱਗ ਜਾਂਦਾ ਤੇ ਉਹ ਪਿੰਡਾਂ ਦੇ ਸੁਧਾਰ ਵੱਲ ਕੋਈ ਧਿਆਨ ਨਾ ਦਿੰਦੇ। ਲੋਕਾਂ ਦੀ ਮੁਕੱਦਮੇਬਾਜ਼ੀ ਦੀ ਆਦਤ ਸੁਧਾਰਨ ਲਈ ਇਕ ਅੰਗਰੇਜ਼ ਅਫ਼ਸਰ ਗਰਮੀਆਂ ਦੇ ਦਿਨਾਂ ਵਿਚ ਸਾਰੇ ਮੁਕੱਦਮੇਬਾਜ਼ਾਂ ਨੂੰ ਆਪਣੀ ਕੋਠੀ ਦੀ ਛੱਤ 'ਤੇ ਭੇਜ ਦਿੰਦਾ ਜਿਥੇ ਗਰਮੀ ਨਾਲ ਉਨ੍ਹਾਂ ਦਾ ਬੁਰਾ ਹਾਲ ਹੋ ਜਾਂਦਾ। ਗਿਆਰਾਂ ਕੁ ਵਜੇ ਚਪੜਾਸੀ ਆਵਾਜ਼ ਮਾਰਦਾ ਕਿ ਜਿਨ੍ਹਾਂ ਦੀ ਸੁਲ੍ਹਾ ਹੋ ਗਈ ਹੈ, ਉਹ ਹੇਠਾਂ ਆ ਜਾਣ। ਇਸ ਤਰ੍ਹਾਂ ਦੁਪਹਿਰ ਦੇ 1 ਵਜੇ ਤੱਕ ਬਹੁਤਿਆਂ ਦੀ ਸੁਲ੍ਹਾ ਹੋ ਜਾਂਦੀ। ਇਕ ਵਾਰ ਫੈਜ਼ਾਬਾਦ ਦੇ ਟਾਂਡਾ ਕਸਬੇ ਵਿਚ ਮੁਸਲਮਾਨਾਂ ਨੇ ਹਿੰਦੂਆਂ 'ਤੇ ਹਮਲਾ ਕਰ ਦਿੱਤਾ। ਰੰਧਾਵਾ ਸਾਹਿਬ ਨੇ ਦਲੇਰੀ ਨਾਲ ਗੋਲੀ ਚਲਾਉਣ ਦਾ ਹੁਕਮ ਦੇ ਕੇ ਹਾਲਤ 'ਤੇ ਕਾਬੂ ਪਾਇਆ। ਸਿਰਫ਼ ਇਕ ਹੀ ਗੋਲੀ ਚਲਾਈ ਤੇ ਫਸਾਦੀ ਦੌੜ ਗਏ। ਤਿੰਨ-ਚਾਰ ਸੌ ਫਸਾਦੀ ਗ੍ਰਿਫ਼ਤਾਰ ਕੀਤੇ ਗਏ।



ਡਾ. ਮਹਿੰਦਰ ਸਿੰਘ ਰੰਧਾਵਾ ਅਦਾਕਾਰ ਬਲਰਾਜ ਸਾਹਨੀ ਅਤੇ ਸ਼ਾਇਰ ਪ੍ਰੋ. ਮੋਹਨ ਸਿੰਘ ਨਾਲ।

ਮਈ 1939 ਵਿਚ ਉਨ੍ਹਾਂ ਦੀ ਬਦਲੀ ਅਲਮੋੜਾ ਦੀ ਹੋ ਗਈ। ਅਲਮੋੜੇ ਦਾ ਕਸਬਾ ਰਾਜਾ ਕਲਿਆਣ ਸਿੰਘ ਨੇ ਵਸਾਇਆ ਸੀ। ਅਲਮੋੜੇ ਤੋਂ ਬਦਲੀ ਅਲਾਹਾਬਾਦ ਹੋ ਗਈ। ਪਹਾੜੀ ਇਲਾਕੇ ਤੋਂ ਛੁੱਟ ਕੇ ਉਹ ਬੜੇ ਖ਼ੁਸ਼ ਹੋਏ। ਇਸ ਜ਼ਿਲ੍ਹੇ ਵਿਚ ਉਨ੍ਹਾਂ ਗਰਾਮ ਸੁਧਾਰ ਵੱਲ ਪੂਰਾ ਧਿਆਨ ਦਿੱਤਾ। ਅਲਾਹਾਬਾਦ ਸ਼ਹਿਰ ਵਿਚ ਹੋਲੀ ਅਤੇ ਮੁਹੱਰਮ ਦੇ ਤਿਉਹਾਰਾਂ ਸਮੇਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਫਸਾਦ ਹੁੰਦੇ ਹੀ ਹੁੰਦੇ ਸਨ। ਰੰਧਾਵਾ ਸਾਹਿਬ ਨੇ ਫਸਾਦੀਆਂ ਦੇ ਲੀਡਰ ਤੁਤਨ ਖਾਂ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ। ਇਸ ਤਰ੍ਹਾਂ ਸ਼ਹਿਰ ਵਿਚ ਅਮਨ ਹੋ ਗਿਆ।

ਦੂਜੀ ਵਿਸ਼ਵ ਜੰਗ ਜ਼ੋਰਾਂ 'ਤੇ ਸੀ। ਅੰਗਰੇਜ਼ ਸਰਕਾਰ 'ਵਾਰ ਫੰਡ' ਇਕੱਠਾ ਕਰ ਰਹੀ ਸੀ। ਇਕ ਮੀਟਿੰਗ ਵਿਚ ਇਕ ਮੁਸਲਮਾਨ ਅਫ਼ਸਰ ਨੇ ਸੁਝਾਅ ਦਿੱਤਾ ਕਿ ਪੰਚਾਇਤਾਂ ਦੇ ਪਾਸ ਜੋ ਪੈਸਾ ਹੈ, ਉਹ 'ਵਾਰ ਫੰਡ' ਵਿਚ ਦੇ ਦਿੱਤਾ ਜਾਵੇ। ਰੰਧਾਵਾ ਸਾਹਿਬ ਨੇ ਇਸ ਤਜਵੀਜ਼ ਦਾ ਵਿਰੋਧ ਕੀਤਾ। ਕਈ ਕਾਂਗਰਸੀ ਲੀਡਰ ਵੀ ਉਨ੍ਹਾਂ ਨੂੰ ਮਿਲਦੇ ਰਹਿੰਦੇ ਸਨ। ਇਸੇ ਕਰ ਕੇ ਉਨ੍ਹਾਂ ਦੀ ਬਦਲੀ ਆਗਰਾ ਦੀ ਕਰ ਦਿੱਤੀ ਗਈ। ਆਗਰਾ ਜੇਲ੍ਹ ਵਿਚ ਬਹੁਤ ਸਾਰੇ ਕਾਂਗਰਸੀ ਲੀਡਰ ਬੰਦ ਸਨ ਤੇ ਜੇਲ੍ਹ ਸੁਪਰਡੈਂਟ ਉਨ੍ਹਾਂ 'ਤੇ ਜ਼ਿਆਦਾ ਹੀ ਸਖ਼ਤੀ ਕਰਦਾ ਸੀ। ਰੰਧਾਵਾ ਸਾਹਿਬ ਦੇ ਦਖ਼ਲ 'ਤੇ ਇਹ ਸਖ਼ਤੀ ਖ਼ਤਮ ਹੋਈ। ਸਤੰਬਰ 1941 ਵਿਚ ਉਨ੍ਹਾਂ ਦੀ ਬਦਲੀ ਰਾਏ ਬਰੇਲੀ ਦੀ ਹੋ ਗਈ। ਉਨ੍ਹਾਂ ਦਿਨਾਂ ਵਿਚ ਅੰਗਰੇਜ਼ ਅਤੇ ਹਿੰਦੁਸਤਾਨੀ ਅਫ਼ਸਰਾਂ ਵਿਚ ਕਾਫੀ ਨਫ਼ਰਤ ਪੈਦਾ ਹੋ ਗਈ ਸੀ। ਕਿਸੇ ਹਿੰਦੁਸਤਾਨੀ ਅਫ਼ਸਰ ਵਿਰੁਧ ਇਹ ਸ਼ਿਕਾਇਤ ਵੀ ਆ ਜਾਵੇ ਕਿ ਇਹ ਕਾਂਗਰਸ ਦਾ ਹਮਦਰਦ ਹੈ, ਉਸ ਦੀ ਬਦਲੀ ਕਰ ਦਿੱਤੀ ਜਾਂਦੀ ਪਰ ਰੰਧਾਵਾ ਸਾਹਿਬ ਆਪਣੀ ਸਿਆਣਪ ਨਾਲ ਚਾਰ ਸਾਲ ਇਸ ਡੱਲ ਜ਼ਿਲ੍ਹੇ ਵਿਚ ਗੁਜ਼ਾਰ ਆਏ। ਉਥੇ ਬਿਜਲੀ ਵੀ ਨਹੀਂ ਸੀ। ਰੰਧਾਵਾ ਸਾਹਿਬ ਆਪਣੀ ਮਰਜ਼ੀ ਨਾਲ ਇੰਪੀਰੀਅਲ ਕੌਂਸਲ ਆਫ਼ ਐਗਰੀਕਲਚਰ ਦਿੱਲੀ ਵਿਚ ਆਪਣੀ ਬਦਲੀ ਕਰਵਾ ਕੇ ਦਿੱਲੀ ਪੁੱਜ ਗਏ। ਉਥੇ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਦੇ ਸੱਦੇ 'ਤੇ ਵਿਸ਼ਵ ਕਾਨਫਰੰਸ ਵਿਚ ਸ਼ਾਮਲ ਹੋਣ ਵਾਲੇ ਡੈਲੀਗੇਸ਼ਨ ਵਿਚ ਕੈਨੇਡਾ ਦੇ ਕਿਊਬਿਕ ਸੂਬੇ ਗਏ। ਇਹ ਟੂਰ 6 ਅਕਤੂਬਰ ਤੋਂ 20 ਨਵੰਬਰ 1945 ਤੱਕ ਸੀ। ਕਿਊਬਿਕ ਤੋਂ ਉਹ ਅਮਰੀਕਾ ਗਏ ਤੇ ਉਥੇ ਦੇ ਫਾਰਮਾਂ ਦਾ ਗੇੜਾ ਲਾ ਕੇ ਉਨ੍ਹਾਂ ਇਹ ਗੱਲਾਂ ਨੋਟ ਕੀਤੀਆਂ ਕਿ ਅਸੀਂ ਹਿੰਦੁਸਤਾਨ ਵਿਚ ਫਸਲਾਂ ਦਾ ਝਾੜ ਕਿਵੇਂ ਵਧਾ ਸਕਦੇ ਹਾਂ। ਉਨ੍ਹਾਂ ਹਾਈਬ੍ਰਿਡ ਮੱਕੀ ਦੇਖੀ ਜਿਸ ਦਾ ਝਾੜ ਦੇਸੀ ਮੱਕੀ ਨਾਲੋਂ ਤਿੰਨ ਗੁਣਾ ਵੱਧ ਸੀ। ਦੂਜੇ, ਟਰੈਕਟਰ ਅਤੇ ਟਿਊਬਵੈਲ ਸਾਡੇ ਦੇਸ਼ ਵਿਚ ਹੈ ਹੀ ਨਹੀਂ ਸਨ।

ਸੰਨ 1946 ਵਿਚ ਦਿੱਲੀ ਵਿਚ ਹਿੰਦੂ ਮੁਸਲਿਮ ਫਸਾਦ ਸ਼ੁਰੂ ਹੋ ਗਏ। ਸਰਦਾਰ ਵੱਲਭ ਭਾਈ ਪਟੇਲ ਨੇ ਰੰਧਾਵਾ ਸਾਹਿਬ ਨੂੰ ਦਿੱਲੀ ਦਾ ਡਿਪਟੀ ਕਮਿਸ਼ਨਰ ਲਾ ਦਿੱਤਾ। ਅਗਸਤ ਸੰਨ 1947 ਤੋਂ ਪਹਿਲਾਂ ਹੀ ਫਰੰਟੀਅਰ ਵੱਲੋਂ ਹਿੰਦੂ ਦਿੱਲੀ ਆਉਣ ਲੱਗ ਪਏ ਸਨ। ਦਿੱਲੀ ਦੇ ਸਭ ਮੁਸਲਮਾਨ ਅਫ਼ਸਰ ਅਤੇ ਪੁਲਿਸ ਵਾਲੇ ਪਾਕਿਸਤਾਨ ਚਲੇ ਗਏ। ਜਨ ਸੰਘ ਵਾਲੇ ਮੁਸਲਮਾਨਾਂ 'ਤੇ ਹਮਲੇ ਕਰਦੇ, ਤੇ ਮੁਸਲਮਾਨਾਂ ਹਿੰਦੂਆਂ ਉਤੇ। ਰੰਧਾਵਾ ਸਾਹਿਬ ਨੇ ਬੜੀ ਸੂਝ-ਬੂਝ ਨਾਲ ਹਾਲਾਤ 'ਤੇ ਕਾਬੂ ਪਾਇਆ

ਰੰਧਾਵਾ ਸਾਹਿਬ ਨੇ ਸ਼ਰਨਾਰਥੀਆਂ ਦੇ ਮੁੜ ਵਸੇਬੇ ਦਾ ਕੰਮ ਬੜੀ ਕੁਸ਼ਲਤਾ ਨਾਲ ਕੀਤਾ। ਨੌਕਰੀਆਂ ਵਿਚ ਤਰਜੀਹ ਅਤੇ ਟੈਕਸੀ ਤੇ ਟਰੱਕਾਂ ਦੇ ਪਰਮਿਟ ਕੇਵਲ ਸ਼ਰਨਾਰਥੀਆਂ ਨੂੰ ਦਿੱਤੇ। ਅਕਤੂਬਰ 1948 ਵਿਚ ਉਨ੍ਹਾਂ ਨੂੰ ਅੰਬਾਲਾ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਲਾ ਦਿੱਤਾ ਗਿਆ। ਸੋਭਾ ਸਿੰਘ ਚਿੱਤਰਕਾਰ ਉਨ੍ਹਾਂ ਨੂੰ ਮਿਲਣ ਆਏ। ਉਨ੍ਹਾਂ

(ਅਗਲੇ ਸਫੇ 'ਤੇ ਜਾਰੀ)

ਦੇ ਚਿੱਤਰਾਂ ਦੀ ਨੁਮਾਇਸ਼ ਲਾਈ ਗਈ। ਉਨ੍ਹਾਂ ਦੇ ਕਈ ਚਿੱਤਰ ਵਿਕਵਾ ਵੀ ਦਿੱਤੇ, ਇਸ ਸਰਮਾਏ ਨਾਲ ਹੀ ਸੋਭਾ ਸਿੰਘ ਨੇ ਅੰਧਰੇਟਾ (ਕਾਂਗੜਾ) ਵਿਚ ਆਪਣਾ ਟਿਕਾਣਾ ਬਣਾਇਆ। ਸ. ਜੋਗਿੰਦਰ ਸਿੰਘ ਮਾਨ ਜੋ ਸੱਚਰ ਵਜ਼ਾਰਤ ਵਿਚ ਮੁੜ ਵਸੇਬਾ ਮਹਿਕਮੇ ਦੇ ਵਜ਼ੀਰ ਸਨ, ਉਨ੍ਹਾਂ ਨੂੰ ਮਿਲਣ ਆਏ, ਤੇ ਪ੍ਰੇਰ ਕੇ ਪੱਛਮੀ ਪੰਜਾਬ ਤੋਂ ਆਏ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਦੀ ਅਲਾਟਮੈਂਟ ਲਈ ਜਲੰਧਰ ਲੈ ਜਾਣ ਦੀ ਹਾਂ ਕਰਵਾ ਗਏ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਮੁੜ ਵਸੇਬਾ ਮਹਿਕਮੇ ਦਾ ਐਡੀਸ਼ਨਲ ਡਾਇਰੈਕਟਰ ਲਾ ਦਿੱਤਾ। ਜਲੰਧਰ ਉਨ੍ਹਾਂ ਦਾ ਦਫ਼ਤਰ ਇਕ ਛੱਪਰ ਹੇਠਾਂ, ਕੰਡੇਦਾਰ ਤਾਰ ਦਾ ਵਾਗਲਾ, ਅੰਦਰ ਸੱਤ ਹਜ਼ਾਰ ਪਟਵਾਰੀ ਤੇ ਅਫ਼ਸਰ, ਜ਼ਮੀਨਾਂ ਦੀ ਅਲਾਟਮੈਂਟ ਕਰ ਰਹੇ ਸਨ। ਬਾਹਰ ਸ਼ਰਨਾਰਥੀ ਤਾਰਾਂ ਨਾਲ ਲੱਗ ਆਪਣੀ ਅਲਾਟਮੈਂਟ ਦਾ ਇੰਤਜ਼ਾਰ ਕਰ ਰਹੇ ਸਨ ਕਿ ਉਨ੍ਹਾਂ ਦੀ ਕੱਚੀ ਅਲਾਟਮੈਂਟ ਹੀ ਪੱਕੀ ਹੋ ਜਾਵੇਗੀ, ਜਾਂ ਕਿਤੇ ਹੋਰ ਜਾਣਾ ਪਵੇਗਾ! ਪਟਵਾਰੀ ਤਾਂ ਇਕ ਨਹੀਂ ਮਾਨ ਹੁੰਦਾ, ਸੱਤ ਹਜ਼ਾਰ ਪਟਵਾਰੀਆਂ ਨੂੰ ਕੰਟਰੋਲ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ।

ਸ਼ਿਕਾਇਤਾਂ ਦੀ ਪੜਤਾਲ ਦਾ ਕੰਮ ਡਿਪਟੀ ਕਮਿਸ਼ਨਰਾਂ ਨੂੰ ਸੌਂਪਿਆ ਗਿਆ। ਰੰਧਾਵਾ ਸਾਹਿਬ ਦੀ ਕੋਠੀ ਅੱਗੇ ਵੀ ਸ਼ਿਕਾਇਤਕਰਤਾ ਸਵੇਰੇ ਹੀ ਆ ਜਾਂਦੇ। ਅੰਮ੍ਰਿਤਸਰੀਆਂ ਦੀ ਅਲਾਟਮੈਂਟ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੋ ਗਈ। ਦੁਆਬੀਏ ਮਝੈਲਾਂ ਤੋਂ ਡਰਦੇ ਸਨ। ਕੁਝ ਸਾਲ ਪਹਿਲਾਂ ਦੁਆਬੀਏ ਜੱਟਾਂ ਨੇ ਮਾਝੇ ਵਾਲਿਆਂ ਨਾਲ ਰਿਸ਼ਤੇਦਾਰੀਆਂ ਕਰਨੀਆਂ ਬੰਦ ਕਰ ਦਿੱਤੀਆਂ ਸਨ। ਮਝੈਲਾਂ ਨੂੰ ਦੁਆਬੇ ਵਿਚ ਕੱਚੀ ਅਲਾਟਮੈਂਟ ਤੋਂ ਬਾਅਦ ਪਸ਼ੂਆਂ ਦੀਆਂ ਚੋਰੀਆਂ ਬਹੁਤ ਵਧ ਗਈਆਂ। ਉਨ੍ਹਾਂ ਨੇ ਮਹਿਕਮੇ ਅੱਗੇ ਅਪੀਲ ਕੀਤੀ ਕਿ ਮਝੈਲਾਂ ਨੂੰ ਕਿਤੇ ਹੋਰ ਜ਼ਮੀਨਾਂ ਦਿੱਤੀਆਂ ਜਾਣ। ਉਨ੍ਹਾਂ ਦੀ ਗੱਲ ਮੰਨਦੇ ਹੋਏ ਮਝੈਲਾਂ ਨੂੰ ਕਪੂਰਥਲਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਜ਼ਮੀਨਾਂ ਅਲਾਟ ਕੀਤੀਆਂ ਗਈਆਂ।

ਕੁਲਵੰਤ ਸਿੰਘ ਵਿਰਕ ਮੁੜ ਵਸੇਬਾ ਮਹਿਕਮੇ ਦਾ ਲੋਕ ਸੰਪਰਕ ਅਫ਼ਸਰ ਸੀ। ਉਸ ਦੀ ਸਲਾਹ 'ਤੇ ਸ਼ੇਖੂਪੁਰੇ ਦੇ ਵਿਰਕਾਂ ਨੂੰ ਕਰਨਾਲ ਜ਼ਿਲ੍ਹੇ ਵਿਚ ਜ਼ਮੀਨਾਂ ਅਲਾਟ ਕੀਤੀਆਂ। ਵਿਰਕ ਝੋਨਾ ਲਾਉਣ ਦੇ ਮਾਹਰ ਸਨ ਤੇ ਕਰਨਾਲ ਦੇ ਲੋਕਲ ਜ਼ਿਮੀਂਦਾਰ ਝੋਨੇ ਦੀ ਖੇਤੀ ਤੋਂ ਨਾਵਾਕਫ ਸਨ। ਪਿਛੋਂ ਇਹ ਵਿਰਕ ਹੀ ਹਰਿਆਣੇ ਦੀ ਹਰੀ ਕ੍ਰਾਂਤੀ ਦੇ ਮੋਢੀ ਸਾਬਤ ਹੋਏ। ਜਲੰਧਰ ਵਿਖੇ ਇਸਲਾਮੀਆ ਕਾਲਜ ਵਾਲੀ ਬਿਲਡਿੰਗ ਲਾਇਲਪੁਰ ਖਾਲਸਾ ਨੂੰ ਅਲਾਟ ਕਰ ਦਿੱਤੀ, ਕਿਉਂਕਿ ਲਾਇਲਪੁਰ ਵਿਖੇ ਖਾਲਸਾ ਕਾਲਜ ਦੀ ਜ਼ਮੀਨ ਅਤੇ ਇਮਾਰਤ ਇਸਲਾਮੀਆ ਕਾਲਜ ਨੇ ਸਾਂਭ ਲਈ ਸੀ। ਭੀਮ ਜੈਨ ਸੱਚਰ ਇਹ ਜ਼ਮੀਨ ਡੀ.ਏ.ਵੀ. ਕਾਲਜ ਨੂੰ ਅਲਾਟ ਕਰਾਉਣਾ ਚਾਹੁੰਦੇ ਸਨ ਤੇ ਉਨ੍ਹਾਂ ਨੇ ਰੰਧਾਵਾ ਸਾਹਿਬ ਨੂੰ ਇਹ ਕੈਂਸਲ ਕਰਨ ਨੂੰ ਆਖਿਆ ਪਰ ਉਹ ਨਾ ਮੰਨੇ।

ਜਦੋਂ ਅਲਾਟਮੈਂਟ ਦਾ ਕੰਮ ਮੁੱਕਣ ਵਾਲਾ ਸੀ ਤਾਂ ਰੰਧਾਵਾ ਸਾਹਿਬ ਨੇ ਜਲੰਧਰ ਵਿਖੇ ਖੇਤੀ ਦੇ ਸੰਦਾਂ ਦੀ ਨੁਮਾਇਸ਼ ਦਾ ਮੇਲਾ ਲਾਇਆ। ਟਰੈਕਟਰ, ਡੀਜ਼ਲ ਇੰਜਣ, ਬਿਜਲੀ ਦੀਆਂ ਮੋਟਰਾਂ, ਪੰਪ ਬਣਾਉਣ ਵਾਲਿਆਂ ਨੂੰ ਆਪੋ-ਆਪਣੇ ਸਾਮਾਨ ਦੀ ਨੁਮਾਇਸ਼ ਲਾਉਣ ਦਾ ਸੱਦਾ ਦਿੱਤਾ। ਇਸ ਸਮੇਂ ਤੱਕ ਪੰਜਾਬ ਵਿਚ ਕਿਤੇ ਵੀ ਟਿਊਬਵੈਲ ਨਹੀਂ ਲੱਗਾ ਸੀ। ਟਰੈਕਟਰ ਚਲਦਾ ਦੇਖ ਕੇ, ਕਿ ਇਹ 9 ਬਲਦਾਂ ਦੀ ਜੋਗਾਂ ਦਾ ਕੰਮ ਕਿਤੇ ਛੇਤੀ ਕਰ ਸਕਦਾ ਹੈ, ਜ਼ਿਮੀਂਦਾਰ ਝੱਟ ਟਰੈਕਟਰ ਲੈਣ ਲਈ ਤਿਆਰ ਹੋ ਗਏ। ਮੌਕੇ 'ਤੇ 2 ਕਰੋੜ ਰੁਪਏ ਦੇ ਕਰਜ਼ੇ ਸਰਕਾਰ ਵੱਲੋਂ ਟਰੈਕਟਰ ਅਤੇ ਹੋਰ ਮਸ਼ੀਨਰੀ ਖਰੀਦਣ ਲਈ ਦਿੱਤੇ ਗਏ। ਜੋ ਕੁਝ ਰੰਧਾਵਾ ਸਾਹਿਬ ਆਪਣੀ 1945 ਦੀ ਅਮਰੀਕਾ ਫੇਰੀ ਦੌਰਾਨ ਦੇਖ ਕੇ ਆਏ ਸਨ, ਉਹੀ ਉਨ੍ਹਾਂ ਆਪਣੇ ਦੇਸ਼ ਵਿਚ ਲਾਗੂ ਕਰ ਕੇ ਉਨਤ ਖੇਤੀ ਦੀ ਸ਼ੁਰੂਆਤ ਕੀਤੀ।

110 ਲੱਖ ਸ਼ਰਨਾਰਥੀਆਂ ਨੂੰ ਦੋ ਸਾਲ ਵਿਚ ਆਬਾਦ ਕਰਨਾ ਸੌਖਾ ਕੰਮ ਨਹੀਂ ਸੀ। 1951 ਤੱਕ ਮੁੜ ਵਸੇਬਾ ਮਹਿਕਮੇ ਦਾ ਕੰਮ ਤਕਰਬੀਨ ਖ਼ਤਮ ਹੋ ਗਿਆ, ਤਾਂ ਉਨ੍ਹਾਂ ਦੀ ਬਦਲੀ ਕਮਿਸ਼ਨਰ ਅੰਬਾਲਾ ਡਿਵੀਜ਼ਨ ਦੀ ਹੋ ਗਈ। ਉਨ੍ਹਾਂ ਨੇ ਮੁੜ ਵਸੇਬਾ ਦੇ ਜੋਖਮ ਭਰੇ ਕਾਰਜ ਬਾਰੇ ਕਿਤਾਬ ਲਿਖੀ ਜਿਸ ਦਾ ਨਾਂ ਉਨ੍ਹਾਂ ਨੇ 'ਆਊਟ ਆਫ ਦਿ ਐਸ਼ਿਜ਼' ਰੱਖਿਆ। ਪੰਜਾਬ ਸਰਕਾਰ ਨੇ ਇਹ ਕਿਤਾਬ ਛਾਪੀ। ਦੋ ਕੁ ਸਾਲ ਪਹਿਲਾਂ ਇਸ ਕਿਤਾਬ ਦਾ ਪੰਜਾਬੀ ਵਿਚ ਤਰਜਮਾ 'ਰਾਖ ਵਿਚੋਂ ਉਗੇ' ਛਪਿਆ ਹੈ ਜੋ ਦਵੀ ਦਵਿੰਦਰ ਕੌਰ (ਸੀਨੀਅਰ ਸਬ-ਐਡੀਟਰ, ਪੰਜਾਬੀ ਟ੍ਰਿਬਿਊਨ) ਅਤੇ ਡਾ. ਜਗਦੀਸ਼ ਕੌਰ (ਪੀ.ਏ.ਯੂ., ਲੁਧਿਆਣਾ) ਨੇ ਕੀਤਾ ਹੈ।

ਸੰਨ 1953 ਵਿਚ ਪੰਜਾਬ ਦੇ ਵਿਕਾਸ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਉਨ੍ਹਾਂ ਨੂੰ ਪੰਜਾਬ ਦਾ ਵਿਕਾਸ ਕਮਿਸ਼ਨਰ ਲਾਇਆ ਅਤੇ ਨਾਲ ਹੀ ਉਨ੍ਹਾਂ ਨੂੰ ਮੁਰੱਬੇਬੰਦੀ (ਚੱਕਬੰਦੀ) ਦਾ ਕੰਮ ਸੌਂਪਿਆ। ਪੰਜਾਬ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਉਨ੍ਹਾਂ ਦੇ ਦਿਮਾਗ ਦੀ ਕਾਢ ਸੀ। ਉਨ੍ਹਾਂ ਪੰਜਾਬ ਦੇ ਸਾਰੇ ਪੀ.ਡਬਲਯੂ.ਡੀ. ਮਹਿਕਮੇ ਦੇ ਇੰਜੀਨੀਅਰਾਂ ਦੀ ਮੀਟਿੰਗ ਬੁਲਾਈ ਤੇ ਉਨ੍ਹਾਂ ਨੂੰ ਆਖਿਆ ਕਿ ਉਹ ਪੇਂਡੂ ਸੜਕਾਂ ਦਾ ਨਕਸ਼ਾ ਤਿਆਰ ਕਰਨ। ਜੇ ਚੱਕਬੰਦੀ ਸਮੇਂ ਇਹ ਕੰਮ ਨਾ ਕੀਤਾ ਜਾਂਦਾ ਤਾਂ ਬਾਅਦ 'ਚ ਜ਼ਮੀਨਾਂ ਐਕੁਆਇਰ ਕਰਨੀਆਂ ਔਖੀਆਂ ਸਨ। ਸਾਰੀਆਂ ਤਹਿਸੀਲਾਂ ਦੇ ਨਕਸ਼ੇ ਲਿਆਂਦੇ ਗਏ ਤੇ ਉਨ੍ਹਾਂ 'ਤੇ ਨਵੀਆਂ ਸੜਕਾਂ ਲਈ ਲਕੀਰਾਂ ਖਿੱਚੀਆਂ ਗਈਆਂ। ਇਕ ਜ਼ਿਲ੍ਹੇ ਦੀ ਸੜਕ ਨੂੰ ਸਿੱਧੇ ਹੀ ਦੂਜੇ ਜ਼ਿਲ੍ਹੇ ਦੀ ਸੜਕ ਨਾਲ ਜੋੜਿਆ ਗਿਆ।

**ਕਾਂਗੜਾ ਚਿੱਤਰਕਲਾ ਅਤੇ ਲੋਕ ਗੀਤਾਂ ਦੀ ਖੋਜ:** ਕਾਂਗੜਾ ਵਾਦੀ ਦੇ ਚਿੱਤਰਕਲਾ ਦੇ ਨਮੂਨੇ ਉਨ੍ਹਾਂ ਨੇ ਕਾਂਗੜਾ ਵਾਦੀ ਦੇ ਪੁਰਾਣੇ ਰਾਜ ਘਰਾਣਿਆਂ ਨਾਲ ਮਿਲ ਕੇ ਇਕੱਠੇ ਕੀਤੇ ਜਿਸ ਵਿਚ ਨੂਰਪੁਰ, ਨਗਰੋਟਾ, ਪਲਮਾ, ਅੰਧਰੇਟਾ, ਬੈਜਨਾਥ, ਮਹਾਰਾਜ ਨਗਰ, ਗਵਾਲ ਟਿੱਲਾ, ਸੁਜਾਨਪੁਰ ਟੀਰਾ, ਗੁਲੇਰ, ਕਾਂਗੜਾ, ਜਵਾਲਾਮੁਖੀ, ਨਦੌਣ, ਡੇਹਰਾ ਗੋਪੀਪੁਰ, ਡਾਡਾ ਸਿੱਬਾ ਵਗੈਰਾ ਕਸਬਿਆਂ ਵਿਚ ਘੁੰਮ ਕੇ ਰਾਜ ਘਰਾਣਿਆਂ ਅਤੇ ਹੋਰ ਲੋਕਾਂ ਕੋਲ ਸਾਂਭ ਕੇ ਰੱਖੇ ਚਿੱਤਰ ਇਕੱਠੇ ਕੀਤੇ ਅਤੇ ਕਿਤਾਬ ਛਪਵਾਈ। ਨਾਲ ਹੀ ਲੋਕ ਗੀਤ ਇਕੱਠੇ ਕਰ ਕੇ ਇਕ ਹੋਰ ਕਿਤਾਬ ਛਪਵਾਈ।

ਅੰਨ ਸਮੱਸਿਆ ਦਾ ਹੱਲ

ਰੰਧਾਵਾ ਸਾਹਿਬ ਆਪਣੀ ਮਰਜ਼ੀ ਨਾਲ ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ (ਆਈ.ਸੀ.ਏ.ਆਰ.) ਵਿਚ ਲੱਗੇ ਤਾਂ ਉਨ੍ਹਾਂ ਦੇਖਿਆ ਕਿ ਦੇਸ਼ ਅੰਨ ਸਮੱਸਿਆ ਲਈ ਅਮਰੀਕਾ 'ਤੇ ਨਿਰਭਰ ਕਰਦਾ ਸੀ। ਉਨ੍ਹਾਂ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਲੁਧਿਆਣੇ ਖੇਤੀ ਯੂਨੀਵਰਸਿਟੀ ਖੋਲ੍ਹਣ ਦਾ ਸੁਝਾਅ ਦਿੱਤਾ। ਬੜੀ ਮੁਸ਼ਕਿਲ ਨਾਲ ਯੋਜਨਾ ਕਮਿਸ਼ਨ ਤੋਂ ਇਸ ਯੂਨੀਵਰਸਿਟੀ ਲਈ ਫੰਡ ਲਏ। ਪੂਸਾ ਇੰਸਟੀਚਿਊਟ ਵਿਚ ਮੈਕਸੀਕਨ ਕਿਸਮ ਦੀਆਂ ਮੱਧਰੀਆਂ ਕਣਕ ਦੀਆਂ ਕਿਸਮਾਂ ਦੇ ਤਜਰਬੇ ਕੀਤੇ ਜਿਨ੍ਹਾਂ ਸਿੱਧ ਕਰ ਦਿੱਤਾ ਕਿ ਇਨ੍ਹਾਂ ਮੱਧਰੀਆਂ ਕਿਸਮਾਂ ਦਾ ਝਾੜ ਸਾਡੀਆਂ ਦੇਸੀ ਕਿਸਮਾਂ ਨਾਲੋਂ ਤਿੰਨ ਗੁਣਾਂ ਵੱਧ ਹੈ। ਰਸਾਇਣਕ ਖਾਦਾਂ ਦੀ ਵਰਤੋਂ ਲਈ ਕਿਸਾਨਾਂ ਨੂੰ ਪ੍ਰੇਰਨ ਲਈ ਹਰ ਪਿੰਡ ਵਿਚ ਨੁਮਾਇਸ਼ ਪਲਾਟ ਅਗਾਂਹਵਧੂ ਕਿਸਾਨਾਂ ਦੇ ਖੇਤਾਂ ਵਿਚ ਬਿਜਵਾ ਕੇ ਕਿਸਾਨਾਂ ਨੂੰ ਦਿਖਾ ਦਿੱਤਾ ਕਿ ਮੱਧਰੀ ਕਿਸਮ ਦੇ ਬੀਜ ਅਤੇ ਰਸਾਇਣਕ ਖਾਦਾਂ ਦੀ ਵਰਤੋਂ ਨਾਲ ਉਹ ਤਿੰਨ ਗੁਣਾਂ ਝਾੜ ਲੈ ਸਕਦੇ ਹਨ। ਦੋ-ਤਿੰਨ ਸਾਲਾਂ ਵਿਚ ਹੀ ਪੰਜਾਬ ਦੀਆਂ ਮੰਡੀਆਂ ਵਿਚ ਕਣਕ ਦੀ ਐਨੀ ਫਸਲ ਆਉਣ ਲੱਗ ਪਈ ਕਿ ਮੰਡੀਆਂ 'ਚ ਕਣਕ ਢੇਰੀ ਕਰਨ ਲਈ ਕਿਸਾਨਾਂ ਨੂੰ ਥਾਂ ਨਾ ਮਿਲੇ। ਦੇਸ਼, ਅੰਨ ਸਮੱਸਿਆ ਹੱਲ ਕਰਨ ਵਿਚ ਕਾਮਯਾਬ ਹੋਇਆ।

**ਚੰਡੀਗੜ੍ਹ ਦੀ ਉਸਾਰੀ:** 1952 ਵਿਚ ਹੀ ਮਹਿੰਦਰ ਸਿੰਘ ਰੰਧਾਵਾ ਨੂੰ ਪੰਜਾਬ ਸਰਕਾਰ ਨੇ ਚੰਡੀਗੜ੍ਹ ਲਈ ਲੈਂਡ ਸਕੇਪਿੰਗ ਕਮੇਟੀ ਵਿਚ ਲਿਆ। ਇਸ ਕਮੇਟੀ ਵਿਚ ਲੀ ਕਾਰਬੂਜੀਏ ਅਤੇ ਜਾਨਰੇ ਵੀ ਸਨ। 1966 ਤੋਂ ਰੰਧਾਵਾ, ਖਾਨਪੁਰ ਗਾਰਡਨ ਕਾਲੋਨੀ (ਨੇੜੇ ਖਰੜ) ਰਹਿਣ ਲੱਗ ਪਏ। ਇਸੇ ਸਾਲ ਚੰਡੀਗੜ੍ਹ ਯੂਨੀਅਨ ਟੈਰੀਟਰੀ ਬਣ ਗਈ ਤੇ ਉਨ੍ਹਾਂ ਨੂੰ ਇਸ ਦੇ ਚੀਫ਼ ਕਮਿਸ਼ਨਰ ਨਿਯੁਕਤ ਕੀਤਾ ਗਿਆ। ਚੰਡੀਗੜ੍ਹ ਵਿਚ ਉਨ੍ਹਾਂ ਆਰਟ ਮਿਊਜ਼ੀਅਮ, ਰੋਜ਼ ਗਾਰਡਨ, ਤਿੰਨ ਅਕਾਦਮੀਆਂ-ਸਾਹਿਤ, ਸੰਗੀਤ ਨਾਟਕ ਤੇ ਲਲਿਤ ਕਲਾ ਬਣਵਾਏ। ਸਾਹਿਤ ਅਕਾਦਮੀ ਦੇ ਮੈਂਬਰ ਲੇਖਕਾਂ ਨੂੰ ਮੁਕੱਰਰ ਕੀਮਤ 'ਤੇ ਪਲਾਟ ਦਿੱਤੇ। ਇੰਡਸਟਰੀਅਲ ਏਰੀਏ ਵਿਚ ਬੇਰੁਜ਼ਗਾਰ ਇੰਜੀਨੀਅਰਿੰਗ ਗਰੈਜੂਏਟਾਂ ਨੂੰ ਪਹਿਲ ਦਿੱਤੀ ਗਈ, ਨਹੀਂ ਤਾਂ ਸਭ ਪਲਾਟ ਅਮੀਰਾਂ ਨੇ ਖਰੀਦ ਲੈਣੇ ਸਨ। ਪੀ.ਜੀ.ਆਈ. ਦੇ ਨਾਲ ਲਗਦੀ 60 ਏਕੜ ਜ਼ਮੀਨ ਵੀ ਪੀ.ਜੀ.ਆਈ. ਨੂੰ ਦੇ ਦਿੱਤੀ। ਮਰੀਜ਼ਾਂ ਦੇ ਰਿਸ਼ਤੇਦਾਰਾਂ ਦੇ ਠਹਿਰਨ ਲਈ ਪੀ.ਜੀ.ਆਈ. ਦੇ ਨਾਲ ਹੀ ਸਰਾਂ ਬਣਾਈ। ਨੇਕ ਚੰਦ ਦਾ ਕੰਮ ਦੇਖ ਕੇ ਉਸ ਨੂੰ 'ਰੌਕ ਗਾਰਡਨ' ਉਸਾਰਨ ਲਈ ਉਤਸ਼ਾਹਿਤ ਕੀਤਾ।

ਜਦੋਂ ਲਛਮਣ ਸਿੰਘ ਗਿੱਲ ਪੰਜਾਬ ਦੇ ਮੁੱਖ ਮੰਤਰੀ ਬਣੇ, ਉਨ੍ਹਾਂ ਰੰਧਾਵਾ ਸਾਹਿਬ ਤੋਂ ਪੁੱਛਿਆ ਕਿ ਉਹ ਕਿਹੜਾ ਕੰਮ ਕਰਨ ਕਿ ਦੁਨੀਆਂ ਉਨ੍ਹਾਂ ਨੂੰ ਯਾਦ ਰੱਖੇ। ਰੰਧਾਵਾ ਸਾਹਿਬ ਨੇ ਕਿਹਾ, "ਤੁਸੀਂ ਪਿੰਡਾਂ ਦੀਆਂ ਲਿੰਕ ਸੜਕਾਂ ਬਣਵਾਓ, ਫਿਰ ਦੇਖੋ ਪੰਜਾਬ ਦੀ ਤਰੱਕੀ।" ਸਭ ਤੋਂ ਪਹਿਲਾਂ ਉਨ੍ਹਾਂ ਜਗਰਾਓਂ ਦੇ ਹਲਕੇ ਤੋਂ ਇਹ ਕੰਮ ਸ਼ੁਰੂ ਕੀਤਾ। ਫਿਰ ਤਾਂ ਸਾਰੇ ਪੰਜਾਬ ਤੋਂ ਮੰਗ ਉਠਣ ਲੱਗੀ। ਸੜਕਾਂ 'ਤੇ ਮਿੱਟੀ ਪਾਉਣ ਦਾ ਕੰਮ ਪਿੰਡਾਂ ਵਾਲੇ ਆਪ ਕਰ ਦਿੰਦੇ। ਪੰਜਾਬ ਦੇ ਪਿੰਡਾਂ ਦੀ ਖੁਸ਼ਹਾਲੀ ਵਿਚ ਪੱਕੀਆਂ ਲਿੰਕ ਸੜਕਾਂ ਦੀ ਅਹਿਮ ਦੇਣ ਹੈ।

3 ਮਾਰਚ 1988 ਨੂੰ ਉਹ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਪਰ ਪੰਜਾਬ ਨੂੰ ਉਨ੍ਹਾਂ ਦੀ ਦੇਣ ਹਮੇਸ਼ਾ ਸਾਡੇ ਚੇਤਿਆਂ 'ਚ ਵਸਦੀ ਰਹੇਗੀ।

# ਪੰਜਾਬੀ ਯੂਨੀਵਰਸਿਟੀ ਦੀ ਇੱਕ ਹੋਰ ਪਹਿਲ ਕਦਮੀ-ਪੰਜਾਬੀ ਪੀਡੀਆ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com


ਕਾਰਬੂਜ਼ੇ ਦਾ ਚੰਡੀਗੜ੍ਹ ਭਾਵੇਂ ਕਿੰਨੇ ਰਾਜਾਂ ਦੀ ਰਾਜਧਾਨੀ ਬਣੇ ਜਾਂ ਵਿਗੜੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਰਾਜਧਾਨੀ ਮੰਨੇ ਜਾਣ ਦਾ ਹੱਕ ਬਾਬਾ ਆਲਾ ਸਿੰਘ ਦੇ ਵਸਾਏ ਪਟਿਆਲਾ ਸ਼ਹਿਰ ਨੂੰ ਹੀ ਹੈ। ਦੇਸ਼ ਵੰਡ ਤੋਂ ਬਹੁਤ ਪਹਿਲਾਂ ਜਦੋਂ ਪੂਰੇ ਅਖੰਡ ਪੰਜਾਬ ਵਿਚ ਯੂਨੀਵਰਸਿਟੀ ਤਾਂ ਕੀ ਕੋਈ ਕਾਲਜ ਵੀ ਨਹੀਂ ਸੀ ਹੁੰਦਾ, ਇਥੋਂ ਦੇ ਮਹਾਰਾਜੇ ਨੇ ਮਹਿੰਦਰਾ ਕਾਲਜ ਦੀ ਸਥਾਪਨਾ ਕਰਕੇ ਇਸ ਨੂੰ ਕਲਕੱਤਾ ਯੂਨੀਵਰਸਿਟੀ ਨਾਲ ਜੋੜਿਆ। ਮਹਾਰਾਜਾ ਭੁਪਿੰਦਰ ਸਿੰਘ ਨੇ ਆਪਣੀ ਸੈਕੂਲਰ ਸੋਚ ਤੇ ਪਹਿਰਾ ਦਿੰਦਿਆਂ ਕਲਕੱਤਾ ਤੋਂ ਕਾਲੀ ਦੇਵੀ ਦੀ ਮੂਰਤੀ ਲਿਆ ਕੇ ਇਥੇ ਕਾਲੀ ਦੇਵੀ ਦਾ ਮੰਦਰ ਵੀ ਸਥਾਪਤ ਕੀਤਾ।

ਪੋਲੋ ਗ੍ਰਾਊਂਡ ਹੀ ਨਹੀਂ ਅਣਵੰਡੇ ਪੰਜਾਬ ਵਿਚ ਸਪੋਰਟਸ ਕਾਲਜ ਦੀ ਸਥਾਪਨਾ ਦਾ ਮਾਣ ਵੀ ਇਸੇ ਸ਼ਹਿਰ ਨੂੰ ਜਾਂਦਾ ਹੈ। ਇਥੋਂ ਦੀਆਂ ਫੁਲਕਾਰੀਆਂ, ਨਾਲੇ ਤੇ ਪੰਜਾਬੀ ਜੁੱਤੀਆਂ ਤਾਂ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿਚ ਜਾਂਦੇ ਹਨ। ਪੰਜਾਬ ਵਿਚੋਂ ਹਰਿਆਣਾ ਤੇ ਹਿਮਾਚਲ ਕੱਢੇ ਜਾਣ ਤੋਂ ਪਹਿਲਾਂ ਪੰਜਾਬ ਦਾ ਭਾਸ਼ਾ ਵਿਭਾਗ ਵੀ ਇਸੇ ਸ਼ਹਿਰ ਵਿਚ ਸਥਾਪਤ ਹੋਇਆ ਤੇ ਭਾਸ਼ਾ ਦੇ ਆਧਾਰ 'ਤੇ ਸਥਾਪਤ ਹੋਣ ਵਾਲੀ ਪੰਜਾਬੀ ਯੂਨੀਵਰਸਿਟੀ ਨੂੰ ਦੇਸ਼ ਦੀ ਸਭ ਤੋਂ ਪਹਿਲੀ ਤੇ ਇਜ਼ਰਾਈਲ ਦੀ ਹਿਬਰਿਊ ਯੂਨੀਵਰਸਿਟੀ ਤੋਂ ਪਿੱਛੋਂ ਦੁਨੀਆਂ ਦੀ ਦੂਜੀ ਅਜਿਹੀ ਸੰਸਥਾ ਵਜੋਂ ਉਭਰਨ ਦਾ ਮਾਣ ਵੀ ਪਟਿਆਲਾ ਨਾਲ ਹੀ ਜੁੜਿਆ ਹੋਇਆ ਹੈ। ਹੁਣ ਪੰਜਾਬੀ ਭਾਸ਼ਾ ਤੇ ਸਭਿਆਚਾਰ ਵਿਚ ਇਨਕਲਾਬੀ ਯੋਗਦਾਨ ਪਾਉਣ ਵਾਲਾ ਪੰਜਾਬੀ ਪੀਡੀਆ ਇਸ ਯੂਨੀਵਰਸਿਟੀ ਨੇ ਲਾਂਚ ਕੀਤਾ ਹੈ। ਮੈਂ ਪੰਜਾਬੀ ਯੂਨੀਵਰਸਿਟੀ ਤੇ ਪੰਜਾਬੀ ਪੀਡੀਆ ਦੀਆਂ ਜੜ੍ਹਾਂ ਉਸ ਭਾਸ਼ਾ ਵਿਭਾਗ ਵਿਚ ਵੇਖਦਾ ਹਾਂ ਜਿਹੜਾ ਬਹੁਤ ਪਹਿਲਾਂ ਸ਼ਹਿਰ ਦੀ ਧੁੰਨੀ ਵਿਚ ਉਸਰੇ ਕਿਲ੍ਹਾ ਮੁਬਾਰਕ ਤੋਂ ਸ਼ੁਰੂ ਹੋਇਆ ਸੀ ਤੇ ਜਿਸ ਨੇ ਗਿਆਨੀ ਲਾਲ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ ਵਰਗੇ ਮਹਾਰਥੀਆਂ ਦੀ ਦੇਖ ਰੇਖ ਵਿਚ ਬਰਤਾਨਵੀ ਸ਼ਾਸਕਾਂ ਵਲੋਂ ਤਿਆਰ ਕਰਵਾਏ ਪ੍ਰਮਾਣਕ ਤੇ ਇਤਿਹਾਸਕ ਗ੍ਰੰਥਾਂ ਦਾ ਜਿਉਂ ਦਾ ਤਿਉਂ ਉਤਾਰਾ ਪੇਸ਼ ਕਰਕੇ ਨਵੇਂ ਪੰਜਾਬ ਵਿਚ ਸਭਿਆਚਾਰਕ ਵਿਕਾਸ ਦੀ ਨੀਂਹ ਰੱਖੀ ਸੀ।




ਪੰਜਾਬੀ ਯੂਨੀਵਰਸਿਟੀ ਦਾ ਵਰਤਮਾਨ ਉਪ ਕੁਲਪਤੀ ਡਾ. ਜਸਪਾਲ ਸਿੰਘ ਵੀ ਉਸੇ ਤਰ੍ਹਾਂ ਦੀ ਦਿਬ ਦ੍ਰਿਸ਼ਟੀ ਦਾ ਮਾਲਕ ਹੈ। ਉਸ ਨੇ ਇਥੇ ਬਾਬਾ ਫਰੀਦ ਦੇ ਨਾਂ ਉਤੇ ਸੂਫੀ ਅਧਿਐਨ ਕੇਂਦਰ ਅਕਾਦਮਿਕ ਸਟਾਫ ਕਾਲਜ ਤੇ ਮਹਿਲਾ ਅਧਿਐਨ ਕੇਂਦਰ ਹੀ ਨਹੀਂ, ਹੁਣ ਪੰਜਾਬੀ ਡਾਇਸਪੋਰਾ (ਨਵ-ਨਿਵਾਸ) ਅਧਿਐਨ ਕੇਂਦਰ ਦੇ ਨਾਲ ਨਾਲ ਪੰਜਾਬੀ ਪੀਡੀਆ ਲਾਂਚ ਕਰਕੇ ਅਜੋਕੇ ਇੰਟਰਨੈਟ ਯੁਗ ਦਾ ਹਾਣੀ ਹੋਣ ਦਾ ਸਬੂਤ ਦਿੱਤਾ ਹੈ। ਇਸ ਕੰਮ ਲਈ ਰਾਜਵਿੰਦਰ ਸਿੰਘ ਵਰਗੇ ਇੰਟਰਨੈਟ ਪ੍ਰੇਮੀ ਨੂੰ ਪੰਜਾਬੀ ਵਿਭਾਗ ਵਿਚੋਂ ਚੁੱਕ ਕੇ ਉਸ ਨੂੰ ਪਲਾਨਿੰਗ ਤੇ ਮਾਨੀਟਰਿੰਗ ਵਾਲਿਆਂ ਦੇ ਹਵਾਲੇ ਕਰਕੇ ਬਹੁਤ ਥੋੜ੍ਹੇ ਸਮੇਂ ਵਿਚ 72,614 ਇੰਦਰਾਜ ਵਾਲਾ ਪੀਡੀਆ ਤਿਆਰ ਕਰਵਾਉਣਾ ਨਵੇਂ ਦਿਸਹੱਦੇ ਸਥਾਪਤ ਕਰਦਾ ਹੈ। ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਤੇ ਗਿਆਨ ਵਿਗਿਆਨ ਨਾਲ ਸਬੰਧਤ ਪੁਸਤਕਾਂ, ਕੋਸ਼ਾਂ ਤੇ ਗ੍ਰੰਥਾਂ ਵਿਚੋਂ ਲਈ ਗਈ ਇਹ ਸਮਗਰੀ ਭਰੋਸੇਯੋਗ ਵੀ ਹੈ। ਇਸ ਵਿਚ ਅੰਮ੍ਰਿਤਸਰ ਤੇ ਪਟਿਆਲਾ ਵਰਗੇ ਸ਼ਹਿਰ ਹੀ ਨਹੀਂ ਆਦਿ ਗ੍ਰੰਥ ਤੇ ਗੁਰੂ ਗ੍ਰੰਥ ਸਾਹਿਬ ਵਰਗੇ ਧਰਮ ਗ੍ਰੰਥ, ਅੱਡਣ ਸ਼ਾਹ ਵਰਗੇ ਸੇਵਾ ਪੰਥੀ ਅਤੇ ਇਤਿਹਾਸਕ, ਮਿਥਿਹਾਸਕ ਵਿਅਕਤੀ, ਗੁਰਦੁਆਰੇ, ਸਮਾਚਾਰ ਪੱਤਰ, ਭਾਸ਼ਾਵਾਂ ਤੇ ਉਪ ਭਾਸ਼ਾਵਾਂ ਬਾਰੇ ਵਧੀਆ ਸਮਗਰੀ ਮਿਲਦੀ ਹੈ। ਭਾਰਤ ਦੇ ਦੂਜੇ ਰਾਜਾਂ ਵਿਚ ਰਹਿਣ ਵਾਲੇ ਪੰਜਾਬੀਆਂ ਨੂੰ ਹੀ ਨਹੀਂ ਡੇਢ ਸੌ ਦੇ ਲਗਭਗ ਦੇਸ਼ਾਂ ਵਿਚ ਵਸੇ ਪਰਵਾਸੀਆਂ ਤੇ ਨਵ-ਨਿਵਾਸੀਆਂ ਨੂੰ ਅਜਿਹੀ ਜਾਣਕਾਰੀ ਕੇਵਲ ਬਟਣ ਦੱਬਿਆਂ ਮਿਲ ਸਕੇਗੀ। ਯੂਨੀਵਰਸਿਟੀ ਨੇ ਉਨ੍ਹਾਂ ਦੀ ਇੰਟਰਨੈਟ 'ਤੇ ਨਿਰਭਰਤਾ ਨੂੰ ਪਹਿਚਾਣਿਆ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਯੋਗ ਜਾਣਕਾਰੀ ਨੂੰ ਕੌਮਾਂਤਰੀ ਪੱਧਰ 'ਤੇ ਵਿਕਸਤ ਕਰਨ ਦਾ ਇਸ ਤੋਂ ਵਧੀਆ ਹੋਰ ਕੋਈ ਸਾਧਨ ਨਹੀਂ ਸੀ। ਯੂਨੀਵਰਸਿਟੀ ਨੂੰ ਏਸ ਪਾਸੇ ਧੱਕਣ ਵਾਲੀ ਵਿੱਕੀ ਪੀਡੀਆ ਉਤੇ ਮਿਲਦੀ ਤਰੁਟੀਆਂ ਵਾਲੀ ਜਾਣਕਾਰੀ ਵੀ ਹੈ। ਵਿੱਕੀ ਪੀਡੀਆ ਵਿਚ ਪੰਜਾਬੀ ਬਾਰੇ ਕੇਵਲ 8952 ਹਿੰਦਰਾਜ ਹਨ ਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਵਰਤੋਂਕਾਰਾ ਦੇ ਹੀ ਪਾਏ ਹੋਏ ਹਨ। ਇਨ੍ਹਾਂ 'ਚ ਪ੍ਰਮਾਣਕ ਸਮਗਰੀ ਦੀ ਘਾਟ ਹੈ। ਉਹ ਕਿਸੇ ਸੰਸਥਾ ਵਲੋਂ ਦਿੱਤੀ ਹੋਈ ਨਹੀਂ।

ਹਿੰਦੀ, ਬੰਗਲਾ, ਤਾਮਿਲ, ਤੈਲਗੂ, ਨਿਪਾਲੀ, ਉਰਦੂ ਆਦਿ ਭਾਰਤ ਦੀਆਂ ਕੁਝ ਹੋਰ ਭਾਸ਼ਾਵਾਂ ਨੇ ਇਸ ਕੰਮ ਵਿਚ ਥੋੜ੍ਹੀ ਪਹਿਲ ਤਾਂ ਕੀਤੀ ਹੈ ਪਰ ਉਰਦੂ ਤੋਂ ਬਿਨਾ ਬਾਕੀ ਸਾਰਿਆਂ ਵਿਚ ਬੱਜਰ ਤਰੁਟੀਆਂ ਹਨ। ਉਨ੍ਹਾਂ ਘਾਟਾਂ-ਤਰੁਟੀਆਂ ਨੇ ਵੀ ਯੂਨੀਵਰਸਿਟੀ ਨੂੰ ਵਧੀਆ ਤੇ ਭਰੋਸੇਯੋਗ ਪੀਡੀਆ ਲਾਂਚ ਕਰਨ ਲਈ ਪ੍ਰੇਰਿਆ ਹੈ। www.punjabipedia.org ਖੋਲ੍ਹੋ ਤੇ ਵਰਤੋ। ਯੂਨੀਵਰਸਿਟੀ ਦੇ ਇਸ ਉਦਮ ਨੇ ਪਟਿਆਲਾ ਦੀ ਕਲਗੀ ਵਿਚ ਇਕ ਹੋਰ ਖੰਭ ਟੰਗਿਆ ਹੈ ਜੋ ਇਸ ਦੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਰਾਜਧਾਨੀ ਬਣੀ ਰਹਿਣ ਉਤੇ ਮੋਹਰ ਲਾਉਂਦਾ ਹੈ।

**ਗੋਰਿਆਂ ਦੀ ਜਾਸੂਸ ਟੀਪੂ ਸੁਲਤਾਨ ਦੀ ਪੜਪੋਤਰੀ:** ਲੰਡਨ ਦੇ ਗੌਰਡਨ ਸੁਕੇਅਰ ਵਿਚ ਜਿਸ ਨੂਰ ਇਨਾਇਤ ਖਾਨ ਨਾਂ ਦੀ ਬਰਤਾਨਵੀ ਜਾਸੂਸ ਦਾ ਬੁਤ ਦੇਖਣ ਨੂੰ ਮਿਲਦਾ ਹੈ ਉਹ ਮਸੂਰ ਦੇ ਸ਼ੇਰ ਟੀਪੂ ਸੁਲਤਾਨ ਦੀ ਪੜਪੋਤਰੀ ਸੀ। ਟੀਪੂ ਸੁਲਤਾਨ 1793 ਵਿਚ ਅੰਗਰੇਜ਼ਾਂ ਨਾਲ ਲੜਦਾ ਮਾਰਿਆ ਗਿਆ ਸੀ। ਨੂਰ ਦਾ ਪਿਤਾ ਹਜ਼ਰਤ ਇਨਾਇਤ ਖਾਨ ਆਪਣੇ ਸਮੇਂ ਦਾ ਸੂਫੀ ਗਾਇਕ ਤੇ ਫਿਲਾਸਫਰ ਸੀ। ਦੁਨੀਆਂ ਵਿਚ ਘੁੰਮ ਫਿਰ ਕੇ ਪ੍ਰਚਾਰ ਕਰਦੇ ਸਮੇਂ ਉਸ ਦਾ ਇਕ ਅਮਰੀਕਨ ਮਹਿਲਾ ਨਾਲ ਵਿਆਹ ਹੋਇਆ ਜਿਸ ਦੀ ਕੁੱਖੋਂ ਨੂਰ ਨੇ ਜਨਮ ਲਿਆ ਸੀ। ਪਹਿਲੀ ਵੱਡੀ ਜੰਗ ਸਮੇਂ ਉਨ੍ਹਾਂ ਦਾ ਪੂਰਾ ਪਰਿਵਾਰ ਪੈਰਿਸ ਵਿਚ ਰਹਿੰਦਾ ਸੀ ਜਦੋਂ ਨੂਰ ਤੇ ਉਸ ਦੇ ਭਰਾ ਵਿਲਾਇਤ ਨੇ ਬਰਤਾਨਵੀ ਫੌਜ ਵਿਚ ਭਰਤੀ ਹੋ ਕੇ ਨਾਜ਼ੀ ਜਰਮਨੀ ਨਾਲ ਲੜਨ ਦਾ ਫੈਸਲਾ ਕੀਤਾ। ਭਰਤੀ ਕਰਨ ਵਾਲਿਆਂ ਨੇ ਇੰਟਰਵੀਊ ਸਮੇਂ ਨੂਰ ਨੂੰ ਉਸ ਦਾ ਵਿਦਰੋਹੀ ਪਿਛੋਕੜ ਯਾਦ ਕਰਵਾਇਆ ਤਾਂ ਉਸ ਦਾ ਸਿੱਧਾ ਉਤਰ ਸੀ ਕਿ ਜਦੋਂ ਤੱਕ ਜੰਗ ਜਾਰੀ ਰਹੇਗੀ ਮੈਂ ਜਰਮਨੀ ਦੇ ਵਿਰੁਧ ਅੰਗਰੇਜ਼ਾਂ ਨਾਲ ਲੜਾਂਗੀ ਪਰ ਜੰਗ ਦੀ ਸਮਾਪਤੀ 'ਤੇ ਹੋ ਸਕਦਾ ਹੈ ਮੈਂ ਆਪਣੇ ਭਾਰਤੀਆਂ ਨਾਲ ਰਲ ਕੇ ਸੁਤੰਤਰਤਾ ਸੰਗਰਾਮ ਵਿਚ ਕੁੱਦ ਪਵਾਂ। ਫਰਾਂਸੀਸੀ ਭਾਸ਼ਾ ਦੀ ਮਾਹਰ ਹੋਣ ਕਾਰਨ ਉਸ ਨੂੰ ਅੰਡਰਗਰਾਊਂਡ ਰੇਡੀਓ ਅਪਰੇਟਰ ਦੀ ਨਾਜ਼ਕ ਡਿਊਟੀ ਦਿੱਤੀ ਗਈ ਜਿਸ ਨੂੰ ਨਿਭਾਉਂਦੇ ਸਮੇਂ ਉਹ ਜਰਮਨੀ ਦੇ ਅੜਿਕੇ ਆ ਗਈ। ਉਨ੍ਹਾਂ ਨੇ ਉਸ ਨੂੰ ਕਾਲ ਕੋਠੜੀ ਵਿਚ ਕੈਦ ਹੀ ਨਹੀਂ ਕੀਤਾ ਸਗੋਂ ਡਚਾਓ ਨਾਂ ਦੇ ਅਤਿ ਬਦਨਾਮ ਕਨਸੈਂਟਰੇਸ਼ਨ ਕੈਂਪ ਵਿਚ ਤਸੀਹੇ ਵੀ ਦਿੱਤੇ ਪਰ ਉਸ ਤੀਹ ਸਾਲਾ ਸ਼ੇਰ-ਬੱਚੀ ਨੇ ਕੋਈ ਸੂਹ ਨਹੀਂ ਦਿੱਤੀ। 30 ਸਤੰਬਰ 1944 ਨੂੰ ਉਸ ਦੇ ਸਿਰ ਵਿਚ ਗੋਲੀ ਮਾਰ ਕੇ ਉਸ ਨੂੰ ਖਤਮ ਕਰ ਦਿੱਤਾ ਗਿਆ। ਮਰਦੇ ਸਮੇਂ ਉਸ ਦੇ ਮੂੰਹੋਂ ਫਰਾਂਸੀਸੀ ਸ਼ਬਦ 'ਲਿਬਰੇਟੇ' ਨਿਕਲਿਆ ਜਿਸ ਦਾ ਭਾਵ ਹੈ ਸੁਤੰਤਰਤਾ ਜਾਂ ਮੁਕਤੀ। ਨੂਰ ਦੀ ਕਹਾਣੀ ਇੰਗਲੈਂਡ ਵਿਚ ਰਹਿੰਦੀ ਬੰਗਾਲੀ ਲੇਖਕਾ ਸ਼ਾਰਾਬਾਨੀ ਬਾਸੂ ਨੇ ਲਿਖੀ ਹੈ ਤੇ ਹੋਰਨਾਂ ਨਾਲ ਮਿਲ ਕੇ ਉਸ ਨੇ ਇਕ ਟਰਸਟ ਵੀ ਸਥਾਪਤ ਕੀਤਾ ਹੈ। ਉਸ ਦਾ ਬੁੱਤ ਲਗਵਾਉਣ ਵਾਲਾ ਇਹ ਟਰਸਟ ਹੁਣ ਉਸ ਦੇ ਜੀਵਨ ਦੀ ਫਿਲਮ ਬਣਾਉਣ ਦਾ ਯਤਨ ਕਰ ਰਿਹਾ ਹੈ।



*ਨੂਰ ਇਨਾਇਤ ਖਾਨ ਦਾ ਬੁੱਤ*

**ਅੰਤਿਕਾ:** ਬਹਾਦਰ ਸ਼ਾਹ ਜ਼ਫਰ

ਮੈਂ ਕਿਉਂ ਕਹੂੰ ਤੁਮ ਆਓ
ਕਿ ਦਿਲ ਕੀ ਕਸ਼ਿਸ਼ ਸੇ
ਵੁਹ ਆਏਂਗੇ ਦੌੜੇ ਆਪ
ਮੇਰੇ ਘਰ, ਕਹੇ ਬਗੈਰ।
ਸੂਰਤ ਹੀ ਮੇਰੀ ਦੇਖ ਕੇ
ਸਭ ਮੇਰੇ ਦਿਲ ਦਾ ਹਾਲ
ਮਾਲੂਮ ਕਰ ਗਿਆ ਵੁਹ
ਸਿਤਮਗਰ ਕਹੇ ਬਗੈਰ।

## ਮੱਧ-ਪੂਰਬ ਦੀ ਤੇਲ ਸਿਆਸਤ ਦਾ ਦਸਤਾਵੇਜ਼

# ਸੀਰੀਆਨਾ




‘ਸੀਰੀਆਨਾ’ ਅਮਰੀਕੀ ਫ਼ਿਲਮ ਸਨਅਤ ਦੀ ਅਹਿਮ ਫ਼ਿਲਮ ਹੈ। ਮੋਟੇ ਰੂਪ ਵਿਚ ਇਸ ਫ਼ਿਲਮ ਦੀ ਕਹਾਣੀ ਰਾਬਰਟ ਬਾਇਰ ਦੀ ਕਿਤਾਬ ‘ਸੀ ਨੋ ਈਵਿਲ’ ਉੱਤੇ ਆਧਾਰਤ ਮੰਨੀ ਜਾਂਦੀ ਹੈ। ਉਂਝ ਇਹ ਪੂਰਾ ਸੱਚ ਨਹੀਂ ਹੈ। ਫ਼ਿਲਮ ਵਿਚ ਸੀ.ਆਈ.ਏ. ਦੇ ਏਜੰਟ ਬੌਬ ਬਾਰਨਜ਼ (ਜਾਰਜ ਕਲੂਨੀ) ਦਾ ਕਿਰਦਾਰ ਰਾਬਰਟ ਬਾਇਰ ਨਾਲ ਮਿਲਦਾ-ਜੁਲਦਾ ਹੈ। ਰਾਬਰਟ ਬਾਇਰ ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਦਾ ਕਰਿੰਦਾ ਸੀ। ‘ਸੀ ਨੋ ਈਵਿਲ’ ਕਿਤਾਬ ਰਾਬਰਟ ਬਾਇਰ ਦੀਆਂ ਯਾਦਾਂ ਦੀ ਤਫ਼ਸੀਲ ਕਹੀ ਜਾਂਦੀ ਹੈ। ਉਹਨੇ ਅਮਰੀਕੀ ਖ਼ੁਫ਼ੀਆ ਏਜੰਸੀ ਲਈ ਵੀਹ ਸਾਲ ਕੰਮ ਕੀਤਾ। ਮੁੱਢਲੀ ਸਿਖਲਾਈ ਤੋਂ ਬਾਅਦ ਰਾਬਰਟ ਨੇ ਪਹਿਲਾ ਅਹੁਦਾ ਦਿੱਲੀ ਵਿਚ ਖੇਤਰੀ ਅਫਸਰ ਵਜੋਂ ਸੰਭਾਲਿਆ ਸੀ। ਦਿੱਲੀ ਵਿਚ ਉਹਦਾ ਕੰਮ ਸੀ.ਆਈ.ਏ. ਲਈ ਨਵੇਂ ਮੁਖ਼ਬਰ ਭਰਤੀ ਕਰਨਾ ਸੀ। ਇਸ ਤੋਂ ਬਾਅਦ ਸੰਨ 1983-84 ਵਿਚ ਉਸ ਨੂੰ ਸੀਰੀਆ ਅਤੇ ਲਿਬਨਾਨ ਭੇਜਿਆ ਗਿਆ। ਉਹ ਬੈਰੂਤ ਵਿਚ ਹਿਜ਼ਬੁਲਾ ਵਿਰੁਧ ਮੁਹਿੰਮ ਦਾ ਹਿੱਸਾ ਰਿਹਾ। ਰਾਬਰਟ ਦਿੱਲੀ ਅਤੇ ਬੈਰੂਤ ਤੋਂ ਬਿਨਾਂ ਮਦਰਾਸ, ਤਾਜ਼ਿਕਸਤਾਨ, ਮੋਰਾਕੋ ਅਤੇ ਇਰਾਕੀ ਕੁਰਦਿਸਤਾਨ ਵਿਚ ਸੀ.ਆਈ.ਏ. ਦੇ ਕਰਿੰਦੇ ਵਜੋਂ ਕੰਮ ਕਰਦਾ ਰਿਹਾ ਸੀ। ਅੱਜ ਕੱਲ੍ਹ ਰਾਬਰਟ ‘ਟਾਈਮ’ ਮੈਗਜ਼ੀਨ ਲਈ ਸੂਹੀਏ ਕਾਲਮਨਵੀਸ ਵਜੋਂ ਕੰਮ ਕਰਦਾ ਹੈ। ਰਾਬਰਟ ਬੀ.ਬੀ.ਸੀ. ਦੀ ਖ਼ੁਦਕੁਸ਼-ਜੰਗਜੂਆਂ ਬਾਬਤ ਬਣੀ ਦਸਤਾਵੇਜ਼ੀ ਫ਼ਿਲਮ ਨਾਲ ਉਚੇਚੇ ਤੌਰ ਉੱਤੇ ਜੁੜਿਆ ਰਿਹਾ ਹੈ। ਇਸਲਾਮੀ ਮੁਲਕਾਂ ਦੀ ਨਾਬਰੀ ਅਤੇ ਖ਼ੁਦਕੁਸ਼-ਜੰਗਜੂਆਂ ਬਾਰੇ ਉਹ ਕਹਿੰਦਾ ਹੈ, “ਹਰ ਵਾਰ ਜਦੋਂ ਤੁਸੀਂ ਮੁਸਲਮਾਨਾਂ ਨੂੰ ਮਾਰਦੇ ਹੋ (ਕਾਤਲ ਚਾਹੇ ਇਸਰਾਈਲੀ, ਅਮਰੀਕੀ ਜਾਂ ਬਰਤਾਨਵੀ ਹੋਵੇ); ਇਨ੍ਹਾਂ ਕਤਲਾਂ ਨਾਲ ਤਿਰਸਕਾਰ, ਬੇਇਜ਼ਤੀ, ਗੁੱਸੇ ਅਤੇ ਪ੍ਰਤੀਕਿਰਿਆ ਦੀ ਭਾਵਨਾ ਫੈਲਦੀ ਹੈ ਅਤੇ ਕਿਤੇ ਨਾ ਕਿਤੇ ਬੰਬ ਚਲਦੇ ਹਨ।” ਰਾਬਰਟ ਇਰਾਕ ਵਿਚ ਜੰਗਬਾਜ਼ਾਂ ਦੀ ਘੁਸਪੈਠ ਦੇ ਵਿਰੁਧ ਪੈਂਤੜਾ ਲੈਂਦਾ ਹੈ। ਉਹਦਾ ਮੰਨਣਾ ਹੈ ਕਿ ਲੰਡਨ ਬੰਬ ਧਮਾਕਿਆਂ ਦੇ ਪਿੱਛੇ ਇਰਾਕ ਦੀ ਤਬਾਹੀ ਲੁਕੀ ਹੋਈ ਹੈ। ਉਹ ਦੱਸਦਾ ਹੈ, “ਦੂਜੀ ਖਾੜੀ ਜੰਗ ਦੇ ਅੰਤਲੇ ਸਮੇਂ ਵਿਚ ਵੇਲੇ ਮੈਂ ਬਗਦਾਦ ਵਿਚ ਸੀ। ਤੁਸੀਂ ਦੇਖ ਸਕਦੇ ਹੋ ਕਿ ਅਮਰੀਕੀ ਫ਼ੌਜ ਨੇ ਇਰਾਕੀਆਂ ਦਾ ਹਰ ਕਵਚ ਮਿੱਟੀ ਵਿਚ ਮਿਲਾ ਦਿੱਤਾ। ਅਜਾਇਬਘਰ ਅਤੇ ਸਭਿਆਚਾਰਕ ਖ਼ਜ਼ਾਨੇ ਵੀ ਨਹੀ ਛੱਡੇ। ਇਹ ਜੰਗ ਅਰਬ ਮੁਲਕ ਇਰਾਕ ਦੀ ਮੁਕੰਮਲ ਸੱਤਾ ਦੇ ਵਿਰੁਧ ਸੀ। ਜੰਗਬਾਜ਼ਾਂ ਨੇ ਪੂਰਾ ਢਾਂਚਾ ਬਰਬਾਦ ਕਰ ਦਿੱਤਾ। ਜੰਗ ਵਲੋਂ ਪੈਦਾ ਕੀਤੀ ਤਿਰਸਕਾਰ ਅਤੇ ਗੁੱਸੇ ਦੀ ਭਾਵਨਾ ਖ਼ੁਦਕੁਸ਼-ਜੰਗਜੂਆਂ ਦੇ ਹਮਲਿਆਂ ਨੂੰ ਹੱਲਾਸ਼ੇਰੀ ਦਿੰਦੀ ਹੈ। ਜੇ ਅਸੀਂ ਇਸੇ ਤਰ੍ਹਾਂ ਚਲਦੇ ਰਹਾਂਗੇ ਤਾਂ ਸਾਨੂੰ ਹੋਰ ਹਮਲਿਆਂ ਲਈ ਤਿਆਰ ਰਹਿਣਾ ਪਵੇਗਾ। ਮੁਸਲਮਾਨਾਂ ਦੇ ਅੰਨ੍ਹੇਵਾਹ ਕਤਲ ਕਰ ਕੇ ਤੁਸੀਂ ਆਸ ਨਹੀਂ ਕਰ ਸਕਦੇ ਕਿ ਉਹ ਇਨ੍ਹਾਂ ਕਤਲੇਆਮਾਂ ਦਾ ਜਵਾਬ ਨਾ ਦੇਣ।”

ਸੀਰੀਆਨਾ ਇਸੇ ਮੁੱਦੇ ਨਾਲ ਜੁੜੀ ਫ਼ਿਲਮ ਹੈ। ਇਹ ਫ਼ਿਲਮ ਮੱਧ-ਪੂਰਬ ਵਿਚ ਪੱਛਮੀ ਬਹੁ-ਕੌਮੀ ਕੰਪਨੀਆਂ ਦੇ ਹਿਤ ਉਘਾੜਦੀ ਹੈ। ਅਮਰੀਕੀ ਸਰਕਾਰ ਅਤੇ ਖ਼ੁਫ਼ੀਆ ਏਜੰਸੀਆਂ, ਸਰਮਾਏ ਦੇ ਦੈਂਤਾਂ ਦੇ ਹਿਤ ਸਾਧਣ ਲਈ ਨੇੜਿਉਂ ਜੁੜ ਕੇ ਕੰਮ ਕਰਦੀਆਂ ਹਨ। ਫ਼ਿਲਮ ਮੱਧ-ਪੂਰਬ ਵਿਚ ਪੱਛਮੀ ਜੰਗਬਾਜ਼ਾਂ ਦੀ ਨਾਪਾਕ ਸਿਆਸਤ ਸ਼ਰੇਆਮ ਨੰਗੀ ਕਰਦੀ ਹੈ। ਇਸਲਾਮੀ ਮੁਲਕਾਂ ਦੀ ਨਾਬਰੀ ਪੱਛਮ ਦੇ ਰਾਹ ਦਾ ਰੋੜਾ ਹੈ ਜਿਸ ਨੂੰ ਪੱਛਮੀ ਲੇਖਕ ‘ਸਭਿਆਤਾਵਾਂ ਦਾ ਭੇੜ’ ਸਿੱਧ ਕਰਨ ਵਿਚ ਲੱਗੇ ਹੋਏ ਹਨ। ਫ਼ਿਲਮ ਵਿਚ ਅਮਰੀਕੀ ਸਰਕਾਰ ਦਾ ਨੁਮਾਇੰਦਾ ਸੀ.ਆਈ.ਏ. ਦੇ ਕਰਿੰਦੇ ਬੌਬ ਬਾਰਨਜ਼ ਨੂੰ ਸਮਝਾ ਰਿਹਾ ਹੈ, “ਰੂਸ ਅਤੇ ਭਾਰਤ ਸਾਡੇ ਮਿੱਤਰ ਹਨ। ਇੱਥੋਂ ਤੱਕ ਕਿ ਚੀਨ ਵੀ ਸਾਡੇ ਨਾਲ ਹੋਵੇਗਾ। ਹਰ ਬੰਦਾ ਜੋ ਮੋਰਾਕੋ ਤੋਂ ਪਾਕਿਸਤਾਨ ਦੇ ਵਿਚਕਾਰ ਰਹਿੰਦਾ ਹੈ, ਉਹ ਸਾਡੇ ਲਈ ਸਮੱਸਿਆ ਹੈ।” ਇਹ ਸੰਵਾਦ ਸਾਮਰਾਜੀ ਲੁਟੇਰਿਆਂ ਦੇ ਇਸਲਾਮੀ ਮੁਲਕਾਂ ਬਾਬਤ ਰਵੱਈਏ ਨੂੰ ਉਜਾਗਰ ਕਰਦਾ ਹੈ। ਇਸਲਾਮੀ ਮੁਲਕਾਂ ਦੀ ‘ਸਮੱਸਿਆ’ ਨੂੰ ਦੂਰ ਕਰਨ ਲਈ ਲੁਟੇਰੇ ਤਨਦੇਹੀ ਨਾਲ ਲੱਗੇ ਹੋਏ ਹਨ। ਨਿਤ ਦਿਨ ਨਵੇਂ ਮਨਸੂਬੇ ਘੜੇ ਜਾਂਦੇ ਹਨ। ਇਨ੍ਹਾਂ ਮਨਸੂਬਿਆਂ ਨੂੰ ਅਮਲੀ ਰੂਪ ਦੇਣ ਲਈ ਵਿਰੋਧੀ ਮੁਲਕਾਂ ਵਿਚ ‘ਜਮਹੂਰੀਅਤ’ ਦੇ ਨਾਮ ਉੱਤੇ ਬਦਨਾਮ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਕਾਰਪੋਰੇਟ ਇਨ੍ਹਾਂ ਬਦਨਾਮ ਮੁਹਿੰਮਾਂ ਲਈ ਪੈਸਾ ਮੁਹੱਈਆ ਕਰਵਾਉਂਦਾ ਹੈ। ਖ਼ੁਫ਼ੀਆ ਏਜੰਸੀਆਂ ਅਤੇ ਸਾਮਰਾਜੀ ਫ਼ੌਜਾਂ ਸਾਜ਼ਿਸ਼ਾਂ ਵਿਚ ਮੋਹਰੀ ਭੂਮਿਕਾ ਨਿਭਾਉਂਦੀਆਂ ਹਨ। ਅਮਰੀਕੀ ਸਰਕਾਰ ਇਨ੍ਹਾਂ ਦੀ ਪੁਸ਼ਤ-ਪੁਨਾਹੀ ਕਰਦੀ ਹੈ।




‘ਸੀਰੀਆਨਾ’ ਫ਼ਿਲਮ ਦਾ ਵਿਸ਼ਾ ਬਹੁ-ਪਰਤੀ ਹੈ। ਫ਼ਿਲਮ ਦਾ ਧਰਤ-ਦ੍ਰਿਸ਼ (ਲੈਂਡ-ਸਕੇਪ) ਅਮਰੀਕਾ ਦੇ ਟੈਕਸਸ ਤੋਂ ਮੱਧ-ਪੂਰਬ ਤੱਕ ਫੈਲਿਆ ਹੋਇਆ ਹੈ। ਗੁੰਝਲਦਾਰ ਹੋਣ ਦੇ ਬਾਵਜੂਦ ਫ਼ਿਲਮ ਦਰਸ਼ਕ ਨੂੰ ਬੰਨ੍ਹੀ ਰੱਖਦੀ ਹੈ। ਫ਼ਿਲਮ ਵਿਚ ਚਾਰ ਕਥਾਨਕ ਨਾਲੋ-ਨਾਲ ਚਲਦੇ ਹਨ। ਬੇਨਾਮ ਮੱਧ-ਪੂਰਬੀ ਮੁਲਕ ਦੇ ਸ਼ਹਿਜ਼ਾਦੇ ਨਾਸਰ ਨੇ ਤੇਲ ਕੱਢਣ ਦਾ ਠੇਕਾ ਅਮਰੀਕੀ ਦਿਉਕੱਦ ਤੇਲ ਕੰਪਨੀ ‘ਕੋਨੈਕਸ’ ਤੋਂ ਵਾਪਸ ਲੈ ਕੇ ਚੀਨੀਆਂ ਨੂੰ ਦੇ ਦਿੱਤਾ ਹੈ। ਉਧਰ, ਇੱਕ ਛੋਟੀ ਅਮਰੀਕੀ ਕੰਪਨੀ ‘ਕਿਲੇਨ’ ਨੂੰ ਕਜ਼ਾਖ਼ਸਤਾਨ ਵਿਚ ਤੇਲ ਕੱਢਣ ਦਾ ਠੇਕਾ ਮਿਲ ਚੁੱਕਿਆ ਹੈ। ‘ਕੋਨੈਕਸ’ ਆਪਣੇ ਤੋਂ ਛੋਟੀ ਕੰਪਨੀ ਨਾਲ ਰਲੇਵਾਂ ਕਰ ਕੇ ਕਜ਼ਾਖ਼ਸਤਾਨ ਵਿਚ ਪੈਰ ਜਮਾਉਣ ਦੀ ਤਾਕ ਵਿਚ ਹੈ। ‘ਕਿਲੇਨ’ ਨੇ ਕਜ਼ਾਖ਼ਸਤਾਨ ਦੇ ਆਗੂ ਨੂੰ ਰਿਸ਼ਵਤ ਦੇ ਕੇ ਕੰਮ ਕਢਵਾਇਆ ਹੈ। ਅਮਰੀਕਾ ਦਾ ਇਨਸਾਫ਼ ਮਹਿਕਮਾ ਰਲੇਵੇਂ ਦੀ ਜਾਂਚ-ਪੜਤਾਲ ਕਰ ਰਿਹਾ ਹੈ। ਫ਼ਿਲਮ ‘ਚ ਰਲੇਵੇਂ ਦੀ ਪ੍ਰਕਿਰਿਆ ਬਰਾਬਰ ਚਲਦੀ ਰਹਿੰਦੀ ਹੈ। ਦੂਜੇ ਪਾਸੇ ਇਰਾਨ ਵਿਚ ‘ਜਮਹੂਰੀਅਤ ਦੀ ਬਹਾਲੀ’ ਦੇ ਨਾਂ ਉੱਤੇ ਇਰਾਨੀ ਸਰਕਾਰ ਦਾ ਤਖਤਾ ਪਲਟਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਇਸਲਾਮੀ ਮੁਲਕ ਦਾ ਵੱਡਾ ਸ਼ਹਿਜ਼ਾਦਾ ਨਾਸਰ ਆਪਣੇ ਪਿਉ ਦੀ ਤਾਨਾਸ਼ਾਹੀ ਹਕੂਮਤ ਦੇ ਉਲਟ ਅਗਾਂਹਵਧੂ ਵਿਚਾਰਾਂ ਦਾ ਬੰਦਾ ਹੈ। ਉਹ ਪੱਛਮੀ ਮੁਲਕਾਂ ਉੱਤੇ ਆਪਣੇ ਮੁਲਕ ਦੀ ਨਿਰਭਰਤਾ ਨੂੰ ਖਤਮ ਕਰ ਕੇ ਖੁਦਮੁਖਤਾਰੀ ਦਾ ਸੁਪਨਾ ਦੇਖ ਰਿਹਾ ਹੈ। ਉਹ ਜਾਣਦਾ ਹੈ ਕਿ ਤੇਲ ਦੇ ਪੈਸੇ ਉੱਤੇ ਵਧੇਰਾ ਸਮਾਂ ਡੰਗ ਨਹੀ ਟਪਾਇਆ ਜਾ ਸਕਦਾ। ਉਹ ਤੇਲ ਦਾ ਪੈਸਾ ਸਮਾਜ ਕਲਿਆਣ ਦੀਆਂ ਮੁਹਿੰਮਾਂ ਉੱਤੇ ਖਰਚਣਾ ਚਾਹੁੰਦਾ ਹੈ। ਉਹ ਮੁਲਕ ਵਿਚ ਜਮਹੂਰੀ ਸੁਧਾਰਾਂ ਅਤੇ ਔਰਤਾਂ ਨੂੰ ਵੱਧ ਹਕੂਕ ਦੇਣ ਦਾ ਹਾਮੀ ਹੈ। ਜਨੇਵਾ ਦਾ ਊਰਜਾ-ਮਾਹਰ ਬਾਇਰਨ ਵੁੱਡਮੈਨ (ਮੈਟ ਡੈਮਨ) ਨਾਸਰ ਦਾ ਵਿੱਤੀ ਸਲਾਹਕਾਰ ਬਣ ਜਾਂਦਾ ਹੈ। ਉਹ ਨਾਸਰ ਨੂੰ ਤੇਲ ਦੀ ਪੈਦਾਵਾਰ ਅਤੇ ਵੰਡ ਵਿਚੋਂ ਪੱਛਮੀ ਵਿਚੋਲਗੀ ਦਾ ਜੂਲਾ ਲਾਹ ਦੇਣ ਦੀ ਸਲਾਹ ਦਿੰਦਾ ਹੈ। ਇਸ ਨਾਲ ਨਾਸਰ ਦਾ ਮੁਲਕ ਦੂਜੇ ਮੁਲਕਾਂ ਨੂੰ ਸਿੱਧੀ ਪਾਇਪ-ਲਾਇਨ ਰਾਹੀਂ ਗੈਸ ਪਹੁੰਚਾ ਸਕਦਾ ਹੈ। ਇਹਦੇ ਨਾਲ ਦਰਾਮਦਕਾਰਾਂ ਨੂੰ ਗੈਸ ਸਸਤੇ ਭਾਅ ਉੱਤੇ ਮਿਲੇਗੀ ਅਤੇ ਨਾਸਰ ਦੇ ਮੁਲਕ ਨੂੰ ਵੱਧ ਮੁਨਾਫ਼ਾ ਮਿਲੇਗਾ। ਇਹ ਪੈਸਾ ਉਹ ਆਪਣੇ ਮੁਲਕ ਦੀ ਸਮਾਜਕ-ਸੁਰੱਖਿਆ ਮੁਹਿੰਮਾਂ ਉੱਤੇ ਖਰਚ ਕਰ ਸਕੇਗਾ। ਇਹ ਤਜਵੀਜ਼ ਅਮਰੀਕੀਆਂ ਦੇ ਗਲੇ ਨਹੀਂ ਉੱਤਰ ਰਹੀ। ਇਸ ਹਵਾਲੇ ਨੂੰ ਇਰਾਨ-ਪਾਕਿ-ਭਾਰਤ ਗੈਸ ਪਾਇਪ-ਲਾਇਨ ਮੁਹਿੰਮ ਨਾਲ ਵੀ ਜੋੜ ਕੇ ਦੇਖਿਆ ਜਾ ਸਕਦਾ ਹੈ। ਅਮਰੀਕਾ ਨੇ ਭਾਰਤ ਅਤੇ ਪਾਕਿਸਤਾਨ ਉੱਤੇ ਲਗਾਤਾਰ ਦਬਾਅ ਪਾ ਕੇ ਇਸ ਪਾਇਪ-ਲਾਇਨ ਦਾ ਕੰਮ ਰੁਕਵਾਇਆ ਸੀ। ਉਹਨੇ ਦੋਵਾਂ ਮੁਲਕਾਂ ਨੂੰ ਊਰਜਾ ਦੇ ਸੋਮਿਆਂ ਲਈ ਹੋਰ ਰਾਹ ਲੱਭਣ ਲਈ ਕਿਹਾ ਸੀ। ਸੰਨ 2009 ਵਿਚ ਹਿੰਦ-ਅਮਰੀਕਾ ਪਰਮਾਣੂ ਸੰਧੀ ਹੋ ਜਾਣ ਕਰ ਕੇ ਭਾਰਤ ਨੇ ਇਰਾਨ ਤੋਂ ਆਉਣ ਵਾਲੀ ਪਾਇਪ-ਲਾਇਨ ਤੋਂ ਹੱਥ ਪਿੱਛੇ ਖਿੱਚ ਲਿਆ ਸੀ। ਪਰਮਾਣੂ ਸੰਧੀ ਵਿਚ ਅਮਰੀਕਾ ਨੇ ਭਾਰਤ ਦੇ ਪਰਮਾਣੂ ਹਥਿਆਰਾਂ ਨੂੰ ਮਾਨਤਾ ਦੇਣ ਅਤੇ ਅਮਰੀਕਾ ਦੀ ਪਰਮਾਣੂ ਤਕਨਾਲੋਜੀ ਸਾਂਝੀ ਕਰਨ ਦੀ ਗੱਲ ਮੰਨੀ ਸੀ। ਦੂਜੇ ਪਾਸੇ ਅਮਰੀਕਾ ਦਾ ਦਾਅਵਾ ਹੈ ਕਿ ਇਰਾਨ ਦਾ ਪਰਮਾਣੂ ਪ੍ਰੋਗਰਾਮ ਪਰਮਾਣੂ ਹਥਿਆਰ ਬਣਾਉਣ ਲਈ ਹੈ। ਇਸ ਕਰ ਕੇ ਅਮਰੀਕਾ ਵਲੋਂ ਇਰਾਨ ਉੱਤੇ ਲਾਈਆਂ ਪਾਬੰਦੀਆਂ ਜਾਇਜ਼ ਹਨ। ਸਹਿਮਤੀ ਵਾਲੇ ਮੁਲਕਾਂ ਨੂੰ ਮਾਨਤਾ ਦੇਣ ਦਾ ਠੇਕਾ ਅਮਰੀਕਾ ਨੇ ਸਾਂਭਿਆ ਹੋਇਆ ਹੈ। ਪਾਕਿਸਤਾਨ ਨੇ ਅਮਰੀਕੀ ਹੁਕਮ ਦੀ ਪ੍ਰਵਾਹ ਕੀਤੇ ਬਗੈਰ ਸੰਨ 2013 ਵਿਚ ਇਰਾਨ ਨਾਲ ਗੈਸ ਪਾਇਪ-ਲਾਇਨ ‘ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅਮਰੀਕਾ ਨੇ ਪਾਕਿਸਤਾਨ ਉਤੇ ਪਾਬੰਦੀਆਂ ਲਾਉਣ ਦੀ ਧਮਕੀ ਦੇ ਦਿੱਤੀ। ਪਾਕਿਸਤਾਨ ਸਰਕਾਰ ਨੂੰ ਧਮਕੀ ਅੱਗੇ ਝੁਕਣਾ ਪਿਆ। ਬਾਅਦ ਵਿਚ ਦੂਜੇ ਰਾਹ ਦੇ ਰੂਪ ਵਿਚ ਤੁਰਕਮਿਨਸਤਾਨ-ਅਫ਼ਗਾਨਿਸਤਾਨ-ਪਾਕਿਸਤਾਨ-ਭਾਰਤ ਗੈਸ ਪਾਇਪ-ਲਾਇਨ ‘ਤੇ ਕੰਮ ਸ਼ੁਰੂ ਕੀਤਾ ਗਿਆ। ਇਸ ਮੁਹਿੰਮ ਵਿਚ ਅਮਰੀਕਾ ਸਹਿਮਤ ਹੋ ਗਿਆ। ਅਮਰੀਕਾ ਦਾ ਮੰਤਵ ਇਰਾਨ ਨੂੰ ਅਲੱਗ-ਥਲੱਗ ਕਰਨਾ ਸੀ। ਤੁਰਕਮਿਨਸਤਾਨ ਵਾਲੀ ਪਾਇਪ-ਲਾਇਨ ਵਿਚ ਅਮਰੀਕੀ ਦਿਉਕੱਦ ਤੇਲ-ਕੰਪਨੀਆਂ ਦੀ ਸ਼ਮੂਲੀਅਤ ਤੈਅ ਸੀ। ਫ਼ਿਲਮ ਵਿਚ ਅਮਰੀਕੀਆਂ ਦੀ ਨਾਰਾਜ਼ਗੀ ਨਾਸਰ ਲਈ ਜਾਨ ਦਾ ਖੌਅ ਬਣ ਜਾਂਦੀ ਹੈ। ਅਮਰੀਕੀ ਛੋਟੇ ਸ਼ਹਿਜ਼ਾਦੇ ਨੂੰ ਗੰਢ ਲੈਂਦੇ ਹਨ ਜੋ ਅੱਯਾਸ਼ ਕਿਸਮ ਦਾ ਬੰਦਾ ਹੈ। ਪਿਉ ਛੋਟੇ ਮੁੰਡੇ ਦਾ ਸਾਥ ਦਿੰਦਾ ਹੈ। ਨਾਸਰ ਅਰਬੀ ਕਬੀਲਿਆਂ ਨੂੰ ਨਾਲ ਲੈਣ ਦਾ ਤਰੱਦਦ ਕਰਨ ਲਗਦਾ ਹੈ। ਫ਼ਿਲਮ ਵਿਚ ਬਰਾਬਰ ਚਲਦਾ ਇੱਕ ਹੋਰ ਕਥਾਨਕ ਅਰਬ ਮੁਲਕਾਂ ਵਿਚ ਪਰਵਾਸੀ ਮਜ਼ਦੂਰਾਂ ਦੀ ਬੁਰੀ ਹਾਲਤ ਉੱਤੇ ਰੌਸ਼ਨੀ ਪਾਉਂਦਾ ਹੈ। ਇਨ੍ਹਾਂ ਪਰਵਾਸੀਆਂ ਵਿਚ ਵੱਡੀ ਗਿਣਤੀ ਪਾਕਿਸਤਾਨੀ ਮਜ਼ਦੂਰਾਂ ਦੀ ਹੈ। ਰੁਜ਼ਗਾਰ ਤੋਂ ਵਿਰਵਾ ਹੋ ਕੇ ਅੱਲ੍ਹੜ ਪਾਕਿਸਤਾਨੀ ਮੁੰਡਾ ਵਸੀਮ ਮੁਸਲਿਮ ਦਲ ਦਾ ਅਸਰ ਕਬੂਲ ਕਰ ਲੈਂਦਾ ਹੈ।



ਇਧਰ, ਸੀ.ਆਈ.ਏ. ਦੇ ਕਰਿੰਦੇ ਬੌਬ ਬਾਰਨਜ਼ (ਜਾਰਜ ਕਨੂਲੀ) ਦੀ ਜ਼ਿੰਮੇਵਾਰੀ ਨਾਸਰ ਨੂੰ ਮਾਰਨ ਲਈ ਲਾਈ ਜਾਂਦੀ ਹੈ ਪਰ ਸਾਜ਼ਿਸ਼ ਦਾ ਭਾਂਡਾ ਫੁੱਟ ਜਾਂਦਾ ਹੈ। ਅਮਰੀਕੀ ਸਰਕਾਰ ਬੌਬ ਨੂੰ ਬਲੀ ਦਾ ਬੱਕਰਾ ਬਣਾ ਆਪਣਾ ਪਿੰਡਾ ਬਚਾ ਰਹੀ ਹੈ। ਬੌਬ ਅੰਤ ਵਿਚ ਨਾਸਰ ਨੂੰ ਸਾਜ਼ਿਸ਼ ਦੀ ਚਿਤਾਵਨੀ ਦੇਣ ਲਈ ਪਹੁੰਚ ਜਾਂਦਾ ਹੈ ਪਰ ਸੀ.ਆਈ.ਏ. ਡ੍ਰੋਨ ਹਮਲੇ ਰਾਹੀਂ ਨਾਸਰ ਨੂੰ ਮਰਵਾ ਦਿੰਦੀ ਹੈ। ‘ਕੋਨੈਕਸ-ਕਿਲੇਨ’ ਦਾ ਰਲੇਵਾਂ ਸਿਰੇ ਚੜ੍ਹ ਜਾਂਦਾ ਹੈ। ਅਮਰੀਕੀ ਸਰਕਾਰ ਛੋਟੇ ਸ਼ਹਿਜ਼ਾਦੇ ਨਾਲ ਗੰਢ-ਤੁੱਪ ਕਰ ਕੇ ‘ਕੋਨੈਕਸ-ਕਿਲੇਨ’ ਸਾਂਝੀ ਕੰਪਨੀ ਨੂੰ ਤੇਲ-ਖੂਹਾਂ ਦਾ ਠੇਕਾ ਦਿਵਾ ਦਿੰਦੀ ਹੈ। ਤੇਲ-ਖੂਹਾਂ ਉੱਤੇ ਜਸ਼ਨ ਮਨਾਇਆ ਜਾ ਰਿਹਾ ਹੈ। ਮਹੂਰਤ ਵਾਲੇ ਦਿਨ ਖੁਦਕੁਸ਼-ਜੰਗਜੂ ਬਣਿਆ ਵਸੀਮ ਅਮਰੀਕੀਆਂ ਤੋਂ ਚੋਰੀ ਕੀਤੀ ਮਿਜ਼ਾਇਲ ਨਾਲ ਤੇਲ-ਖੂਹ ਨੂੰ ਉਡਾ ਦਿੰਦਾ। ਸਮੁੱਚੇ ਤੌਰ ਉੱਤੇ ਗ਼ਲਬੇ ਅਤੇ ਹਿੰਸਾ ਦਾ ਅਮੁੱਕ ਚੱਕਰ ਜਾਰੀ ਰਹਿੰਦਾ ਹੈ। ਫ਼ਿਲਮ ਪੱਛਮ ਦੀ ਤੇਲ ਸਿਆਸਤ ਨੂੰ ਬੇਪਰਦ ਕਰਦੀ ਹੋਈ ਅਣਸੁਲਝੇ ਸਵਾਲਾਂ ਨਾਲ ਖਤਮ ਹੁੰਦੀ ਹੈ।

## ਕੰਗਨਾ ਕੁਈਨ ਬਣੀ ਮਹਾਰਾਣੀ

ਸੋਹਣੀ ਸੁਨੱਖੀ ਤੇ ਦਮਦਾਰ ਅਦਾਕਾਰਾ ਕੰਗਨਾ ਰਣਾਵਤ ਦੀ ਫਿਲਮ ‘ਕੁਈਨ’ ਨੇ ਬਾਕਸ ਆਫਿਸ ਉਤੇ ਮਾਧੁਰੀ ਦੀਕਸ਼ਿਤ ਅਤੇ ਜੂਹੀ ਚਾਵਲਾ ਦੀ ਫਿਲਮ ‘ਗੁਲਾਬ ਗੈਂਗ’ ਨੂੰ ਪਛਾੜ ਦਿੱਤਾ ਹੈ। ਇਸ ਹਫ਼ਤੇ ਤਿੰਨ ਫਿਲਮਾਂ-ਕੁਈਨ, ਗੁਲਾਬ ਗੈਂਗ ਅਤੇ ਯਾਮੀ ਗੌਤਮ ਤੇ ਅਲੀ ਜ਼ਫਰ ਦੀ ਫਿਲਮ ‘ਟੋਟਲ ਸਿਆਪਾ’, ਰਿਲੀਜ਼ ਹੋਈਆਂ। ਬਾਕਸ ਆਫਿਸ ‘ਤੇ ਇਨ੍ਹਾਂ ਤਿੰਨਾਂ ਫਿਲਮਾਂ ਦਾ ਬੜਾ ਤਿੱਖਾ ਮੁਕਾਬਲਾ ਚੱਲਿਆ। ਕਮਾਈ ਅਤੇ ਪ੍ਰਸੰਸਾ ਦੇ ਪੱਖ ਤੋਂ ‘ਕੁਈਨ’ ਇਨ੍ਹਾਂ ਦੋਹਾਂ ਫਿਲਮਾਂ ਤੋਂ ਬਹੁਤ ਅੱਗੇ ਨਿਕਲ ਗਈ। ਫਿਲਮ ਆਲੋਚਕਾਂ ਦੀ ਪਹਿਲਾਂ ਇਹ ਆਮ ਰਾਏ ਸੀ ਕਿ ਇਨ੍ਹਾਂ ਤਿੰਨਾਂ ਫਿਲਮਾਂ ਵਿਚ ਸਭ ਤੋਂ ਵੱਧ ਕਮਾਈ ‘ਗੁਲਾਬ ਗੈਂਗ’ ਕਰੇਗੀ ਪਰ ਇਨ੍ਹਾਂ ਤਿੰਨਾਂ ਵਿਚੋਂ ਕੰਗਨਾ ਦੀ ‘ਕੁਈਨ’ ਮਹਾਰਾਣੀ ਬਣ ਕੇ ਉਭਰੀ। ਇਸ ਦੇ ਨਾਲ ਹੀ ਕੰਗਨਾ ਰਣਾਵਤ ਅੱਜ ਦੇ ਦੌਰ ਵਿਚ ਵਿੱਦਿਆ ਬਾਲਨ ਤੋਂ ਬਾਅਦ ਪਹਿਲੀ ਅਜਿਹੀ ਫਿਲਮ ਹੀਰੋਇਨ ਬਣ ਗਈ ਹੈ, ਜਿਹੜੀ ਸਿਰਫ਼ ਇਕੱਲਿਆਂ ਹੀ ਫਿਲਮ ਦਾ ਭਾਰ ਆਪਣੇ ਮੁੱਢੇ ਉਤੇ ਚੁੱਕ ਸਕਦੀ ਹੈ। ਅਸਲ ਵਿਚ ‘ਕੁਈਨ’ ਹੈ ਹੀ ਨਾਇਕ ਪ੍ਰਧਾਨ ਫਿਲਮ ਅਤੇ ਇਸ ਵਿਚ ਕੰਗਨਾ ਨੇ ਬੜੀ ਦਲੇਰ ਪੰਜਾਬੀ ਕੁੜੀ ਦਾ ਕਿਰਦਾਰ ਨਿਭਾਇਆ ਹੈ। ਆਮ ਦਰਸ਼ਕਾਂ ਅਤੇ ਫਿਲਮ ਆਲੋਚਕਾਂ ਨੇ ਕੰਗਨਾ ਦੀ ਅਦਾਕਾਰੀ ਦੀ ਰੱਜ ਕੇ ਤਾਰੀਫ ਕੀਤੀ ਹੈ।




ਯਾਦ ਰਹੇ ਕਿ ਪਿਛੇ ਜਿਹੇ ਰਿਲੀਜ਼ ਹੋਈ ਫਿਲਮ ‘ਕ੍ਰਿਸ਼-3’ ਵਿਚ ਵੀ ਕੰਗਨਾ ਦੀ ਅਦਾਕਾਰੀ ਨੇ ਸਭ ਦਾ ਮਨ ਮੋਹ ਲਿਆ ਸੀ; ਹਾਲਾਂਕਿ ਇਸ ਫਿਲਮ ਦੇ ਨਾਇਕ ਰਿਤਿਕ ਰੋਸ਼ਨ ਦਾ ਕਿਰਦਾਰ ਬੜਾ ਜ਼ੋਰਦਾਰ ਸੀ ਅਤੇ ਸਾਰੀ ਫਿਲਮ ਉਸ ਦੁਆਲੇ ਹੀ ਘੁੰਮਦੀ ਸੀ। ਨਾਲ ਹੀ ਇਸ ਫਿਲਮ ਵਿਚ ਪ੍ਰਿਯੰਕਾ ਚੋਪੜਾ ਵਰਗੀ ਅਦਾਕਾਰਾ ਮੁੱਖ ਨਾਇਕਾ ਸੀ; ਫਿਰ ਵੀ ਕੰਗਨਾ ਨੇ ਆਪਣੀ ਅਦਾਕਾਰੀ ਦੇ ਝੰਡੇ ਗੱਡ ਦਿੱਤੇ। ਇਨ੍ਹਾਂ ਤਿੰਨਾਂ ਅਦਾਕਾਰਾਂ ਵਿਚੋਂ ਸਭ ਤੋਂ ਵੱਧ ਚਰਚਾ ਕੰਗਨਾ ਦੀ ਹੀ ਹੋਈ। ‘ਤਨੂ ਵੈਡਸ ਮਨੂ’ ਭਾਵੇਂ ਘੱਟ ਬਜਟ ਵਾਲੀ ਫਿਲਮ ਸੀ ਅਤੇ ਇਸ ਦਾ ਨਾਇਕ ਵੀ ਬਹੁਤਾ ਚਰਚਿਤ ਨਹੀਂ ਸੀ ਪਰ ਇਸ ਫਿਲਮ ਵਿਚ ਵੀ ਉਸ ਦੀ ਬਹੁਤ ਚਰਚਾ ਹੋਈ ਅਤੇ ਇਹ ਫਿਲਮ ਸਫ਼ਲ ਵੀ ਰਹੀ। ਫਿਲਮ ‘ਕੁਈਨ’ ਦੀ ਪ੍ਰਸ਼ੰਸਾ ਤਾਂ ਅਮੀਰ ਖਾਨ ਨੇ ਵੀ ਕੀਤੀ ਹੈ। ਅਮੀਰ ਖਾਨ ਨੇ ਖੁਦ ਲਿਖਿਆ ਹੈ ਕਿ ‘ਕੁਈਨ’ ਬਹੁਤ ਵੱਖਰੀ ਕਿਸਮ ਦੀ ਫਿਲਮ ਹੈ ਅਤੇ ਇਹ ਸਭ ਨੂੰ ਦੇਖਣੀ ਚਾਹੀਦੀ ਹੈ। ਇਹ ਫਿਲਮ ਅਜਿਹੀ ਪੰਜਾਬੀ ਮੁਟਿਆਰ ਦੀ ਕਹਾਣੀ ਹੈ ਜਿਹੜੀ ਔਕੜਾਂ ਵਿਚ ਤਿਲ ਤਿਲ ਭੁਰਨ ਦੀ ਥਾਂ ਤਿਲ ਤਿਲ ਜੁੜਦੀ ਹੈ ਅਤੇ ਇਉਂ ਇਕ ਵਧੀਆ ਫਿਲਮ ਹੋਂਦ ਵਿਚ ਆ ਗਈ ਹੈ। ਇਹ ਫਿਲਮ ਵਿਕਾਸ ਬਹਿਲ ਨੇ ਨਿਰਦੇਸ਼ਕ ਕੀਤੀ ਹੈ। ਇਸ ਫਿਲਮ ਦੇ ਹੋਰ ਅਦਾਕਾਰਾਂ ਵਿਚ ਲਿਜ਼ਾ ਹੇਅਡਨ ਅਤੇ ਰਾਜ ਕੁਮਾਰ ਰਾਓ ਸ਼ਾਮਿਲ ਹਨ। ਇਸ ਫਿਲਮ ਉਤੇ ਕੁੱਲ 18 ਕਰੋੜ ਰੁਪਏ ਲੱਗੇ ਹਨ। ਇਸ ਫਿਲਮ ਦਾ ਟਰੇਲਰ ਪਿਛਲੇ ਸਾਲ 20 ਦਸੰਬਰ ਨੂੰ ਰਿਲੀਜ਼ ਕੀਤਾ ਹੋਇਆ ਸੀ। ਉਦੋਂ ਹੀ ਸਭ ਨੂੰ ਸੂਹ ਮਿਲ ਗਈ ਸੀ ਕਿ ਇਸ ਫਿਲਮ ਨਾਲ ਕੰਗਨਾ ਰਣਾਵਤ ਫਿਲਮੀ ਦੁਨੀਆਂ ਵਿਚ ਛਾਉਣ ਵਾਲੀ ਹੈ।


ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ, ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ
ਖੁੱਲ੍ਹਾ ਸੱਦਾ
ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ
ਵਲੋਂ ਕਾਮਾਗਾਟਾਮਾਰੂ ਸ਼ਤਾਬਦੀ ਨੂੰ ਸਮਰਪਿਤ
14ਵਾਂ ਮੇਲਾ ਗਦਰੀ ਬਾਬਿਆਂ ਦਾ
22, 23 ਮਾਰਚ 2014 ਦਿਨ ਸ਼ਨੀਵਾਰ ਅਤੇ ਐਤਵਾਰ ਨੂੰ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।
ਮੁੱਖ ਮਹਿਮਾਨ
ਉੱਜਲ ਸਿੰਘ ਦੁਸਾਂਝ
ਸਾਬਕਾ ਪ੍ਰੀਮੀਅਰ
ਬੀ ਸੀ (ਕੈਨੇਡਾ)
ਪ੍ਰੋਗਰਾਮ:
ਮਾਰਚ 22, 2014
ਦੁਪਿਹਰ 12:00 ਤੋਂ 4 ਵਜੇ ਸ਼ਾਮ ਤੱਕ
ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ
ਸਥਾਨ: INDIA OVEN
3035 W Ashlan Ave, Fresno, CA 93722
ਮਾਰਚ 23, 2014
1600 Willow Ave, Clovis, CA
FROM 12:00 to 6:00 PM
ਗਦਰ ਲਹਿਰ ਨਾਲ ਜੁੜੇ ਮਾਹਿਰਾਂ ਦੀਆਂ
ਤਕਰੀਰਾਂ, ਗੀਤ ਸੰਗੀਤ, ਗਿੱਧਾ ਭੰਗੜਾ, ਕਵੀਸ਼ਰੀ,
ਨਾਟਕ ਅਤੇ ਗਦਰੀ ਸੂਰਮਿਆਂ ਦੀਆਂ ਤਸਵੀਰਾਂ ਦੀ ਪ੍ਰਦਸ਼ਨੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਗੁਰਦੀਪ ਸਿੰਘ ਗਿੱਲ ਧੌਲੀਆ ਪ੍ਰਧਾਨ (559 360 4248), ਜਸਵੰਤ ਸਿੰਘ ਮਾਨ ਖਜ਼ਾਨਚੀ, ਸੁਰਿੰਦਰ ਸਿੰਘ ਮੰਡਾਲੀ ਜਨਰਲ ਸਕੱਤਰ (559 473 9269)
ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ:
ਗਰੁਪ ਏ: ਐਲੀਮੈਂਟਰੀ ਸਕੂਲ ਦੇ ਵਿਦਿਆਰਥੀ
ਗਰੁਪ ਬੀ: ਮਿਡਲ ਸਕੂਲ ਦੇ ਵਿਦਿਆਰਥੀ
ਗਰੁਪ ਸੀ: ਹਾਈ ਸਕੂਲ ਦੇ ਵਿਦਿਆਰਥੀ
ਗਰੁੱਪ ਡੀ: ਕਾਲਜ ਜਾਂ ਯੂਨੀਵਰਸਿਟੀ ਦੇ ਵਿਦਿਆਰਥੀ
ਆਪਣਾ ਨਾਂ ਰਜਿਸਟਰ ਕਰਾਉਣ ਜਾਂ ਹੋਰ ਜਾਣਕਾਰੀ ਲਈ ਈਮੇਲ ਕਰੋ
IAHForum@Gmail.com
ਹਰ ਗਰੁੱਪ ਦੇ ਪਹਿਲੇ ਤਿੰਨ ਜੇਤੂਆਂ ਨੂੰ $200, $150 ਅਤੇ $100 ਨਗਦ ਇਨਾਮ
4.0 GPA ਵਾਲੇ ਵਿਦਿਆਰਥੀਆ ਨੂੰ ਵਿਸ਼ੇਸ਼ ਸਨਮਾਨਿਤ ਕੀਤਾ ਜਾਵੇਗਾ।
ਸਟੇਜ ਹੋਸਟ
ਆਸ਼ਾ ਸ਼ਰਮਾ
ਕਵੀਸ਼ਰ
ਮਨਜੀਤ ਸਿੰਘ ਪੱਤੜ
ਨਵਦੀਪ ਧਾਲੀਵਾਲ ਵਾਈਸ ਪ੍ਰਧਾਨ......... 559 287 0822
ਹਰਜਿੰਦਰ ਢੇਸੀ ਸਹਾਇਕ ਸਕੱਤਰ......... 559 618 0156
ਦਲਜੀਤ ਸਿੰਘ ਰਿਆੜ ਸਹਾਇਕ ਸਕੱਤਰ...559 226 1510
ਕੁਲਵੀਰ ਸਿੰਘ ਹੇਅਰ ਮੀਡੀਆ ਸਕੱਤਰ......559 907 6544
Email: IAHFORUM@GMAIL.COM
ਸਪਾਂਸਰਜ਼
ਸੰਗੀਤ ਗਰੁੱਪ ਆਫ ਕੈਲੀਫੋਰਨੀਆਂ
ਅਨੂਪ ਸਿੰਘ ਚੀਮਾ
ਅਮਰਜੀਤ ਸਿੰਘ ਦੁਲੇ
ਤਰਲੋਕ ਸਿੰਘ
ਧਰਮਵੀਰ ਸਿੰਘ ਥਾਂਦੀ
ਰਾਜ ਬਰਾੜ
ਮੇਲਾ ਕਮੇਟੀ
ਫਰੀ ਲੰਗਰ, ਫਰੀ ਪਾਰਕਿੰਗ
ਵਿਸ਼ੇਸ਼ ਧੰਨਵਾਦ
ਸਮੂਹ ਸਪਾਂਸਰਸ, ਲੋਕਲ ਰੇਡੀਓ,
ਪ੍ਰਿੰਟ ਮੀਡੀਆ ਅਤੇ ਇਲੈਕਟ੍ਰੋਨਿਕ ਮੀਡੀਆ
ਗਿੱਧਾ
ਭੰਗੜਾ
Indo American Heritage Form, Fresno


HURRY! LIMITED-TIME OFFER!
your farmaish
jus punjabi
iPad mini
HOME ENTERTAINMENT ANYWHERE.
Only from DISH
Get an iPad® mini FREE when you sign up for DISH and the Hopper.®
Cannot be combined with promotional pricing. Must subscribe to qualifying American programming starting at $54.99/mo in addition to International programming. Requires 24-month commitment, credit qualification and qualifying programming.
Did you know that the first Indian woman in space was a Punjabi trailblazer? With the Hopper, we're trailblazing a new way to watch your home entertainment anywhere.
WATCH WHAT YOU LOVE
PTC PUNJABI
etc ਪੰਜਾਬੀ
jus punjabi
GET ਪੰਜਾਬੀ
mh MH ONE
And many more!
PUNJABI PACK $24.99/mo
AMERICA'S TOP 120
Over 190 American channels starting at $29.99/month for 12 months.†
†Requires 24-month commitment and credit qualification. Monthly DVR and receiver fees apply.
LOVE HOW YOU WATCH IT
Only the Hopper® gives you the power to:
• Watch all your live and recorded TV anywhere*
• Instantly skip commercials*
• Store up to 2,000 hours of your favorite shows
*Feature must be enabled by customer.
Call now! 1-888-926-5479
or visit DishPunjabiTV.com
dish™
Important Terms and Conditions: Promotional Offers: International programming requires additional $10/mo International Basic package or any America's Top package. For iPad mini Offer, International programming requires any America's Top package. Requires activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current everyday monthly price applies and is subject to change. ETF: If you cancel service during the first 24 months, early termination fee of $20 for each month remaining applies. For iPad mini offer, if you cancel service during first the 24 months, early termination fee of $30 for each month remaining applies. Activation fee may apply.
Additional Requirements: For iPad mini Offer: Customer must select Hopper system and minimum of America's Top 120 package; allow 4-6 weeks for delivery; offer not available in Puerto Rico or USVI. ETF based in part on everyday price (i.e. non-promotional price) for programming. Available while supplies last. Model subject to change without notice. Hopper Features: AutoHop feature is only available with playback the next day of select primetime shows on ABC, CBS, FOX and NBC as part of PrimeTime Anytime feature. Both features are subject to availability. Installation/Equipment Requirements: A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14.
© 2014 DISH Network L.L.C. All rights reserved. iPad is a trademark of Apple Inc., registered in the U.S. and other countries. Apple is not a participant in or sponsor of this promotion.